



*ਜਨਵਰੀ-ਮਾਰਚ,2010 ਅੰਕ :16*

**KAHANI DHARA (Punjabi Quarterly)**
**R.N.I.Regd No.PUN PUN/2006/19971**
**ISSN 2321-4449**

**e-mail:**
kahanidhara@gmail.com
bhagwantrasulpuri@gmail.com

**ਸੰਪਾਦਕ**
**ਭਗਵੰਤ ਰਸੂਲਪੁਰੀ**

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ:

Editor:
**KAHANI DHARA**
Vill. Dharampur, P.O. Khambra,
Distt. Jalandhar-144026, Pb.
Mob. 94170-64350

ਚੰਦੇ: ਇਕ ਅੰਕ:25 ਰੁ.,10 ਅੰਕ:250 ਰੁ.,
(ਕਾਲਜ ਲਾਇਬਰੇਰੀ ਲਈ 500/-)
10 ਅੰਕ: ਡਾਲਰ:50, ਤੇ ਪੌਂਡ: 40
ਚੰਦੇ, ਚੈਕ/ ਬੈਂਕ ਡਰਾਫਟ/ ਮਨੀਆਰਡਰ ਰਾਹੀਂ
ਕੇਵਲ 'KAHANI DHARA' ਦੇ ਨਾਂ ਭੇਜੇ ਜਾਣ।

**ਸੰਪਾਦਕੀ**

ਮਿੱਥ ਪੰਜਾਬੀ ਮਾਨਸਿਕਤਾ 1

ਕਹਾਣੀ ਧਾਰਾ ਸਾਹਿਤ ਸਰਵੇਖਣ,2009..2
ਤਿੰਨ ਕਹਾਣੀਆਂ-
ਮਜ੍ਹਮਾ-ਪ੍ਰੋ. ਹਰਭਜਨ ਸਿੰਘ 12
ਕੀ ਹੈ ਰਿਸ਼ਤੇ ਦਾ ਨਾਂ-ਕੁਲਦੀਪ ਸਿੰਘ ਬੇਦੀ-25
ਦੂਜਾ ਸੀਨ-ਸੁਰਜੀਤ ਬਰਾੜ-38
ਆਪਣੇ ਆਪਣੇ ਕਾਰਗਿਲ ਤੇ ਹੋਈ ਗੋਸ਼ਟੀ-47
ਲੇਖ-ਪੰਜਾਬੀ ਲੰਮੀ ਕਹਾਣੀ ਰੁਪਾਕਾਰਕ
ਵਿਸ਼ੇਸ਼ਤਾਈਆਂ-ਕਮਲਜੀਤ ਕੌਰ-73
ਸਾਧਾਰਨ ਮਨੁੱਖ ਦੀ ਅਸਾਧਾਰਣ ਹੋਣੀ 'ਪਰਾਤੜੇ
'ਚ ਗੰਗਾ-ਡਾ. ਜਸਵਿੰਦਰ ਬਿੰਦਰਾ-78
ਖੁੱਲ੍ਹ ਜਾ ਸਿਮ ਸਿਮ-ਡਾ. ਬਿੰਦਰਾ-83

ਜਨ ਬੋਧ

ਮਿੱਥ ਦੀ ਸੱਤਾ-ਤਸਕੀਨ-84
ਮਿੱਥ ਖਿਲਾਫ਼ ਮਨੁੱਖ ਰਾੱਬਰਟ ਬਰੈਂਟ ਡਨਹੈਮ-99

ਹੁੰਗਾਰਾ-103

ਕਿਤਾਬਾਂ-111

ਤੁਸੀਂ ਚੰਦੇ ਬੈਂਕ 'ਚ ਵੀ ਜ਼ਮਾ ਕਰਵਾ ਸਕਦੇ ਹੋ
Account Name
**Kahani Dhara**
Current Account: 30111525066
IFS Code: SBIN0002394
State Bank of India
Khurla Kingra, Jalandhar

ਪ੍ਰਿੰਟਰ, ਪਬਲਿਸ਼ਰ, ਮਾਲਕ ਤੇ ਸੰਪਾਦਕ ਭਗਵੰਤ ਰਸੂਲਪੁਰੀ ਨੇ **Bright Printing Press, Mohalla Kishanpura, Jalandhar** ਤੋਂ ਪ੍ਰਕਾਸ਼ਤ ਕਰਕੇ ਦਫ਼ਤਰ 'ਕਹਾਣੀ ਧਾਰਾ' ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ: ਭਗਵੰਤ ਰਸੂਲਪੁਰੀ
(ਪ੍ਰਕਾਸ਼ਨ ਮਿਤੀ 10 ਜਨਵਰੀ, 2010)

# ਮਿੱਥ: ਪੰਜਾਬੀ ਮਾਨਸਿਕਤਾ

ਅਜੋਕੇ ਦੌਰ ਵਿਚ ਪੰਜਾਬੀ ਮਾਨਸਿਕਤਾ ਨਾਲ ਮਿੱਥ ਨੂੰ ਜੋੜ ਕੇ ਸਮਝਣਾ ਬਹੁਤ ਜ਼ਰੂਰੀ ਹੋ ਗਿਆ ਹੈ। ਪੰਜਾਬੀ ਸਮਾਜ / ਕਲਚਰ ਜਾਂ ਧਰਮ ਨੇ ਨਿਮਨ ਸ਼੍ਰੇਣੀ ਦੇ ਅਛੂਤ ਲੋਕਾਂ ਨੂੰ ਦਬਾਉਣ ਲਈ, ਹਾਸ਼ੀਏ 'ਤੇ ਧੱਕਣ ਲਈ ਜਿਹੜੀਆਂ ਮਿੱਥਾਂ ਉਨ੍ਹਾਂ ਦੇ ਰੰਗ ਨੂੰ ਲੈ ਕੇ, ਕੰਮ ਨੂੰ ਲੈ ਕੇ, ਦਿਮਾਗੀ ਪੱਧਰ ਨੂੰ ਲੈ ਕੇ ਤੇ ਧਰਮ ਨੂੰ ਲੈ ਘੜੀਆਂ ਹਨ, ਉਨ੍ਹਾਂ ਦਾ ਮੁਲੰਕਣ ਕਰਨਾ ਬਹੁਤ ਜ਼ਰੂਰੀ ਹੈ। ਪੁਨਰ ਮੁਲੰਕਣ ਤਾਂ ਬਾਅਦ ਦਾ ਵਰਤਾਰਾ ਹੈ। ਪੰਜਾਬ ਦੀ ਸਮਾਜਿਕ ਬਣਤਰ ਜਿਨੀ ਉਪਰੋਂ ਸਿੱਧੀ-ਸਾਦੀ ਹੈ, ਹੇਠਲੀ ਪੱਧਰ 'ਤੇ ਉਨੀ ਹੀ ਗੁੰਝਲਦਾਰ ਹੈ। ਪੰਜਾਬ 'ਚ ਚਮਾਰ, ਭੰਗੀ ਤੇ ਜੁਲਾਹੇ ਪ੍ਰਮੁੱਖ ਉਪ-ਜਾਤੀਆਂ ਹਨ ਇਨ੍ਹਾਂ ਨੂੰ ਦਬਾਉਣ ਲਈ, ਜ਼ਮੀਨਾਂ ਤੋਂ ਸੱਖਣੇ ਕਰਨ ਲਈ ਜਾਂ ਸਮਾਜਿਕ ਰੁਤਬੇ ਨੂੰ ਥੱਲੇ ਥਕੇਲਣ ਲਈ ਸਮਾਜਿਕ ਤੌਰ ਤੇ ਉੱਚ ਵਰਗ ਨੇ ਬੜੀਆਂ ਖ਼ਤਰਨਾਕ ਮਿੱਥਾਂ ਘੜੀਆਂ। ਹਮੇਸ਼ਾਂ ਹੀ ਉਹ ਵਰਗ ਮਿੱਥਾਂ ਘੜਦਾ ਹੈ। ਜਿਹਦੇ ਕੋਲ ਸੱਤਾ ਹੁੰਦੀ ਹੈ। ਕਿਹੜੀ ਸੱਤਾ?, ਪੈਸੇ ਦੀ, ਸਮਾਜਿਕ ਰੁਤਬੇ ਦੀ। ਇਨ੍ਹਾਂ ਮਿੱਥਾਂ ਦਾ ਵਿਸ਼ਲੇਸ਼ਣ ਸਾਡੇ ਕਿਸੇ ਪੰਜਾਬੀ ਫਿਲਾਸਫਰ ਜਾਂ ਇਤਿਹਾਸਕਾਰ ਨੇ ਨਹੀਂ ਕੀਤਾ। ਉਂਝ ਵੀ ਸਾਡੇ ਪੰਜਾਬੀਆਂ ਕੋਲ ਭਲਾ ਕਿਹੜੇ ਫ਼ਿਲਾਸਫਰ ਹਨ? ਕੋਈ ਲੱਭਦਾ ਨਹੀਂ। ਜੋ ਨਿਮਨ ਪੱਧਰ ਦੇ ਹਨ। ਉਹ ਸਿੱਖ ਇਤਿਹਾਸ 'ਚੋਂ ਬਾਹਰ ਨਹੀਂ ਨਿਕਲਣਾ ਚਾਹੁੰਦੇ। ਫ਼ਲਾਸਫੀ ਦਾ ਗਿਆਨ ਲੈਣ ਲਈ ਅਸੀਂ ਬਾਹਰ ਵੱਲ ਝਾਕਦੇ ਹਾਂ। ਮਿੱਥ ਬਾਰੇ ਸਮਝਣ ਲਈ ਅਸੀਂ Barrows Dunham ਦੀ ਕਿਤਾਬ Man Against Myth ਨੂੰ ਫਰੋਲਦੇ ਹਾਂ। ਭਾਰਤੀ ਇਤਿਹਾਸ ਨੂੰ ਲੱਭਣ ਲਈ ਅਸੀਂ ਇਰਫ਼ਾਨ ਹਬੀਬ, ਰੋਮੀਲਾ ਥਾਪਰ ਦੀਆਂ ਲਿਖਤਾਂ ਵੱਲ ਝਾਕਦੇ ਹਾਂ। ਪੰਜਾਬੀ ਸਮਾਜ 'ਚ ਪ੍ਰਚੱਲਤ ਮਿੱਥਾਂ 'ਤੇ ਅੱਜ ਤੀਕ ਕਿਓਂ ਨਹੀਂ ਕੰਮ ਹੋਇਆ? ਯੂਨੀਵਰਸਿਟੀਆਂ ਇਸ 'ਤੇ ਅੱਜੇ ਤੀਕ ਕਿਓਂ ਨਹੀਂ ਖੋਜ ਕਰਵਾ ਸਕੀਆਂ? ਕਿਉਂ ਨਹੀਂ ਪੰਜਾਬ ਦੀਆਂ ਤਿੰਨੇ ਯੂਨੀਵਰਸਿਟੀਆਂ 'ਚ ਅੰਬੇਡਕਰ 'ਤੇ ਇਕ ਵੀ ਪੀ. ਐਚ-ਡੀ ਹੋਈ? ਪੰਜਾਬੀ ਸਾਹਿਤ ਇਤਿਹਾਸ ਨੂੰ ਲੈ ਕੇ ਵਿਦਵਾਨ ਪਿਛਲੇ ਪੰਜਾਹ ਸਾਲਾਂ ਤੋਂ ਜਿਹੜੀਆਂ ਮਿੱਥਾਂ ਘੜ ਰਹੇ ਹਨ। ਉਹ ਕਿਥੇ ਕੁ ਤੀਕ ਠੀਕ ਹਨ? ਬਹੁਤ ਸਾਰੇ ਸਵਾਲ ਹਨ ਦੋਸਤੋ ਜਿਹਨਾਂ ਵੱਲ ਸਾਡਾ ਧਿਆਨ ਹੀ ਨਹੀਂ ਜਾ ਰਿਹਾ। 'ਗਿਆਨ' ਦੇ ਮਾਮਲੇ 'ਚ ਅਸੀਂ ਪੰਜਾਬੀ ਲੋਕ ਬੜੇ ਫਾਡੀ ਹਾਂ। ਸਾਡੇ ਕੋਲ ਵਿਦੇਸ਼ੀ ਭਾਸ਼ਾਵਾਂ ਦਾ ਕਿਤਾਬੀ ਗਿਆਨ ਹੀ ਅਨੁਵਾਦ ਹੋ ਕੇ 40-50 ਸਾਲ ਬਾਅਦ ਪਹੁੰਚਦਾ ਹੈ। Man Against Myth ਨੂੰ ਹੀ ਲੈ ਲਓ ਜਿਹੜੀ 1962 ਵਿਚ ਛਪਦੀ ਹੈ ਸਾਡੇ ਕੋਲ ਪੰਜਾਹ ਸਾਲ ਬਾਅਦ ਵੀ ਨਹੀਂ ਪਹੁੰਚੀ। ਪੰਜਾਬ ਦੀਆਂ ਛੋਟੀਆਂ ਜਾਤੀਆਂ/ ਜਨਜਾਤੀਆਂ ਨਾਲ ਸੰਬੰਧਤ ਬੜੀਆਂ ਖ਼ਤਰਨਾਕ ਮਿੱਥਾਂ ਪ੍ਰਚੱਲਤ ਹਨ, ਨਿਮਨ ਜਾਤੀਆਂ 'ਚ ਅੱਗੇ ਔਰਤਾਂ ਪ੍ਰਤੀ ਜੋ ਮਿੱਥਾਂ ਬਣੀਆਂ ਹਨ। ਉਹ ਹਨ ਹੀ ਬਹੁਤ ਖ਼ਤਰਨਾਕ। ਅਸੀਂ ਨਿੱਤ ਇਨ੍ਹਾਂ ਮਿੱਥਾਂ 'ਚੋਂ ਗੁਜਰਦੇ ਹਾਂ। ਸਮੇਂ ਦੇ ਬੀਤਣ ਨਾਲ ਮਿੱਥਾਂ ਟੁੱਟਦੀਆਂ ਵੀ ਰਹਿੰਦੀਆਂ ਹਨ। ਤੇ ਬਣਦੀਆਂ ਵੀ ਰਹਿੰਦੀਆਂ ਹਨ ਪਰ ਉਹ ਰਹਿੰਦੀਆਂ ਆਮ ਲੋਕਾਂ ਦੇ ਖ਼ਿਲਾਫ ਹਨ। ਦਲਿਤ ਵਰਗ ਦੀ ਹਿੰਸਾਂ ਦੀ ਮਿੱਥ ਨੂੰ ਅਸੀਂ ਪਿਛਲੀ ਸੰਪਾਦਕੀ 'ਚ ਫਰਾਇਡ ਨੂੰ ਕੋਡ ਕਰਕੇ ਮਿੱਥ ਨੂੰ ਤੋੜਿਆ ਸੀ। ਸਾਡਾ ਕਾਰਜ ਇਨ੍ਹਾਂ ਮਸਲਿਆਂ ਵੱਲ ਇਸ਼ਾਰਾ ਕਰਨਾ ਹੈ ਤੇ ਵਿਸਥਾਰ 'ਚ ਸੰਵਾਦ ਤੁਸੀਂ ਲੋਕਾਂ ਨੇ ਤੋਰਨਾ ਹੈ। ਅਛੂਤ ਲੋਕਾਂ ਨੂੰ ਦਬਾਉਣ ਲਈ ਉੱਚ ਵਰਗ ਵੱਲੋਂ ਘੜੀਆਂ ਮਿੱਥਾਂ ਦਾ ਪੁਨਰ ਮੁਲੰਕਣ ਕਰਨ ਵਾਲਾ ਸੀਰੀਅਲ 'ਕਾਸੀ' ਜਿਹੜਾ ਕਿ ਅੱਜ ਕੱਲ ਐਨ ਡੀ ਇਮੈਜਨ ਤੇ ਪ੍ਰਸਾਰਤ ਹੋ ਰਿਹਾ ਹੈ। ਅਸੀਂ ਹਰ ਸੰਵੇਦਨਸ਼ੀਲ ਲੇਖਕ/ ਸਰੋਤੇ ਨੂੰ ਦੇਖਣ ਦੀ ਸਲਾਹ ਦਿੰਦੇ ਹਾਂ। ਇਸ ਬਾਰ ਚਰਚਾ ਅਸੀਂ ਅਗਲੇ ਅੰਕ ਵਿਚ ਵਿਸਥਾਰ ਨਾਲ ਕਰਾਗੇ। ਇਸ ਅੰਕ ਵਿਚ ਅਸੀਂ ਪੰਜਾਬੀ ਸਾਹਿਤ ਸਰਵੇਖਣ ਛਾਪ ਰਹੇ ਹਾਂ। ਅਤੇ ਨਾਲ ਹੀ 'ਜਨ ਬੋਧ' ਕਾਲਮ ਵਿਚ 'ਮਿੱਥ' ਤੇ ਕੇਂਦਰਿਤ ਲਿਖਤਾਂ ਛਾਪ ਰਹੇ ਹਾਂ। ਜਿਹੜੀਆਂ ਵਿਚਾਰ ਉਤੇਜਿਤ ਹਨ। ਅਸੀਂ ਤੁਹਾਡੇ ਕੋਲੋਂ ਸੰਵਾਦ ਦੀ ਮੰਗ ਕਰਦੇ ਹਾਂ।

**- ਭਗਵੰਤ ਰਸੂਲਪੁਰੀ**



# 'ਕਹਾਣੀ ਧਾਰਾ' ਸਾਹਿਤ ਸਰਵੇਖਣ 2009


ਪਿਛਲੇ ਅੰਕ ਵਿਚ ਅਸੀਂ 16 ਸਵਾਲਾਂ ਦਾ ਸਵਾਲਨਾਮਾ ਛਾਪ ਕੇ ਪੰਜਾਬੀ ਸਾਹਿਤ ਦੇ ਪਾਠਕਾਂ, ਲੇਖਕਾਂ, ਆਲੋਚਕਾਂ, ਸਾਹਿਤ ਦੇ ਵਿਦਿਆਰਥੀਆਂ ਆਦਿ ਨੂੰ ਇਸ ਸਰਵੇਖਣ ਵਿਚ ਭਾਗ ਲੈਣ ਦਾ ਖੁੱਲਾ ਸੱਦਾ ਦਿੱਤਾ ਸੀ। ਇਸ ਸਰਵੇਖਣ ਨੂੰ ਸਫਲ ਬਣਾਉਣ ਲਈ ਨਿੱਜੀ ਤੌਰ 'ਤੇ ਸੰਪਰਕ ਵੀ ਕੀਤਾ ਗਿਆ। ਸਾਨੂੰ ਕਾਫ਼ੀ ਹੁੰਗਾਰਾ ਮਿਲਿਆ। ਹੁਣ ਤੱਕ 108 ਪਾਠਕਾਂ ਨੇ ਪ੍ਰਫਾਰਮਾਂ ਭਰ ਕੇ ਭੇਜਿਆ ਹੈ। ਕਈਆਂ ਨੇ ਪੂਰਾ ਤੇ ਕਈਆਂ ਨੇ ਅਧੂਰਾ। ਮੈਗਜ਼ੀਨ ਲੇਟ ਹੋਣ ਦਾ ਮੁੱਖ ਕਾਰਨ ਇਹ ਵੀ ਸੀ ਕਿ ਸਾਨੂੰ ਸਰਵੇਖਣ ਦਾ ਹੁੰਗਾਰਾ ਹੌਲੀ ਹੌਲੀ ਆ ਰਿਹਾ ਸੀ। ਸਾਨੂੰ ਆਸ ਹੈ ਕਿ ਪੰਜਾਬੀ ਲੇਖਕਾਂ ਇਸ ਸਰਵੇਖਣ ਨੂੰ ਪਸੰਦ ਕਰਨਗੇ। ਅਸੀਂ ਪਾਠਕਾਂ ਦੇ ਅਧਾਰ 'ਤੇ ਪੁਸਤਕਾਂ ਤੇ ਸਾਹਿਤ ਬਾਰੇ ਸਿੱਟੇ ਕੱਢੇ ਹਨ। -ਸੰਪਾਦਕ

**ਪੰਜਾ ਪ੍ਰਤੀਨਿਧ ਕਹਾਣੀਆਂ-**

1. ਗਾਈਡ (ਸਾਂਵਲ ਧਾਮੀ)
2. ਪੱਟ 'ਤੇ ਵਾਹੀ ਮੋਰਨੀ (ਜਸਵੀਰ ਸਿੰਘ ਰਾਣਾ)
3. ਰਿਲੇਅ ਰੇਸ (ਵਿਸ਼ਵ ਜੋਤੀ ਧੀਰ)
4. ਮੌਤ ਦੀ ਕਾਮਨਾ (ਪ੍ਰੇਮ ਪ੍ਰਕਾਸ਼)
5. ਮਾੜਾ ਬੰਦਾ (ਜਿੰਦਰ)

**ਹੋਰ ਪੰਜ ਕਹਾਣੀਆਂ ਜਿਨ੍ਹਾਂ ਨੂੰ 50-20% ਪਾਠਕਾਂ ਨੇ ਪਸੰਦ ਕੀਤਾ-**

1. ਕਾਲ ਕਾਲਾਂਤਰ (ਸਰੂਪ ਸਿਆਲਵੀ)
2. ਘੋਰੜੂ (ਕੁਲਵੰਤ ਗਿੱਲ)
3. ਲਿਫ਼ਾਫ਼ੇ 'ਚ ਆਟਾ (ਬਲੀਜੀਤ)
4. ਈਸ਼ਵਰ ਦਾ ਜਨਮ (ਜਤਿੰਦਰ ਸਿੰਘ ਹਾਂਸ)
5. ਇੱਕ ਹੋਰ ਸ਼ਾਂਤੀ ਨਿਕੇਤਨ (ਮਨਮੋਹਨ ਬਾਵਾ)



**2009 ਦੇ ਪੰਜ ਪ੍ਰਤੀਨਿਧ ਕਹਾਣੀ ਸੰਗ੍ਰਹਿ-**


1. ਭੇਤ ਵਾਲੀ ਗੱਲ (ਮਨਿੰਦਰ ਸਿੰਘ ਕਾਂਗ)
2. ਪਦਮਾ ਦੇ ਪੈਰ (ਪ੍ਰੇਮ ਪ੍ਰਕਾਸ਼)
3. ਆਪਣੇ ਆਪਣੇ ਕਾਰਗਿਲ (ਬਲਦੇਵ ਸਿੰਘ ਧਾਲੀਵਾਲ
4. ਈਸ਼ਵਰ ਦਾ ਜਨਮ (ਜਤਿੰਦਰ ਸਿੰਘ ਹਾਂਸ)
5. ਗੜ੍ਹੀ ਬਖ਼ਸ਼ਾ ਸਿੰਘ (ਲਾਲ ਸਿੰਘ)

**ਹੋਰ ਪੰਜ ਕਹਾਣੀ ਸੰਗ੍ਰਹਿ ਜਿਨ੍ਹਾਂ ਨੂੰ 35-20% ਪਾਠਕਾਂ ਨੇ ਪਸੰਦ ਕੀਤਾ-**

1. ਸੁਧੀਸ਼ ਪਚੌਰੀ ਨੇ ਕਿਹਾ ਸੀ (ਬਲਜੀਤ ਸਿੰਘ ਰੈਨਾ)
2. ਨੇਰੇ ਦੇ ਵਾਸੀ (ਸਰੂਪ ਸਿਆਲਵੀ)
3. ਖੁੱਲ੍ਹ ਜਾ ਸਿਮ-ਸਿਮ (ਸੁਰਿੰਦਰ ਨੀਰ)
4. ਬਸਰੇ ਦੀ ਲਾਮ (ਜਸਪਾਲ ਮਾਨਖੇੜਾ)
5. ਅੱਗੇ ਦਾ ਸਫ਼ਰ (ਗੁਰਮੀਤ ਸਿੰਘ ਸਿੰਗਲ)

ਪਿਛਲੇ ਪੰਜ ਸਾਲ ਦੇ ਪ੍ਰਤੀਨਿਧ ਕਹਾਣੀ ਸੰਗ੍ਰਹਿ (04 ਤੋਂ ਲੈ ਕੇ 09 ਤੱਕ)

1. ਘਰ ਦਾ ਜੀਅ (ਜਸਵਿੰਦਰ ਸਿੰਘ)
2. ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ (ਸੁਖਜੀਤ)
3. ਖੂਹ ਗਿੜਦਾ ਹੈ (ਅਜਮੇਰ ਸਿੱਧੂ)
4. ਰਾਮ ਕਿਸ਼ਨ ਬਨਾਮ ਸਟੇਟ ਹਾਜ਼ਰ ਹੋ (ਕੇਸਰਾ ਰਾਮ)
5. ਤੀਜਾ ਨੇਤਰ (ਭਗਵੰਤ ਰਸੂਲਪੁਰੀ)






**ਹੋਰ ਪੰਜ ਕਹਾਣੀ ਸੰਗ੍ਰਹਿ ਜਿਨ੍ਹਾਂ ਨੂੰ 39-20% ਪਾਠਕਾਂ ਨੇ ਪਸੰਦ ਕੀਤਾ-**

1. ਧੂੰਆਂ (ਬਲਬੀਰ ਪਰਵਾਨਾ)
2. ਫ਼ਕੀਰੀ (ਦੇਸ ਰਾਜ ਕਾਲੀ)
3. ਪਾਵੇ ਨਾਲ ਬੰਨਿਆਂ ਹੋਇਆ ਕਾਲ (ਜਤਿੰਦਰ ਸਿੰਘ ਹਾਂਸ)
4. ਬਿਨਾਂ ਵਜ੍ਹਾ ਤਾਂ ਨਹੀਂ (ਜਿੰਦਰ)
5. ਬੀ ਜੀ ਮੁਸਕਰਾ ਪਏ (ਹਰਪ੍ਰੀਤ ਸਿੰਘ ਸੇਖਾ)

**ਪਿਛਲੇ ਦਸ ਸਾਲ ਤੋਂ ਸਭ ਤੋਂ ਚਰਚਿਤ ਪੰਜ ਕਹਾਣੀਆਂ ਤੇ ਲੇਖਕ-**

1. ਡੈੱਡ ਲਾਇਨ (ਪ੍ਰੇਮ ਪ੍ਰਕਾਸ਼)
2. ਕਤਲ (ਜਿੰਦਰ)
3. ਘਰ ਦਾ ਜੀਅ (ਜਸਵਿੰਦਰ ਸਿੰਘ)
4. ਅੰਤਰਾ (ਸੁਖਜੀਤ)
5. ਯੁੱਧ ਖੇਤਰ (ਬਲਵਿੰਦਰ ਸਿੰਘ ਗਰੇਵਾਲ)

**ਪੰਜ ਹੋਰ ਕਹਾਣੀਆਂ ਜਿਨ੍ਹਾਂ ਨੂੰ 40-20 % ਪਾਠਕਾਂ ਨੇ ਪ੍ਰਤੀਨਿਧ ਕਿਹਾ-**

1. ਜਲਾਵਤਨ (ਸੁਕੀਰਤ)
2. ਇਕਬਾਲ ਹੁਸੈਨ ਮੋਇਆ ਨਹੀਂ (ਅਜਮੇਰ ਸਿੱਧੂ)
3. ਨੌਂ ਬਾਰਾ ਦਸ (ਵਰਿਆਮ ਸਿੰਘ ਸੰਧੂ)
4. ਕਸੂਰਵਾਰ (ਭਗਵੰਤ ਰਸੂਲਪੁਰੀ)
5. ਮੁੱਲ ਦੀ ਤੀਵੀ (ਵੀਨਾ ਵਰਮਾ)

**1947 ਤੋਂ ਲੈ ਕੇ ਹੁਣ ਤੀਕ ਜਿਉਂਦੀਆਂ ਰਹਿਣ ਵਾਲੀਆਂ ਪੰਜ ਕਹਾਣੀਆਂ-**

1. ਸੁਜਾਨ ਸਿੰਘ (ਕੁਲਫ਼ੀ)
2. ਸੰਤੋਖ ਸਿੰਘ ਧੀਰ (ਕੋਈ ਇਕ ਸਵਾਰ)
3. ਮੋਹਨ ਭੰਡਾਰੀ (ਮੂਨ ਦੀ ਅੱਖ)
4. ਕੁਲਵੰਤ ਸਿੰਘ ਵਿਰਕ (ਧਰਤੀ ਹੇਠਲਾ ਬੌਲਦ)
5. ਸੰਤ ਸਿੰਘ ਸੇਖੋਂ (ਹਲ ਵਾਹ)

**ਪੰਜ ਹੋਰ ਕਹਾਣੀਆਂ-**

1. ਅਤਰਜੀਤ (ਬੱਠਲੂ ਚਮਿਆਰ)
2. ਅਜੀਤ ਕੌਰ (ਨਾ ਮਾਰੋ)
3. ਸੁਖਵੰਤ ਕੌਰ ਮਾਨ (ਚੂਹਾ)
4. ਕ੍ਰਿਪਾਲ ਕਜ਼ਾਕ (ਜਿੱਥੋਂ ਸੂਰਜ ਉਗਦਾ ਹੈ)
5. ਗੁਰਪਾਲ ਲਿੱਟ (ਜਦ ਵੀ ਚਾਹੇ ਮਾਂ)

**ਪਿਛਲੇ 10 ਸਾਲਾਂ ਤੋਂ ਚਰਚਿਤ ਦਲਿਤ ਸੰਵੇਦਨਾ ਦੀਆਂ ਪੰਜ ਪ੍ਰਤੀਨਿਧ ਕਹਾਣੀਆਂ-**

1. ਅਤਰਜੀਤ (ਠੂਹਾਂ)
2. ਸਰਵਮੀਤ (ਕਲਾਣ)
3. ਸਰੂਪ ਸਿਆਲਵੀ (ਰੇਪ)
4. ਭਗਵੰਤ ਰਸੂਲਪੁਰੀ (ਕਸੂਰਵਾਰ)


5. ਗੁਰਮੀਤ ਕੜਿਆਲਵੀ (ਹੱਡਾ ਰੋੜੀ ਤੇ ਰੇਹੜੀ)

**ਪੰਜ ਹੋਰ ਪ੍ਰਤੀਨਿਧ ਕਹਾਣੀਆਂ-**

1. ਦੇਸ ਰਾਜ ਕਾਲੀ (ਜ਼ਖ਼ਮਾਂ ਦੇ ਰਸਤਿਓਂ )
2. ਮੋਹਨ ਲਾਲ ਫਿਲੌਰੀਆਂ (ਮੋਚੀ ਦਾ ਪੁੱਤ)
3. ਕੇਸਰਾ ਰਾਮ (ਲਾਸ਼)
4. ਨਾਗ ਮੁੰਡਾ (ਮਨਮੋਹਨ ਬਾਵਾ)
5. ਬਲਜਿੰਦਰ ਨਸਰਾਲੀ (ਹੱਡਾ ਰੋੜੀ)

**2009 ਦੇ ਪਤੀਨਿਧ ਪੰਜ ਨਾਵਲਾਂ ਦੇ ਨਾਂ-**


1. ਆਹਣ (ਗੁਰਦਿਆਲ ਸਿੰਘ)
2. ਭੀਮਾ (ਰਾਮ ਸਰੂਪ ਅਣਖੀ)
3. ਪੱਤ ਕੁਮਲਾ ਗਏ (ਅਵਤਾਰ ਸਿੰਘ ਬਿਲਿੰਗ)
4. ਆਪਣੇ ਆਪਣੇ ਮੋਰਚੇ (ਬਲਬੀਰ ਪਰਵਾਨਾ)
5. ਯੁੱਗ ਅੰਤ (ਮਨਮੋਹਨ ਬਾਵਾ)




**ਪੰਜ ਹੋਰ ਪ੍ਰੀਤਨਿਧ ਨਾਵਲ-**

1. ਢਾਹਵਾਂ ਦਿੱਲੀ ਦੇ ਕਿੰਗਰੇ (ਬਲਦੇਵ ਸਿੰਘ)
2. ਮਨ ਕੀ ਬਿਰਥਾ (ਚੰਦਨ ਨੇਗੀ)
3. ਦੋ ਪੱਤਣਾਂ ਦਾ ਤਾਰੂ (ਅਜਾਇਬ ਕਮਲ)
4. ਪ੍ਰਥਮ ਪੌਰਾਣ (ਦੇਸ ਰਾਜ ਕਾਲੀ)
5. ਰੁਲਦੂ ਦੀ ਅਕਾਸ਼ ਗੰਗਾ (ਮੁਖਤਿਆਰ ਸਿੰਘ)






**ਪਿਛਲੇ ਪੰਜ ਸਾਲ ਤੋਂ ਚਰਚਾ 'ਚ ਰਹੇ ਪੰਜ ਨਾਵਲਾਂ ਦੇ ਨਾਂ-**


1. ਯੁੱਧ-ਨਾਦ (ਮਨਮੋਹਨ ਬਾਵਾ)
2. ਕੌਰਵ ਸਭਾ (ਮਿੱਤਰ ਸੈਨ ਮੀਤ)
3. ਅੰਨ ਦਾਤਾ (ਬਲਦੇਵ ਸਿੰਘ)
4. ਦੁੱਲੇ ਦੀ ਢਾਬ (ਰਾਮ ਸਰੂਪ ਅਣਖੀ)
5. ਅਰਥ (ਪਰਮਜੀਤ ਜੱਜ)

**ਪੰਜ ਹੋਰ ਚਰਚਿਤ ਨਾਵਲ ਜਿਨ੍ਹਾਂ ਨੂੰ 44-20 % ਪਾਠਕਾਂ ਨੇ ਪਸੰਦ ਕੀਤਾ-**

1. ਇਹਨਾਂ ਰਾਹਾਂ ਉੱਤੇ (ਅਵਤਾਰ ਸਿੰਘ ਬਿਲਿੰਗ)
2. ਨਿੱਕੇ ਨਿੱਕੇ ਯੁੱਧ (ਬਲਬੀਰ ਪਰਵਾਨਾ)
3. ਕਾਸ਼ (ਕੁਲਦੀਪ ਸਿੰਘ ਬੇਦੀ)
4. ਠਰੀ ਰਾਤ (ਬਲਜੀਤ ਕੌਰ ਬੱਲੀ)
5. ਵੀਹਵੀਂ ਸਦੀ ਦੀ ਆਖਰੀ ਕਥਾ (ਬਲਜਿੰਦਰ ਨਸਰਾਲੀ)

**1947 ਤੋਂ ਲੈ ਹੁਣ ਤੱਕ ਸਭ ਤੋਂ ਚਰਚਿਤ ਪੰਜ ਨਾਵਲ ਤੇ ਨਾਵਲਕਾਰ-**

1. ਅੰਮ੍ਰਿਤਾ ਪ੍ਰੀਤਮ (ਪਿੰਜਰ)
2. ਗੁਰਦਿਆਲ ਸਿੰਘ (ਮੜ੍ਹੀ ਦਾ ਦੀਵਾ)
3. ਦਲੀਪ ਕੌਰ ਟਿਵਾਣਾ (ਏਹੁ ਹਮਾਰਾ ਜੀਵਣਾ)
4. ਕਰਮਜੀਤ ਸਿੰਘ ਕੁੱਸਾ (ਰਾਤ ਦੇ ਰਾਹੀ)
5. ਜਸਵੰਤ ਸਿੰਘ ਕੰਵਲ (ਲਹੂ ਦੀ ਲੋਅ)




ਪਾਠਕਾਂ ਦੀ ਪਸੰਦ ਦੀ % ਅਸੀਂ 100 ਦੇ ਅੰਕੜੇ ਨਾਲ ਕੱਢੀ ਹੈ।







**ਪੰਜ ਹੋਰ ਪ੍ਰਤੀਨਿਧ ਨਾਵਲਕਾਰ-**

1. ਨਾਨਕ ਸਿੰਘ (ਚਿੱਟਾ ਲਹੂ)
2. ਸੋਹਣ ਸਿੰਘ ਸੀਤਲ (ਤੂਤਾ ਵਾਲਾ ਖੂਹ)
3. ਮੋਹਨ ਕਾਹਲੋ (ਮਛਲੀ ਇੱਕ ਦਰਿਆ ਦੀ)
4. ਰਾਮ ਸਰੂਪ ਅਣਖੀ (ਸੁਲਗਦੀ ਰਾਤ)
5. ਨਰਿੰਜਨ ਤਸਨੀਮ (ਇਕ ਹੋਰ ਨਵਾਂ ਸਾਲ)


**2009 ਦੇ ਪੰਜ ਪ੍ਰਤੀਨਿਧ ਕਾਵਿ ਸੰਗ੍ਰਹਿ ਦੇ ਨਾਂ-**

1. ਅੱਜ ਬਿੱਲਾ ਫਿਰ ਆਇਆ (ਲਾਲ ਸਿੰਘ ਦਿਲ)
2. ਆ ਮੇਰੇ ਨਾਲ ਗੱਲਾਂ ਕਰ (ਸੁਤਿੰਦਰ ਸਿੰਘ ਨੂਰ)
3. ਕੋਈ ਨਾਲ ਨਾਲ (ਸਤਪਾਲ ਭੀਖੀ)
4. ਮੰਥਨ (ਜਸਲੀਨ ਕੌਰ)
5. ਹੁਣ ਸਟਾਲਿਨ ਚੁੱਪ ਹੈ (ਦੇਵਨੀਤ)


**ਪੰਜ ਹੋਰ ਕਾਵਿ ਸੰਗ੍ਰਹਿ ਜਿਨ੍ਹਾਂ ਨੂੰ 29-20 % ਪਾਠਕਾਂ ਨੇ ਪਸੰਦ ਕੀਤਾ-**


1. ਬਲੈਕ ਹੋਲ (ਲਖਵਿੰਦਰ ਜੌਹਲ)
2. ਕਦੰਬ (ਅਮਰਜੀਤ ਘੁੰਮਣ)
3. ਰੌਸ਼ਨੀ ਦੀ ਸਿਰਜਣਾ (ਹਰਪ੍ਰੀਤ ਰੂਬੀ)
4. ਮਨ ਮਮਟੀ ਦੇ ਮੋਰ (ਰਵਿੰਦਰ ਭੱਠਲ)
5. ਮਹਾਂ ਕੰਬਣੀ (ਦਰਸ਼ਨ ਬੁੱਟਰ)







ਪਾਠਕਾਂ ਦੀ ਪਸੰਦ ਦੀ % ਅਸੀਂ 100 ਦੇ ਅੰਕੜੇ ਨਾਲ ਕੱਢੀ ਹੈ।










**ਸਾਲ 2009 ਦੀਆਂ ਪ੍ਰਤੀਨਿਧ ਗਲਪ ਆਲੋਚਨਾ ਪੁਸਤਕਾਂ-**

1. ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ (ਡਾ. ਜੋਗਿੰਦਰ ਸਿੰਘ ਰਾਹੀ / ਡਾ. ਰਮਿੰਦਰ ਕੌਰ)
2. ਪੰਜਾਬੀ ਕਹਾਣੀ ਸਮਾਜਕ ਸਰੋਕਾਰ ਤੇ ਦ੍ਰਿਸ਼ਟੀ (ਡਾ. ਭੁਪਿੰਦਰ ਕੌਰ)
3. ਸੰਵਾਦ ਅਤੇ ਸੰਵੇਦਨਾ (ਡਾ. ਸਰਬਜੀਤ ਸਿੰਘ)
4. ਕਹਾਣੀ ਦੀਆਂ ਪਰਤਾਂ (ਡਾ. ਵਨੀਤਾ)
5. ਜਸਵੰਤ ਸਿੰਘ ਕੰਵਲ ਦੇ ਨਾਵਲਾਂ ਵਿਚ ਕਿਸਾਨੀ ਸਰੋਕਾਰ (ਡਾ. ਸਾਕ ਮੁਹੰਮਦ)

**ਦੋ ਹੋਰ ਆਲੋਚਨਾ ਪੁਸਤਕਾਂ-**


1. ਪ੍ਰਵਾਸੀ ਪੰਜਾਬੀ ਕਹਾਣੀ ਬਿਰਤਾਂਤ ਸ਼ਾਸਤਰੀ ਅਧਿਐਨ (ਡਾ. ਅਕਵਿੰਦਰ ਕੌਰ)
2. ਮਾਰਕਸਵਾਦ ਤੇ ਪੰਜਾਬੀ ਨਾਵਲ (ਸੁਰਜੀਤ ਗਿੱਲ)

**ਪਿਛਲੇ ਦਸ ਸਾਲ ਤੋਂ ਚਰਚਿਤ ਗਲਪ ਆਲੋਚਕ-**

1. ਜੋਗਿੰਦਰ ਸਿੰਘ ਰਾਹੀ / ਰਮਿੰਦਰ ਕੌਰ
2. ਡਾ. ਰਜਨੀਸ਼ ਬਹਾਦਰ ਸਿੰਘ
3. ਬਲਦੇਵ ਸਿੰਘ ਧਾਲੀਵਾਲ
4. ਡਾ. ਧਨਵੰਤ ਕੌਰ
5. ਡਾ. ਬਲਕਾਰ ਸਿੰਘ

**ਪੰਜ ਹੋਰ ਗਲਪ ਆਲੋਚਕ-**

1. ਡਾ. ਸਰਬਜੀਤ ਸਿੰਘ
2. ਡਾ. ਜਸਵਿੰਦਰ ਕੌਰ ਬਿੰਦਰਾ
3. ਡਾ. ਜੋਗਿੰਦਰ ਸਿੰਘ ਨਿਰਾਲਾ
4. ਡਾ. ਗੁਰਲਾਲ ਸਿੰਘ




5. ਡਾ. ਪਰਮਜੀਤ ਕੌਰ ਸਿੱਧੂ

**ਕਹਾਣੀ ਆਲੋਚਨਾ 'ਚ ਨਿੱਗਰ ਕੰਮ ਕਰਨ ਵਾਲੇ ਪੰਜ ਆਲੋਚਕ-**

1. ਡਾ. ਜੋਗਿੰਦਰ ਸਿੰਘ ਰਾਹੀ / ਰਮਿੰਦਰ ਕੌਰ
2. ਤੇਜਵੰਤ ਸਿੰਘ ਗਿੱਲ
3. ਹਰਿਭਜਨ ਸਿੰਘ
4. ਡਾ. ਸੰਤ ਸਿੰਘ ਸੇਖੋਂ
5. ਗੁਰਬਖ਼ਸ਼ ਸਿੰਘ ਫਰੈਂਕ

**ਤਿੰਨ ਪ੍ਰਤੀਨਿਧ ਸਾਹਿਤਕ ਮੈਗਜ਼ੀਨ-**

1. ਸਿਰਜਣਾ (ਸੰਪਾਦਕ : ਡਾ. ਰਘਬੀਰ ਸਿੰਘ)
2. ਲਕੀਰ (ਸੰਪਾਦਕ : ਪ੍ਰੇਮ ਪ੍ਰਕਾਸ਼ 2009 ਤੱਕ)
3. ਪ੍ਰਵਚਨ (ਸੰਪਾਦਕ : ਰਜਨੀਸ਼ ਬਹਾਦਰ ਸਿੰਘ)

**ਤਿੰਨ ਹੋਰ ਪ੍ਰਤੀਨਿਧ ਮੈਗਜ਼ੀਨ-**

1. ਕਹਾਣੀ ਪੰਜਾਬ (ਸੰਪਾਦਕ : ਰਾਮ ਸਰੂਪ ਅਣਖੀ, 2009 ਤੱਕ)
2. ਸ਼ਬਦ (ਸੰਪਾਦਕ : ਜਿੰਦਰ)
3. ਕਹਾਣੀ ਧਾਰਾ (ਸੰਪਾਦਕ : ਭਗਵੰਤ ਰਸੂਲਪੁਰੀ)

**ਦੋ ਪ੍ਰਤੀਨਿਧ ਅਖ਼ਬਾਰਾਂ ਦੇ ਨਾਂ-**

1. ਨਵਾਂ ਜ਼ਮਾਨਾਂ
2. ਪੰਜਾਬੀ ਟ੍ਰਿਬਿਊਨ

**ਦੇਸ਼ ਸੇਵਕ, ਜੱਗ ਬਾਣੀ ਨੂੰ ਵੀ ਕੁਝ ਪਾਠਕਾਂ ਨੇ ਪਸੰਦ ਕੀਤਾ।**






**2009 ਦੇ ਪ੍ਰਤੀਨਿਧ ਪਰਵਾਸੀ ਨਾਵਲ-**

1. ਵਿਗੋਚਾ (ਜਰਨੈਲ ਸਿੰਘ ਸੇਖਾ)





ਥਹਾਲ (ਹਰਜੀਤ ਅਟਵਾਲ)

**ਨਾਵਲ ਜਿਨ੍ਹਾਂ ਨੂੰ ਵੀ ਪਾਠਕਾਂ ਨੇ ਪਸੰਦ ਕੀਤਾ-**

ਰਸਿੱਪ (ਨਦੀਮ ਪਰਮਾਰ)

(ਹਰਮਹਿੰਦਰ ਚਾਹਲ)



## *ਸਰਵੇਖਣ ਤੋਂ ਉਪਜੇ ਸਿੱਟੇ-*

ਸਾਹਿਤ ਸਰਵੇਖਣ ਕਰਵਾਉਣ ਦਾ ਐਲਾਨ ਤਾਂ ਕਰ ਦਿੱਤਾ ਪਰ ਇਹ ਕਾਰਜ ਬੜਾ ਔਖਾ ਸੀ। ਅਸੀਂ 'ਕਹਾਣੀ ਧਾਰਾ' ਵਿਚ ਵੀ ਪ੍ਰੋਫਾਰਮਾ ਪ੍ਰਕਾਸ਼ਤ ਕਰ ਦਿੱਤਾ ਸੀ। ਨਾਲ ਹੀ ਕਾਫੀ ਪ੍ਰੋਫਾਰਮੇ ਅਸੀਂ ਦਸਤੀ ਵੀ ਦਿੰਦੇ ਰਹੇ ਜਦੋਂ ਜਦੋਂ ਕੋਈ ਲੇਖਕ, ਪਾਠਕ ਜਾਂ ਸਾਹਿਤ ਦਾ ਵਿਦਿਆਰਥੀ ਮਿਲਦਾ ਰਿਹਾ। ਬਜੁਰਗ ਸਾਹਿਤਕਾਰਾਂ ਦਾ ਹਿੱਸਾ ਆਟੇ ਵਿਚ ਲੂਣ ਬਰਾਬਰ ਰਿਹਾ। ਨੌਜਵਾਨਾਂ ਨੇ ਕਾਫੀ ਸਹਿਯੋਗ ਦਿੱਤਾ। ਖਾਸ ਕਰਕੇ ਜਿਹੜੇ ਯੂਨੀਵਰਸਿਟੀਆਂ ਵਿਚ ਖੋਜ ਵਿਦਿਆਰਥੀ ਹਨ। ਜਾਂ ਜਿਨ੍ਹਾਂ ਨੇ ਆਪਣੀ ਖੋਜ ਪੂਰੀ ਕਰ ਲਈ ਹੈ। ਉਨ੍ਹਾਂ ਨੇ ਸਹਿਯੋਗ ਵੀ ਦਿੱਤਾ ਜਿਹੜੇ ਕਾਲਜਾਂ ਵਿਚ ਨਵੇਂ ਨਵੇਂ ਪੜ੍ਹਾਉਣ ਲੱਗੇ ਹਨ। ਜਾਂ ਜੋ ਅਜੇ ਕੱਚੇ ਹਨ। ਸਾਡੇ ਸਮਕਾਲੀ ਸਾਹਿਤਕਾਰਾਂ ਨੇ ਵੀ ਸਰਵੇਖਣ ਵਿਚ ਕਾਫੀ ਦਿਲਚਸਪੀ ਦਿਖਾਈ। ਇਸ ਸਰਵੇਖਣ ਵਿਚ 108 ਪ੍ਰਫਾਰਮੇ ਪਹੁੰਚੇ ਸਨ। **ਪ੍ਰਤੀਸ਼ਤ ਕੱਢਣ ਦੀ ਸੌਖ ਲਈ ਅਸੀਂ 100 ਪਾਠਕਾਂ ਦੀ ਰਾਇ ਰੱਖੀ।** ਪਾਠਕਾਂ ਨੂੰ ਪਿਛਲੇ 5, 10 ਜਾਂ 50 ਸਾਲਾਂ ਦੇ ਸਾਹਿਤ ਬਾਰੇ ਰਾਇ ਦੇਣ ਲੱਗੇ ਔਖ ਆਈ। ਅਸੀਂ ਦੇਖਣਾ ਚਾਹੁੰਦੇ ਸਾਂ ਕਿ ਕਿਹੜਾ ਸਾਹਿਤ ਪਾਠਕਾਂ ਨੂੰ ਚੇਤੇ ਰਹਿੰਦਾ ਹੈ। ਪਹਿਲਾਂ ਵਿਚਾਰ ਸੀ ਕਿ ਸਾਰੇ ਪ੍ਰੋਫਾਰਮੇ ਪ੍ਰਕਾਸ਼ਤ ਕਰ ਦਿੱਤੇ ਜਾਣ ਪਰ ਉਨ੍ਹਾਂ ਨਾਲ 30-35 ਪੰਨੇ ਵੱਧ ਜਾਣੇ ਸਨ, ਜਿਸ ਨਾਲ ਕਾਫੀ ਆਰਥਿਕ ਬੋਝ ਪੈਂਦਾ ਸੀ। ਇਸ ਦੇ ਬਾਵਜੂਦ ਐਤਕੀਂ ਸਾਨੂੰ 16 ਪੰਨੇ ਵਧਾਉਣੇ ਪਏ ਹਨ।

1. ਸਰਵੇਖਣ ਵਿਚ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ ਦੀਆਂ ਤਕਰੀਬਨ 24 ਅਤੇ ਚੇਤਨਾ ਪ੍ਰਕਾਸ਼ਨ, ਲੁਧਿਆਣਾ ਦੀਆਂ 20 ਕਿਤਾਬਾਂ ਆਈਆਂ। ਬਾਕੀ ਪ੍ਰਕਾਸ਼ਕਾਂ ਦੀਆਂ ਇਕ-ਇਕ, ਦੋ-ਦੋ ਕਿਤਾਬਾਂ ਹੀ ਸਰਵੇਖਣ ਵਿਚ ਪਾਠਕਾਂ ਨੇ ਪਸੰਦ ਕੀਤੀਆਂ।

2. ਨਾਵਲ ਵਿਚ ਮਾਲਵੇ ਦੇ ਨਾਵਲਕਾਰ ਅੱਗੇ ਰਹੇ। ਦੁਆਬਾ, ਮਾਝਾ ਅਤੇ ਪੁਆਧ ਦਾ ਇਕ-ਇਕ, ਦੋ-ਦੋ ਨਾਵਲਕਾਰ ਪਾਠਕਾਂ ਦੀ ਪਸੰਦ ਬਣ ਸਕੇ।

3. ਕਹਾਣੀ ਵਿਚ ਮਾਲਵੇ, ਮਾਝੇ ਤੇ ਪੁਆਧ ਦੇ ਕਹਾਣੀਕਾਰਾਂ ਨੂੰ ਦੁਆਬੇ ਦੇ ਕਹਾਣੀਕਾਰਾਂ ਨੇ ਟੱਕਰ ਦਿੱਤੀ।

4. ਰੋਜ਼ਾਨਾਂ ਅਖ਼ਬਾਰਾਂ ਵਿਚ ਚੰਗਾ ਸਾਹਿਤ ਛਾਪਣ ਵਿਚ 'ਨਵਾਂ ਜ਼ਮਾਨਾਂ' ਮੋਹਰੀ ਰਿਹਾ।

5. ਸਾਹਿਤਕ ਪੱਤਰਕਾਰੀ ਵਿਚ 'ਸਿਰਜਣਾ' ਨੇ ਮੀਲ ਪੱਥਰ ਕਾਇਮ ਰੱਖਿਆ।

6. ਇਸ ਸਰਵੇਖਣ ਵਿਚ ਸਾਂਵਲ ਧਾਮੀ ਦੀ ਕਹਾਣੀ 'ਗਾਈਡ' ਨੂੰ ਸਭ ਤੋਂ ਵੱਧ ਪਸੰਦ ਕੀਤਾ ਗਿਆ। ਮਨਿੰਦਰ ਕਾਂਗ ਦੇ ਕਹਾਣੀ ਸੰਗ੍ਰਹਿ 'ਭੇਤ ਵਾਲੀ ਗੱਲ' ਅਤੇ ਪੰਜ ਸਾਲ ਦੇ ਪ੍ਰਤੀਨਿਧ ਕਹਾਣੀ ਸੰਗ੍ਰਹਿ ਵਜੋਂ ਜਸਵਿੰਦਰ ਸਿੰਘ ਦੇ ਕਹਾਣੀ ਸੰਗ੍ਰਹਿ 'ਘਰ ਦਾ ਜੀਅ' ਨੂੰ ਸਭ ਤੋਂ ਵੱਧ ਪਾਠਕਾਂ ਨੇ ਪਸੰਦ ਕੀਤਾ।

7. ਪਿਛਲੇ ਦਸ ਸਾਲ ਦੀ ਚਰਚਿਤ ਕਹਾਣੀ ਪ੍ਰੇਮ ਪ੍ਰਕਾਸ਼ ਦੀ 'ਡੈੱਡ ਲਾਇਨ' ਰਹੀ।

8. 1947 ਤੋਂ ਹੁਣ ਤੱਕ ਜਿਉਂਦੀ ਰਹਿਣ ਵਾਲੀ ਕਹਾਣੀ ਸੁਜਾਨ ਸਿੰਘ ਦੀ 'ਕੁਲਫ਼ੀ' ਰਹੀ।

9. ਪਿਛਲੇ ਸਾਲ ਦਾ ਪ੍ਰਤੀਨਿਧ ਨਾਵਲ ਗੁਰਦਿਆਲ ਸਿੰਘ ਦਾ 'ਆਹਣ' ਰਿਹਾ। ਅਤੇ ਪੰਜ ਸਾਲ ਦਾ ਪ੍ਰਤੀਨਿਧ ਨਾਵਲ ਮਨਮੋਹਨ ਬਾਵਾ ਦਾ 'ਯੁੱਧ-ਨਾਦ' ਰਿਹਾ।

10. 1947 ਤੋਂ ਲੈ ਕੇ ਹੁਣ ਤਕ ਦਾ ਸਭ ਤੋਂ ਚਰਚਿਤ ਨਾਵਲ ਅੰਮ੍ਰਿਤਾ ਪ੍ਰੀਤਮ ਦਾ 'ਪਿੰਜਰ' ਰਿਹਾ।

11. ਕਾਵਿ ਸੰਗ੍ਰਹਿ 'ਚੋਂ ਬੀਤੇ ਸਾਲ ਦਾ ਪ੍ਰਤੀਨਿਧ ਕਾਵਿ ਸੰਗ੍ਰਹਿ ਲਾਲ ਸਿੰਘ ਦਿਲ ਦਾ 'ਅੱਜ ਬਿੱਲਾ ਫਿਰ ਆਇਆ' ਰਿਹਾ।

12. ਬੀਤੇ ਸਾਲ ਦੀ ਆਲੋਚਨਾ ਵਿਚ ਡਾ. ਜੋਗਿੰਦਰ ਸਿੰਘ ਰਾਹੀ-ਡਾ. ਰਮਿੰਦਰ ਕੌਰ ਦੀ ਆਲੋਚਨਾ ਪੁਸਤਕ 'ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤ੍ਰ' ਦੀ ਝੰਡੀ ਰਹੀ।

13. ਪਰਵਾਸੀ ਨਾਵਲਾਂ ਵਿਚੋਂ ਜਰਨੈਲ ਸਿੰਘ ਸੇਖਾ ਦਾ 'ਵਿਗੋਚਾ' ਸਭ ਤੋਂ ਵੱਧ ਪਸੰਦ ਕੀਤਾ ਗਿਆ। ਸਰਵੇਖਣ ਬਾਰੇ ਪਾਠਕਾਂ ਦੇ ਪ੍ਰਤੀਕਰਮਾਂ ਦੀ ਉਡੀਕ ਰਹੇਗੀ।

**- ਸੰਪਾਦਕ**



## ਕਹਾਣੀ/ ਮਜ਼ਮਾ / ਪ੍ਰੋ. ਹਰਭਜਨ ਸਿੰਘ

ਅੱਜ ਕਿੰਨਾ ਚੰਗਾ ਦਿਨ ਚੜ੍ਹਿਆ ਹੈ, ਸੂਰਜ ਚੜ੍ਹਦੇ ਸਾਰ ਹੀ ਬੱਦਲਾਂ ਨਾਲ ਲੁਕਣ-ਮੀਟੀ ਖੇਡਣ ਲੱਗ ਪਿਆ ਹੈ ਤੇ ਹਲਕੀ-ਹਲਕੀ ਬਦਲਬਾਈ ਨੇ ਮੌਸਮ ਏਨਾ ਖ਼ੁਸ਼ਗਵਾਰ ਬਣਾ ਦਿੱਤਾ ਹੈ ਕਿ ਮੱਠੀ-ਮੱਠੀ ਹਵਾ ਤਨ-ਮਨ ਨੂੰ ਛੂਹ-ਛੂਹ ਸੁਖਦ ਅਹਿਸਾਸ ਪੈਦਾ ਕਰ ਰਹੀ ਹੈ। ਕੜਕ ਮੌਸਮ ਵਿਚ ਆਈ ਇਸ ਖ਼ੁਸ਼ਗਵਾਰ ਤਬਦੀਲੀ ਦਾ ਹਰ ਕਿਸੇ ਨੇ ਤਹਿ ਦਿਲੋਂ ਸਵਾਗਤ ਕੀਤਾ ਹੈ ਅਤੇ ਸਵੇਰ ਦਾ ਜੋ ਵੀ ਮਿਲਿਆ ਹੈ, 'ਏ ਬਿਊਟੀਫੁੱਲ ਡੇਅ!' ਉਹਦੇ ਬੁੱਲ੍ਹਾਂ ਉੱਤੇ ਆਪ-ਮੁਹਾਰੇ ਨੱਚਿਆ ਹੈ ਕਿਉਂਕਿ ਪਿਛਲੇ ਕਈ ਦਿਨ ਇੰਨੇ ਕੜਾਕੇ ਦੀ ਗਰਮੀ ਪਈ ਕਿ ਇਸ ਧਰਤੀ ਦਾ ਕਣ-ਕਣ ਜਲ-ਬਲ ਉੱਠਿਆ ਤੇ ਹਰ ਜੀਅ-ਜੰਤੂ ਤੜਪ ਉੱਠਿਆ।

ਮੈਂ ਤੇ ਮੇਰੀ ਪਤਨੀ ਇਸ ਮੌਸਮ ਦਾ ਪੂਰਾ ਲੁਤਫ਼ ਲੈਣ ਲਈ ਇਸ 'ਓਕਮੀਡ ਵਿਲਿਜ' ਦੇ ਨਾਲ ਲੱਗਦੇ ਪਾਰਕ ਵਿਚ ਆ ਵੜੇ ਹਾਂ ਅਤੇ ਘਾਹ ਉਪਰ ਨੰਗੇ ਪੈਰ ਤੁਰਦੇ ਇੰਨਾ ਚੰਗਾ ਮਹਿਸੂਸ ਕਰ ਰਹੇ ਹਾਂ ਕਿ ਰੂਹਾਂ ਵਿਚੋਂ ਬੋਲ ਗੀਤਾਂ ਵਾਂਗ ਲਰਜ਼ ਰਹੇ ਹਨ:

"ਕਿੰਨੇ ਮਹਾਨ ਦਿਨ ਸਨ ਉਹ ਸੁਨੈਨਾ! ਜਦੋਂ ਆਪਾਂ ਦੁਨੀਆ ਭਰ ਦੇ ਲੋਕਾਂ ਬਾਰੇ ਸੋਚਿਆ ਕਰਦੇ ਸੀ ..."

"ਪਰ ਦੁਨੀਆ ਨੇ ਆਪਣੇ ਬਾਰੇ ਕਦੇ ਵੀ ਨਹੀਂ ਸੋਚਿਆ ... ਓਥੇ ਦੀ ਓਥੇ ਈ ਰਹੀ ...।"

"ਨਹੀਂ ਸੁਨੈਨਾ ਨਹੀਂ, ਇਹ ਦੁਨੀਆ ਇਕ ਥਾਂ ਕਦੇ ਵੀ ਨਹੀਂ ਟਿਕ ਸਕਦੀ ... ਇਹਨੂੰ ਅੱਗੇ-ਪਿੱਛੇ ਖਿੱਚਣ ਤੇ ਧੱਕਣ ਵਾਲੀਆਂ ਸ਼ਕਤੀਆਂ ਦੇ ਅੰਤਰ-ਵਿਰੋਧ ਤੇ ਕਸ਼ਮਕਸ਼ ਇਹਨੂੰ ਹਮੇਸ਼ਾ ਗਤੀਸ਼ੀਲ ਰੱਖਦੇ ਹਨ ... ਇਹ ਕੁਦਰਤ ਦਾ ਵੀ ਨਿਯਮ ਹੈ, ਸਾਇੰਸ ਤੇ ਸਮਾਜ ਦਾ ਵੀ।"

"ਵਾਹ! ਕਿੱਥੇ ਤੋਂ ਕਿੱਥੇ ਪਹੁੰਚ ਗਏ ਪਰ ਭਾਸ਼ਣ ਉਹੀ ਰਹੇ ... ਜਿਸ ਨੂੰ ਸੁਣਨ ਵਾਲਾ ਇੱਥੇ ਕੋਈ ਵੀ ਨਹੀਂ ... ਇਕ ਕਾਲਾ ਕਾਂ ਵੀ ਨਹੀਂ ... ਕੋਈ ਕਾਲਾ ਕੁੱਤਾ ਵੀ ਨਹੀਂ।"

ਇਹਨੇ ਹਓਕਾ ਲੈ ਕੇ ਕਿਹਾ ਹੈ ਤਾਂ ਮੈਂ ਵਰਤਮਾਨ ਤੋਂ ਤਿਲਕ ਕੇ ਅਤੀਤ ਦੀ ਉਸ ਸ਼ਾਨਾਮੱਤੀ ਵਾਦੀ ਵਿਚ ਜਾ ਵੜਿਆ ਹਾਂ, ਜਦੋਂ ਅਸੀਂ ਅਧਿਆਪਕ ਅੰਦੋਲਨ ਦੇ ਧਾਂਸੂ ਲੀਡਰ ਕਹਾਉਂਦੇ ਸਾਂ ਅਤੇ ਨਵੇਂ ਸੁਪਨਿਆਂ ਦੇ ਸਿਰਜਕ ਹੋਣ ਦਾ ਦਾਅਵਾ ਪੇਸ਼ ਕਰਦੇ ਸਾਂ। ਉਦੋਂ ਮੈਂ ਇਕ ਕਾਲਜ ਵਿਚ ਪੰਜਾਬੀ ਦਾ ਲੈਕਚਰਾਰ ਹੁੰਦਾ ਸੀ ਅਤੇ ਸੁਨੈਨਾ ਇਕ ਹਾਈ ਸਕੂਲ ਵਿਚ ਹਿੰਦੀ ਦੀ ਟੀਚਰ ਅਤੇ ਉਹ ਦਿਨ ਇੰਨੇ ਜ਼ਰਖੇਜ਼ ਹੁੰਦੇ ਸਨ ਕਿ ਫ਼ਿਜ਼ਾ ਵਿਚ ਹਰ ਵਕਤ ਬਾਗੀ ਤਰਾਨੇ ਤੇ ਵਾਤਾਵਰਣ ਵਿਚ ਵਿਦਰੋਹੀ ਸੁਰ ਗੂੰਜਿਆ ਕਰਦੇ ਸਨ ... ਤੇ ਹੁਣ ਜਦੋਂ ਕਦੇ ਵੀ ਉਹ ਦਿਨ ਯਾਦ ਆ ਜਾਂਦੇ ਹਨ ਤਾਂ ਇਹ ਅਕਸਰ ਉਦਾਸ ਹੋ ਜਾਂਦੀ ਹੈ ਅਤੇ ਮੈਂ ਉਸ ਇਤਿਹਾਸਕ ਅਤੀਤ ਤੇ ਚਿੰਤਨ ਦੀਆਂ ਹੋਰ ਡੂੰਘੀਆਂ ਪਰਤਾਂ ਫਰੋਲਦਾ ਆਪਣੇ ਹੀ ਅੰਤਰ-ਮਨ ਵਿਚ ਉਤਰ ਜਾਂਦਾ ਹਾਂ।

ਇਸ ਸਮੇਂ ਵੀ ਅਸੀਂ ਇਸੇ ਮਨੋ-ਦਸ਼ਾ ਵਿਚੋਂ ਗੁਜ਼ਰ ਰਹੇ ਹਾਂ।

ਤੁਰਦੇ-ਤੁਰਦੇ ਥੱਕ ਗਏ ਹਾਂ ਤਾਂ ਪਾਰਕ ਦੇ ਇਕ ਖੂੰਜੇ ਘਾਹ ਉਪਰ ਬੈਠ ਗਏ ਹਾਂ ਤੇ ਸ਼ਾਇਦ, ਸੂਰਜ ਨੂੰ ਸਾਡਾ ਇੰਜ ਬੈਠ ਜਾਣਾ ਗਵਾਰਾ ਨਹੀਂ: ਇਹ ਆਪਣਾ ਜਲਬਾ ਤੇ ਜਲੌਅ ਫਿਰ ਦਿਖਾਉਣ ਲਈ ਇਕ ਟਪੂਸੀ ਜਿਹੀ ਮਾਰ ਕੇ, ਤੇ ਬੱਦਲਾਂ ਦੇ ਢਿੱਡ ਵਿਚ ਇਕ ਵੱਡਾ ਸਾਰਾ ਮਘੋਰਾ ਕਰ ਕੇ ਸਾਡੇ ਸਿਰਾਂ ਉਪਰ ਆ ਚੜ੍ਹਿਆ ਹੈ ... ਕਾਲੇ-ਕਾਲੇ ਬੱਦਲ ਹੁਣ ਚਿੱਟੇ-ਚਿੱਟੇ ਬੱਦਲਾਂ ਦੇ ਅੱਗੇ-ਅੱਗੇ ਭੱਜੇ ਜਾਂਦੇ ਦਿਸਹੱਦੇ ਵਿਚ ਸਮਾਉਂਦੇ ਜਾ ਰਹੇ ਹਨ ਅਤੇ ਚਿਲਕਦੀ ਧੁੱਪ ਦਾ ਇਕ ਤਿੱਖਾ ਟੋਟਾ ਸਾਡੇ ਸਿਰਾਂ ਉਪਰ ਇੰਜ ਆ ਟਿਕਿਆ ਹੈ ਕਿ ਤਪਸ਼ ਤੇ ਜਲਣ ਬਰਦਾਸ਼ਤ ਤੋਂ ਬਾਹਰ ਹੋ ਗਈ ਹੈ ਤੇ ਅਸੀਂ ਚੁੱਪ-ਚਾਪ ਘਰ ਨੂੰ ਚਾਲੇ ਪਾ ਲਏ ਹਨ।

ਪਰ 'ਓਕਮੀਡ ਵਿਲਿਜ' ਦੇ ਗੇਟ ਉੱਤੇ ਪਹੁੰਚ ਕੇ ਮੇਰੇ ਪੈਰ ਆਪ-ਮੁਹਾਰੇ ਜਾਮ ਹੋ ਗਏ ਹਨ: ਅਚਾਨਕ, ਤਾਲੀਆਂ ਤੇ ਕਿਲਕਾਰੀਆਂ ਨਾਲ ਵਾਤਾਵਰਣ ਗੂੰਜ ਉੱਠਿਆ ਹੈ ਕਿਉਂਕਿ ਗੋਰਾ ਬੁੱਢਾ ਪੈਟ ਕਾੱਕ ਬਲੂਤ ਦੇ ਰੁੱਖ ਥੱਲੇ ਮਜ਼ਮਾ ਲਾਈ ਬੈਠਾ ਹੈ। ਉਹਦਾ ਇਹ ਮਜ਼ਮਾ ਅਕਸਰ ਹਰ ਵੀਕ-ਐਂਡ ਦੇ ਮੌਕੇ 'ਤੇ ਇਸੇ ਰੁੱਖ ਥੱਲੇ ਤੇ ਇਸੇ 'ਰੋਡ-ਸਾਈਡ' ਪਾਰਕ ਵਿਚ ਲੱਗਦਾ ਹੈ ਅਤੇ ਅੱਜ ਐਤਵਾਰ ਹੋਣ ਕਰਕੇ ਵਾਹਵਾ ਰੌਣਕ ਦਿਖਾਈ ਦੇ ਰਹੀ ਹੈ। ਜਿਸ ਵਿਚ ਉਹਦੇ ਦੋ ਪੱਕੇ ਹਮਉਮਰ ਸਾਥੀ ਨੀ ਨੇਗੁਆਨ ਤੇ ਪਾਬਲੋ ਡੀਸਿਲਵਾ ਤੋਂ ਇਲਾਵਾ, ਅੱਜ ਉਹ ਪਾਕਿਸਤਾਨੀ ਡਰਾਈਵਰ ਇਜ਼ਹਾਰ ਅਹਿਮਦ ਵੀ ਸ਼ਾਮਲ ਹੈ, ਜਿਹੜਾ ਬੇਨਜ਼ੀਰ ਭੁੱਟੋ ਦੇ ਕਤਲ ਦੀ ਖ਼ਬਰ ਸੁਣ ਕੇ ਭੁੱਬਾਂ ਮਾਰ ਕੇ ਰੋਇਆ ਸੀ ਅਤੇ ਇਕ ਮੂਲੋਂ ਨਵਾਂ ਬੰਦਾ ਵੀ ਦਿਸ ਰਿਹਾ ਹੈ: ਕਾਲੇ ਰੰਗ ਦਾ ਲੰਮਾ, ਪਤਲਾ ਤੇ ਫੁਰਤੀਲਾ ਨੌਜਵਾਨ । ਜਿਸਦੇ

ਸਿਰ ਉੱਤੇ 'ਕਮਾਂਡੋ ਫੌਜੀ' ਵਾਲਾ ਕਾਲਾ ਪਰਨਾ ਬੰਨ੍ਹਿਆ ਹੋਇਆ ਹੈ ਤੇ ਫਰੈਂਚ-ਸਟਾਈਲ ਦਾੜ੍ਹੀ ਵੀ ਰੱਖੀ ਹੋਈ ਹੈ।

ਪੈਟ ਕੋਲ ਚੁੱਟਕਲਿਆਂ ਦਾ ਅਮੁੱਕ ਭੰਡਾਰ ਹੈ।

ਇਸ ਸਮੇਂ ਵੀ ਉਹ ਕੋਈ ਚੁੱਟਕਲਾ ਸੁਣਾ ਰਿਹਾ ਲੱਗਦਾ ਹੈ, ਜਿਸ ਨੂੰ ਉਹਦੇ ਸਰੋਤੇ ਇਕਾਗਰਤਾ ਨਾਲ ਸੁਣ ਰਹੇ ਹਨ ਤੇ ਵਾਹਵਾ ਲੁਤਫ਼ ਲੈ ਰਹੇ ਹਨ ... ਮੈਂ ਵੀ ਇਸ ਦਿਸ਼ਾ ਵੱਲ ਪਹਿਲਾ ਕਦਮ ਪੁੱਟਿਆ ਹੀ ਹੈ ਕਿ ਸੁਨੈਨਾ ਮੇਰੇ ਵੱਲ ਤਿਰਛਾ ਜਿਹਾ ਝਾਕਦੀ ਅਤੇ ਵਿੰਗਾ ਜਿਹਾ ਮੁਸਕਰਾਉਂਦੀ ਚੁੱਪ-ਚਾਪ ਘਰ ਨੂੰ ਤੁਰ ਗਈ ਹੈ ਅਤੇ ਮੈਂ ਤੇਜ਼ ਕਦਮ ਪੁੱਟਦਾ ਇਸ ਮਜ੍ਹਮੇ ਵਿਚ ਆ ਸ਼ਾਮਲ ਹੋਇਆ ਹਾਂ।

"ਹੈਲੋ ਡਾੱਕ, ਵੱਟਸ ਅੱਪ?" ਪੈਟ ਅਕਸਰ ਮੈਨੂੰ ਡਾੱਕ ਕਹਿ ਕੇ ਹੀ ਬਲਾਉਂਦਾ ਏ ਕਿਉਂਕਿ ਮੇਰੇ ਨਾਂ 'ਪਵਨ ਇੰਦਰ ਸਿੰਘ ਪਰਵਾਨਾ' ਦਾ ਕੋਈ ਵੀ ਅੰਗ ਬੋਲਦੇ ਸਮੇਂ ਉਹਦੀ ਜ਼ੁਬਾਨ ਲੜਖੜਾ ਜਾਂਦੀ ਹੈ।

"ਅੱਜ ਬੜਾ ਸ਼ੁਗਲ ਹੋ ਰਿਹੈ, ਗਾਈਜ਼!" ਮੈਂ ਖੁਸ਼ੀ ਦਾ ਇਜ਼ਹਾਰ ਕੀਤਾ ਹੈ ਪਰ ਪੈਟ ਇਕਦਮ ਗੰਭੀਰ ਲਹਿਜੇ ਵਿਚ ਕਹਿ ਰਿਹਾ ਹੈ:

"ਏ ਡਾੱਕ! ਤੈਨੂੰ ਪਤਾ, ਅੱਜ ਕੱਲ੍ਹ ਅਮਰੀਕਨ ਸਿਆਸਤ ਵਿਚ ਕੀ ਚੱਲ ਰਿਹੈ ... ਮੇਰਾ ਮਤਲਬ ... ਤੂੰ ਕੀਹਨੂੰ ਸਪੋਰਟ ਕਰਦਾਂ: ਬਰਾਕ ਓਬਾਮਾ ਜਾਂ ਜੌਹਨ ਮੀਕੇਨ? ਡੈਮੋਕਰੈਟਸ ਜਾਂ ਰੀਪਬਲੀਕਨ?"

"ਮੈਂ ਕਿਸੇ ਨੂੰ ਵੀ ਨਹੀਂ ਕਰਦਾ!"

"ਕਿਉਂ?"

"ਕਿਉਂਕਿ ਮੇਰੀ ਤਾਂ ਅਜੇ ਵੋਟ ਹੀ ਨਹੀਂ ਬਣੀਂ ... ਮੈਂ ਤਾਂ ਹਾਲੇ ਸਿਰਫ਼ 'ਗਰੀਨ ਕਾਰਡ ਹੋਲਡਰ' ਈ ਆਂ।"

"ਪਰ ਤੈਨੂੰ, ਚੰਗਾ ਕੌਣ ਲੱਗਦੈ?" ਪਾਬਲੋ ਇਹ ਹੀ ਸਵਾਲ ਫਿਰ ਦੁਹਰਾ ਰਿਹਾ ਏ, "ਮਤਲਬ, ਤੈਨੂੰ ਵੱਧ ਪਸੰਦ ਕੌਣ ਹੈ?"

"ਤੈਨੂੰ ਕੌਣ ਪਸੰਦ ਹੈ, ਮੀਗੋ ਪਾਬਲੋ ਦੀ ਸਿਲਵਾ?"

"ਮੈਂ ਤਾਂ ਮੈਡਮ ਹੈਲਰੀ ਕਲਿੰਟਨ ਦੇ ਹੱਕ 'ਚ ਸੀ, ਮੈਨੂੰ ਉਹੀ ਪਸੰਦ ਸੀ, ਪਰ ਉਹ ਤਾਂ ਹੁਣ ਰੇਸ ਵਿਚ ਹੀ ਨਹੀਂ ਰਹੀ ...।"

ਉਹ ਚੁੱਪ ਕਰ ਗਿਆ ਹੈ ਤਾਂ ਇਜ਼ਹਾਰ ਅਹਿਮਦ ਵੀ ਮੇਰੇ ਵੱਲ ਮੂੰਹ ਕਰਕੇ ਸ਼ੁਰੂ ਹੋ ਗਿਆ ਹੈ, "ਹਾਂ, ਭਾਈ ਸਾਹਿਬ ਪਰਵਾਨਾ ਜੀ! ਇਨ ਮੇਂ ਵੋਹ ਬਾਤ ਕਹਾਂ ਹੈ, ਜੋ ਮੈਡਮ ਕਲਿੰਟਨ ਮੇਂ ਹੈ!"

"ਉਸਨੇ ਸਾਰੀ ਦੁਨੀਆ ਦੇਖ-ਭਾਲ ਰੱਖੀ ਹੈ ... ਔਰ ਵੋਹ ਆਪਣੇ ਪਰਵਾਸੀਓਂ ਕੇ ਹੱਕ ਵਿਚ ਵੀ ਹਮੇਸ਼ਾ ਬੋਲਤੀ ਰਹੀ ਹੈ ... ਔਰ ਵੋਹ ਆਪਣੇ ਖਿੱਤੇ ਵਿਚ ਅਮਨ-ਆਮਾਨ ਕਾਇਮ ਕਰਨ ਲਈ ਵੀ ਵਾਜਬ ਰਹਿਣੀ ਸੀ ... ਕਿਉਂਕਿ ਉਸਕਾ ਹਿੰਦੁਸਤਾਨ ਔਰ ਪਾਕਿਸਤਾਨ ਦੋਨੋਂ ਸੇ ਬਰਾਬਰ ਮੋਹ ਹੈ ... ਇਸ ਲੀਏ ਮੈਂ ਤੋ ਅਬ ਕਿਸੀ ਕੋ ਭੀ ਵੋਟ ਨਹੀਂ ਡਾਲੂੰਗਾ ... ਆਪਕਾ ਇਸ ਬਾਰੇ ਕਿਆ ਖਿਆਲ ਹੈ, ਪਰਵਾਨਾ ਭਾ ਜੀਅ?"

ਇਜ਼ਹਾਰ ਨੇ ਪੰਜਾਬੀ ਮਿਲੀ ਉਰਦੂ ਵਿਚ ਕੀ ਕਿਹਾ, ਕਿਸੇ ਨੂੰ ਪਤਾ ਨਹੀਂ ਲੱਗਾ ਪਰ ਫਿਰ ਵੀ ਸਾਰੀਆਂ ਨਜ਼ਰਾਂ ਮੇਰੇ ਉਪਰ ਟਿਕੀਆਂ ਹੋਣ ਕਰਕੇ ਮੈਂ ਸਵਾਲ ਫਿਰ ਆਰੰਭ ਕਰਨ ਵਾਲੇ ਵੱਲ ਰੇੜ੍ਹ ਦਿੱਤਾ ਹੈ:

"ਪਰ ਤੈਨੂੰ ਕੌਣ ਪਸੰਦ ਹੈ, ਪੈਟ?"

"ਬਰਾਕ ਓਬਾਮਾ ਸੌ ਪਰਸਿੰਟ!" ਉਹ ਬੜੇ ਤਿੱਖੇ ਰੌਂਅ ਵਿਚ ਬੋਲ ਰਿਹਾ ਹੈ, "ਪਰ ਇਹ ਬੇਵਕੂਫ਼ ਨੇਗੁਆਨ, ਮੀਕੇਨ ਦਾ ਭਗਤ ਬਣਿਆ ਫਿਰਦੈ। ਇਹ ਮੂਰਖ, ਉਸ ਉਮੀਦਵਾਰ ਦੀ ਸਪੋਰਟ ਕਰ ਰਿਹਾ, ਜੋ ਸੌ ਸਾਲ ਤੱਕ ਜੰਗ ਜਾਰੀ ਰੱਖਣ ਦੀਆਂ ਕਸਮਾਂ ਖਾ ਰਿਹਾ ..."

"ਹੇ ਡਾੱਕ! ਤੈਨੂੰ ਪਤਾ, ਇਹ ਕਿਉਂ ਉਹਦੀ ਸਪੋਰਟ ਕਰ ਰਿਹੈ?"

"ਦੱਸ, ਮੈਨੂੰ ਕੀ ਪਤਾ?"

"ਅਮਰੀਕਨ ਦੇਸ਼ਭਗਤ ਕਹਾਉਣ ਲਈ! ਪਰ ਇਸ ਮੂਰਖ ਨੂੰ ਕੋਈ ਪੁੱਛੇ, ਖੁਦ ਆਪਣੇ ਦੇਸ਼ ਦਾ ਗੱਦਾਰ, ਕਿਸੇ ਦੂਜੇ ਦੇਸ਼ ਦਾ ਭਗਤ ਕਿਵੇਂ ਬਣ ਸਕਦਾ ਹੈ?"

ਪੈਟ ਉਹਦੀ ਖਿੱਲੀ ਉਡਾ ਰਿਹਾ ਹੈ, ਉਹਦੇ ਸਰੋਤੇ ਤਾਲੀਆਂ ਮਾਰ-ਮਾਰ ਕੇ ਹੋਰ ਚੰਬਲਾਅ ਰਹੇ ਹਨ। ਇਸ ਲਈ ਨੇਗੁਆਨ ਵੀ ਭੁੜਕ ਭੁੜਕ ਕੇ ਵੀਅਤਨਾਮੀ-ਨੁਮਾ ਅੰਗਰੇਜ਼ੀ ਵਿਚ ਬੋਲਣ ਲੱਗ ਪਿਆ ਹੈ:



" ....... ........ ..... ..... ...... ..... ....."

"ਕਿਸੇ ਨੂੰ ਪਤਾ ਲੱਗਾ, ਇਸ 'ਭੱਦਰ ਪੁਰਸ਼' ਨੇ ਕੀ ਕਿਹਾ?"

ਪੈਟ ਨੇ ਫਿਰ ਮਾਈਕ ਉਹਦੇ ਕੋਲੋਂ ਜਬਰਦਸਤੀ ਖੋ ਲਿਆ ਹੈ:

"ਇਹ ਕਹਿ ਰਿਹੈ: ਕਿਉਂਕਿ ਇਹ ਕਮਿਊਨਿਸਟਾਂ ਨੂੰ ਪਸੰਦ ਨਹੀਂ ਸੀ ਕਰਦਾ, ਇਸ ਲਈ ਉੱਤਰੀ ਵੀਅਤਨਾਮ ਦੀ ਸਰਕਾਰੀ ਫੌਜ ਵਿਚ ਭਰਤੀ ਹੋ ਗਿਆ। ਪਰ ਇਹਦੀ ਬਦਕਿਸਮਤੀ ਨਾਲ ... ਅਮਰੀਕਾ ਨੂੰ ਵੀਅਤਨਾਮ ਛੱਡਣਾ ਪੈ ਗਿਆ ਤਾਂ ਇਹ ਵੀ ਪਨਾਹਗੀਰ ਬਣ ਕੇ ਏਥੇ ਆ ਗਿਆ ਤੇ ਹੁਣ ਤਾਂ ਇਹ ਅਮਰੀਕਨ ਸਿਟੀਜਨ ਵੀ ਬਣ ਗਿਆ ਐ: ਇਸ ਲਈ ਇਹ ਅਮਰੀਕਨ ਦੇਸ਼ਭਗਤ ਕਹਾਉਣ ਦਾ ਹੱਕਦਾਰ ਹੈ!"

"ਪਰ ਮੇਰਾ ਸਵਾਲ ਤਾਂ ਇਹ ਹੈ ਕਿ ਖੁਦ ਆਪਣੀ ਜਨਮ-ਭੂਮੀ ਦਾ ਕੋਈ ਗੱਦਾਰ, ਕਿਸੇ ਦੂਜੇ ਦੇਸ਼ ਦਾ ਭਗਤ ਕਿਵੇਂ ਬਣ ਸਕਦਾ ਹੈ?"

ਇਸ ਸਵਾਲ ਨਾਲ ਚੁੱਪ ਪਸਰ ਗਈ ਹੈ ਅਤੇ ਪੈਟ ਨੇ ਉਂਗਲੀ ਮੇਰੇ ਵੱਲ ਕਰ ਦਿੱਤੀ ਹੈ, "ਤੇਰਾ ਡਾੱਕ, ਇਹਦੇ ਬਾਰੇ ਕੀ ਵਿਚਾਰ ਹੈ?"

ਵੈਸੇ ਵੀ, ਅੱਜ ਉਹ ਹਰ ਸਵਾਲ ਮੇਰੇ ਵੱਲ ਉਛਾਲ ਰਿਹਾ ਹੈ, ਤਾਂ ਜੋ ਅਮਰੀਕਨ ਸਿਆਸਤ ਬਾਰੇ ਮੇਰੀ ਜ਼ੁਬਾਨ ਖੁਲ੍ਹਵਾ ਸਕੇ ਅਤੇ ਬਾਕੀ ਸਾਰੇ ਜਣੇ ਵੀ ਮੁੜ-ਮੁੜ ਮੇਰੇ ਵੱਲ ਝਾਕ ਰਹੇ ਹਨ। ਨਵੇਂ ਬੰਦੇ ਦੀ ਨਜ਼ਰ ਤਾਂ ਮੈਨੂੰ ਹੋਰ ਵੀ ਗਹਿਰਾਈ ਵਿਚ ਘੋਖ ਰਹੀ ਹੈ ... ਇਸ ਲਈ ਮੈਂ ਸਾਰਿਆਂ ਨੂੰ ਸੰਬੋਧਨ ਕਰਕੇ ਕਹਿ ਰਿਹਾ ਹਾਂ:

"ਦੇਖੋ ਗਾਈਜ਼! ਮੇਰਾ ਵਿਚਾਰ ਹੈ, ਕਿਸੇ ਵੀ ਸਰਕਾਰੀ ਫੌਜ ਵਿਚ ਆਮ ਸਿਪਾਹੀ ਰੋਟੀ-ਰੋਜ਼ੀ ਖਾਤਰ ਹੀ ਭਰਤੀ ਹੁੰਦੇ ਆ ਅਤੇ ਮਜ਼ਬੂਰੀ-ਵੱਸ ਹੀ ਲੜਦੇ ਮਰਦੇ ਆ। ਪਰ ਕਿਸੇ ਕੱਠਪੁਤਲੀ ਸਰਕਾਰ ਦੀ ਫੌਜ ਵਿਚ ਭਰਤੀ ਹੋ ਕੇ ਆਪਣੇ ਹੀ ਦੇਸ਼ ਦੇ ਵਿਰੁੱਧ, ਆਪਣੀ ਹੀ ਆਜ਼ਾਦੀ ਦੇ ਵਿਰੁੱਧ, ਆਪਣੇ ਹੀ ਭਾਈ-ਬੰਧੂਆਂ ਦੇ ਵਿਰੁੱਧ ਲੜਨ ਵਾਲੇ ਤਾਂ ਸਿਰਫ਼ ਭਾੜੇ ਦੇ ਟੱਟੂ ਹੀ ਅਖਵਾ ਸਕਦੇ ਆ ... ਤੇ ਇਹ ਭਾੜੇ ਦੇ ਟੱਟੂ ਹੀ ਤੋਪ ਦਾ ਸਭ ਤੋਂ ਸਸਤਾ ਚਾਰਾ ਬਣਦੇ ਆ।"

ਮੈਂ ਛਿਣ ਭਰ ਲਈ ਸਾਰੇ ਚਿਹਰੇ ਨਿਹਾਰੇ ਹਨ ਅਤੇ ਚੰਗਾ ਪ੍ਰਭਾਵ ਦੇਖ ਕੇ ਹੋਰ ਵੀ ਉਤਸ਼ਾਹ ਨਾਲ ਬੋਲਣ ਲੱਗ ਪਿਆ ਹਾਂ:

"ਇਹੀ ਵੀਅਤਨਾਮ ਵਿਚ ਵੀ ਹੋਇਆ ਅਤੇ ਇਹੀ ਇਰਾਕ ਤੇ ਅਫਗਾਨਿਸਤਾਨ ਵਿਚ ਵੀ ਹੋ ਰਿਹਾ ਹੈ ... ਇਸ ਨੂੰ ਆਪਾਂ ਕਠਪੁਤਲੀ ਨਾਚ ਵੀ ਕਹਿ ਸਕਦੇ ਹਾਂ: ਉਹ ਨਾਚ, ਜੋ ਆਪਣੇ ਹੀ ਲੋਕਾਂ ਦੇ ਲਹੂ ਦੀ ਹੋਲੀ ਖੇਲ੍ਹਣ ਵਿਚ ਹਮਲਾਵਰ ਦਾ ਸਾਥ ਦਿੰਦਾ ਹੈ। ਉਹ ਕਠਪੁਤਲੀ ਨਾਚ, ਜਿਸ ਵਿਚ ਮੁਕਤੀ, ਆਜ਼ਾਦੀ, ਜਨਤੰਤਰ ਦੇ ਨਾਂ ਹੇਠ ਜਾਂ ਕਿਸੇ ਵੀ ਹੋਰ ਬਹਾਨੇ ਨਾਲ ਲਾਸ਼ਾਂ ਦੇ ਸੱਥਰ ਵਿਛਾਏ ਜਾਂਦੇ ਹਨ। ਲੋਕਾਂ ਨੂੰ ਤਬਾਹ ਕੀਤਾ ਜਾਂਦਾ ਅਤੇ ਸੱਭਿਅਤਾਵਾਂ ਨੂੰ ਤਹਿਸ-ਨਹਿਸ ..."

ਮੇਰੀ ਗੱਲ ਖਤਮ ਹੋਣ ਤੋਂ ਪਹਿਲਾਂ ਹੀ, ਪੈਟ ਦੀਆਂ ਕਿਲਕਾਰੀਆਂ ਤੇ ਹੋਰਨਾਂ ਦੀਆਂ ਤਾਲੀਆਂ ਸ਼ੁਰੂ ਹੋ ਗਈਆਂ ਹਨ ਪਰ ਨੇਗੁਆਨ ਜ਼ਮੀਨ ਵਿਚ ਅੱਖਾਂ ਗੱਡੀ, ਕਨਪਟੀਆਂ ਥਾਣੀਂ ਮੇਰੇ ਵੱਲ ਔਖਾ ਜਿਹਾ ਝਾਕ ਰਿਹਾ ਅਤੇ ਮੈਂ ਪਲਟਾ ਮਾਰ ਕੇ ਇਹੀ ਮਸਲਾ ਪੈਟ ਵੱਲ ਰੇੜ੍ਹ ਦਿੱਤਾ ਹੈ:

"ਪਰ ਪੈਟ ਤੂੰ ਵੀ ਤਾਂ ਦੋਵੇਂ ਲੱਤਾਂ ਉਸੇ ਜੰਗ ਵਿਚ ਗਵਾਈਆਂ ... ਤੂੰ ਵੀ ਤਾਂ ਵੀਲ੍ਹ-ਚੇਅਰ ਜੋਗਾ ਹੀ ਰਹਿ ਗਿਆ ... ਤੇਰੀ ਵੀ ਤਾਂ ਸਾਰੀ ਜ਼ਿੰਦਗੀ ਉਸੇ ਜੰਗ ਕਾਰਨ ਬਰਬਾਦ ਹੋ ਗਈ ... ਤੈਨੂੰ ਕੀ ਲੱਗਦੈ, ਤੂੰ ਦੇਸ਼ਭਗਤੀ ਦੀ ਭਾਵਨਾ ਕਰਕੇ ਅਮਰੀਕਨ ਫੌਜ ਵਿਚ ਭਰਤੀ ਹੋਇਆ ਅਤੇ ਇਸੇ ਭਾਵਨਾ ਕਰਕੇ 'ਪਰਪਲ ਹਰਟ' ਮੋਢੇ ਉੱਤੇ ਚਿਪਕਾ ਕੇ ਪਰ ਦੋਵੇਂ ਲੱਤਾਂ ਗਵਾ ਕੇ ਹੱਸਦਾ ਹੋਇਆ ਵਾਪਸ ਮੁੜਿਆ?"

"ਨਹੀਂ ਡਾੱਕਟਰ ਨਹੀਂ, ਬਿੱਲਕੁੱਲ ਨਹੀਂ ਡਾੱਕ!" ਉਹ ਆਪਣੀਆਂ ਨਕਲੀ ਲੱਤਾਂ ਜ਼ਮੀਨ ਉਤੇ ਜ਼ੋਰ-ਜ਼ੋਰ ਨਾਲ ਪਟਕ ਰਿਹਾ ਹੈ ਅਤੇ ਉਹਦੀ ਆਵਾਜ਼ ਖੁਸ਼ਕ ਹੋ ਕੇ ਘੱਗਿਆ ਗਈ ਹੈ:

"ਮੈਨੂੰ ਤਾਂ ਉਸ ਅਮਰੀਕਨ ਕਾਨੂੰਨ ਕਰਕੇ ਜਾਣਾ ਪਿਆ ... ਜਿਸਨੂੰ 'ਡਰਾਫਟ' ਕਿਹਾ ਜਾਂਦਾ ਹੈ ਤੇ ਜਿਸ ਤੋਂ ਬਚਣ ਲਈ ਮੈਂ ਹਿੱਪੀ ਨਹੀਂ ਬਣ ਸਕਦਾ ਸੀ ... ਪਰ ਉਸ ਜੰਗ ਵਿਚ ਹਿੱਸਾ ਲੈ ਕੇ ਹੀ ਤਾਂ ਮੈਨੂੰ ਇਹ ਪਤਾ ਲੱਗਾ ਕਿ ਜੰਗ ਅਸਲ ਵਿਚ ਹੁੰਦੀ ਕੀ ਹੈ?"

ਉਹ ਏਨਾ ਭਾਵੁਕ ਹੋ ਗਿਆ ਹੈ ਕਿ ਸਾਰਾ ਸਰੀਰ ਕੰਬ ਰਿਹਾ ਹੈ ਅਤੇ ਸਿੱਲ੍ਹੀ-ਸਿੱਲ੍ਹੀ ਆਵਾਜ਼ ਰੁਕ-ਰੁਕ ਕੇ ਨਿਕਲ ਰਹੀ ਹੈ:

"ਹਾਂ, ਹਰ ਹਮਲਾਵਰ ਜੰਗ ਇਕ ਮਹਾਂ-ਅਪਰਾਧ ਹੁੰਦਾ, ਤੇ ਜੋ ਵੀ ਸਟੇਟ ਜਾਂ ਦੇਸ਼ ਇਹ ਅਪਰਾਧ ਕਰਦੇ ਆ, ਉਹ ਮਹਾਂ-ਪਾਪ ਦੇ ਭਾਗੀ ਬਣਦੇ ਆ। ਇਸੇ ਲਈ ਮੈਂ ਓਬਾਮਾ ਦੀ ਸਪੋਰਟ ਕਰ ਰਿਹਾਂ ...

ਇਸ ਉਮੀਦ ਕਰਕੇ ਕਿ ਉਹ ਇਹ ਨਿਹੱਕੀ ਜੰਗ ਖਤਮ ਕਰੇਗਾ ...।"

ਬੋਲਦਾ-ਬੋਲਦਾ ਪੈਟ ਹੁਣ ਇੰਜ ਅੱਖਾਂ ਮੀਟ ਕੇ ਬੈਠ ਗਿਆ ਹੈ ਜਿਵੇਂ ਉਸ ਜੰਗ ਦੀ ਤਬਾਹੀ ਦੇ 'ਜ਼ਿੰਦਾ ਸੀਨ' ਦੇਖ ਰਿਹਾ ਹੋਵੇ ਅਤੇ ਉਹਦੀ ਰੂਹ ਕੁਰਲਾ ਰਹੀ ਹੋਵੇ। ਇਸ ਨਾਲ ਮਜਮੇ ਵਿਚ ਸੰਨਾਟਾ ਛਾ ਗਿਆ ਹੈ ਅਤੇ ਖਾਲੀ ਪਿਆ ਮਾਈਕ ਪਾਬਲੋ ਨੇ ਆਪਣੇ ਹੱਥ ਲੈ ਲਿਆ ਹੈ:

"ਸੋ ਤਾਂ ਮੈਡਮ ਕਲਿੰਟਨ ਵੀ ਕਹਿ ਰਹੀ ਸੀ ਕਿ ਇਹ ਜੰਗ ਖਤਮ ਕਰੂੰਗੀ, ਫਿਰ ਉਸਨੂੰ ਉਮੀਦਵਾਰ ਕਿਉਂ ਨਹੀਂ ਚੁਣਿਆ ਗਿਆ?"

ਪਾਬਲੋ ਦੇ ਇਸ ਸਵਾਲ ਦਾ ਜਵਾਬ ਦੇਣ ਜੋਗੀ ਹਿੰਮਤ ਪੈਟ ਵਿਚ ਨਹੀਂ ਰਹੀ। ਉਹ ਤਾਂ ਵੀਲ੍ਹ-ਚੇਅਰ ਨਾਲ ਚਿਪਕਿਆ, ਬੈਗ ਵਿਚੋਂ ਕੱਢ ਕੇ ਇਕ ਕੈਪਸੂਲ ਖਾ ਕੇ ਅੱਖਾਂ ਮੀਟੀ 'ਗੈਟੋਰੇਡ' ਪੀ ਰਿਹਾ ਹੈ। ਇਸ ਲਈ ਚੰਗਾ ਮੌਕਾ ਤਾੜ ਕੇ ਕਾਲਾ ਨੌਜਵਾਨ ਬੋਲਣ ਲੱਗ ਪਿਆ ਹੈ:

"ਮੈਡਮ ਕਲਿੰਟਨ ਨੂੰ ਮੀਗੋ, ਇਸ ਲਈ ਉਮੀਦਵਾਰ ਨਹੀਂ ਚੁਣਿਆ ਗਿਆ ਕਿਉਂਕਿ ਉਹ ਵੀ ਇਸ ਮਹਾਂ-ਅਪਰਾਧ ਨੂੰ ਹੱਕੀ ਦਰਜਾ ਦਿਵਾਉਣ ਵਿਚ ਹਿੱਸੇਦਾਰ ਰਹੀ ਹੈ। ਤੈਨੂੰ ਪਤਾ, ਉਹਨੇ ਵੀ ਇਸ ਜੰਗ ਦੇ ਹੱਕ ਵਿਚ ਸੈਨੇਟ ਵਿਚ ਵੋਟ ਪਾਈ ਸੀ ਪਰ ਬਰਾਕ ਨੇ ਤਾਂ ਉਦੋਂ ਵੀ ਇਸਦਾ ਵਿਰੋਧ ਕੀਤਾ ਸੀ, ਜਦੋਂ ਇਹਦੇ ਸਮਰਥਨ ਦੀ ਹਨੇਰੀ ਝੁੱਲ ਰਹੀ ਸੀ ... ਜਦੋਂ ਇਹ ਜੰਗਬਾਜ਼: ਬੁਸ਼-ਮੀਕੇਨ-ਚੇਨੀ ਟੋਲੀ, ਝੂਠ ਤੇ ਝੂਠ ਬੋਲ ਕੇ ਲੋਕਾਂ ਨੂੰ ਗੁਮਰਾਹ ਕਰ ਰਹੀ ਸੀ ..."

ਚੁੱਪ ਜਿਹਾ ਲੱਗਦਾ ਉਹ ਨੌਜਵਾਨ ਇੰਜ ਬੋਲ ਰਿਹਾ ਹੈ ਕਿ ਮਜਮੇ ਦਾ ਰੰਗ ਇਕਦਮ ਗੂੜ੍ਹਾ ਸਿਆਸੀ ਹੋ ਗਿਆ ਹੈ:

"ਪਰ ਇਸ ਚੁਣਾਵ ਦਾ ਮੁੱਖ ਮੁੱਦਾ ਸਿਰਫ਼ ਇਰਾਕ ਦੀ ਜੰਗ ਨਹੀਂ, ਤਬਦੀਲੀ ਹੈ: ਵਾਈਟ ਹਾਊਸ ਵਿਚ ਤਬਦੀਲੀ ਤੇ ਸਾਰੀਆਂ ਗਲਤ ਨੀਤੀਆਂ ਵਿਚ ਤਬਦੀਲੀ ... ਇਹ ਵਿਦੇਸ਼ ਨੀਤੀ ਦਾ ਮਾਮਲਾ ਹੋਵੇ ਭਾਵੇਂ ਆਰਥਿਕ ਖੇਤਰ ਦਾ ... ਇਸੇ ਲਈ ਤਾਂ ਬਰਾਕ ਕਹਿੰਦਾ: ਵੁਈ ਨੀਡ ਚੇਂਜ!"

"ਹਾਂ, ਸਾਨੂੰ ਤਬਦੀਲੀ ਚਾਹੀਦੀ ਹੈ ...!"

ਉਹਨੇ ਇਕ ਵਾਰ ਨੀਝ ਲਾ ਕੇ ਸਾਰੇ ਚਿਹਰੇ ਨਿਹਾਰੇ ਹਨ ਅਤੇ ਫਿਰ ਹੋਰ ਵੀ ਆਤਮ-ਵਿਸ਼ਵਾਸ ਨਾਲ ਬੋਲਣ ਲੱਗ ਪਿਆ ਹੈ, "ਹਾਂ, ਸਾਨੂੰ ਤਬਦੀਲੀ ਚਾਹੀਦੀ ਆ ਤੇ ਬਰਾਕ ਓਬਾਮਾ ਹੀ ਇਹ ਤਬਦੀਲੀ ਲਿਆ ਸਕਦਾ ਕਿਉਂਕਿ ਉਹ ਸਾਡੇ ਵਰਗਾ ਹੈ ... ਆਮ ਆਦਮੀ ਵਰਗਾ ... ਇਸੇ ਲਈ 'ਤਬਦੀਲੀ' ਉਹਦਾ ਮਾਟੋ ਹੈ ..."

ਉਹ 'ਤਬਦੀਲੀ ... ਤਬਦੀਲੀ' ਰਟੀ ਜਾ ਰਿਹਾ ਹੈ ਤਾਂ ਮੇਰੇ ਜ਼ਿਹਨ ਵਿਚ ਇਹ ਵਿਚਾਰ ਉਭਰ ਰਿਹਾ ਹੈ, ਕਿਤੇ ਇਹ ਤਬਦੀਲੀ ਵੀ ਅੱਜ ਸਵੇਰ ਦੇ ਮੌਸਮ ਦੀ ਤਬਦੀਲੀ ਵਰਗੀ ਹੀ ਨਾ ਹੋ ਨਿੱਬੜੇ: ਪਲ ਭਰ ਦੀ ਬਦਲਬਾਈ ਅਤੇ ਫਿਰ ਉਹੀ ਤਪਸ਼, ਉਹੀ ਜਲਣ, ਉਹੀ ਕੜਾਕੇ। ਮੈਂ ਇਸ ਜੱਕਾ-ਤੱਕਾ ਵਿਚ ਉਲਝਿਆ ਖੜ੍ਹਾ ਹਾਂ, 'ਕੁਝ ਕਹਾਂ ਕਿ ਨਾ ਕਹਾਂ' ਪਰ ਇਜ਼ਹਾਰ ਨੇ ਝਿਜਕਦੇ ਜਿਹੇ ਉਹਨੂੰ ਟੋਕ ਹੀ ਦਿੱਤਾ ਹੈ:

"ਪਰ ਨੌਜਵਾਨ ... ਉਹ ਹਾਲੇ ਨਾ-ਤਜਰਬੇਕਾਰ ਹੈ ... ਸਿਆਸਤ ਦੇ ਮਾਮਲੇ ਵਿਚ ਬੱਚਾ ਐ ..."

"ਹੇ ਮੈਨ! ਉਸ ਤਜਰਬੇ ਨੂੰ ਕੀ ਕਰਨਾ, ਜਿਹੜਾ ਆਪਣੇ ਹੀ ਲੋਕਾਂ ਨੂੰ ਮੌਤ ਦੇ ਮੂੰਹ ਵਿਚ ਲੈ ਜਾਂਦਾ ਹੋਵੇ? ਕਿੰਨਾ ਤਜਰਬੇਕਾਰ ਸੀ ਇਹ ਜਾਰਜ 'ਡਬਲਿਯੂ' ਬੁਸ਼! ਕਿੰਨਾ ਵੱਡਾ ਕੁਕਰਮ ਕੀਤਾ ਇਹਨੇ? ਅਰਬ ਦੀ ਖਾੜੀ ਨੂੰ ਮੌਤ ਦੀ ਖਾੜੀ ਵਿਚ ਬਦਲ ਦਿੱਤਾ ਤੇ ਸਾਰੀ ਦੁਨੀਆ ਨੂੰ ਆਰਥਿਕ ਸੰਕਟ ਦੀ ਅੰਨ੍ਹੀ ਖਾਈ ਵਿਚ ਸਿੱਟ ਦਿੱਤਾ ..."

ਉਹ ਤਿੱਖੇ ਰੌਂਅ ਵਿਚ ਬੋਲ ਰਿਹਾ ਹੈ ਤਾਂ ਇਜ਼ਹਾਰ ਢਿੱਲਾ ਪੈ ਕੇ "ਸੋ ਤੋ ਹੈ!" ਕਹਿ ਕੇ ਪਿੱਛੇ ਹਟ ਕੇ ਰੁੱਖ ਦੇ ਤਣੇ ਨਾਲ ਜਾ ਲੱਗਿਆ ਹੈ ਅਤੇ ਉਹ ਨੌਜਵਾਨ ਹੁਣ ਜੇਤੂ ਅੰਦਾਜ਼ ਵਿਚ ਬੋਲ ਰਿਹਾ ਹੈ:

"ਯ੍ਹਾ ਮੈਨ! ਸਾਨੂੰ ਉਸ ਤਜਰਬੇ ਦੀ ਲੋੜ ਨਹੀਂ, ਜਿਹੜਾ ਸਾਡੀ ਹੀ ਤਬਾਹੀ ਦਾ ਸਾਧਨ ਬਣੇ। ਸਾਨੂੰ ਤਾਂ ਉਸ ਤਜਰਬੇ ਦੀ ਲੋੜ ਹੈ ਜਿਹੜਾ ਸਾਨੂੰ ਇਸ ਆਰਥਿਕ ਸੰਕਟ ਅਤੇ ਉਨ੍ਹਾਂ ਜੰਗਾਂ ਵਿਚੋਂ ਬਾਹਰ ਕੱਢੇ, ਜਿਨ੍ਹਾਂ ਕਾਰਨ ਇਹ ਸੰਕਟ ਪੈਦਾ ਹੋਇਆ ਹੈ ... ਇਸੇ ਲਈ ਸਾਨੂੰ ਤਬਦੀਲੀ ਚਾਹੀਦੀ ਹੈ ਪਰ ਸਿਰਫ਼ ਇਕ ਵਿਅਕਤੀ ਦੀ ਤਬਦੀਲੀ ਨਹੀਂ, ਸਾਰੀਆਂ ਗਲਤ ਨੀਤੀਆਂ ਵਿਚ ਤਬਦੀਲੀ ਚਾਹੀਦੀ ਹੈ ... ਸਾਰੀਆਂ ਗਲਤੀਆਂ ਸੁਧਾਰਨ ਲਈ ਤੇ ਸਹੀ ਰਾਹ ਚੁਣਨ ਲਈ ਤਬਦੀਲੀ।"

"ਵਾਹ, ਕਿਆ ਬਾਤ ਕਹੀ ਐ, ਨੌਜਵਾਨ!" ਮੇਰੇ ਮੂੰਹੋਂ ਅਚਾਨਕ ਇਹ ਨਿਕਲ ਗਿਆ ਹੈ ਤਾਂ ਉਹ ਇਕਦਮ ਚੁੱਪ ਕਰ ਗਿਆ ਹੈ।



ਪਰ ਪੈਟ ਫਿਰ ਜੋਸ਼ ਵਿਚ ਆ ਗਿਆ ਹੈ, "ਮਾਰਟਿਨ ਸਹੀ ਕਹਿ ਰਿਹਾ, ਸਾਨੂੰ ਤਬਦੀਲੀ ਚਾਹੀਦੀ ਹੈ ਤੇ ਇਸ ਤਬਦੀਲੀ ਨੂੰ ਹੁਣ ਕੋਈ ਨਹੀਂ ਰੋਕ ਸਕਦਾ: ਹਾਂ, ਕੋਈ ਵੀ ਨਹੀਂ! ਨਾ ਇਹ ਮੂਰਖ ਨੇਗੁਆਨ ਤੇ ਨਾ ਉਹ ਬੁਢੜਾ ਮੀਕੇਨ, ਜੋ ਵੀਅਤਨਾਮ ਵਿਚ ਦੋਵੇਂ ਬਾਹਾਂ ਤੁੜਵਾ ਕੇ ਵੀ, ਸੌ ਸਾਲ ਤੱਕ ਲੜਦੇ ਰਹਿਣ ਦੀਆਂ ਕਸਮਾਂ ਖਾ ਰਿਹਾ ... ਜੰਗ ਜਿੱਤਣ ਦੇ ਦਮਗਜੇ ਮਾਰ ਰਿਹਾ।"

ਪੈਟ ਹੁਣ ਫਿਰ ਵੀਲ੍ਹ-ਚੇਅਰ ਉਪਰ ਇੰਜ ਬੁੜ੍ਹਕ ਰਿਹਾ ਕਿ ਮੈਨੂੰ ਡਰ ਲੱਗ ਰਿਹਾ, 'ਕਿਤੇ ਇਹਦੇ ਦਿਮਾਗ਼ ਦੀ ਕੋਈ ਨਾੜੀ ਨਾ ਫਟ ਜਾਏ ... ਕਿਤੇ ਇਹ ਆਹ ਨਕਲੀ ਲੱਤਾਂ ਵੀ ਨਾ ਤੁੜਵਾ ਬੈਠੇ।' ਇਸ ਲਈ ਮੈਂ ਖਿਸਕਣ ਹੀ ਲੱਗਾ ਹਾਂ ਕਿ ਉਹ ਪੁੱਛ ਰਿਹਾ ਹੈ:

"ਕੀ ਮੈਂ ਗਲਤ ਕਹਿ ਰਿਹਾਂ, ਡਾੱਕ?"

"ਪੈਟ ਦੇਖ! ਕਹਿ ਤਾਂ ਭਾਵੇਂ ਤੂੰ ਠੀਕ ਈ ਰਿਹਾ ਏਂ, ਪਰ ਜੇ ਬੁਸ਼ ਪ੍ਰਸ਼ਾਸ਼ਨ ਨੂੰ ਤੇਰੇ ਇਸ ਮਜਮੇ ਬਾਰੇ ਪਤਾ ਲੱਗ ਗਿਆ ਤਾਂ ਉਨ੍ਹਾਂ ਤੇਰੇ 'ਤੇ ਵੀ 'ਦੇਸ਼ਭਗਤੀ ਕਾਨੂੰਨ' ਫਿੱਟ ਕਰਕੇ ਤੇਰੀਆਂ ਸਾਰੀਆਂ ਸਹੂਲਤਾਂ ਬੰਦ ਕਰ ਦੇਣੀਆਂ। ਫਿਰ ਤੇਰੀ 'ਸਪੈਸ਼ਲ ਮੈਡੀਕੇਅਰ' ਵੀ ਜਾਂਦੀ ਲੱਗਣੀ ਆ ਤੇ ਤੇਰੀ ਉਹ 'ਬਲੈਕ ਐਂਡ ਬਿਊਟੀਫੁੱਲ' ਨਰਸ ਵੀ ਉਹਨਾਂ ਖੋਹ ਲੈਣੀ ਹੈ: ਜਿਹੜੀ ਤੈਨੂੰ ਲੋਰੀਆਂ ਦੇ ਕੇ ਸਲਾਉਂਦੀ ਏ ... ਤੇਲ ਮਾਲਿਸ਼ ਕਰਕੇ ਨਿੱਤ ਨਹਾਉਂਦੀ ਏ ..."

"ਆਈ ਵੈੱਲ ਫੱਕ ਦਿੱਮ! ਆਈ ਵੈੱਲ ਫੱਕ ਦਿੱਮ ਆੱਲ!"

ਉਹ ਗਰਜਦਾ ਹੋਇਆ ਵੀਲ੍ਹ-ਚੇਅਰ ਦਾ ਸਹਾਰਾ ਲੈ ਕੇ ਇਵੇਂ ਖੜ੍ਹੋ ਗਿਆ ਹੈ ਜਿਵੇਂ ਇਹ ਬੋਲ ਪੁਗਾਉਣ ਲਈ ਤਿਆਰ ਬਰ ਤਿਆਰ ਹੋਵੇ ਅਤੇ ਕੁੱਬਾ ਜਿਹਾ ਹੋ ਕੇ ਇੰਜ ਲੱਕ ਹਿਲਾ ਰਿਹਾ ਹੈ ਕਿ ਠਹਾਕਿਆਂ ਤੇ ਤਾਲੀਆਂ ਨਾਲ ਫਿਰ ਸਾਰਾ ਵਾਤਾਵਰਣ ਗੂੰਜ ਉੱਠਿਆ ਹੈ ਅਤੇ ਉਹਨੇ ਨੇਗੁਆਨ ਨੂੰ ਫਿਰ ਆਪਣੇ ਨਿਸ਼ਾਨੇ 'ਤੇ ਲੈ ਆਂਦਾ ਹੈ:

"ਫੱਕ ਆੱਲ ਨਕਲੀ ਦੇਸ਼ਭਗਤ ਤੇ ਅਸਲੀ ਗੱਦਾਰ!"

ਉਹਨੂੰ ਤੈਸ਼ ਵਿਚ ਆ ਕੇ ਪਾਗ਼ਲਾਂ ਵਾਂਗ ਚੀਕਦਾ ਦੇਖ ਕੇ ਨੇਗੁਆਨ ਉਥੋਂ ਖਿਸਕਣ ਹੀ ਲੱਗਾ ਹੈ ਕਿ ਐਨ ਇਸੇ ਮੌਕੇ ਪੈਟ ਦੀ ਪਤਨੀ ਆ ਧਮਕੀ ਹੈ ਅਤੇ ਉਹਨੂੰ ਦੇਖਦੇ ਸਾਰ ਹੀ ਪੈਟ ਦੇ ਚਿਹਰੇ ਦਾ ਰੰਗ ਚਿੱਟੇ ਤੋਂ ਘਸਮੈਲਾ ਹੋ ਗਿਆ ਹੈ।

ਉਹਦੀ ਪਤਨੀ ਬੈਪਟਿਸਟ ਚਰਚ ਦੀ ਪੱਕੀ ਚੇਲੀ ਹੋਣ ਕਰਕੇ ਹਰ ਐਤਵਾਰ 'ਓਕਮੀਡ ਵਿਲਿਜ' ਦੇ ਅੱਠ-ਦਸ ਸਾਲ ਦੇ ਬੱਚਿਆਂ ਦੇ ਇਕ ਗਰੁੱਪ ਨੂੰ ਨਾਲ ਲੈ ਕੇ ਚਰਚ ਜਾਂਦੀ ਹੈ। ਜਿੱਥੇ ਉਨ੍ਹਾਂ ਬੱਚਿਆਂ ਨੂੰ ਧਰਮ-ਕਰਮ ਦੀ ਦੀਕਸ਼ਾ ਵੀ ਦਿੱਤੀ ਜਾਂਦੀ ਹੈ ਅਤੇ ਮੁਫ਼ਤ ਖਾਣੇ ਦੀ ਸੇਵਾ ਵੀ ਕੀਤੀ ਜਾਂਦੀ ਹੈ। ਉਹਦੇ ਬੱਚੇ ਫੁੱਟਪਾਥ ਉਪਰ ਖੜ੍ਹੇ ਬੱਸ ਦਾ ਇੰਤਜ਼ਾਰ ਕਰ ਰਹੇ ਹਨ ਅਤੇ ਉਹ ਸਿੱਧੀ ਪੈਟ ਉਤੇ ਆ ਵਰਸੀ ਹੈ:

"ਹੇ ਪੈਟ! ਤੂੰ ਇਸ ਵੇਚਾਰੇ ਨੇਗੁਆਨ ਦਾ ਹਰ ਵਕਤ ਮਜ਼ਾਕ ਕਿਉਂ ਉਡਾਉਂਦਾ ਰਹਿੰਨਾ ਏਂ? ਦੇਖ, ਇਹ ਵੇਚਾਰਾ ਫਿਰ ਵੀ ਤੇਰੇ ਪਿੱਛੇ ਪਿੱਛੇ ਇੰਜ ਫਿਰਦਾ ਰਹਿੰਦਾ ਜਿਵੇਂ ਤੇਰੀ ਪੂਛ ਹੋਵੇ: ਬਾਂਦਰ ਦੀ ਪੂਛ!"

"ਦੇਖ, ਵੇਚਾਰਾ ਕਿੰਨਾ ਸਾਊ ਬੰਦਾ ਏ! ਤੇਰੀਆਂ ਗਾਲ੍ਹਾਂ ਖਾ ਕੇ ਵੀ ਤੇਰੀ ਦੁੰਮ ਚੱਟਦਾ ਰਹਿੰਦਾ। ਪਰ ਤੂੰ ਇਹਨੂੰ ਤੰਗ ਕਿਉਂ ਕਰਦਾ ਏਂ? ਕੋਈ ਹੋਰ ਬੰਦਾ ਹੁੰਦਾ ਤਾਂ ਤੇਰਾ ਇਹ ਥੋਬੜਾ ਤੱਕ ਤੋੜ ਦਿੰਦਾ।"

"ਹਨੀ, ਇਹ ਸਾਊ ਨਹੀਂ, ਮੂਰਖ ਹੈ ... ਹਾਂ, ਮਹਾਂ-ਮੂਰਖ!"

"ਤੈਨੂੰ ਪਤਾ, ਇਹ ਮੂਰਖ ਉਸ ਮੀਕੇਨ ਦਾ ਭਗਤ ਬਣਿਆ ਫਿਰਦਾ, ਜਿਹੜਾ ਉਸ ਜੰਗ ਨੂੰ ਸੌ ਸਾਲ ਤੱਕ ਲੜਦੇ ਰਹਿਣ ਦੀਆਂ ਕਸਮਾਂ ਖਾ ਰਿਹੈ, ਜਿਸ ਵਿਚ ਆਪਣੇ ਕਈ ਹਜ਼ਾਰ ਜਵਾਨ ਮਰ ਚੁੱਕੇ ਆ, ਸੱਤਰ ਹਜ਼ਾਰ ਤੋਂ ਵੱਧ ਮੇਰੇ ਵਾਂਗ ਲੂਲੇ ਲੰਗੜੇ ਅਪਾਹਜ਼ ਬਣ ਚੁੱਕੇ ਆ।"

"ਪਤਾ ਕਿਉਂ? ਕਿਉਂਕਿ ਇਹਨੂੰ ਵੇਚਾਰੇ ਨੂੰ ਤੇਰੇ ਜਿੰਨੀ ਪੌਲੇਟਿਕਸ ਕਿੱਥੇ ਆਉਂਦੀ ਏ? ਇਹਦੀਆਂ ਲੱਤਾਂ ਬਾਹਾਂ ਸਲਾਮਤ ਜੁ ਬਚ ਗਈਆਂ। ਜੇ ਇਹ ਵੀ ਤੇਰੇ ਵਾਂਗ ਵੀਲ੍ਹ-ਚੇਅਰ ਉਤੇ ਬਹਿ ਕੇ ਸੜਕਾਂ ਉਪਰ ਪਾਗਲਾਂ ਵਾਂਗ ਰੌਲਾ ਪਾਉਂਦਾ ਫਿਰਦਾ, ਫੁੱਟਪਾਥ ਉੱਤੇ ਮਜਮਾ ਲਾ ਕੇ ਤੇਰੇ ਵਾਂਗ ਡਫਲੀ ਵਜਾਉਂਦਾ ਫਿਰਦਾ ਤਾਂ ਇਹਨੂੰ ਵੀ ਇਹ ਪਤਾ ਲੱਗ ਜਾਣਾ ਸੀ, ਜੰਗ ਦੇ ਮਾਅਨੇ ਕੀ ਹੁੰਦੇ ਆ ਤੇ ਇਹ ਕੌਣ ਪਾਪੀ ਲਾਉਂਦੇ ਆ।"

ਭਾਵੇਂ ਕਹਿ ਤਾਂ ਉਹ ਨੇਗੁਆਨ ਬਾਰੇ ਰਹੀ ਹੈ ਪਰ ਉਹਦਾ ਅਸਲੀ ਨਿਸ਼ਾਨਾ ਪੈਟ ਹੀ ਹੈ, "ਜੇ ਇਹਨੂੰ ਵੀ ਤੇਰੇ ਵਾਂਗ ਨਾ ਆਪਣੇ-ਆਪ ਦੀ ਸੁਰਤ ਰਹਿੰਦੀ, ਨਾ ਖਾਣ-ਪੀਣ ਦੀ ਹੋਸ਼ ਰਹਿੰਦੀ, ਨਾ

ਚਰਚ ਜਾਣ ਤੇ ਰੱਬ ਦਾ ਨਾਂ ਲੈਣ ਦੀ ਅਕਲ ਬਚਦੀ, ਤਾਂ ਇਹਨੇ ਵੀ ਇਹ ਸਿੱਖ ਲੈਣਾ ਸੀ ਕਿ ਇਹ ਜੰਗ ਕਿੰਨਾ ਵੱਡਾ ਅਨਰਥ ਕਰਦੀ ਹੈ ...।"

ਉਹ ਬੋਲ ਰਹੀ ਹੈ ਤਾਂ ਪੈਟ ਦਾ ਰੰਗ ਬਦਲ ਰਿਹਾ ਹੈ: ਚਿੱਟੇ ਤੋਂ ਘਸਮੈਲਾ, ਘਸਮੈਲੇ ਤੋਂ ਲਾਲ, ਤੇ ਫਿਰ ਬੇਰੰਗ ਜਿਹਾ ਹੋ ਕੇ ਇਕਦਮ ਸਫੈਦ ... ਪਰ ਉਹਦੀ ਇਹ ਗੱਲ ਵਿੱਚੇ ਰਹਿ ਗਈ ਹੈ ਕਿਉਂਕਿ ਚਰਚ ਦੀ ਬੱਸ ਆ ਗਈ ਹੈ ਤੇ ਉਹ ਆਪਣੇ ਬੱਚਿਆਂ ਨੂੰ ਲੈ ਕੇ ਫੁਰਤੀ ਨਾਲ ਬੱਸ ਵਿੱਚ ਜਾ ਚੜ੍ਹੀ ਹੈ ... ਤੇ ਉਹਦੇ ਪਿੱਛੇ ਨੇਗੁਆਨ ਵੀ ਮਰੇ ਜਿਹੇ ਕਦਮ ਪੁੱਟਦਾ ਤੇ ਸਿਰ ਖੁਰਕਦਾ ਖਿਸਕ ਗਿਆ ਹੈ।

ਪਰ ਉਨ੍ਹਾਂ ਦੇ ਤੁਰ ਜਾਣ ਤੋਂ ਮਗਰੋਂ ਤਾਂ ਮਜ੍ਹਮੇ ਦੀ ਰੌਣਕ ਹੋਰ ਵੀ ਵਧ ਗਈ ਹੈ। ਪੈਟ ਦੀ ਚੜ੍ਹਤ ਹੋਰ ਵੀ ਮਚ ਗਈ ਹੈ:

ਤਾਲੀਆਂ ... ਹਾਸਾ ... ਚੀਕਾਂ ... ਤੇ ਕਿਲਕਾਰੀਆਂ ...

ਸਾਰਾ 'ਓਕਮੀਡ ਵਿਲਿਜ' ਇਸ ਹੰਗਾਮੇ ਨਾਲ ਗੂੰਜ ਰਿਹਾ ਹੈ ਅਤੇ ਸੂਰਜ ਨੂੰ ਫਿਰ ਕਾਲੇ-ਸ਼ਾਹ ਬੱਦਲਾਂ ਨੇ ਘੇਰ ਲਿਆ ਹੈ। ਤੇ ਇੰਜ ਲੱਗ ਰਿਹਾ ਹੈ ਕਿ ਜਲ-ਅੰਮ੍ਰਿਤ ਵਰਸਿਆ ਕਿ ਵਰਸਿਆ। ਧਰਤੀ ਦੀ ਗੋਦ ਤਰ-ਤ੍ਰਿਪਤ ਜ਼ਰਖੇਜ਼ ਹੋਈ ਕਿ ਹੋਈ। ਤਪਸ਼ ਤੇ ਜਲਣ ਗਈ ਕਿ ਗਈ।

* *

ਮੈਂ ਇਸ ਵਾਤਾਵਰਣ ਦੇ ਸਰੂਰ ਨਾਲ ਚੁੱਟਕੀਆਂ ਵਜਾਉਂਦਾ, ਮਜ੍ਹਮੇ ਵਿਚ ਕਹੇ ਆਪਣੇ ਸ਼ਬਦ ਮਨ ਹੀ ਮਨ ਦੁਹਰਾਉਂਦਾ, ਨੱਚਦੇ ਪੈਰਾਂ ਨਾਲ ਘਰ ਵੜਿਆ ਹਾਂ ਤਾਂ ਮੇਰਾ ਵੀ ਉਸੇ ਤਰ੍ਹਾਂ ਦਾ ਸਵਾਗਤ ਹੋ ਰਿਹਾ ਏ, ਜਿਸ ਤਰ੍ਹਾਂ ਦਾ ਪੈਟ ਦੀ ਪਤਨੀ ਉਹਦਾ ਕਰਕੇ ਗਈ ਹੈ:

"ਹੋ ਗਿਆ ਫੰਨ! ਵਜਾ ਆਏ ਤਾੜੀਆਂ! ਉਡਾ ਆਏ ਤੋਤੇ ਤੇ ਕਾਂ!"

"ਐਵੇਂ ਯਾਰ ਜਾ ਵੜਿਆ ਓਥੇ, ਕਿੰਨਾ ਚਿਰ ਲੱਗ ਗਿਆ। ਚੱਲ ਹੁਣ ਤਿਆਰ ਹੋ ਜਾ, ਗਰੌਸਰੀ ਲੈਣ ਚੱਲਦੇ ਆਂ। ਲੰਚ ਵੀ ਅੱਜ ਬਾਹਰ ਈ ਕਰ ਕੇ ਆਵਾਂਗੇ, 'ਰੈੱਡ ਲਬਸਟਰ' ਤੋਂ ਸੀ-ਫੂਡ ਖਾ ਕੇ ਆਵਾਂਗੇ!"

"ਵਾਹ ਤੁਹਾਡੇ ਨਖਰੇ, ਇਹਨਾਂ ਨਾਲ ਤਾਂ ਤੁਸੀਂ ਮੈਨੂੰ ਪੱਟਿਆ!"

"ਓ ਯਾਰ, ਕਿਉਂ ਐਵੇਂ ਖਫਾ ਹੁੰਨੀਂ ਏ? ਵਿਹਲੇ ਬੰਦੇ ਨੂੰ ਵੀ ਤਾਂ ਜੀਣ ਦਾ ਕੁਛ ਨ ਕੁਛ ਅਧਿਕਾਰ ਹੋਣਾ ਚਾਹੀਦਾ!"

"ਕਿਉਂ ਨਹੀਂ! ਵਿਹਲੇ ਬੰਦੇ ਨੂੰ ਹੀ ਤਾਂ ਸਾਰੇ ਅਧਿਕਾਰ ਚਾਹੀਦੇ ਆ, ਕੰਮ ਕਰਨ ਵਾਲੇ ਲਈ ਤਾਂ ਕੰਮ ਦਾ ਅਧਿਕਾਰ ਈ ਕਾਫੀ ਐ।"

"ਓ ਯਾਰ ਬੱਸ ... ਕਈ ਵਾਰ ਤੂੰ ਵੀ ਐਵੇਂ ਵਿਗੜ ਜਾਨੀਂ ਏਂ!"

ਮੈਂ ਝਾੜ-ਝੰਬ ਤੋਂ ਡਰਦਾ ਬਾਥਰੂਮ ਵਿਚ ਆ ਵੜਿਆ ਹਾਂ।

ਨਹਾ ਧੋਅ ਕੇ ਕਪੜੇ ਬਦਲ ਕੇ ਫਰੈਸ਼ ਹੋ ਕੇ ਆਇਆ ਹਾਂ ਤਾਂ ਇਹ ਲੰਚ ਦਾ ਸਾਮਾਨ ਟੇਬਲ ਉਪਰ ਰੱਖਦੀ ਫਿਰ ਚਾਲੂ ਹੋ ਗਈ ਏ:

"ਦੱਸੋ, ਤੁਸੀਂ ਇੰਨੇ ਪੜ੍ਹੇ ਲਿਖੇ ਹੋ ਕੇ ਵੀ, ਉਸ ਡੁੱਡੇ ਬੁੜੇ ਵਾਂਗ ਫੁੱਟਪਾਥ 'ਤੇ ਤਾੜੀਆਂ ਮਾਰਦੇ ਫਿਰਦੇ ਓ, ਲੋਕ ਕੀ ਸੋਚਦੇ ਹੋਣਗੇ?"

"ਓ ਯਾਰ, ਲੋਕਾਂ ਨੇ ਜੋ ਸੋਚਣਾ ਪਏ ਸੋਚਣ! ਪਰ ਮੈਂ ਤਾਂ ਇਹੀ ਸੋਚ ਸੋਚ ਕੇ ਪਰੇਸ਼ਾਨ ਹੁੰਨਾਂ ਰਹਿੰਨਾਂ, ਬਈ ਜੇ ਮੈਂ ਬੇਰੁਜ਼ਗਾਰ ਹਾਂ ਤਾਂ ਇਹਦੇ ਵਿਚ ਮੇਰਾ ਕੀ ਕਸੂਰ ਐ?"

"ਜੇ ਏਡੀ ਵੱਡੀ ਕੰਪਨੀ ਦਾ ਵੀ ਦੀਵਾਲਾ ਨਿਕਲ ਗਿਆ ਤੇ ਲੱਖਾਂ ਵਰਕਰ ਫੁੱਟਪਾਥ ਉੱਤੇ ਆ ਗਏ ... ਤਾਂ ਇਸ ਵਿਚ ਉਨ੍ਹਾਂ ਵਿਚਾਰੇ ਵਰਕਰਾਂ ਦਾ ਕੀ ਕਸੂਰ ਹੈ? ਪਤਾ, ਇਸ ਮੰਦੀ ਕਾਰਨ ਕਿੰਨੇ ਕਰੋੜ ਵਿਚਾਰੇ ਮੇਰੇ ਵਾਂਗ ਫੁੱਟਪਾਥ ਦੀ ਧੂੜ ਚੱਟਦੇ ਫਿਰਦੇ ਆ?"

"ਅੱਜ ਬੜੇ ਵੇਚਾਰੇ ਬਣ ਰਹੇ ਓ!"

"ਯਾਰ ਮੈਂ ਇਹ ਸੋਚ ਕੇ ਵੀ ਪਰੇਸ਼ਾਨ ਹੋ ਜਾਨਾਂ ਕਿ ਤੈਨੂੰ ਇਕੱਲੀ ਨੂੰ ਘਰ ਦਾ ਸਾਰਾ ਖਰਚ ਚਲਾਉਣਾ ਪੈ ਰਿਹਾ, ਤੇ ਮੈਨੂੰ ਤਾਂ ਜਿੰਨਾ ਕੁ ਬੇਰੁਜ਼ਗਾਰੀ ਅਲਾਊਂਸ ਮਿਲਦਾ, ਮੇਰੇ ਦਾਰੂ-ਪਾਣੀ ਜੋਗਾ ਈ ਹੁੰਦਾ।"

"ਫਿਰ ਤੈਨੂੰ ਘਰ ਦਾ ਸਾਰਾ ਕੰਮ ਵੀ ਕਰਨਾ ਪੈ ਰਿਹਾ ਤੇ ਤੂੰ ਕਿਹੜੀ ਲੋਹੇ ਦੀ ਬਣੀ ਹੋਈ ਏਂ ...!"

"ਅੱਜ ਇਹ ਮੱਖਣ ਲਾਉਣ ਦੀ ਕੋਈ ਖਾਸ ਵਜ੍ਹਾ?"

"ਨਹੀਂ ਯਾਰ ਮੱਖਣ ਨਹੀਂ! ਦਰਅਸਲ, ਸੱਚ ਦੱਸਾਂ ਤਾਂ, ਮੈਨੂੰ ਕਈ ਵਾਰ ਆਪਣਾ-ਆਪ ਕਿਸੇ ਅਪਾਹਜ਼ ਵਰਗਾ ਲੱਗਣ ਲੱਗਦਾ ...।"



"ਅਪਾਹਜ਼ ਤਾਂ ਤੁਸੀਂ ਹੋ ਹੀ!"

ਇਹ ਠਹਾਕਾ ਮਾਰ ਕੇ ਖਿੜਖਿੜਾ ਕੇ ਹੱਸ ਰਹੀ ਹੈ ਅਤੇ ਮੈਂ ਨਿੱਕਾ ਜਿਹਾ ਹੋ ਕੇ ਆਪਣੇ ਅੰਦਰੇ-ਅੰਦਰ ਹੋਰ ਵੀ ਸੁੰਗੜਦਾ ਜਾ ਰਿਹਾਂ ਪਰ ਪਤਾ ਨਹੀਂ ਇਹਦੇ ਦਿਲ ਵਿਚ ਕੀ ਹੈ, ਬੋਲੀ ਜਾ ਰਹੀ ਹੈ:

"ਵੈਸੇ ਬਹੁਤਾ ਪੜ੍ਹਿਆ ਲਿਖਿਆ ਬੰਦਾ ਇਕ ਕਿਸਮ ਦਾ ਅਪਾਹਜ਼ ਹੀ ਹੁੰਦਾ ... ਜੇ ਉਹਦੀ ਲਿਆਕਤ ਕਿਸੇ ਕੰਮ ਨਾ ਆਏ ਤਾਂ ... ਮੈਂ ਏਥੇ ਕਈ ਬੰਦਿਆਂ ਬਾਰੇ ਸੁਣਿਆਂ: ਜਿਹੜੇ ਓਥੇ ਇੰਡੀਆ ਵਿਚ ਵੱਡੇ ਵਿਦਵਾਨ, ਗੁਣੀ-ਗਿਆਨੀ ਤੇ ਤੀਸ ਮਾਰ ਖਾਂ ਹੁੰਦੇ ਸੀ ਪਰ ਏਥੇ ਆ ਕੇ ਸਿਰਫ਼ ਜ਼ੀਰੋ ਤੇ ਮਹਾਂ-ਬੇਕਾਰ ਸਾਬਤ ਹੋਏ।"

"ਕਿਉਂ ਮੇਹਣੇ ਮਾਰਦੀ ਏਂ? ਮੈਨੂੰ ਜੌਬ ਮਿਲ ਈ ਜਾਣੀਂ ਏਂ!"

"ਜੌਬ, ਜੌਬ, ਜੌਬ, ਹਰ ਵਕਤ ਜੌਬ!"

"ਪਰ ਤੁਹਾਨੂੰ ਜੌਬ ਕਰਨ ਨੂੰ ਕਹਿੰਦਾ ਕੌਣ ਏ? ਮੈਂ ਤਾਂ ਕਹਿੰਨੀਂ ਆਂ, ਤੁਸੀਂ ਘਰ ਦਾ ਕੰਮ ਸੰਭਾਲ ਲਓ ਤੇ ਮੈਂ ਇਕ ਹੋਰ ਜੌਬ ਕਰ ਲੈਨੀਂ ਆਂ।"

"ਫਿਰ ਮਜ਼ਾਕ!"

"ਨਹੀਂ, ਮਜ਼ਾਕ ਨਹੀਂ ਡਾਰਲਿੰਗ! ਇਕਦਮ ਸੱਚ ਤੇ ਖਰਾ ਸੱਚ!"

ਜਿਸ ਗੱਲ ਤੋਂ ਬਚ ਰਿਹਾ ਸੀ, ਉਹ ਹੀ ਸੁਣਨੀ ਪੈ ਰਹੀ ਹੈ, ਇਸ ਲਈ ਮੇਰਾ ਪ੍ਰਤੀਕਰਮ ਵੀ ਗੁਸੈਲ ਤੇ ਬਾਸ਼ਰਤ ਹੈ:

"ਓ. ਕੇਅ. ਡੰਨ! ... ਤੈਨੂੰ ਪੱਕਿਆ ਪਕਾਇਆ ਖਾਣਾ ਤੇ ਘਰ ਦਾ ਕੀਤਾ ਕਰਾਇਆ ਕੰਮ ਮਿਲੇਗਾ ਪਰ ਮੈਂ ਵਿਹਲੇ ਸਮੇਂ ਵਿਚ ਜੋ ਮਰਜ਼ੀ ਕਰਾਂ: ਤੋਤੇ ਉਡਾਵਾਂ ਚਾਹੇ ਕਾਂ, ਮਜ੍ਹਮੇ ਵਿਚ ਜਾਵਾਂ ਜਾਂ ਡਾਨਸ ਕਲੱਬ, ਇਹ ਮੇਰੇ ਆਪਣੇ ਮਨ ਦੀ ਰਜ਼ਾ ਹੋਏਗੀ, ਤੂੰ ਮੇਹਣਾ ਨਹੀਂ ਮਾਰੇਂਗੀ।"

"ਓ. ਕੇਅ. ਡੰਨ!" ਇਹਨੇ ਚੀਚੀ ਮੇਰੇ ਵੱਲ ਵਧਾਈ ਹੈ।

ਮੈਂ ਇਹਦੀ ਚੀਚੀ ਵਿਚ ਆਪਣੀ ਚੀਚੀ ਫਸਾ ਕੇ ਇਹ ਡੀਲ ਪ੍ਰਵਾਨ ਕਰ ਲਈ ਹੈ। ਪਰ ਇਹ ਮੇਰੇ ਚਿਹਰੇ ਵੱਲ ਦੇਖ ਕੇ ਇੰਜ ਖਿੜਖਿੜਾ ਕੇ ਹੱਸ ਰਹੀ ਹੈ ਕਿ ਮੇਰਾ ਵੀ ਮੱਲੋ-ਮੱਲੀ ਹਾਸਾ ਨਿਕਲਦਾ ਜਾ ਰਿਹਾ ਹੈ। ਅਸੀਂ ਸ਼ੁਦਾਈਆਂ ਵਾਂਗ ਹੱਸੀ ਜਾ ਰਹੇ ਹਾਂ ... ਤੇ ਅਸਮਾਨ ਵਿਚ ਬੱਦਲ ਵੀ ਹੱਸਦੇ-ਹੱਸਦੇ ਵਰਸਣ ਲੱਗ ਹੀ ਪਏ ਹਨ ਅਤੇ ਗਰਮੀ ਦਾ ਮੌਸਮ ਵੀ ਹੁਣ ਬਹਾਰ ਵਰਗਾ ਲੱਗ ਰਿਹਾ ਹੈ।

* *

ਅਸੀਂ ਅੱਜ ਕੱਲ੍ਹ ਬੜੇ ਖੁਸ਼ ਹਾਂ: ਇਹ ਘਰ ਦੇ ਕੰਮ ਤੋਂ ਮੁਕਤੀ ਮਿਲ ਜਾਣ ਕਾਰਨ ਤੇ ਮੈਂ ਅਣਚਾਹੀ ਨੌਕਰੀ ਦੀ ਤਲਾਸ਼ ਤੋਂ ਰਾਹਤ ਕਾਰਨ।

ਪਰ ਸੱਤੇ ਦਿਨ ਕੰਮ ਕਰਨ ਨਾਲ, ਇਹ ਥੱਕ-ਟੁੱਟ ਕੇ ਚੂਰ, ਏਨੀ ਖਸਤਾ ਹਾਲਤ ਵਿਚ ਘਰ ਮੁੜਦੀ ਹੈ ਕਿ ਮੈਂ ਹਮਦਰਦੀ ਤੇ ਪਿਆਰ ਜਤਾਉਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦਾ: ਘਰ ਪੈਰ ਰੱਖਦੇ ਹੀ 'ਖੁਸ਼ਆਮਦੀਦ!' ਕਹਿ ਕੇ ਸਵਾਗਤ ਕਰਦਾ ਹਾਂ। ਚਾਹ ਦਾ ਵਕਤ ਹੋਵੇ ਤਾਂ ਤੁਰੰਤ ਬਣਾ ਕੇ ਪੇਸ਼ ਕਰਦਾ ਹਾਂ। ਖਾਣੇ ਦਾ ਵਕਤ ਹੋਵੇ ਤਾਂ ਟੇਬਲ ਉਪਰ ਪਰੋਸ ਕੇ ਰੱਖਦਾ ਹਾਂ। ਫਿਰ ਸਵੇਰੇ ਬੈੱਡ-ਟੀ ਦੇ ਨਾਲ ਜਗਾਉਂਦਾ ਹਾਂ। ਨਾਸ਼ਤਾ ਖਵਾਉਂਦਾ ਹਾਂ ਤੇ ਕੰਮ 'ਤੇ ਜਾਣ ਲੱਗੀ ਨੂੰ ਲੰਚ ਬੌਕਸ ਦੇ ਨਾਲ 'ਹੈਵ ਏ ਗਰੇਟ ਡੇਅ!' ਦੀ ਅਸੀਸ ਵੀ ਦਿੰਦਾ ਹਾਂ।

ਇਹਨੂੰ ਮੇਰੇ ਅੰਦਰ ਆਈ ਇਹ ਤਬਦੀਲੀ ਬਹੁਤ ਚੰਗੀ ਲੱਗ ਰਹੀ ਹੈ ਅਤੇ ਅਸੀਂ ਆਪਣੇ ਮਨ ਦੀ ਰਜ਼ਾ ਅਨੁਸਾਰ ਜ਼ਿੰਦਗੀ ਦਾ ਲੁਤਫ਼ ਮਾਣ ਰਹੇ ਹਾਂ। ਫ਼ਰਕ ਹੈ ਤਾਂ ਸਿਰਫ਼ ਇੰਨਾ ਕਿ ਇਹ ਕੰਮ ਕਰ ਕੇ ਖੁਸ਼ ਹੈ ਅਤੇ ਮੈਨੂੰ ਵਕਤ ਹੁਣ ਆਪਣਾ ਲੱਗਦਾ ਹੈ ਅਤੇ ਇਹਦੀ ਵਰਤੋਂ ਵੀ ਮੈਂ ਪੂਰੇ ਉਤਸ਼ਾਹ ਤੇ ਮਨ ਨਾਲ ਕਰਦਾ ਹਾਂ।

ਇਹਦੇ ਕੰਮ 'ਤੇ ਜਾਂਦੇ ਹੀ ਈਮੇਲ ਚੈੱਕ ਕਰਦਾ ਹਾਂ। ਇੰਟਰਨੈੱਟ ਉਪਰ ਦੇਸ ਪ੍ਰਦੇਸ ਦੀਆਂ ਖਬਰਾਂ ਪੜ੍ਹਦਾ ਹਾਂ। ਮਨ ਕਰੇ ਤਾਂ ਮਿੱਤਰਾਂ ਤੇ ਅਜਨਬੀਆਂ ਨਾਲ ਵੀ ਚੈਟਿੰਗ ਵੀ ਕਰ ਲੈਂਦਾ ਹਾਂ। ਫਿਰ ਖਾਣਾ ਬਣਾਉਂਦੇ ਵਕਤ ਟੀਵੀ ਦੇ ਚੈਨਲ ਬਦਲ ਬਦਲ ਚੁਣਾਵ ਬਹਿਸਾਂ, ਚੁਣਾਵ ਤਬਸਰੇ ਤੇ ਵਿਦਵਾਨਾਂ ਦੀਆਂ ਟਿੱਪਣੀਆਂ ਦਾ ਲੁਤਫ਼ ਲੈਂਦਾ ਹਾਂ।

ਇਹ ਬਹਿਸਾਂ ਤੇ ਤਬਸਰੇ ਕਈ ਵਾਰ ਇੰਨੇ ਗਿਆਨ-ਭਰਪੂਰ ਲੱਗਦੇ ਹਨ ਕਿ ਮੇਰੇ ਅੰਦਰ ਵੀ ਇਕ ਨਵਾਂ ਗਿਆਨ-ਸੋਮਾ ਫੁੱਟਣ ਲੱਗ ਪਿਆ ਹੈ: ਮੈਂ ਅਮਰੀਕੀ ਰਾਜਨੀਤੀ ਦੀਆਂ ਕਈ ਹੋਰ ਪਰਤਾਂ ਅਤੇ ਪੂੰਜੀਵਾਦੀ ਆਰਥਿਕ ਸਿਸਟਮ, ਸ਼ੇਅਰ ਬਾਜ਼ਾਰ ਤੇ ਵਿੱਤੀ ਵਿਵਸਥਾ ਦੀਆਂ ਕਈ ਹੋਰ ਬਾਰੀਕੀਆਂ ਵੀ ਸਮਝਣ ਲੱਗ ਪਿਆ ਹਾਂ ਅਤੇ ਪੈਟ ਦੇ ਮਜ੍ਹਮੇ ਵਿਚ ਵੀ ਬਿਨਾ ਨਾਗਾ ਸ਼ਿਰਕਤ ਕਰਨ ਲੱਗ ਪਿਆ ਹਾਂ।

ਜਿਉਂ ਜਿਉਂ ਚੁਣਾਵ-ਦੰਗਲ ਮਘਦਾ ਜਾ ਰਿਹਾ ਹੈ, ਇਸ ਮਜ੍ਹਮੇ ਦਾ ਰੰਗ ਵੀ ਹੋਰ ਭੱਖਦਾ ਜਾ ਰਿਹਾ ਹੈ ਅਤੇ ਮੁੱਖ ਫੋਕਸ ਵੀ ਹੁਣ ਜੰਗ ਦੇ ਮਸਲੇ ਤੋਂ ਸਰਕ ਕੇ ਆਰਥਿਕ ਮੰਦਵਾੜੇ ਤੇ ਵਿੱਤੀ ਸੰਕਟ ਉਪਰ ਆ ਟਿਕਿਆ ਹੈ। ਇਸ ਲਈ ਇਹ ਮਜ੍ਹਮਾ ਤਾਲੀਆਂ ਤੇ ਕਿਲਕਾਰੀਆਂ ਦੀ ਥਾਂ ਹੁਣ ਗਿਆਨ-ਗੋਸ਼ਟੀ ਦਾ ਇਕ ਕੇਂਦਰ ਬਣ ਗਿਆ ਹੈ ਅਤੇ ਇਸ ਵਿਚ ਮੇਰਾ ਰੁਤਬਾ ਵੀ ਇਕ ਸਨਮਾਨਜਨਕ ਵਿਦਵਾਨ ਟਿੱਪਣੀਕਾਰ ਦਾ ਹੋ ਗਿਆ ਹੈ ਕਿਉਂਕਿ ਇਸ ਮੰਦਵਾੜੇ ਦਾ ਭੁਗਤ-ਭੋਗੀ ਹੋਣ ਕਰਕੇ ਮੇਰੀ ਗੱਲਬਾਤ ਵਿਚ ਵਿਹਾਰਕ ਤੱਤ ਵੀ ਸ਼ਾਮਲ ਹੁੰਦੇ ਹਨ ਅਤੇ ਕਦੇ ਜੰਮ ਕੇ ਕੀਤੇ ਮਾਰਕਸਵਾਦੀ ਸਿਧਾਂਤਕ ਅਧਿਐਨ ਦੀ ਪੁੱਠ ਮੇਰੇ ਅਚੇਤ ਦਾ ਇਕ ਅਟੁੱਟ ਹਿੱਸਾ ਹੋਣ ਕਰਕੇ ਇਸ ਨੂੰ ਸਹੀ ਪਰਿਪੇਖ ਪ੍ਰਦਾਨ ਕਰਕੇ ਤਰਕ-ਸੰਗਤ ਬਣਾਉਣ ਵਿਚ ਸੋਨੇ ਉਪਰ ਸੁਹਾਗੇ ਦਾ ਕੰਮ ਵੀ ਕਰਦੀ ਹੈ।

ਅਤੇ ਉਹ ਕਾਲਾ ਨੌਜਵਾਨ ਮਾਰਟਿਨ ਵੀ, ਇਸ ਮਜ੍ਹਮੇ ਵਿਚ ਹੁਣ ਅਕਸਰ ਆਉਣ ਲੱਗ ਪਿਆ ਹੈ ਅਤੇ ਕਈ ਵਾਰ ਤਾਂ ਅਸੀਂ ਦੋਵੇਂ ਭਾਸ਼ਾ ਵੀ ਇਕੋ ਜਿਹੀ ਬੋਲਣ ਲੱਗ ਪੈਂਦੇ ਹਨ। ਇਸ ਲਈ ਉਹਦੇ ਨਾਲ ਮੇਰੀ ਜਾਣ-ਪਹਿਚਾਣ ਦੋਸਤੀ ਵਿਚ ਬਦਲਦੀ ਜਾ ਰਹੀ ਹੈ।

ਉਹ ਗੁਲਾਮ ਪੂਰਵਜ਼ਾਂ ਦੀ ਔਲਾਦ ਹੋਣ ਕਰਕੇ ਉਹਦੇ ਲਹੂ ਵਿਚ ਰਚੇ-ਮਿਚੇ ਬੇਕਦਰੀ, ਬੇਇਨਸਾਫ਼ੀ ਅਤੇ ਵਿਤਕਰੇ ਦੇ ਵਿਰਾਸਤੀ ਜ਼ਖ਼ਮ ਹਾਲੇ ਤੱਕ ਵੀ ਪੂਰੀ ਤਰ੍ਹਾਂ ਭਰੇ ਨਹੀਂ। ਇਸੇ ਕਾਰਨ ਉਹ ਓਬਾਮਾ ਦੇ ਹੱਕ ਵਿਚ ਜੀਅ-ਜਾਨ ਨਾਲ ਜੁੱਟਿਆ ਹੋਇਆ ਹੈ ਅਤੇ ਮੈਨੂੰ ਵੀ ਕਈ ਵਾਰੀ ਉਨ੍ਹਾਂ ਥਾਵਾਂ ਉਪਰ ਲੈ ਜਾਣ ਲੱਗ ਪਿਆ ਹੈ ਜਿੱਥੇ ਕਾਲੇ ਰੰਗ ਦੇ ਲੋਕ ਵੱਡੇ ਸਮੂਹਾਂ ਵਿਚ ਵਸਦੇ ਹਨ। ਤੇ ਇਹ ਲੋਕ, ਆਪਣੇ ਰੰਗ ਦੇ ਬੰਦੇ ਨੂੰ ਪ੍ਰਧਾਨਗੀ ਦੀ ਕੁਰਸੀ ਉਪਰ ਬਿਰਾਜਮਾਨ ਦੇਖਣ ਦੀ ਇੰਨੀ ਤੀਬਰ ਇੱਛਾ ਰੱਖਦੇ ਹਨ ਕਿ ਇਸ ਨੂੰ ਬੇਇਨਸਾਫ਼ੀ, ਵਿਤਕਰੇ ਅਤੇ ਨਸਲਵਾਦ ਉਪਰ ਇਨਸਾਨੀਅਤ ਦੀ ਜਿੱਤ ਤੱਕ ਸਮਝਦੇ ਹਨ।

ਜਿਉਂ ਜਿਉਂ ਚੁਣਾਵ ਪ੍ਰਕਿਰਿਆ ਸਿਖਰ ਵੱਲ ਵਧ ਰਹੀ ਹੈ, ਆਰਥਿਕ ਮੰਦਵਾੜਾ ਤੇ ਵਿੱਤੀ ਸੰਕਟ ਹੋਰ ਖ਼ੂੰਖਾਰ ਹੁੰਦਾ ਜਾ ਰਿਹਾ ਹੈ ਅਤੇ ਸਾਰੀ ਦੁਨੀਆ ਇਹਦੀ ਲਪੇਟ ਵਿਚ ਆਉਂਦੀ ਜਾ ਰਹੀ ਹੈ।

ਇਸ ਕਰਕੇ ਓਬਾਮਾ ਦੀ ਚੜ੍ਹਤ ਵਧਦੀ ਜਾ ਰਹੀ ਹੈ, ਅਤੇ ਇਹ ਸੰਭਾਵਨਾ ਪ੍ਰਤੱਖ ਨਜ਼ਰ ਆ ਰਹੀ ਹੈ ਕਿ ਉਹ ਚੁਣਾਵ ਜਿੱਤ ਸਕਦਾ ਹੈ।

ਇਸ ਲਈ ਮਾਰਟਿਨ ਦੇ ਪੈਰ ਭੁੰਜੇ ਨਹੀਂ ਲੱਗਦੇ। ਅੱਜ ਤਾਂ ਉਹ ਸਵੇਰੇ-ਸਵੇਰੇ ਹੀ ਮੇਰੇ ਦਰਵਾਜ਼ੇ ਉੱਤੇ ਦਸਤਕ ਦੇ ਰਿਹਾ ਹੈ ਅਤੇ ਮੈਂ ਉਹਨੂੰ ਆਦਰ ਸਹਿਤ ਬਿਠਾਉਣ ਤੋਂ ਬਾਅਦ ਪੁੱਛ ਰਿਹਾ ਹਾਂ:

"ਕੀ ਗੱਲ ਐ ਮਾਰਟਿਨ, ਅੱਜ ਬੜਾ ਇਕਸਾਈਟ ਲੱਗ ਰਿਹੈਂ?"

"ਹਾਂ ਡਾਕਟਰ ਪਵਨ, ਮੈਂ ਕੱਲ੍ਹ ਬਰਾਕ ਨੂੰ ਮਿਲ ਕੇ ਆਇਆਂ!"

ਉਹ ਏਨਾ ਉਤੇਜਿਤ ਹੈ ਜਿਵੇਂ ਖ਼ੁਸ਼ੀ ਨਾਲ ਨੱਚ ਰਿਹਾ ਹੋਵੇ:

"ਉਹ ਸਾਡੇ ਵਲੰਟੀਅਰ ਗਰੁੱਪ ਨਾਲ ਅੱਧੇ ਘੰਟੇ ਤੋਂ ਵੀ ਵੱਧ ਸਮਾਂ ਗੱਲਬਾਤ ਕਰਦਾ ਰਿਹਾ ਤੇ ਬੋਲਿਆ, 'ਜੋ ਤਬਦੀਲੀ ਅਮਰੀਕਾ ਚਾਹੁੰਦਾ ਹੈ ਉਹ ਤੁਹਾਡੇ ਵਰਗੇ ਨੌਜਵਾਨਾਂ ਦੇ ਯਤਨਾਂ ਨਾਲ ਹੁਣ ਸਾਫ ਨਜ਼ਰ ਆ ਰਹੀ ਹੈ, ਪਰ ਇਸ ਨੂੰ ਨਿਸ਼ਚਿਤ ਬਣਾਉਣ ਲਈ, ਹੋਰ ਵੀ ਤਨਦੇਹੀ, ਅਕਲਮੰਦੀ ਤੇ ਜੋਸ਼ ਨਾਲ ਜੁੱਟ ਜਾਓ ... ਕਹਿੰਦਾ, 'ਸਾਨੂੰ ਜ਼ਿੰਦਗੀ ਨੂੰ ਕਦੇ ਵੀ ਕੈਜ਼ੂਅਲੀ ਨਹੀਂ ਲੈਣਾ ਚਾਹੀਦਾ, ਇਸਨੂੰ ਮਹਾਨ ਜਾਂ ਮਾਮੂਲੀ ਬਣਾਉਣਾ ਬੰਦੇ ਦੇ ਆਪਣੇ ਹੱਥ ਹੁੰਦਾ ... ਹਿੰਮਤ, ਮਿਹਨਤ, ਆਤਮ-ਵਿਸ਼ਵਾਸ ਤੇ ਲਗਨ ਇਸਨੂੰ ਮਹਾਨ ਬਣਾਉਂਦੀ ਹੈ' ..."

"ਓ ਰੀਅਲੀ ... ਦੈਟ 'ਸ ਗਰੇਟ! ਬੜੀ ਚੰਗੀ ਮੱਤ ਦਿੱਤੀ!"

"ਹਾਂ ਡਾਕਟਰ ਪਵਨ, ਮੈਂ ਉਸ ਨਾਲੋਂ ਵੱਧ ਲਿਆਕਤ ਤੇ ਬੁੱਧੀ ਵਾਲਾ ਬੰਦਾ ਜ਼ਿੰਦਗੀ ਵਿਚ ਕਦੇ ਨਹੀਂ ਦੇਖਿਆ ... ਵੱਟ੍ਹ ਯੂ ਥੈਂਕ?"

"ਤੇਰੀ ਇਹ ਗੱਲ ਠੀਕ ਹੋ ਸਕਦੀ ਹੈ ਮਾਰਟਿਨ, ਪਰ ਮੇਰਾ ਸਵਾਲ ਇਹ ਹੈ, ਜੇ ਉਹ ਪ੍ਰੈਜ਼ੀਡੈਂਟ ਬਣ ਗਿਆ ਤਾਂ ਕੀ ਕਾਲੇ ਲੋਕਾਂ ਨਾਲ ਹੋ ਰਹੀ ਬੇਇਨਸਾਫੀ ਤੇ ਵਿਤਕਰਾ ਖਤਮ ਕਰਵਾ ਸਕੇਗਾ? ਤੇ ਆਪਣੇ ਵਰਗੇ ਇਜ਼ਤਦਾਰ ਬਣਾ ਕੇ ਬਰਾਬਰ ਦਾ ਸਮਾਜਕ ਰੁਤਬਾ ਦਵਾ ਸਕੇਗਾ?"

ਉਹਨੂੰ ਸ਼ਾਇਦ ਮੇਰੇ ਤੋਂ ਕਿਸੇ ਸਵਾਲ ਦੀ ਉਮੀਦ ਨਹੀਂ ਸੀ। ਇਸ ਲਈ ਉਹਦਾ ਉਤਸ਼ਾਹ ਕੁਝ ਥੱਲੇ ਸਰਕ ਰਿਹਾ ਹੈ ਤੇ ਉਹ ਮੇਰੇ ਤੋਂ ਅੱਖ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਮੈਂ ਸਵਾਲ ਉਹਦੀਆਂ ਅੱਖਾਂ ਅੱਗੇ ਲਟਕਾਈ ਬੈਠਾ ਹਾਂ ਅਤੇ ਉਹਨੂੰ ਜਵਾਬ ਦੇਣਾ ਪੈ ਰਿਹਾ ਹੈ:

"ਸ਼ਾਇਦ ਨਹੀਂ ... ਤੇ ਇਹ ਇਸ ਚੁਣਾਵ ਦਾ ਮੁੱਦਾ ਵੀ ਨਹੀਂ ... ਪਰ ਇਹ ਸਵਾਲ ਇਸ ਸਮੇਂ ਕਿਉਂ ਕਰ ਰਹੇ ਹੋ?"



"ਕਿਉਂਕਿ ਕੁਝ ਸਵਾਲ ਅਜੇਹੇ ਵੀ ਹਨ, ਜਿਨ੍ਹਾਂ ਦਾ ਪ੍ਰੈਜ਼ੀਡੈਂਟ ਦੇ ਚੁਣਾਵ ਦਾ ਮੁੱਦਾ ਨਾ ਬਣ ਸਕਣਾ ਵੀ ਇਕ ਸਵਾਲ ਹੈ ... ਖ਼ੈਰ, ਹੋਰ ਸੁਣਾ, ਅੱਜ ਸਵੇਰੇ ਸਵੇਰੇ ਕਿਵੇਂ ਦਰਸ਼ਨ ਦਿੱਤੇ?"

"ਡਾਕਟਰ ਪਵਨ, ਅੱਜ ਮੈਂ ਇਕ ਮਹੱਤਵਪੂਰਨ ਕੰਮ ਲੈ ਕੇ ਤੁਹਾਡੇ ਕੋਲ ਆਇਆ ਹਾਂ: ਆਪਾਂ ਇਕ ਟਾਊਨ ਹਾਲ ਮੀਟਿੰਗ ਤੇ ਫੰਡ ਰੇਜ਼ਿੰਗ ਡਿਨਰ ਪਾਰਟੀ ਦਾ ਪ੍ਰਬੰਧ ਕਰਨਾ ਹੈ। ਬਰਾਕ ਵੀ ਉਹਦੇ ਵਿਚ ਆਉਣ ਦੀ ਕੋਸ਼ਿਸ਼ ਕਰੇਗਾ, ਨਹੀਂ ਤਾਂ ਕੋਈ ਹੋਰ ਵੱਡਾ ਲੀਡਰ ਆਏਗਾ।"

ਉਹ ਇਕ ਸੈਕਿੰਡ ਲਈ ਰੁਕ ਕੇ, ਮੇਰਾ ਹੁੰਗਾਰਾ ਉਡੀਕ ਰਿਹਾ ਹੈ ਅਤੇ ਮੇਰੇ ਬੁੱਲ੍ਹਾਂ ਉੱਤੇ ਮੁਸਕਾਨ ਦੇਖ ਕੇ ਫਿਰ ਸ਼ੁਰੂ ਹੋ ਗਿਆ ਹੈ:

"ਤੁਹਾਡੇ ਕਾਫੀ ਪੰਜਾਬੀ ਤੇ ਕਈ ਇੰਡੀਅਨ ਏਥੇ ਵੱਡੇ ਸਟੋਰਾਂ ਅਤੇ ਟਰੱਕ ਕੰਪਨੀਆਂ ਦੇ ਮਾਲਕ ਆ ... ਕਈ ਤਾਂ ਸਾਫਟਵੇਅਰ ਕੰਪਨੀਆਂ ਦੇ ਸੀ. ਈ. ਓ. ਵੀ ਹੈਗੇ ਆ ਤੇ ਕਈ ਫਾਰਮਰ ਤਾਂ, ਬਾਦਾਮਾਂ, ਪੀਚਾਂ ਤੇ ਅੰਗੂਰਾਂ ਦੇ ਬਾਦਸ਼ਾਹ ਵੀ ਕਹਾਉਂਦੇ ਆ ..."

"ਯ੍ਹਾ, ਦੈਟ 'ਸ ਰਾਈਟ ... ਤੂੰ ਬਿੱਲਕੁੱਲ ਠੀਕ ਕਿਹਾ ਏ।"

"ਇਸ ਲਈ ਅਸੀਂ ਇਹ ਫੈਸਲਾ ਕੀਤਾ ਹੈ ਕਿ ਉਸ ਡਿਨਰ ਪਾਰਟੀ ਵਿਚ ਪੰਜ ਸੌ ਡਾਲਰ ਪਰ ਪਲੇਟ ਦੇ ਹਿਸਾਬ ਨਾਲ ਵਾਹਵਾ ਫੰਡ ਰੇਜ਼ ਕਰ ਸਕਦੇ ਆਂ ਕਿਉਂਕਿ ਏਨਾ ਕੁ ਪੈਸਾ ਹਰ ਸਟੋਰ ਜਾਂ ਟਰੱਕ ਮਾਲਕ ਅਤੇ ਵੱਡਾ ਫਾਰਮਰ ਵੀ ਹੱਸ ਕੇ ਦੇ ਸਕਦਾ ਐ ਅਤੇ ਅਸੀਂ, ਆਪਣੇ ਵਲੰਟੀਅਰ ਗਰੁੱਪ ਦੇ ਨਾਲ ਤੁਹਾਨੂੰ ਲੈ ਜਾ ਕੇ ਇਹ ਇਨਵੀਟੇਸ਼ਨ ਉਨ੍ਹਾਂ ਨੂੰ ਦੇਣਾ ਚਾਹੁੰਨੇ ਹਾਂ। ਤੁਹਾਡਾ ਕੀ ਖਿਆਲ ਹੈ, ਇਹਦੇ ਬਾਰੇ?"

"ਖਿਆਲ ਤਾਂ ਬੜਾ ਨੇਕ ਹੈ ਦੋਸਤ! ਪਰ ਸਾਫ ਗੱਲ ਇਹ ਹੈ ਕਿ ਮੈਂ ਓਬਾਮਾ ਦੀ ਸਪੋਰਟ ਕਾਲੇ ਰੰਗ ਦੇ ਲੋਕਾਂ ਨਾਲ ਸਦੀਆਂ ਤੋਂ ਹੁੰਦੀ ਆ ਰਹੀ ਬੇਇਨਸਾਫੀ ਅਤੇ ਵਿਤਕਰੇ ਕਰਕੇ ਕਰ ਰਿਹਾਂ, ਓਬਾਮਾ ਦੀ ਲਿਆਕਤ ਜਾਂ ਬੁੱਧੀ ਕਰਕੇ ਨਹੀਂ ਕਿਉਂਕਿ ਮੈਨੂੰ ਪਤਾ, ਓਬਾਮਾ ਨੂੰ ਵੀ ਬੁਨਿਆਦਿ ਤੌਰ 'ਤੇ ਉਹ ਹੀ ਸਭ ਕੁਝ ਕਰਨਾ ਪੈਣਾ, ਜੋ ਬੁਸ਼ ਪ੍ਰਸ਼ਾਸ਼ਨ ਨੇ ਕੀਤਾ ... ਬੇਸ਼ਕ ਥੋੜ੍ਹੇ ਬਹੁਤੇ ਬਦਲ ਫੇਰ ਨਾਲ ... ਇਸ ਲਈ ਮੇਰੇ ਕੁਝ ਕੁ ਸਵਾਲ ਆ, ਕੀ ਉਹ ਸਵਾਲ ਮੈਂ ਤੈਨੂੰ ਪੁੱਛ ਸਕਦਾ ਹਾਂ?"

"ਵ੍ਹਾਈ ਨਾੱਟ ... ਵੱਟ੍ਹ'ਸ ਦੈਟ?" ਉਹਦੇ ਮੂੰਹੋਂ ਇਹ ਨਿਕਲ ਹੀ ਗਿਆ ਹੈ ਅਤੇ ਮੇਰੀ ਪ੍ਰਸ਼ਨਾਵਲੀ ਸ਼ੁਰੂ ਹੋ ਗਈ ਹੈ:

"ਕੀ ਓਬਾਮਾ, ਇਸ ਪੂੰਜੀਵਾਦੀ ਆਰਥਿਕਤਾ ਦਾ ਕੋਈ ਨਵਾਂ ਸੰਕਲਪ ਜਾਂ ਵਿਕਲਪ ਪੇਸ਼ ਕਰ ਰਿਹਾ ਹੈ? ਜਾਂ ਇਸ ਅਮੀਰ ਕਾਰਪੋਰੇਟ ਕਲਾਸ ਦੀ ਥਾਂ ਕਿਸੇ ਮਿਹਨਤਕਸ਼ ਜਮਾਤ ਦੀ ਰਹਿਨੁਮਾਈ ਕਰ ਰਿਹਾ ਹੈ?"

"ਕੀ ਉਹਦੀ ਲੀਡਰਸ਼ਿੱਪ ਵਿਚ ਅਮਰੀਕਨ ਸਟੇਟ ਵਿਸ਼ਵ-ਚੌਧਰ ਦੇ ਮਨਸੂਬਿਆਂ ਨੂੰ ਤਿਲਾਂਜਲੀ ਦੇ ਦੇਵੇਗੀ? ਤੇ ਤਮਾਮ ਫੌਜੀ ਅੱਡੇ ਖਤਮ ਕਰ ਕੇ ਅਮਰੀਕਨ ਫੌਜਾਂ ਵਾਪਸ ਅਮਰੀਕਾ ਲੈ ਆਵੇਗੀ?"

"ਕੀ ਇਰਾਕ ਵਿਚੋਂ ਕੁਝ ਫੌਜਾਂ ਕੱਢ ਕੇ, ਅਫਗਾਨਿਸਤਾਨ ਵਿਚ ਹੋਰ ਝੋਕ ਦੇਣ ਦੀ ਰਣਨੀਤੀ, ਬੁਸ਼ ਪ੍ਰਸ਼ਾਸਨ ਦੀਆਂ ਜੰਗਬਾਜ਼ ਨੀਤੀਆਂ ਦਾ ਵਿਰੋਧ ਹੈ? ਤੇ ਇਹਦੇ ਨਾਲ 'ਆਤੰਕਵਾਦ' ਖਤਮ ਹੋ ਜਾਏਗਾ?"

ਉਹ ਇਨ੍ਹਾਂ ਸਵਾਲਾਂ ਨਾਲ ਔਖਾ ਜਿਹਾ ਮਹਿਸੂਸ ਕਰਦਾ, ਮੇਰੇ ਵੱਲ ਬਿਟਰ-ਬਿਟਰ ਦੇਖ ਰਿਹਾ ਹੈ ਪਰ ਮੇਰਾ ਪ੍ਰਸ਼ਨਾਵਲੀ ਯੁੱਧ ਜਾਰੀ ਹੈ:

"ਕੀ ਓਬਾਮਾ, ਇਸ ਦੁਨੀਆ ਵਿਚੋਂ ਗਰੀਬੀ, ਬੀਮਾਰੀ, ਭੁੱਖਮਰੀ, ਕੰਗਾਲੀ, ਬੇਕਾਰੀ, ਕਾਲ ਆਦਿ ਖਤਮ ਕਰਨ ਲਈ ਕੋਈ ਨਵੀਂ ਨੀਤੀ ਅਪਣਾਏਗਾ ਜਾਂ ਦੂਜੇ ਦੇਸ਼ਾਂ ਦੇ ਸਾਧਨਾਂ ਨੂੰ ਕਿਸੇ ਵੀ ਆਨੇ-ਬਹਾਨੇ ਨਾਲ ਲੁੱਟਣ ਲਈ ਮੌਜੂਦਾ ਨੀਤੀ ਦਾ ਹੀ ਇਸਤੇਮਾਲ ਕਰੇਗਾ?"

"ਕੀ ਓਬਾਮਾ, ਧਾਰਮਿਕ ਮੂਲਵਾਦ ਨੂੰ ਪਾਲਣ ਅਤੇ ਫੈਲਾਉਣ ਵਿਚ ਅਮਰੀਕਨ ਸਟੇਟ ਦੇ ਹੁਣ ਤੱਕ ਦੇ ਰੋਲ ਦੀ ਨਿੰਦਾ ਕਰੇਗਾ? ਤੇ ਇਹਨੂੰ ਆਪਣੀ ਵਿਦੇਸ਼ ਨੀਤੀ ਦਾ ਹਥਿਆਰ ਬਣਾਉਣ ਤੋਂ ਤੋਬਾ ਕਰੇਗਾ?"

ਪਤਾ ਨਹੀਂ ਕਿਉਂ, ਅੱਜ ਮੇਰੇ ਅੰਦਰੋਂ ਸਵਾਲਾਂ ਦਾ ਅਜੇਹਾ ਲਾਵਾ ਫੁੱਟ ਨਿਕਲਿਆ ਹੈ ਕਿ ਰੁਕਣ ਦਾ ਨਾਂ ਨਹੀਂ ਲੈ ਰਿਹਾ। ਮਾਰਟਿਨ ਨੂੰ ਇਨ੍ਹਾਂ ਸਵਾਲਾਂ ਨਾਲ ਇੰਨੀ ਬੇਚੈਨੀ ਅਤੇ ਪਰੇਸ਼ਾਨੀ ਮਹਿਸੂਸ ਹੋ ਰਹੀ ਹੈ ਕਿ ਉਹਦੇ ਚਿਹਰੇ ਦੇ ਹਾਵ-ਭਾਵ ਲਗਾਤਾਰ ਬਦਲ ਰਹੇ ਹਨ। ਇਸ ਲਈ ਮੈਂ ਸਵਾਲਾਂ ਦਾ ਰੁੱਖ ਘਰੇਲੂ ਨੀਤੀ ਵੱਲ ਮੋੜ ਦਿੱਤਾ ਹੈ:

"ਕੀ ਉਹ ਸਾਰੇ ਅਮਰੀਕਨ ਬੇਘਰਿਆਂ ਨੂੰ ਕਰਨ ਲਈ ਕੰਮ ਤੇ ਸਿਰ ਢਕਣ ਲਈ ਥਾਂ-ਟਿਕਾਣਾ ਮੁਹਈਆ ਕਰਾ ਸਕੇਗਾ? ਤੇ ਇਨ੍ਹਾਂ ਪੂੰਜੀਵਾਦੀ ਆਰਥਿਕ ਮੰਦਵਾੜਿਆਂ ਦਾ ਕੋਈ ਸਥਾਈ ਹੱਲ ਲੱਭ

ਸਕੇਗਾ?"

"ਉਹ ਇਹ 'ਮਿਡਲ ਕਲਾਸ ... ਮਿਡਲ ਕਲਾਸ ...' ਕਿਉਂ ਰਟੀ ਜਾ ਰਿਹਾ ਹੈ? ਵਰਕਿੰਗ ਕਲਾਸ ਦੀ ਗੱਲ ਕਿਉਂ ਨਹੀਂ ਕਰਦਾ, ਜੋ ਹਰ ਸੰਕਟ ਦੀ ਮਾਰ ਦਾ ਸਭ ਤੋਂ ਵੱਧ ਸ਼ਿਕਾਰ ਹੁੰਦੀ ਹੈ?"

ਉਹਦੇ ਅੰਦਰ ਹੋਰ ਸਵਾਲ ਬਰਦਾਸ਼ਤ ਕਰਨ ਦੀ ਹਿੰਮਤ ਨਹੀਂ ਰਹਿ ਗਈ ਲੱਗਦੀ। ਇਸ ਲਈ ਮੇਰੇ ਵੱਲ ਇੰਜ ਦੇਖ ਰਿਹਾ ਹੈ ਜਿਵੇਂ ਮੈਂ ਇਹ ਸਵਾਲ ਪੁੱਛ ਕੇ ਉਹਦੀ ਕੋਈ ਤੋਹੀਨ ਕਰ ਰਿਹਾ ਹੋਵਾਂ ਪਰ ਉਹ ਖਾਲੀ ਹੱਥ ਵੀ ਨਹੀਂ ਜਾਣਾ ਚਾਹੁੰਦਾ। ਇਸ ਕਰਕੇ ਉਹ ਉੱਠਣ ਲੱਗਾ ਫਿਰ ਬੈਠ ਜਾਂਦਾ ਹੈ ਅਤੇ ਉਹਦੀ ਇਸ ਮਨੋਦਸ਼ਾ ਕਾਰਨ ਪੈਦਾ ਹੋ ਰਹੀ ਬੇਚੈਨੀ ਤੇ ਪਰੇਸ਼ਾਨੀ ਉਹਦੇ ਰੋਮ-ਰੋਮ ਵਿਚੋਂ ਝਲਕ ਰਹੀ ਹੈ। ਇਸ ਲਈ ਮੈਂ ਉਹਦੀ ਇਸ ਦੋਚਿੱਤੀ ਦਾ ਹੱਲ ਵੀ ਪੇਸ਼ ਕਰ ਦਿੱਤਾ ਹੈ:

"ਪਰ ਮੇਰੇ ਦੋਸਤ, ਫੰਡ ਰੇਜ਼ਿੰਗ ਦੀ ਰਕਮ ਵਿਚ, ਮੇਰੇ ਬਿਨਾ ਵੀ ਕੋਈ ਕਮੀ ਨਹੀਂ ਆਉਣ ਲੱਗੀ ਕਿਉਂਕਿ ਬਹੁਤੇ ਪੰਜਾਬੀ ਅਤੇ ਕਾਫੀ ਇੰਡੀਅਨ ਪਹਿਲਾਂ ਈ ਓਬਾਮਾ ਦੀ ਤਨ-ਮਨ-ਧਨ ਨਾਲ ਸਪੋਰਟ ਕਰ ਰਹੇ ਆ। ਇਸ ਲਈ ਤੁਸੀਂ ਨਿਧੜਕ ਹੋ ਕੇ ਇਨਵੀਟੇਸ਼ਨ ਦੇ ਕੇ ਆਓ। ਉਹ ਤੁਹਾਡਾ ਭਰਪੂਰ ਸਵਾਗਤ ਕਰਨਗੇ। ਪਰ ਮੇਰੀ ਇਕ ਸਲਾਹ ਹੈ, ਤੁਸੀਂ ਡਿਨਰ ਪਲੇਟ ਦੀ ਕੀਮਤ ਪੰਜ ਸੌ ਡਾਲਰ ਪਰ ਪਲੇਟ ਤੋਂ ਵਧਾ ਕੇ ਇਕ ਹਜ਼ਾਰ ਡਾਲਰ ਕਰ ਦਿਉ ਤਾਂ ਜੋ ਉਹ ਕਿਤੇ ਇਹ ਨਾ ਸੋਚ ਲੈਣ ਕਿ ਉਨ੍ਹਾਂ ਨੂੰ ਘੱਟ ਮਾਣ ਬਖਸ਼ਿਆ ਗਿਆ ਹੈ!"

ਇਹ ਕਹਿ ਕੇ ਮੈਂ ਮੁਸਕਰਾ ਰਿਹਾ ਹਾਂ ਪਰ ਉਹ ਇੰਜ ਗੰਭੀਰ ਹੋ ਕੇ ਬੈਠ ਗਿਆ ਹੈ ਜਿਵੇਂ ਸਵੈ-ਚਿੰਤਨ ਦੀਆਂ ਗਹਿਰਾਈਆਂ ਵਿਚ ਜਾ ਡੁੱਬਿਆ ਹੋਵੇ ਤੇ ਆਖਰ, ਉਹਦੀ ਜ਼ੁਬਾਨ ਖੁੱਲ੍ਹੀ ਹੈ ਤਾਂ ਇਹ ਤਿੰਨ ਸ਼ਬਦ ਭੱਖਦੇ ਗੋਲਿਆਂ ਵਾਂਗ ਮੂੰਹ ਵਿਚੋਂ ਬਾਹਰ ਡਿੱਗੇ ਹਨ:

"ਆਰ ਯੂ ਮਾਰਕਸਿਸਟ?"

"ਆਈ ਐਮ ਮਾਓਇਸਟ ਐਂਡ ਦੀ ਬਲੈਕ ਪੈਂਥਰ!"

ਮੈਂ ਦੋਵੇਂ ਹੱਥਾਂ ਨਾਲ ਬੰਦੂਕ ਦੀ ਸ਼ਕਲ ਬਣਾ ਕੇ ਅਤੇ ਤਣ ਕੇ ਖੜ੍ਹੋ ਗਿਆ ਹਾਂ ਤਾਂ ਉਹ ਵੀ ਇੰਜ ਨਾਸਾਂ ਫੈਲਾ ਕੇ ਉੱਠ ਖਲੋਇਆ ਹੈ ਜਿਵੇਂ ਆਪੇ ਤੋਂ ਬਾਹਰ ਹੋ ਗਿਆ ਹੋਵੇ। ਪਤਾ ਨਹੀਂ ਮੇਰੇ ਜਵਾਬ ਨੂੰ 'ਭੱਦਾ ਮਜ਼ਾਕ' ਸਮਝ ਕੇ ਇਹ ਪ੍ਰਤੀਕਰਮ ਜ਼ਾਹਿਰ ਕੀਤਾ ਹੈ ਜਾਂ ਮੇਰੇ ਸਵਾਲਾਂ ਨੂੰ ਟਾਲਣ ਦਾ ਇਕ ਬਹਾਨਾ ਸਮਝ ਕੇ ਭੜਕ ਗਿਆ ਹੈ?

ਉਹ ਕੁਝ ਵੀ ਸੋਚ ਰਿਹਾ ਹੋਵੇ, ਇਸ ਨਾਲ ਸਾਡੇ ਵਿਚਕਾਰ ਇਕ ਅਣਚਾਹਿਆ ਤਨਾਅ ਪੈਦਾ ਹੋ ਗਿਆ ਹੈ ਤੇ ਇਸ ਵਿਚੋਂ ਨਿਕਲਣ ਲਈ ਮੈਂ ਇਕਦਮ ਮਹਿਮਾਨ-ਨਿਵਾਜ਼ੀ ਵੱਲ ਪਰਤ ਆਇਆ ਹਾਂ:

"ਚੱਲ ਛੱਡ ਪਰੇ ਦੋਸਤ! ਇਹ ਰਾਜਨੀਤੀ ਦੀਆਂ ਫਜ਼ੂਲ ਗੱਲਾਂ, ਤੂੰ ਇਹ ਦੱਸ ਤੇਰੇ ਲਈ ਨਾਸ਼ਤਾ ਤਿਆਰ ਕਰਾਂ ਜਾਂ ਚਾਹ ਬਣਾਵਾਂ?"

ਆਪਣੇ ਤੋਂ ਇਕ ਫੁੱਟ ਲੰਮੇ ਅਤੇ ਪੰਦਰਾਂ ਸਾਲ ਛੋਟੇ ਨੌਜਵਾਨ ਦੇ ਸਾਹਮਣੇ ਮੈਂ ਮੋਮ ਦਾ ਪੁਤਲਾ ਬਣਿਆ ਖੜ੍ਹਾ ਹਾਂ ਪਰ ਉਹ ਟੇਡੇ ਜਿਹੇ ਮੂੰਹ ਨਾਲ 'ਥੈਂਕ ਯੂ ਵੈਰੀ ਮੱਚ, ਮੈਨ!' ਕਹਿ ਕੇ ਉਸੇ ਤਰ੍ਹਾਂ ਵਾ-ਵਰੋਲੇ ਵਾਂਗ ਉੱਡ ਗਿਆ ਹੈ, ਜਿਸ ਤਰ੍ਹਾਂ ਆਇਆ ਸੀ।

* *

ਉਸ ਦਿਨ ਤੋਂ ਬਾਅਦ ਮਾਰਟਿਨ ਵਿਲਸਨ 'ਗੁੱਡਮੈਨ' ਅੱਜ ਦਿਖਾਈ ਦਿੱਤਾ ਹੈ। ਪੈਟ ਨੂੰ ਵੈਨ ਵਿਚ ਬਿਠਾ ਕੇ, 'ਵੀਲ੍ਹ ਚੇਅਰ' ਡਿੱਗੀ ਵਿਚ ਰੱਖਦਾ ਹੋਇਆ ਤੇ ਮੈਂ ਹੀ ਪਹਿਲ ਕਰ ਕੇ ਬੁਲਾਇਆ ਹੈ:

"ਹੈਲੋ ਮਾਰਟਿਨ, ਕੀ ਹਾਲ ਚਾਲ ਹੈ ਦੋਸਤ?"

"ਵੰਡਰਫੁੱਲ!" ਇਹ ਸ਼ਬਦ ਕਹਿ ਕੇ ਉਹਨੇ ਚਿਹਰਾ ਇਵੇਂ ਫਲੈਟ ਬਣਾ ਲਿਆ ਹੈ ਜਿਵੇਂ ਅਜਨਬੀ ਹੋਵੇ ਪਰ ਪੈਟ ਚਹਿਕ ਰਿਹਾ ਹੈ:

"ਓਬਾਮਾ ਨੂੰ ਜਿਤਾਉਣ ਚੱਲਿਆਂ, ਡਾੱਕ!"

ਪਰ ਉਹਦੇ ਇਹ ਸ਼ਬਦ ਵੀ ਮੇਰੇ ਕੰਨਾਂ ਤੱਕ ਪਹੁੰਚਣ ਤੋਂ ਪਹਿਲਾਂ ਹੀ ਮਾਰਟਿਨ ਵੈਨ ਉਡਾ ਕੇ ਲੈ ਗਿਆ ਹੈ ਅਤੇ ਮੈਂ ਉਹਦੀ ਇਸ ਬੇਰੁਖੀ ਬਾਰੇ ਕਈ ਕੁਝ ਸੋਚਦਾ ਪਾਰਕ ਵਿਚ ਆ ਵੜਿਆ ਹਾਂ:

'ਇਹ ਕਾਲੇ ਲੋਕ ਇੰਨੇ ਸਣਕੀ ਕਿਸਮ ਦੇ ਕਿਉਂ ਹੁੰਦੇ ਨੇ?'

'ਇਨ੍ਹਾਂ ਦਾ ਵਿਸ਼ਵਾਸ ਜਿੱਤਣਾ ਕਿੰਨਾ ਮੁਸ਼ਕਿਲ ਕੰਮ ਹੈ!'

'ਉਂਜ ਭਾਵੇਂ ਪਹਾੜ ਸਿਰ ਉਪਰ ਦੀ ਲੰਘ ਜਾਏ ਪਰ ਕਿਸੇ ਕਿਸਮ ਦੀ ਸ਼ੱਕ ਦੀ ਸੂਈ ਮਾੜੀ ਜਿਹੀ ਚੁੱਭਦੇ ਹੀ ਤਿੜਕ ਜਾਂਦੇ ਨੇ।'



'ਇਹਦਾ ਆਧਾਰ ਉਹ ਹੀਣ-ਭਾਵਨਾ ਹੈ, ਜੋ ਇਨ੍ਹਾਂ ਨਾਲ ਹੋਈ ਘੋਰ ਬੇਇਨਸਾਫੀ ਕਾਰਨ ਇਨ੍ਹਾਂ ਦੇ ਲਹੂ ਵਿਚ ਰਸ-ਵਸ ਗਈ ਹੈ ਜਾਂ ਉਹ ਪ੍ਰਦੂਸ਼ਿਤ ਹਵਾ ਜੋ ਸਾਰੇ ਵਾਤਾਵਰਣ ਵਿਚ ਭਰੀ ਪਈ ਹੈ?'

ਇਸ ਸੋਚ-ਚੱਕਰ ਵਿਚ ਫਸਿਆ ਮੈਂ ਪਾਰਕ ਵਿਚ ਘੁੰਮਦਾ ਆਪਣੇ ਅਚੇਤ ਅਤੇ ਤਸੱਵਰ ਨੂੰ ਤਰਾਸ਼ ਰਿਹਾ ਹਾਂ ਤਾਂ ਮੈਨੂੰ ਉਹ ਕਾਲੇ ਲੋਕ ਯਾਦ ਆ ਰਹੇ ਹਨ, ਜਿਨ੍ਹਾਂ ਨਾਲ ਮੇਰਾ ਵਾਹ-ਵਾਸਤਾ ਰਿਹਾ ਹੈ। ਇਕ-ਇਕ ਕਰ ਕੇ ਉਹ ਵਾਕਿਫ ਚਿਹਰੇ ਮੇਰੇ ਜ਼ਿਹਨ ਵਿਚ ਘੁੰਮ ਰਹੇ ਹਨ ਅਤੇ ਉਨ੍ਹਾਂ ਦੀਆਂ ਰੂਹਾਂ ਦੇ ਆਰ-ਪਾਰ ਉਕਰੇ ਹੋਏ ਕਲੰਕਿਤ ਇਤਿਹਾਸ ਦੇ ਖ਼ੂੰਖਾਰ ਜ਼ਖ਼ਮ ਮੇਰੇ ਸੀਨੇ ਵਿਚ ਵੀ ਰੜਕਣ ਲੱਗ ਪਏ ਹਨ।

ਮਨ ਉਦਾਸ ਹੋ ਗਿਆ ਹੈ ਤਾਂ ਮੈਂ ਘਰ ਨੂੰ ਤੁਰ ਪਿਆ ਹਾਂ।

ਪਰ ਮੈਂ ਹੀ ਉਦਾਸ ਹਾਂ, 'ਓਕਮੀਡ ਵਿਲਿਜ਼' ਵਿਚ ਤਾਂ ਜਸ਼ਨ ਵਰਗਾ ਮਾਹੌਲ ਹੈ। ਇਹ ਸਾਰੀ ਬਸਤੀ ਤੇ ਸ਼ਹਿਰ ਡੈਮੋਕਰੈਟਸ ਦਾ ਗੜ੍ਹ ਹੋਣ ਕਰਕੇ ਓਬਾਮਾ ਨੂੰ ਜਿਤਾਉਣ ਲਈ ਲੋਕ ਸਜ-ਫਬ ਕੇ ਵੋਟ ਦੇਣ ਨਿਕਲ ਰਹੇ ਹਨ। ਮੀਕੇਨ ਦਾ ਇਕ ਵੀ ਵਲੰਟੀਅਰ ਕਿਤੇ ਦਿਖਾਈ ਨਹੀਂ ਦੇ ਰਿਹਾ। ਨੇਗੁਆਨ ਵੀ ਪਤਾ ਨਹੀਂ ਕਿਹੜੀ ਖੁੱਡ ਵਿਚ ਵੜਿਆ ਹੋਇਆ ਹੈ ਅਤੇ ਪੈਟ ਵੀ ਬਲੂਤ ਦੇ ਰੁੱਖ ਦੀ ਥਾਂ, ਅੱਜ ਗੇਟ ਦੇ ਲਾਗੇ ਮੇਲ ਬੌਕਸ ਦੇ ਸਿਰਹਾਣੇ 'ਵੀਲ੍ਹ ਚੇਅਰ' ਵਿਚ ਬੈਠਾ, ਨਵੰਬਰ ਮਹੀਨੇ ਦੀ ਮਿੰਨ੍ਹੀ-ਮਿੰਨ੍ਹੀ ਧੁੱਪ ਸੇਕਦਾ, ਆਪਣੀ ਕਰੜ-ਬਰੜ ਦਾੜ੍ਹੀ ਖੁਰਕਦਾ, ਆਉਂਦੇ-ਜਾਂਦੇ ਵੋਟਰਾਂ ਦਾ ਖੈਰ-ਮਕਦਮ ਕਰ ਰਿਹਾ ਹੈ ਅਤੇ ਉਹਦੇ ਹਾਸੇ ਵਿਚੋਂ ਇਕ ਨਵੀਂ ਕਿਸਮ ਦੀ ਉਮੀਦ ਝਲਕ ਰਹੀ ਹੈ।

ਉਹ ਉਮੀਦ ਜੋ ਇਕ ਨਵਾਂ ਇਤਿਹਾਸ ਸਿਰਜਣ ਜਾ ਰਹੀ ਹੈ: ਇਕ ਕਾਲੇ ਰੰਗ ਦੇ ਮੱਧ-ਵਰਗੀ ਬੰਦੇ ਨੂੰ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਸਟੇਟ ਦਾ ਲੀਡਰ ਚੁਣਨ ਜਾ ਰਹੀ ਹੈ।

ਇਸ ਉਮੀਦ ਦੀ ਇਕ ਉਡਦੀ ਜਿਹੀ ਝਲਕ ਮੈਂ ਆਪਣੇ ਮਨ ਦੇ ਕਿਸੇ ਕੋਨੇ ਵਿਚ ਵੀ ਮਹਿਸੂਸ ਕੀਤੀ ਹੈ ਅਤੇ ਘਰ ਵੜਦੇ ਹੀ ਟੀਵੀ ਰੀਮੋਟ ਦਾ ਬਟਨ ਦੱਬਿਆ ਹੈ ਤਾਂ ਰੰਗ-ਬਰੰਗੇ ਚੁਣਾਵ-ਦ੍ਰਿਸ਼ ਤਫਸੀਲ ਸਹਿਤ ਅਤੇ ਤਬਸਰੇ ਸੰਗ ਦਿਖਾਏ ਜਾ ਰਹੇ ਹਨ: ਮੀਡੀਆ, ਓਬਾਮਾ ਦੀ ਜਿੱਤ ਦੀਆਂ ਭਵਿੱਖਬਾਣੀਆਂ ਕਰ ਰਿਹਾ ਹੈ ਅਤੇ ਉਸ ਰੰਗ ਦੇ ਵਿਅਕਤੀ ਨੂੰ ਇਕ ਮਹਾਨ ਤਬਦੀਲੀ ਅਤੇ ਉਮੀਦ ਦਾ ਚਿੰਨ੍ਹ ਬਣਾ ਕੇ ਉਭਾਰ ਰਿਹਾ ਹੈ, ਜਿਸ ਰੰਗ ਨੂੰ ਗੁਲਾਮੀ, ਅਧੀਨਗੀ, ਉਜੱਡਤਾ ਅਤੇ ਬੇਕਦਰੀ ਦਾ ਪ੍ਰਤੀਕ ਬਣਾ ਕੇ ਸਦੀਆਂ ਤੱਕ ਪੀੜਿਤ ਕੀਤਾ ਜਾਂਦਾ ਰਿਹਾ ਹੈ।

ਦੁਪਹਿਰ ਢਲਣ ਤੱਕ ਪ੍ਰਾਪਤ ਹਰੇਕ ਐਗਜ਼ਿੱਟ ਪੋਲ ਦੇ ਆਂਕੜੇ ਵੀ ਓਬਾਮਾ ਨੂੰ ਭਾਰੀ ਬਹੁਮਤ ਨਾਲ ਜਿਤਾ ਰਹੇ ਹਨ। ਇਸੇ ਆਧਾਰ 'ਤੇ ਉਹਦੀ ਜੇਤੂ ਸਪੀਚ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ ਤੇ ਲੋਕਾਂ ਦੇ ਕਾਫਲੇ ਸ਼ਿਕਾਗੋ ਵੱਲ ਵਧਣੇ ਵੀ ਸ਼ੁਰੂ ਹੋ ਗਏ ਹਨ।

ਇਸ ਲਈ ਅਮਰੀਕਾ ਭਰ ਵਿਚ ਬੇਹੱਦ ਉਤੇਜਨਾ, ਜੋਸ਼, ਉਮੀਦ ਤੇ ਉਤਸ਼ਾਹ ਭਰਿਆ ਮਾਹੌਲ ਹੈ ਅਤੇ ਮੈਂ ਵੀ ਸਾਰਾ ਵਿਹਲਾ ਸਮਾਂ ਇਹ ਟੀਵੀ ਦ੍ਰਿਸ਼ ਦੇਖਣ ਅਤੇ ਤਬਸਰੇ ਸੁਣਨ ਵਿਚ ਗੁਜ਼ਾਰਿਆ ਹੈ।

ਹੁਣ ਛੇ ਕੁ ਵਜੇ ਸੁਨੈਨਾ ਕੰਮ ਤੋਂ ਆਈ ਹੈ ਤਾਂ ਖਾਣਾ ਖਾਂਦੇ ਸਾਰ ਬੈੱਡ ਉੱਤੇ ਜਾ ਪਈ ਹੈ ਅਤੇ ਮੈਂ 'ਓਕਮੀਡ ਵਿਲਿਜ਼' ਦੇ ਨਜ਼ਾਰੇ ਦੇਖਣ ਲਈ ਘਰੋਂ ਬਾਹਰ ਨਿਕਲ ਕੇ ਗੇਟ ਉੱਤੇ ਆ ਖਲੋਇਆ ਹਾਂ।

* *

ਚਾਰ-ਚੁਫੇਰੇ ਮੇਲੇ ਵਰਗੀ ਚਹਿਲ-ਪਹਿਲ ਨਜ਼ਰ ਆ ਰਹੀ ਹੈ।

ਸਾਰਾ 'ਓਕਮੀਡ ਵਿਲਿਜ਼' ਅਪਾਰਟਮੈਂਟ ਕੰਪਲੈਕਸ ਬਰਾਕ ਓਬਾਮਾ ਦੀ ਜਿੱਤ ਦੀ ਨਿਸ਼ਚਿਤਤਾ ਨਾਲ ਚਹਿਕ-ਮਹਿਕ ਰਿਹਾ ਹੈ ਅਤੇ ਇਸ ਜਿੱਤ ਦੇ ਜਸ਼ਨ ਦੀਆਂ ਤਿਆਰੀਆਂ ਵੀ ਸ਼ੁਰੂ ਹੋ ਗਈਆਂ ਹਨ:

ਕਮਿਊਨਿਟੀ ਹਾਲ ਵਿਚ ਇਕ ਵੱਡੀ ਸਕਰੀਨ ਵਾਲਾ ਟੀਵੀ ਰੱਖਿਆ ਗਿਆ ਹੈ, ਗੇਟ ਅਤੇ ਹਾਲ ਦੁਲਹਨ ਵਾਂਗ ਸਜਾਏ ਗਏ ਹਨ। ਪਟਾਕੇ ਤੇ ਆਤਸ਼ਬਾਜ਼ੀ ਦਾ ਇੰਤਜ਼ਾਮ ਵੀ ਹੋ ਰਿਹਾ ਹੈ। ਖਾਣ-ਪੀਣ ਦਾ ਵੰਨ-ਸੁਵੰਨਾ ਸਮਾਨ ਹਾਲ ਦੇ ਵੱਡੇ ਕਾਊਂਟਰ ਉਪਰ ਰੱਖਿਆ ਜਾ ਰਿਹਾ ਹੈ ਅਤੇ ਸ਼ੈਂਪੇਨ, ਵਾਈਨ, ਰੈੱਡ-ਵਾਈਨ, ਬੀਅਰ, ਵਿਸਕੀ, ਸਕਾੱਚ, ਆਦਿ ਰੰਗ-ਬਰੰਗੀਆਂ ਬੋਤਲਾਂ ਨਾਲ ਇਕ ਟੇਬਲ ਲੱਦਿਆ ਪਿਆ ਹੈ।

ਪੈਟ ਹਾਲ ਦੇ ਵਿਚਕਾਰ 'ਵੀਲ੍ਹ ਚੇਅਰ' ਉਪਰ ਬੈਠਾ ਹਰ ਕਿਸੇ ਦਾ ਸਵਾਗਤ ਕਰ ਰਿਹਾ ਹੈ। ਉਹਨੇ ਦਾੜ੍ਹੀ ਤਾਜ਼ਾ-ਤਾਜ਼ਾ ਸਫਾਚੱਟ ਕੀਤੀ ਹੈ ਤਾਂ ਵਿਚੋਂ ਨਿਕਲਿਆ ਗੋਰਾ ਚਿੱਟਾ ਚਿਹਰਾ ਲਿਸ਼ਕਾਂ ਮਾਰ

ਰਿਹਾ ਹੈ ਅਤੇ ਉਹ ਸ਼ਾਨਦਾਰ ਸੂਟ ਪਹਿਨ ਕੇ, ਛਾਤੀ ਉਪਰ 'ਹਰਪਲ ਹਰਟ' ਤਗਮਾ ਸਜਾ ਕੇ ਉੱਚੀਆਂ ਹਵਾਵਾਂ ਵਿਚ ਉੱਡਦਾ ਮਹਿਸੂਸ ਹੋ ਰਿਹਾ ਹੈ।

ਉਹਦੇ ਮਜ਼ਮੇ ਦੇ ਕਈ ਸਾਥੀ ਉਹਦੇ ਦੁਆਲੇ ਝੁਰਮਟ ਪਾਈ ਕੁਰਸੀਆਂ ਉਪਰ ਬੈਠੇ ਹਨ ਅਤੇ ਮੈਨੂੰ ਦੇਖਦੇ ਸਾਰ ਹੀ ਉਹਨੇ ਮਾਣ ਭਰਿਆ ਹੱਥ ਮੇਰੇ ਵੱਲ ਵਧਾਇਆ ਹੈ ਅਤੇ ਇੰਜ ਗਰਮਜੋਸ਼ੀ ਨਾਲ ਘੁੱਟ ਰਿਹਾ ਹੈ ਕਿ ਮੈਂ ਮੁਸ਼ਕਿਲ ਨਾਲ ਹੱਥ ਉਹਦੀ ਪਕੜ ਵਿਚੋਂ ਛੁਡਾਇਆ ਹੈ।

ਸਾਰੇ ਹਾਜ਼ਰੀਨ ਲੋਕਾਂ ਦੀਆਂ ਨਜ਼ਰਾਂ ਟੀਵੀ ਸਕਰੀਨ ਉਪਰ ਗੱਡੀਆਂ ਹੋਈਆਂ ਹਨ ਅਤੇ ਪਹਿਲੇ ਨਤੀਜੇ ਦਾ ਐਲਾਨ ਓਬਾਮਾ ਦੇ ਹੱਕ ਵਿਚ ਹੁੰਦੇ ਹੀ ਤਾਲੀਆਂ ਅਤੇ ਕਿਲਕਾਰੀਆਂ ਨਾਲ ਸਾਰਾ ਹਾਲ ਥਰਥਰਾ ਉੱਠਿਆ ਹੈ ਅਤੇ ਬੋਤਲਾਂ ਦੇ ਢੱਕਣ ਖੁਲ੍ਹਣੇ ਸ਼ੁਰੂ ਹੋ ਗਏ ਹਨ।

ਇਕ ਤੋਂ ਬਾਅਦ ਇਕ ਸਟੇਟ ਦੇ ਨਤੀਜੇ ਦਾ ਐਲਾਨ ਹੋ ਰਿਹਾ ਹੈ ਅਤੇ ਜਿਉਂ ਜਿਉਂ ਓਬਾਮਾ ਦੀ ਲੀਡ ਵਧ ਰਹੀ ਹੈ, ਇਹ ਤਾਲੀਆਂ ਅਤੇ ਕਿਲਕਾਰੀਆਂ ਹੋਰ ਉੱਚੀਆਂ ਹੁੰਦੀਆਂ ਜਾ ਰਹੀਆਂ ਹਨ ਅਤੇ ਖਚਾ-ਖਚ ਭਰਿਆ ਹਾਲ ਜਿੱਤ ਦੇ ਨਸ਼ੇ ਨਾਲ ਝੂਮ ਰਿਹਾ ਹੈ।

ਪੈਟ ਲਈ ਤਾਂ ਅੱਜ ਮਹਾਨ ਚੜ੍ਹਤ ਦਾ ਦਿਨ ਹੈ।

ਉਹ ਸਕਾੱਚ ਦੇ ਦੋ-ਤਿੰਨ ਪੈੱਗ ਚੜ੍ਹਾ ਚੁੱਕਾ ਹੈ ਅਤੇ 'ਵੀਲ੍ਹ ਚੇਅਰ' ਨੂੰ ਅਲਵਿਦਾ ਕਹਿ ਕੇ ਕੁਝ ਖਾਣ ਲਈ ਇਕ ਟੇਬਲ ਦੇ ਨਾਲ ਕੁਰਸੀ ਉਪਰ ਆ ਬਿਰਾਜਮਾਨ ਹੋਇਆ ਹੈ ਅਤੇ ਉਹਦੀਆਂ ਸਿਰਫ਼ ਕਿਲਕਾਰੀਆਂ ਤੇ ਚੀਕਾਂ ਸੁਣਾਈ ਦੇ ਰਹੀਆਂ ਹਨ:

"ਅਸੀਂ ਜਿੱਤ ਰਹੇ ਹਾਂ ... ਹੁ ... ਰ ... ਰਾ ...!"

ਓਬਾਮਾ ਦੇ ਹੱਕ ਵਿਚ ਐਲਾਨੇ ਜਾਣ ਵਾਲੇ ਹਰ ਨਤੀਜੇ ਦੇ ਬਾਅਦ ਉਹ ਇਕ ਹੱਥ ਨਾਲ ਕੁਰਸੀ ਅਤੇ ਦੂਜੇ ਹੱਥ ਨਾਲ ਟੇਬਲ ਦਾ ਸਹਾਰਾ ਲੈ ਕੇ ਤੇ ਕੋਡਾ ਜਿਹਾ ਹੋ ਕੇ ਨੱਚਣ ਲੱਗਦਾ ਹੈ ਅਤੇ ਉਹਦੇ ਸਾਥੀਆਂ ਸਹਿਤ ਕਈ ਹੋਰ ਲੋਕ ਵੀ ਝੂਮਣ-ਨੱਚਣ ਲੱਗ ਪੈਂਦੇ ਹਨ।

ਇਧਰ 'ਓਕਮੀਡ ਵਿਲਿਜ਼' ਜਿੱਤ ਦੇ ਜਸ਼ਨ ਮਨਾ ਰਿਹਾ ਹੈ।

ਉਧਰ ਸ਼ਿਕਾਗੋ ਖੁਸ਼ੀ ਨਾਲ ਪਾਟਣ ਨੂੰ ਫਿਰਦਾ ਹੈ।

ਜਿੱਥੇ ਭੀੜ ਦਾ ਸਮੁੰਦਰ ਠਾਠਾਂ ਮਾਰਦਾ ਝੂਮ ਰਿਹਾ ਹੈ।

ਜਿਨ੍ਹਾਂ ਵਿਚ ਕਾਲੇ ਲੋਕ ਭਾਰੀ ਗਿਣਤੀ ਵਿਚ ਮੌਜੂਦ ਹਨ।

ਰਾਤ ਦੇ ਗਿਆਰਾਂ ਵੱਜ ਚੁੱਕੇ ਹਨ ਅਤੇ ਕਿਸੇ ਵੀ ਪਲ ਓਬਾਮਾ ਦੀ ਜਿੱਤ ਦਾ ਅੰਤਿਮ ਐਲਾਨ ਹੋ ਸਕਦਾ ਹੈ ਅਤੇ ਉਹ ਜੇਤੂ ਸਪੀਚ ਦੇਣ ਲਈ ਆ ਰਿਹਾ ਦੱਸਿਆ ਜਾ ਰਿਹਾ ਹੈ। ਉਹਦੀ ਪਤਨੀ ਮਿਸ਼ੈਲ ਓਬਾਮਾ ਅਤੇ ਹੋਰ ਅਨੇਕ ਮਹਿਮਾਨੇ ਖਸੂਸੀ ਪਹੁੰਚ ਚੁੱਕੇ ਹਨ ਅਤੇ ਭੀੜ ਦਾ ਸਮੁੰਦਰ ਉਫਨਦਾ ਹੋਇਆ ਹੁਣ ਮੈਦਾਨ ਤੋਂ ਬਾਹਰ ਨਿਕਲ ਕੇ ਸ਼ਿਕਾਗੋ ਦੀਆਂ ਸੜਕਾਂ ਤੇ ਬਜ਼ਾਰਾਂ ਤੱਕ ਫੈਲ ਗਿਆ ਹੈ।

ਉਧਰ ਸ਼ਿਕਾਗੋ ਵਿਚ ਲੱਖਾਂ ਅੱਖਾਂ ਓਬਾਮਾ ਦੇ ਇੰਤਜ਼ਾਰ ਵਿਚ ਨੱਚ ਰਹੀਆਂ ਹਨ ਅਤੇ ਇਧਰ ਪੈਟ ਨੂੰ ਕਿਸੇ ਨੇ ਚੌਥਾ ਪੈੱਗ ਬਣਾ ਕੇ ਦਿੱਤਾ ਹੈ ਤਾਂ ਉਹਦੀ ਪਤਨੀ ਨੇ ਗਲਾਸ ਉਹਦੇ ਹੱਥ ਵਿਚੋਂ ਫੜ ਲਿਆ ਹੈ। ਇਸ ਲਈ ਉਹ ਇਕਦਮ 'ਮੈਡ' ਹੋ ਗਿਆ ਹੈ:

"ਨਹੀਂ ਪੈਗੀ, ਅੱਜ ਨਹੀਂ! ਅੱਜ ਨਹੀਂ ਤੂੰ ਰੋਕ ਸਕਦੀ!"

ਉਹ ਗਰਜ ਰਿਹਾ ਹੈ ਤਾਂ ਪੈਗੀ ਨਰਮ ਪੈ ਗਈ ਹੈ, "ਤੇਰਾ ਬਲੱਡ ਪਰੈਸ਼ਰ ਅੱਜ ਸਵੇਰ ਦਾ ਹੀ ਹਾਈ ਐ, ਤੇਰੇ ਲਈ ਇਕ ਵੀ ਹੋਰ ਘੁੱਟ ਜ਼ਹਿਰ ਸਾਬਤ ਹੋ ਸਕਦਾ ... ਸਮਝਣ ਦੀ ਕਸ਼ਿਸ਼ ਕਰ, ਪੈਟ!"

"ਨਹੀਂ ਪੈਗੀ ਅੱਜ ਨਹੀਂ! ਅੱਜ ਮੇਰਾ ਦਿਨ ਹੈ!"

"ਤੇਰਾ ਮਰਨ ਦਾ ਇਰਾਦਾ ਹੈ ਕਿਆ?"

"ਨਹੀਂ, ਅੱਜ ਨਹੀਂ ਤੂੰ ਰੋਕ ਸਕਦੀ!"

ਪੈਟ ਇਹ ਗੱਲ ਰਟਦਾ ਗਲਾਸ ਲੈਣ ਲਈ ਊਧਮ ਮਚਾ ਰਿਹਾ ਹੈ। ਇਸ ਨਾਲ ਜਸ਼ਨ ਦਾ ਰੰਗ ਕੁਝ ਫਿੱਕਾ ਪੈ ਗਿਆ ਹੈ ਅਤੇ ਪੈਗੀ ਨੇ ਹਾਰ ਕੇ ਬੁੜਬੁੜ ਕਰਦੀ ਨੇ ਗਲਾਸ ਉਹਦੇ ਹੱਥ ਫੜਾ ਹੀ ਦਿੱਤਾ ਹੈ:

"ਚੱਲ ਮਰ ਫਿਰ ... ਜੇ ਤੂੰ ਇੰਜ ਹੀ ਮਰਨਾ ਚਾਹੁੰਨਾਂ!"

"ਥੈਂਕ ਯੂ ਮਾਈ ਸਵੀਟ ... ਓਲਡ ਲੇਡੀ ... ਆਈ ਲਵ ਯੂ!"

ਉਹ ਗਲਾਸ ਹੱਥ ਵਿਚ ਲੈ ਕੇ ਖੁਸ਼ੀ ਨਾਲ ਫੁਦਕ ਰਿਹਾ ਹੈ।

ਤੇ ਐਨ ਇਸੇ ਮੌਕੇ ਓਬਾਮਾ ਦੀ ਜਿੱਤ ਦਾ ਐਲਾਨ ਹੋ ਗਿਆ ਹੈ।



ਉਹ ਹੁਣ ਜੇਤੂ ਅੰਦਾਜ਼ ਵਿਚ ਸਟੇਜ ਵੱਲ ਵਧ ਰਿਹਾ ਹੈ। ਭੀੜ ਦਾ ਸਮੁੰਦਰ ਉਹਨੂੰ ਦੇਖਣ ਲਈ ਥਰਥਰਾ ਉੱਠਿਆ ਹੈ ਅਤੇ ਅਮਰੀਕਾ ਦੇ ਹਰ ਹੋਰ ਅਨੇਕ ਸ਼ਹਿਰਾਂ ਅਤੇ ਬਸਤੀਆਂ ਵਾਂਗ 'ਓਕਮੀਡ ਵਿਲਿਜ਼' ਵੀ ਪਟਾਕਿਆਂ ਤੇ ਆਤਸ਼ਬਾਜੀ ਨਾਲ ਗੂੰਜ ਉੱਠਿਆ ਹੈ।

ਅਮਰੀਕਾ ਪਟਾਕੇ ਵਜਾ ਰਿਹਾ ਹੈ ਅਤੇ ਓਬਾਮਾ ਆਪਣੀ ਜਿੱਤ ਨੂੰ ਸ਼ਬਦਾਂ ਦਾ ਬਾਣਾ ਪਹਿਨਾਅ ਰਿਹਾ ਹੈ, "ਅੱਜ ਅਮਰੀਕਾ ਨੇ ਇਕ ਨਵਾਂ ਇਤਿਹਾਸ ਸਿਰਜ ਦਿੱਤਾ ਹੈ ..." ਉਹਦਾ ਚਿਹਰਾ ਖੁਸ਼ੀ ਤੇ ਸਵੈ-ਮਾਣ ਨਾਲ ਦਗ਼ ਰਿਹਾ ਹੈ। ਉਹ ਆਪਣੀ ਜ਼ਿੰਦਗੀ ਦੇ ਸਭ ਤੋਂ ਉਤਮ ਸ਼ਬਦ ਬੋਲ ਰਿਹਾ ਹੈ ਤਾਂ ਭੀੜ ਦੀਆਂ ਅੱਖਾਂ ਵਿਚੋਂ ਖੁਸ਼ੀ ਦੇ ਹੰਝੂ ਛਲਕ ਉੱਠੇ ਹਨ ਅਤੇ ਇਧਰ ਪੈਟ ਨੇ ਉੱਠ ਕੇ ਨੱਚਣਾ ਸ਼ੁਰੂ ਕਰ ਦਿੱਤਾ ਹੈ।

ਉਹ ਇੰਜ ਨੱਚ ਰਿਹਾ ਹੈ ਜਿਵੇਂ ਨਕਲੀ ਲੱਤਾਂ ਨਾਲ ਨਹੀਂ, ਅਸਲੀ ਨਾਲ ਨੱਚ ਰਿਹਾ ਹੋਵੇ ... ਬਿਨਾ ਕਿਸੇ ਸਹਾਰੇ ਦੇ ਇੰਜ ਸਾਰਾ ਜਿਸਮ ਘੁਮਾ ਰਿਹਾ ਹੈ ਜਿਵੇਂ ਉਹਦੀ ਜਵਾਨੀ ਵਾਪਸ ਪਰਤ ਆਈ ਹੋਵੇ।

ਪੈਟ ਨੱਚ ਰਿਹਾ ਹੈ ਤੇ ਉਹਦੇ ਨਾਲ ਸਾਰਾ ਹਾਲ ਨੱਚ ਰਿਹਾ ਹੈ।

ਪਰ ਪੈਗੀ ਇਕ ਖੂੰਜੇ ਵਿਚ ਗੁੰਮ-ਸੁੰਮ ਖੜ੍ਹੀ ਖਾਰੇ ਹੰਝੂ ਪੀ ਰਹੀ ਹੈ। ਮੈਂ ਉਹਦੇ ਕੋਲ ਆ ਕੇ ਉਹਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਪਰ ਉਹਦਾ ਮਨ ਸੰਭਲ ਨਹੀਂ ਰਿਹਾ। ਉਹਦਾ ਕਲੇਜਾ ਧੱਕ-ਧੱਕ ਕਰ ਰਿਹਾ ਹੈ ਅਤੇ ਉਹ ਮੈਨੂੰ ਕਹਿ ਰਹੀ ਹੈ:

"ਮੇਰੇ ਬੇਟੇ, ਕੀ ਤੂੰ ਪੈਟ ਨੂੰ ਰੋਕ ਸਕਦਾ ਏਂ? ਮੈਨੂੰ ਪਤਾ, ਉਹ ਤੇਰੀ ਬਹੁਤ ਕਦਰ ਕਰਦਾ ਏ, ਤੇਰਾ ਕਹਾ ਨਹੀਂ ਟਾਲ ਸਕਦਾ ...!"

ਪਰ ਇਹ ਸ਼ਬਦ ਉਹਦੇ ਬੁੱਲ੍ਹਾਂ 'ਤੇ ਹੀ ਹਨ ਅਤੇ ਮੈਂ ਪਹਿਲਾ ਕਦਮ ਪੁੱਟਿਆ ਹੀ ਹੈ ਕਿ ਪੈਟ ਦਾ ਅਚਾਨਕ ਰਿਦਮ ਵਿਗੜ ਗਿਆ ਹੈ ਅਤੇ ਉਹ ਧੜਾਮ ਕਰਦਾ ਥੱਲੇ ਫਰਸ਼ ਉੱਤੇ ਡਿੱਗ ਕੇ ਅਤੇ ਫਿਰ ਇਕ ਵਾਰ ਬੁੜ੍ਹਕ ਕੇ, ਇਕ ਹੋਰ ਕਲਾਬਾਜ਼ੀ ਖਾ ਕੇ ਮੂੰਹ ਭਰਨੇ ਪਿਆ ਹੈ। ਉਹਦਾ ਮੂੰਹ-ਸਿਰ ਲਹੂ-ਲੁਹਾਣ ਹੋ ਗਿਆ ਹੈ, ਦੋਵੇਂ ਲੱਤਾਂ ਧੜ ਨਾਲੋਂ ਅਲੱਗ ਹੋ ਕੇ ਪਰੇ ਜਾ ਡਿੱਗੀਆਂ ਹਨ ਅਤੇ 'ਪਰਪਲ ਹਰਟ' ਤਗਮਾ ਵੀ ਬੁੜ੍ਹਕ ਕੇ ਮੇਰੇ ਪੈਰਾਂ ਵਿਚ ਆ ਡਿੱਗਿਆ ਹੈ।

ਸਾਰੇ ਹਾਲ ਵਿਚ ਇਕਦਮ ਸੰਨਾਟਾ ਛਾ ਗਿਆ ਹੈ। ਕਈ ਜਣੇ ਫੁਰਤੀ ਨਾਲ ਉਹਦੇ ਵੱਲ ਵਧੇ ਹਨ। ਉਹਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਹ ਮਾੜਾ ਜਿਹਾ ਹਿੱਲ ਕੇ ਨਿਢਾਲ ਹੋ ਗਿਆ ਹੈ।

ਉਧਰ ਸ਼ਿਕਾਗੋ ਵਿਚ ਜਿੱਤ ਦੇ ਜਸ਼ਨ ਸਿੱਖਰ ਛੋਹ ਰਹੇ ਹਨ, ਭੀੜ ਦਾ ਸਮੁੰਦਰ ਖੁਸ਼ੀ ਨਾਲ ਨੱਚ-ਝੂਮ ਤੇ ਗਾ ਰਿਹਾ ਹੈ ਅਤੇ ਇਧਰ ਪਾਬਲੋ ਨੇ ਤਰਲ ਅੱਖਾਂ ਨਾਲ ਟੀਵੀ ਦਾ ਸਵਿੱਚ ਆੱਫ ਕਰ ਦਿੱਤਾ ਹੈ।

ਪੈਗੀ 'ਨਾਈਨ ਵੰਨ ਵੰਨ' ਨੂੰ ਐਮਰਜਿੰਸੀ ਕਾਲ ਕਰਨ ਤੋਂ ਬਾਅਦ ਪੈਟ ਦੀ ਨਰਸ ਨੂੰ ਕਾਲ ਕਰ ਰਹੀ ਹੈ ਅਤੇ ਮੈਂ ਉਹਦੀਆਂ ਦੋਵੇਂ ਲੱਤਾਂ ਅਤੇ ਤਗਮਾ ਸੰਭਾਲ ਕੇ ਉਸੇ ਖੂੰਜੇ ਵਿਚ ਜਾ ਖੜੋਇਆ ਹਾਂ। ਮੇਰੀਆਂ ਅੱਖਾਂ ਵਿਚੋਂ ਗੁੰਮ-ਸੁੰਮ ਹੰਝੂਆਂ ਦੀ ਇਕ ਧਾਰ ਵਹਿ ਤੁਰੀ ਹੈ:

'ਵੇਚਾਰਾ ਪੈਟ!' ਮੇਰਾ ਮਨ ਰੋ ਰਿਹਾ ਹੈ।

ਕਈ ਹੋਰ ਅੱਖਾਂ ਵੀ ਨਮ ਦਿਖਾਈ ਦੇ ਰਹੀਆਂ ਹਨ। ਪਰ ਪੈਗੀ ਦੀਆਂ ਅੱਖਾਂ ਤਮਤਮਾ ਰਹੀਆਂ ਹਨ ਅਤੇ ਮੈਡੀਕਲ ਵੈਨ ਤੋਂ ਪਹਿਲਾਂ ਪੈਟ ਦੀ ਨਰਸ, ਫਸਟ-ਏਡ ਦੀ ਕਿੱਟ ਹੱਥ ਵਿਚ ਲਈ ਹਾਲ ਵਿਚ ਵੜੀ ਹੈ ਤਾਂ ਪੈਗੀ ਦੀਆਂ ਨਜ਼ਰਾਂ ਉਹਦੇ ਉਪਰ ਟਿਕੀਆਂ ਹੋਈਆਂ ਹਨ। ਨਰਸ ਦੇ ਹੱਥ, ਨਬਜ਼ ਟੋਂਹਦੇ ਕੰਬਣ ਲੱਗ ਪਏ ਹਨ, ਤਾਂ ਪੈਗੀ ਦੇ ਚਿਹਰੇ ਦਾ ਰੰਗ ਚਿੱਟੇ ਤੋਂ ਪੀਲਾ-ਜ਼ਰਦ ਹੁੰਦਾ ਜਾ ਰਿਹਾ ਹੈ ਪਰ ਅਚਾਨਕ ਮੈਡੀਕਲ ਵੈਨ ਦੇ ਭੋਂਪੋਂਆਂ ਅਤੇ ਸੀਟੀਆਂ ਦੀ ਕੁਰਲਾਹਟ ਵਾਤਾਵਰਣ ਨੂੰ ਚੀਰਦੀ ਹੋਈ ਸੁਣਾਈ ਦਿੱਤੀ ਹੈ ਤਾਂ ਪੈਗੀ ਦੇ ਚਿਹਰੇ ਉਪਰ ਉਮੀਦ ਦੀ ਇਕ ਹਲਕੀ ਜਿਹੀ ਲਕੀਰ ਉਭਰਨੀ ਸ਼ੁਰੂ ਹੋ ਗਈ ਹੈ ਅਤੇ ਜਿਉਂ-ਜਿਉਂ ਇਹ ਆਵਾਜ਼ ਨਜ਼ਦੀਕ ਪਹੁੰਚ ਰਹੀ ਹੈ, ਇਹ ਲਕੀਰ ਗੂੜ੍ਹੀ ਹੁੰਦੀ ਜਾ ਰਹੀ ਹੈ।

**Add.Prof. HARBHAJAN SINGH**
3335, Homestead Road
APT. #17 SANTA CLARA,
CA 95051, U. S. A.

* *

## ਕਹਾਣੀ / ਕੀ ਹੈ ਇਸ ਰਿਸ਼ਤੇ ਦਾ ਨਾਂ/ ਕੁਲਦੀਪ ਸਿੰਘ ਬੇਦੀ

"ਮਾਈ ਸਨ ਹੈਂਡਲ ਮਾਈ ਫੋਨ, ਡੌਂਟ ਐੱਸ. ਐੱਮ. ਐੱਸ. ਮੀ, ਰਾਦਰ ਯੂ ਕੈਨ ਕਾਲ ਮੀ।"

ਉਪਰੋਕਤ ਮੈਸੇਜ ਜਦੋਂ ਹਰਵੰਤ ਨੇ ਪੜ੍ਹਿਆ ਤਾਂ ਉਹ ਤਿਲਮਿਲਾ ਉਠਿਆ-ਕੀ ਸਮਝਦੀ ਹੈ ਆਪਣੇ ਆਪ ਨੂੰ। ਇਹ ਹਰਵੰਤ ਨੂੰ ਤੀਜਾ ਝਟਕਾ ਸੀ ਜੋ ਜੋਤੀ ਵਲੋਂ ਦਿੱਤਾ ਗਿਆ। ਹੌਲੀ-ਹੌਲੀ ਉਹ ਆਪਣੇ ਸੰਬੰਧ ਹਰਵੰਤ ਨਾਲੋਂ ਤੋੜ ਰਹੀ ਸੀ। ਪਹਿਲਾਂ ਉਹ ਕਦੇ-ਕਦੇ ਉਸ ਨਾਲ ਪ੍ਰੋਗਰਾਮ ਬਣਾਉਂਦੀ ਅਤੇ ਉਹ ਮਹੀਨੇ ਵੀਹਾਂ ਦਿਨਾਂ ਪਿਛੋਂ ਕਿਤੇ ਨਾ ਕਿਤੇ ਇਕੱਠੇ ਹੁੰਦੇ। ਹਰਵੰਤ ਨੂੰ ਬੜੇ ਚਿਰਾਂ ਤੋਂ ਮਹਿਸੂਸ ਹੋ ਰਿਹਾ ਸੀ ਕਿ ਜੋਤੀ ਉਸ ਨਾਲੋਂ ਵਿੱਥ ਬਣਾ ਰਹੀ ਹੈ। ਇਕ ਦਿਨ ਉਸਨੇ ਫੋਨ 'ਤੇ ਹੀ ਇਹੀ ਗਿਲਾ ਕੀਤਾ ਤਾਂ ਹਰਵੰਤ ਨੂੰ ਜੁਆਬ ਮਿਲਿਆ, "ਜ਼ਿੰਮੇਵਾਰੀਆਂ ਵਧ ਗਈਆਂ ਨੇ, ਬੱਚੇ ਹੁਣ ਵੱਡੇ ਹੋ ਗਏ ਨੇ। ਸਰੁਚੀ ਪਲੱਸ ਟੂ 'ਚ ਹੋ ਗਈ ਹੈ। ਗੈਵੀ ਨੇ ਦੱਸਵੀਂ ਦੇ ਪੇਪਰ ਦੇਣੇ ਨੇ। ਉਨ੍ਹਾਂ ਦੋਵਾਂ ਨੂੰ ਟਾਈਮ ਦੇਣਾ ਪੈਂਦੈ। ਬੜਾ ਮੁਸ਼ਕਲ ਹੋ ਗਿਆ ਘਰੋਂ ਨਿਕਲਣਾ।"

ਹਰਵੰਤ ਨੂੰ ਲੱਗਿਆ ਕਿ ਕੀ ਇਹ ਉਹੀ ਜੋਤੀ ਹੈ ਜੋ ਕਦੇ ਉਸਨੂੰ ਆਖਦੀ ਸੀ, "ਹੁਣ ਤਾਂ ਹਰਵੰਤ ਤੇਰੇ ਬਿਨਾਂ ਦਿਨ ਕੱਢਣੇ ਔਖੇ ਲੱਗਦੇ ਨੇ। ਪੰਦਰਾਂ ਦਿਨਾਂ 'ਚ ਘੱਟੋ-ਘੱਟ ਇਕ ਮੁਲਾਕਾਤ ਤਾਂ ਜ਼ਰੂਰੀ ਏ।" ਹੁਣ ਹਰਵੰਤ ਸੋਚਦਾ ਕਿ ਪਿਛਲੇ ਦੋ ਸਾਲ ਤੋਂ ਜੋਤੀ ਨੇ ਇਕ ਫਾਸਲਾ ਬਣਾਇਆ ਹੋਇਆ ਹੈ। ਹਰਵੰਤ ਨੂੰ ਉਹ ਅਣਡਿਠ ਕਰ ਰਹੀ ਹੈ। ਕਿਸੇ ਵੀ ਸਮਾਗਮ ਵਿਚ, ਜਿੱਥੇ ਵੀ ਉਹ ਹਰਵੰਤ ਨੂੰ ਦੇਖਦੀ, ਬਚਣ ਦੀ ਕੋਸ਼ਿਸ਼ ਕਰਦੀ। ਕਿਸੇ ਵੇਲੇ ਲੰਮੇ-ਲੰਮੇ ਫੋਨ ਚੱਲਦੇ ਸੀ ਦੋਵਾਂ ਵਿਚਕਾਰ। ਜਦੋਂ ਅਜੇ ਦੋਵਾਂ ਦੀ ਨੇੜਤਾ ਨਹੀਂ ਸੀ ਹੋਈ ਤਾਂ ਫੋਨ ਉਤੇ ਬੜਾ ਚਿਰ ਜੋਤੀ ਨੇ ਗੱਲਾਂ ਕਰਦੇ ਰਹਿਣਾ। ਇਨ੍ਹਾਂ ਫੋਨਾਂ ਨੇ ਹੀ ਦੋਵਾਂ ਦੀ ਆਪਸ 'ਚ ਨੇੜਤਾ ਕਰਵਾ ਦਿੱਤੀ ਪਰ ਅਜਕਲ ਜੋਤੀ, ਹਰਵੰਤ ਦੇ ਫੋਨ ਸੁਣਨੋਂ ਵੀ ਗੁਰੇਜ਼ ਕਰਦੀ। ਪਿੱਛੇ ਜਿਹੇ ਜਦੋਂ ਹਰਵੰਤ ਨੇ ਇਸ ਬਾਰੇ ਜੋਤੀ ਨੂੰ ਸ਼ਿਕਾਇਤ ਕੀਤੀ ਤਾਂ ਉਸਦਾ ਉੱਤਰ ਸੀ, "ਸੌਰੀ! ਗੈਵੀ ਕੋਲ ਹੁੰਦਾ ਏ ਮੇਰਾ ਫੋਨ। ਬਾਅਦ 'ਚ ਤੁਹਾਡੀ ਮੈਂ ਮਿੱਸ ਕਾਲ ਦੇਖੀ ਸੀ।"

ਅੱਜ ਵਾਲਾ ਮੈਸੇਜ ਪੜ੍ਹ ਕੇ ਤਾਂ ਹਰਵੰਤ ਨੂੰ ਯਕੀਨ ਹੋ ਗਿਆ ਕਿ ਜੋਤੀ ਉਸਤੋਂ ਖਹਿੜਾ ਛੁਡਾ ਰਹੀ ਹੈ। ਉਹ ਗੁੱਸੇ 'ਚ ਆ ਗਿਆ ਤੇ ਬੁੜਬੁੜਾਇਆ- ਸਾਲੀ ਕਮੀਨੀ! ਸਿੱਧਾ ਨਹੀਂ ਕਹਿੰਦੀ ਕਿ ਹੁਣ ਮੈਂ ਤੇਰੇ ਤੋਂ ਅੱਕ ਗਈ ਹਾਂ।"

ਪੰਜਾਬ ਸਕੱਤਰੇਤ ਵਿਚ ਹਰਵੰਤ ਦੀ ਜੋਤੀ ਨਾਲ ਪੰਜ ਵਰ੍ਹੇ ਪਹਿਲਾਂ ਮੁਲਾਕਾਤ ਹੋਈ ਸੀ। ਉਸਨੇ ਆਪਣੇ ਇਕ ਮੈਗਜ਼ੀਨ ਲਈ ਡੈਕਲੇਰੇਸ਼ਨ ਅਪਲਾਈ ਕੀਤਾ ਸੀ। ਚਿੱਠੀ ਕਢਵਾਉਣ ਦੇ ਸਿਲਸਿਲੇ 'ਚ ਜਦੋਂ ਉਹ ਸਕੱਤਰੇਤ ਦੇ ਹੋਮ ਡਿਪਾਰਟਮੈਂਟ 'ਚ ਗਿਆ ਤਾਂ ਡੀਲਿੰਗ ਐਸਿਸਟੈਂਟ ਦਿਲਜੋਤ ਨਾਲ ਉਸਦੀ ਮੁਲਾਕਾਤ ਹੋ ਗਈ। ਦਿਲਜੋਤ ਦੇ ਕਿਤਾਬੀ ਚਿਹਰੇ ਨੇ ਹਰਵੰਤ ਨੂੰ ਮੋਹ ਲਿਆ ਅਤੇ ਦਿਲਜੋਤ ਨੇ ਨਿੱਜੀ ਦਿਲਚਸਪੀ ਲੈ ਕੇ ਉਸਦੀ ਚਿੱਠੀ ਕਢਵਾਈ ਅਤੇ ਆਰ. ਐੱਨ. ਆਈ. ਆਫਿਸ ਦਿੱਲੀ ਨੂੰ ਡਿਸਪੈਚ ਕਰਵਾ ਕੇ, ਹਰਵੰਤ ਨੂੰ ਡਿਸਪੈਚ ਨੰਬਰ ਦੇ ਦਿੱਤਾ।

ਹਰਵੰਤ ਡਿਸਪੈਚ ਨੰਬਰ ਹੀ ਚਾਹੁੰਦਾ ਸੀ ਅਤੇ ਹੁਣ ਉਸ ਲਈ ਦਿੱਲੀ ਦੇ ਆਰ. ਐੱਨ. ਆਈ. ਦੇ ਦਫਤਰੋਂ ਟਾਈਟਲ ਲੈਣਾ ਸੌਖਾ ਹੋ ਜਾਣਾ ਸੀ।

ਇਸ ਦੌਰਾਨ ਦਿਲਜੋਤ ਨੇ ਉਸਨੂੰ ਦੋ ਵਾਰ ਚਾਹ ਪਿਲਾਈ। ਦਿਲਜੋਤ ਨੂੰ ਉਸਨੇ ਦੱਸਿਆ ਕਿ ਉਹ ਸਾਹਿਤਕ ਕਿਸਮ ਦਾ ਮਾਸਕ ਪਰਚਾ ਕੱਢ ਰਿਹਾ ਹੈ ਪਰ ਉਸਦੀ ਰਜਿਸਟ੍ਰੇਸ਼ਨ ਨਹੀਂ ਸੀ ਕਰਵਾਈ। ਦਿਲਜੋਤ ਨੇ ਦੱਸਿਆ ਕਿ ਉਹ ਵੀ ਕਦੇ-ਕਦੇ ਕਵਿਤਾ ਲਿਖਦੀ ਹੈ ਪਰ ਇਹ ਸ਼ੌਕ ਉਸਦਾ ਆਪਣੇ ਤੱਕ ਹੀ ਸੀਮਤ ਹੈ, ਕਦੇ ਕੁਝ ਛਪਵਾਇਆ ਨਹੀਂ। ਹਰਵੰਤ ਨੇ ਕਿਹਾ ਕਿ ਉਹ ਆਪਣੀਆਂ ਕਵਿਤਾਵਾਂ ਉਸਨੂੰ ਭੇਜਿਆ ਕਰੇ। ਆਪੋ ਆਪਣੇ ਪਤਿਆਂ ਦਾ ਵਟਾਂਦਰਾ ਕੀਤਾ ਅਤੇ ਦਿਲਜੋਤ ਨੇ ਉਸਦਾ ਮੋਬਾਈਲ ਨੰਬਰ ਵੀ ਨੋਟ ਕਰ ਲਿਆ। ਹਰਵੰਤ ਆਪਣੇ ਸ਼ਹਿਰ ਲੁਧਿਆਣੇ ਪਰਤਿਆ ਤਾਂ ਦਿਲਜੋਤ ਨਾਲ ਫੋਨਾਂ ਦਾ ਸਿਲਸਿਲਾ ਆਰੰਭ ਹੋ ਗਿਆ। ਲੰਬੇ-ਲੰਬੇ ਫੋਨ 'ਤੇ ਫਿਰ ਲੰਬੇ ਲੰਬੇ ਵਾਅਦੇ। ਇਕ ਦਿਨ ਤਾਂ



ਦਿਲਜੋਤ ਨੇ ਆਪਣੇ ਦਿਲ ਦੀ ਗੱਲ ਹਰਵੰਤ ਨੂੰ ਕੁਝ ਇਸ ਤਰ੍ਹਾਂ ਆਖੀ, "ਹਰਵੰਤ ਤੇ ਦਿਲਜੋਤ। ਮੈਂ ਪਤਾ ਆਪਣੇ ਆਪ ਨੂੰ ਦਿਲਜੋਤ ਨਹੀਂ ਸਮਝਦੀ, ਹਰਜੋਤ ਸਮਝਦੀ ਹਾਂ ਤੇਰੇ ਨਾਂ 'ਚੋਂ ਹਰ ਚੁਰਾ ਲਿਆ ਹੈ।"

ਹਰਵੰਤ ਨੂੰ ਦਿਲਜੋਤ ਦੀ ਨੇੜਤਾ ਦਾ ਅਹਿਸਾਸ ਹੋਇਆ ਅਤੇ ਫਿਰ ਹਰਵੰਤ ਚੰਡੀਗੜ੍ਹ ਪਹੁੰਚ ਗਿਆ। ਸਕੱਤਰੇਤ 'ਚ ਉਸਨੂੰ ਮਿਲਕੇ, ਉਸਦੀ ਸਹਿਮਤੀ ਨਾਲ ਇਕ ਰਾਤ ਲਈ ਦਿਲਜੋਤ ਨੂੰ ਸੋਲਨ ਲੈ ਲਿਆ। ਦਿਲਜੋਤ ਨੇ ਬਿਨਾਂ ਕਿਸੇ ਝਿਜਕ ਦੇ ਆਪਣਾ ਸਭ ਕੁਝ ਹਰਵੰਤ ਦੇ ਹਵਾਲੇ ਕਰ ਦਿੱਤਾ। ਅਗਲੇ ਦਿਨ ਸਵੇਰੇ ਵਿਛੜਦਿਆਂ ਦਿਲਜੋਤ ਨੇ ਕਿਹਾ ਕਿ ਹੁਣ ਇਹ ਰਿਸ਼ਤਾ ਕਦੇ ਨਾ ਮੁੱਕੇ, ਕਦੇ ਨਾ ਟੁੱਟੇ।

ਹਰਵੰਤ ਦਾ ਆਪਣਾ ਇਕ ਮਾਸਕ ਪੱਤਰ ਸੀ, ਜਿਸਨੂੰ ਉਹ ਪੁਸਤਕ ਲੜੀ ਦੇ ਰੂਪ ਵਿਚ ਕਾਫੀ ਦੇਰ ਤੋਂ ਪ੍ਰਕਾਸ਼ਿਤ ਕਰਦਾ ਆ ਰਿਹਾ ਸੀ। ਜਦੋਂ ਉਹ ਇਸ ਪਰਚੇ ਲਈ ਸਰਕਾਰੀ ਇਸ਼ਤਿਹਾਰਾਂ ਤੱਕ ਅਪਰੋਚ ਕਰਦਾ ਤਾਂ ਇਹ ਪ੍ਰਸ਼ਨ ਖੜ੍ਹਾ ਹੋ ਜਾਂਦਾ ਕਿ ਇਹ ਪਰਚਾ ਤਾਂ ਰਜਿਸਟਰਡ ਨਹੀਂ ਹੈ। ਇਸ ਲਈ ਹਰਵੰਤ ਨੂੰ ਇਸ ਦਾ ਟਾਈਟਲ ਰਜਿਸਟਰਡ ਕਰਾਉਣਾ ਪੈ ਗਿਆ। ਇਸੇ ਦੀ ਦਫਤਰੀ ਕਾਰਵਾਈ ਦੌਰਾਨ ਦਿਲਜੋਤ ਨਾਲ ਉਸਦਾ ਸੰਬੰਧ ਬਣ ਗਿਆ।

ਦਿਲਜੋਤ ਨੇ ਆਪਣੀ ਹੁਣ ਤੱਕ ਦੀ ਜ਼ਿੰਦਗੀ 'ਚ ਸਿਰਫ ਚਾਰ ਪੰਜ ਕਵਿਤਾਵਾਂ ਕਦੇ ਲਿਖੀਆਂ ਸਨ, ਹਰਵੰਤ ਦੀ ਪ੍ਰੇਰਨਾ ਨਾਲ ਹੁਣ ਹੋਰ ਤੇਜ਼ੀ ਨਾਲ ਲਿਖਣ ਲੱਗੀ। ਉਸਦੀਆਂ ਕਵਿਤਾਵਾਂ ਹਰਵੰਤ ਦੇ ਮੈਗਜ਼ੀਨ 'ਚ ਛਪਦੀਆਂ। ਦਿਲਜੋਤ ਦਾ ਪਤੀ ਐਕਸਾਈਜ਼ ਮਹਿਕਮੇ 'ਚ ਅਫਸਰ ਸੀ। ਦਿਲਜੋਤ ਨੇ ਉਸਨੂੰ ਆਪਣੇ ਪਤੀ ਨਾਲ ਮਿਲਵਾਇਆ ਅਤੇ ਹਰਵੰਤ ਨੂੰ ਆਪਣਾ ਸਾਹਿਤਕ ਗੁਰੂ ਦੱਸਿਆ। ਕੁਲਬੀਰ ਬੜਾ ਪ੍ਰਭਾਵਿਤ ਹੋਇਆ ਹਰਵੰਤ ਦੇ ਵਿਅਕਤੀਤਵ ਤੋਂ ਅਤੇ ਉਸਨੂੰ ਪੱਕੀ ਕਰਦਾ ਕਿ ਜਦੋਂ ਵੀ ਉਹ ਚੰਡੀਗੜ੍ਹ ਆਵੇ ਤਾਂ ਉਨ੍ਹਾਂ ਦੇ ਘਰ ਹੀ ਠਹਿਰੇ। ਹਰਵੰਤ ਦਾ ਵਿਅਕਤੀਤਵ ਬੜਾ ਆਕਰਸ਼ਕ ਸੀ, ਆਪਣੀ ਬੋਲਬਾਣੀ ਨਾਲ ਸਭ ਨੂੰ ਕੀਲ ਲੈਂਦਾ।

ਉਹ ਜਦੋਂ ਵੀ ਚੰਡੀਗੜ੍ਹ ਜਾਂਦਾ, ਦਿਲਜੋਤ ਦੇ ਘਰ ਹੀ ਠਹਿਰਦਾ। ਉਸਦੀ ਪੂਰੀ ਸੇਵਾ ਹੁੰਦੀ। ਦਿਲਜੋਤ ਦੇ ਨਾਲ-ਨਾਲ ਕੁਲਬੀਰ ਵੀ ਉਸ 'ਤੇ ਵਿਛ-ਵਿਛ ਜਾਂਦਾ। ਉਨ੍ਹਾਂ ਦੀ ਧੀ ਸਰੁਚੀ ਅਤੇ ਪੁੱਤਰ ਗੈਵੀ ਤਾਂ ਹਰਵੰਤ ਦਾ ਬਿਲਕੁਲ ਖਹਿੜਾ ਨਾ ਛੱਡਦੇ। ਉਹ ਉਨ੍ਹਾਂ ਦਾ ਫੇਵਰਿਟ ਅੰਕਲ ਸੀ, ਕੁਲਬੀਰ ਦਾ ਫੇਵਰਿਟ ਭਾ ਜੀ ਅਤੇ ਦਿਲਜੋਤ ਦਾ ਦਿਲ ਚੋਰੀ ਕਰਨ ਵਾਲਾ ਅਰਥਾਤ ਸਭ ਕੁਝ। ਹਰਵੰਤ ਨੂੰ ਆਮ ਤੌਰ 'ਤੇ ਮੈਗਜ਼ੀਨ ਦੇ ਇਸ਼ਤਿਹਾਰਾਂ ਲਈ ਸਰਕਾਰੀ ਦਫਤਰਾਂ ਦੇ ਚੱਕਰ ਮਾਰਨੇ ਪੈਂਦੇ, ਰਾਤ ਵੀ ਰੁਕਣਾ ਪੈਂਦਾ। ਬਹੁਤੀ ਵਾਰ ਤਾਂ ਉਹ ਦਿਲਜੋਤ ਦੇ ਘਰ ਹੀ ਚਲਿਆ ਜਾਂਦਾ, ਕਦੇ ਦਿਲਜੋਤ ਮੌਕਾ ਬਣਾ ਲੈਂਦੀ ਤਾਂ ਦੋਵੇਂ ਸੋਲਨ ਦੀਆਂ ਪਹਾੜੀਆਂ ਵੱਲ ਚਲੇ ਜਾਂਦੇ। ਇਹ ਪਤਾ ਹੀ ਨਹੀਂ ਲੱਗਾ ਕਿ ਕਦੋਂ ਉਹ ਦਿਲਜੋਤ ਦੇ ਘਰ ਦਾ ਪੱਕਾ ਮੈਂਬਰ ਬਣ ਗਿਆ।

ਦਿਲਜੋਤ ਕਦੇ-ਕਦੇ ਚੰਡੀਗੜ੍ਹ 'ਚ ਹੀ ਹਰਵੰਤ ਨਾਲ ਰਹਿ ਲੈਂਦੀ। ਪਿੰਜੌਰ ਗਾਰਡਨ ਚਲੇ ਜਾਂਦੇ ਜਾਂ ਫਿਰ ਕਾਲਕਾ ਵਿਖੇ। ਉਹ ਕੁਲਬੀਰ ਨੂੰ ਫੋਨ 'ਤੇ ਦੱਸ ਦਿੰਦੀ ਕਿ ਹਰਵੰਤ ਜੀ ਆਏ ਹੋਏ ਹਨ, ਮੈਂ ਉਨ੍ਹਾਂ ਨੂੰ ਮਿਲਣ ਜਾਵਾਂਗੀ ਤੇ ਸ਼ਾਇਦ ਲੇਟ ਹੋ ਜਾਵਾਂ। ਜੇ ਉਨ੍ਹਾਂ ਨੇ ਮੇਰੇ ਨਾਲ ਘਰ ਆਉਣਾ ਹੋਇਆ ਤਾਂ ਦਸ ਦਿਆਂਗੀ। ਕੁਲਬੀਰ ਉਸ ਦਿਨ ਛੇਤੀ ਘਰ ਪਰਤ ਆਉਂਦਾ ਅਤੇ ਬੱਚਿਆਂ ਨੂੰ ਸੰਭਾਲ ਲੈਂਦਾ। ਦਿਲਜੋਤ ਅਤੇ ਹਰਵੰਤ ਕਿਸੇ ਹੋਟਲ ਦੇ ਕਮਰੇ 'ਚ ਬੈਠੇ ਸਾਹਿਤ, ਸਾਹਿਤਕਾਰਾਂ, ਸਾਹਿਤਕ ਗੋਸ਼ਟੀਆਂ ਨੂੰ ਡਿਸਕਸ ਕਰਦੇ ਅਤੇ ਆਪਣੇ ਸੰਬੰਧਾਂ ਨੂੰ ਨੇੜਿਓਂ ਮਾਣਦੇ। ਦਿਲਜੋਤ ਵੀ ਉੱਚੀ ਲੰਬੀ ਅਤੇ ਦਿਲਕਸ਼ ਔਰਤ ਸੀ, ਪਤਾ ਨਹੀਂ ਉਸ ਅੰਦਰ ਕਿਹੜੀ ਗੱਲ ਸੀ ਜਿਸਨੇ ਹਰਵੰਤ ਨੂੰ ਪ੍ਰਭਾਵਿਤ ਕੀਤਾ। ਹਰਵੰਤ ਦੀ ਪਤਨੀ ਦੋ ਕੁ ਵਰ੍ਹੇ ਪਹਿਲਾਂ ਪਰਲੋਕ ਸਿਧਾਰ ਗਈ ਸੀ। ਆਪਣੀਆਂ ਧੀਆਂ ਦੀਪੀ ਤੇ ਪ੍ਰੀਤੀ ਲਈ ਉਸਨੇ ਦੂਜਾ ਵਿਆਹ ਕਰਵਾਉਣ ਬਾਰੇ ਬਿਲਕੁਲ ਹੀ ਸੋਚਿਆ ਨਹੀਂ ਸੀ। ਆਪ ਉਹ ਫਿਰਤੂ ਬੰਦਾ ਸੀ ਇਸ ਲਈ ਘਰ ਵਿਚ ਉਸਦੀਆਂ ਧੀਆਂ ਆਪਣੀ ਦਾਦੀ ਦੀ ਦੇਖ-ਰੇਖ 'ਚ ਪਲ ਰਹੀਆਂ ਸਨ। ਦਿਲਜੋਤ ਸੋਚਦੀ ਕਿ ਹਰਵੰਤ ਦੋ ਸਾਲ ਤੋਂ ਪਤਨੀ ਤੋਂ ਬਿਨਾਂ ਰਹਿੰਦਾ ਆ ਰਿਹਾ ਹੈ ਅਤੇ ਉਸਨੂੰ ਕਿਸੇ ਚੰਗੇ ਸਾਥੀ

ਦੀ ਭਾਲ ਹੋਵੇਗੀ ਪਰ ਉਹ ਕਿਉਂ ਹਰਵੰਤ ਨਾਲ ਜੁੜ ਗਈ? ਉਸਦਾ ਪਤੀ ਕੁਲਬੀਰ ਵਫਾਦਾਰ ਹੈ ਜੋ ਉਸਦੀ ਹਰ ਖਾਹਿਸ਼ ਅਤੇ ਲੋੜ ਦਾ ਧਿਆਨ ਰੱਖਦਾ ਹੈ। ਆਪਣੇ ਬੱਚਿਆਂ ਦਾ ਇਕ ਚੰਗਾ ਪਿਤਾ ਹੈ, ਚੰਗੀ ਆਮਦਨ ਹੈ। ਇਸਦੇ ਬਾਵਜੂਦ ਦਿਲਜੋਤ ਨੂੰ ਕੋਈ ਘਾਟ ਰੜਕਦੀ ਸੀ ਆਪਣੀ ਜ਼ਿੰਦਗੀ 'ਚ ਜੋ ਹੁਣ ਹਰਵੰਤ ਦੇ ਮੇਲ ਨਾਲ ਉਸਨੂੰ ਪੂਰੀ ਹੁੰਦੀ ਜਾਪੀ।

ਹਰਵੰਤ ਆਪਣੀ ਉਮਰ ਦੇ 42 ਵਰ੍ਹੇ ਮੁਕੰਮਲ ਕਰ ਚੁੱਕਾ ਸੀ, ਦਿਲਜੋਤ ਅਜੇ ਚਾਲੀਆਂ ਤੋਂ ਘੱਟ ਸੀ। ਦਿਲਜੋਤ ਨੂੰ ਪਿਛਲੇ ਕੁਝ ਸਾਲਾਂ ਤੋਂ ਮਹਿਸੂਸ ਹੁੰਦਾ ਸੀ ਕਿ ਕੁਲਬੀਰ ਉਸਦੀ ਜਿਸਮਾਨੀ ਲੋੜ ਵੱਲ ਬਿਲਕੁਲ ਧਿਆਨ ਨਹੀਂ ਦਿੰਦਾ। ਉਂਝ ਵੀ ਉਹ ਦਿਲਜੋਤ ਦੀ ਖੂਬਸੂਰਤੀ ਦੇ ਬਾਵਜੂਦ ਉਸਦਾ ਓਨਾ ਸਾਥ ਨਹੀਂ ਸੀ ਮਾਣਦਾ ਜਿੰਨਾ ਉਹਨੂੰ ਮਾਣਨਾ ਚਾਹੀਦਾ ਸੀ। ਦਿਲਜੋਤ ਨਾਲ ਜਦੋਂ ਕੁਲਬੀਰ ਦਾ ਵਿਆਹ ਹੋਇਆ ਤਾਂ ਸੁਹਾਗਰਾਤ ਨੂੰ ਮਨਾਉਣ ਦੀ ਜਿੰਨੀ ਕਾਹਲ ਦਿਲਜੋਤ ਨੂੰ ਸੀ, ਓਨੀ ਕੁਲਬੀਰ ਨੂੰ ਨਹੀਂ ਸੀ। ਛੋਟੇ ਜਿਹੇ ਘਰ ਵਿਚੋਂ ਜਿੰਨੀ ਦੇਰ ਸਾਰੇ ਮਹਿਮਾਨ ਚਲੇ ਨਾ ਗਏ, ਉਹ ਸੁਹਾਗਰਾਤ ਮਨਾਉਣ ਦੀ ਜੁਰਅਤ ਨਾ ਕਰ ਸਕਿਆ। ਕੁਲਬੀਰ ਅੰਦਰ ਇਕ ਅਜੀਬ ਜਿਹਾ ਠਰੰਮਾ ਸੀ। ਦਿਲਜੋਤ ਚਾਹੁੰਦੀ ਕਿ ਨਵੇਂ ਵਿਆਹੇ ਪਤੀ ਨੂੰ ਆਪਣੀ ਬੀਵੀ ਨਾਲ ਹੀ ਹਰ ਰਾਤ ਸੌਣਾ ਚਾਹੀਦੈ ਪਰ ਕੁਲਬੀਰ ਉਸ ਦੀ ਆਸ 'ਤੇ ਪੂਰਾ ਨਾ ਉਤਰਿਆ। ਹੌਲੀ-ਹੌਲੀ ਉਹ ਨੌਕਰੀ 'ਚ ਤਰੱਕੀ ਕਰਕੇ ਐਕਸਾਈਜ਼ ਅਫਸਰ ਬਣ ਗਿਆ। ਹੁਣ ਉਸਦਾ ਦਿਲਜੋਤ ਵੱਲ ਬਿਲਕੁਲ ਕੋਈ ਧਿਆਨ ਨਹੀਂ ਸੀ। ਉਹ ਆਪਣੀ ਕਮਾਈ ਵੱਲ ਰੁਝ ਗਿਆ। ਕੁਲਬੀਰ ਦੀ ਇਸ ਲਾਪ੍ਰਵਾਹੀ ਦਾ ਹੀ ਸਿੱਟਾ ਸੀ ਕਿ ਦਿਲਜੋਤ ਨੂੰ ਆਪਣੀ ਜ਼ਿੰਦਗੀ 'ਚ ਇਕ ਖਲਾਅ ਮਹਿਸੂਸ ਹੋਣ ਲੱਗਾ। ਦਫਤਰ 'ਚ ਫਾਈਲਾਂ ਨਾਲ ਮੱਥਾ ਮਾਰਦੀ ਤੇ ਰਾਤ ਨੂੰ ਬੱਚਿਆਂ ਦੇ ਆਹਰ 'ਚ ਲੱਗੀ ਰਹਿੰਦੀ।

"ਤੇਰਾ ਨਾਂ ਬਹੁਤ ਲੰਬਾ ਏ।" ਇਕ ਦਿਨ ਹਰਵੰਤ ਨੇ ਦਿਲਜੋਤ ਨੂੰ ਕਿਹਾ।

"ਤੁਸੀਂ ਛੋਟਾ ਕਰ ਲਓ।"

"ਠੀਕ ਹੈ ਮੈਂ ਜੋਤੀ ਕਿਹਾ ਕਰਾਂਗਾ।"

"ਕੁਲਬੀਰ ਵੀ ਮੈਨੂੰ ਜੋਤੀ ਕਹਿੰਦਾ।"

"ਫਿਰ ਮੈਂ ਕੀ ਕਿਹਾ ਕਰਾਂ?"

"ਤੁਸੀਂ ਵੀ ਜੋਤੀ ਹੀ ਆਖੋ। ਮੈਂ ਤੁਹਾਨੂੰ ਕੁਲਬੀਰ ਵਾਲੇ ਚੌਖਟੇ 'ਚ ਫਿਟ ਕਰ ਲਿਐ।"

"ਕੁਲਬੀਰ ਨਾਲ ਕਿੰਨੇ ਦਿਨਾਂ ਪਿਛੋਂ ਸੌਂਦੀ ਏਂ?"

"ਦਿਨਾਂ ਪਿਛੋਂ, ਸਾਲ ਹੋ ਗਏ ਨੇ ਉਸ ਨਾਲ ਸੁੱਤਿਆਂ?"

"ਕਿਉਂ?"

"ਕੁਲਬੀਰ ਕਹਿੰਦੈ ਹੁਣ ਉਸਨੂੰ ਇਹ ਸਭ ਕਰਨਾ ਠੀਕ ਨਹੀਂ ਲੱਗਦਾ।"

"ਉਸਦੀ ਕਿਸੇ ਆਪਣੀ ਕੁਲੀਗ ਨਾਲ ਯਾਰੀ ਹੋਊ।"

"ਐਨੇ ਜੋਗਾ ਨਹੀਂ ਉਹ।"

ਜੋਤੀ ਦਾ ਕੁਲਬੀਰ ਨਾਲ ਬੜਾ ਪਿਆਰਾ ਪਤੀ-ਪਤਨੀ ਦਾ ਸੰਬੰਧ ਹੈ, ਦੋਵੇਂ ਇਕ ਦੂਜੇ 'ਤੇ ਯਕੀਨ ਕਰਦੇ ਹਨ। ਐਨਾ ਯਕੀਨ ਕਿ ਜੋਤੀ ਨੇ ਜੇ ਹਰਵੰਤ ਕੋਲ ਰਾਤ ਰਹਿਣ ਜਾਣਾ ਹੈ ਤਾਂ ਉਹ ਉਸਨੂੰ ਆਪ ਬੱਸ 'ਤੇ ਚੜ੍ਹਾ ਕੇ ਆਉਂਦਾ ਹੈ। ਜੋਤੀ ਅੱਜਕੱਲ ਕਵਿੱਤਰੀ ਬਣ ਰਹੀ ਹੈ, ਕੁਲਬੀਰ ਨੂੰ ਪਤਾ ਹੈ ਕਿ ਹਰਵੰਤ ਨਾਲੋਂ ਵੱਡਾ ਗੁਣੀ ਕਵੀ ਕੌਣ ਹੈ, ਨਾਲ ਇਕ ਮੈਗਜ਼ੀਨ ਦਾ ਸੰਪਾਦਕ ਵੀ। ਰੱਬ ਮੰਨਦਾ ਹੈ ਉਹ ਵੀ ਹਰਵੰਤ ਨੂੰ । ਹਰਵੰਤ ਨੇ ਜਦੋਂ ਘਰ ਆਉਣਾ ਹੁੰਦਾ ਹੈ ਤਾਂ ਜੋਤੀ ਦਫਤਰੋਂ ਛੁੱਟੀ ਲੈ ਲੈਂਦੀ ਹੈ। ਕੁਲਬੀਰ ਨੂੰ ਦੱਸ ਦਿੰਦੀ ਹੈ, "ਹਰਵੰਤ ਜੀ ਆ ਰਹੇ ਨੇ ਅੱਜ ਕਿਤਾਬ ਦਾ ਖਰੜਾ ਫਾਈਨਲ ਕਰਨਾ।" ਜੋਤੀ ਨੇ ਹੌਲੀ-ਹੌਲੀ ਹਰਵੰਤ ਦੀ ਪ੍ਰੇਰਨਾ ਨਾਲ ਇਕ ਕਿਤਾਬ ਜੋਗੀਆਂ ਕਵਿਤਾਵਾਂ ਲਿਖ ਲਈਆਂ ਸਨ।

"ਹੋਟਲ ਤੋਂ ਫੋਨ ਕਰਕੇ ਹਰਵੰਤ ਜੀ ਲਈ ਖਾਣਾ ਮੰਗਵਾ ਲਈਂ, ਸ਼ਾਇਦ ਮੈਂ ਲੰਚ 'ਤੇ ਵੀ ਘਰ ਨਾ ਆ ਸਕਾਂ।" ਅੱਗੋਂ ਕੁਲਬੀਰ ਕਹਿੰਦਾ।



ਹਰਵੰਤ ਹੈਰਾਨ ਹੁੰਦਾ ਅਜਿਹਾ ਪਤਨੀ ਭਗਤ ਪਤੀ ਉਸਨੇ ਕੋਈ ਨਹੀਂ ਸੀ ਦੇਖਿਆ। ਕੁਲਬੀਰ 9 ਵਜੇ ਘਰੋਂ ਦਫਤਰ ਲਈ ਨਿਕਲਦਾ, ਸਵਾ 9 ਤੋਂ ਵੀ ਪਹਿਲਾਂ ਹਰਵੰਤ ਜੋਤੀ ਕੋਲ ਹੁੰਦਾ। ਸੁਰੁਚੀ ਅਤੇ ਗੈਵੀ ਦੀ ਸਕੂਲ ਬੱਸ ਤਾਂ 8 ਵਜੇ ਉਨ੍ਹਾਂ ਨੂੰ ਲੈ ਜਾਂਦੀ ਸੀ। ਜੋਤੀ ਉਸ ਦਿਨ ਡਬਲ ਬੈੱਡ 'ਤੇ ਵਧੀਆ ਚਾਦਰ ਵਿਛਾਉਂਦੀ। ਖਿੜਕੀਆਂ ਦੇ ਪਰਦੇ ਖਿਲਾਰ ਦਿੰਦੀ। ਗਰਮੀ ਦਾ ਮੌਸਮ ਹੁੰਦਾ ਤਾਂ ਏ. ਸੀ. ਚਲਾ ਛੱਡਦੀ। ਸਰਦੀਆਂ ਹੁੰਦੀਆਂ ਤਾਂ ਡਬਲ ਬੈੱਡ ਦਾ ਕੰਬਲ ਬੈੱਡ 'ਤੇ ਪਿਆ ਹੁੰਦਾ।

ਹਰਵੰਤ ਲਈ ਗੇਟ ਖੋਲ੍ਹਦੀ, ਉਹ ਅੰਦਰ ਵੜਦਾ ਤੇ ਉਹ ਮਸਾਂ ਗੇਟ ਹੀ ਬੰਦ ਕਰਦੀ, ਉਹ ਉਸਨੂੰ ਗਲਵਕੜੀ ਪਾਉਂਦਾ, ਚੁੰਮਦਾ ਅਤੇ ਆਪਣੀਆਂ ਬਾਹਾਂ 'ਚ ਚੁੱਕ ਕੇ ਬੈੱਡ ਰੂਮ 'ਚ ਵੜ ਜਾਂਦਾ। ਬੱਲਬ ਦੀ ਹਲਕੀ ਰੌਸ਼ਨੀ 'ਚ ਦੋ ਨੰਗੇ ਜਿਸਮ ਕਿੰਨੀ ਦੇਰ ਕਲਾਬਾਜ਼ੀਆਂ ਲਗਾਉਂਦੇ ਅਤੇ ਫਿਰ ਥੱਕ ਕੇ ਸ਼ਾਂਤ ਹੋ ਜਾਂਦੇ।

ਜੋਤੀ ਉਠਦੀ ਅਤੇ ਕਿਚਨ 'ਚ ਵੜ ਜਾਂਦੀ। ਪਰੌਂਠੇ ਬਣਾਉਂਦੀ, ਦੋਵੇਂ ਨਾਸ਼ਤਾ ਕਰਦੇ, ਆਂਡਿਆਂ ਦੀ ਭੁਰਜੀ ਅਤੇ ਪੁਦੀਨੇ ਦੀ ਚਟਨੀ। ਲੱਸੀ ਦਾ ਜੱਗ ਹੌਲੀ-ਹੌਲੀ ਪੀਂਦੇ। ਛੇੜਖਾਨੀ ਕਰਦੇ ਅਤੇ ਇਕ ਘੰਟਾ ਨਾਸ਼ਤੇ 'ਚ ਬੀਤ ਜਾਂਦਾ।

ਕੁਲਬੀਰ ਨੂੰ ਫੋਨ ਮਿਲਾਉਂਦੀ, "ਹਰਵੰਤ ਜੀ ਆਏ ਨੇ ਤੁਹਾਨੂੰ ਯਾਦ ਕਰਦੇ ਸੀ।"

'————'

"ਹਾਂ ਹਾਂ ਨਾਸ਼ਤਾ ਕਰਵਾ ਦਿੱਤਾ ਮੈਂ, ਤੁਸੀਂ ਚਿੰਤਾ ਨਾ ਕਰੋ, ਪੂਰੀ ਸੇਵਾ ਕਰ ਰਹੀ ਹਾਂ।" ਨਾਲ-ਨਾਲ ਉਹ ਹਰਵੰਤ ਨੂੰ ਅੱਖ ਮਾਰਦੀ।

'————'

"ਲੰਚ 'ਤੇ ਵੀ ਨਹੀਂ ਆ ਰਹੇ? ਥੋੜ੍ਹਾ ਟਾਈਮ ਕੱਢ ਲਓ। ਦੇਖੋ ਕਿੰਨੀ ਦੂਰੋਂ ਆਏ ਨੇ।" ਜੋਤੀ ਫਿਰ ਉਸ ਵੱਲ ਦੇਖਕੇ ਮੁਸਕਰਾਉਂਦੀ।

'————'

"ਹਾਂ ਹਾਂ! ਮੈਂ ਤਾਂ ਉਨ੍ਹਾਂ ਦੇ ਕੋਲ ਹੀ ਹਾਂ। ਕਿਤਾਬ ਦਾ ਕਾਫੀ ਕੰਮ ਹੋ ਗਿਆ ਹੈ। ਲਗਭਗ ਅੱਧਾ ਹੀ। ਲਓ ਕਰੋ ਹਰਵੰਤ ਜੀ ਨਾਲ ਗੱਲ।"

"ਹਾਂ ਜੀ ਭਾਈ ਸਾਹਿਬ!" ਹਰਵੰਤ ਬੋਲਦਾ।

"ਕੋਈ ਗੱਲ ਨਹੀਂ ਤੁਸੀਂ ਕਰੋ ਕੰਮ! ਮੈਂ ਸ਼ਾਮ ਨੂੰ ਪਰਤ ਜਾਵਾਂਗਾ।"

'————'

"ਹਾਂ ਜੀ, ਕਦੇ ਆਵਾਂਗਾ ਰਾਤ ਰਹਿਣ ਲਈ ਵੀ।" ਹਰਵੰਤ ਗੱਲ ਮੁਕਾ ਦਿੰਦਾ। ਫੋਨ ਬੰਦ ਹੋ ਜਾਂਦਾ।

ਉਹ ਰਸੋਈ 'ਚ ਭਾਂਡੇ ਸਮੇਟ ਕੇ ਫਿਰ ਆ ਜਾਂਦੀ। ਹਰਵੰਤ ਨੇ ਆਉਣਾ ਹੁੰਦਾ ਤਾਂ ਉਹ ਨੌਕਰਾਣੀ ਦੀ ਛੁੱਟੀ ਕਰਵਾ ਦਿੰਦੀ। ਖਰੜਾ ਟੇਬਲ 'ਤੇ ਪਿਆ ਹੁੰਦਾ, ਕਦੇ-ਕਦੇ ਉਹ ਕੋਈ ਕਵਿਤਾ ਦਾ ਬੰਦ ਸੁਣਾ ਦਿੰਦੀ। ਹਰਵੰਤ ਅੱਖਾਂ ਮੀਟ ਕੇ ਸੁਣਦਾ ਅਤੇ ਕਿਤੇ-ਕਿਤੇ ਉਸਨੂੰ ਕੋਈ ਤੁਕ ਬਦਲਣ ਲਈ ਕਹਿ ਦਿੰਦਾ।

ਅਚਾਨਕ ਉਹ ਸਾਹਮਣੇ ਕੰਧ 'ਤੇ ਲੱਗੀ ਘੜੀ ਵੱਲ ਦੇਖਦੀ ਅਤੇ ਪੁੱਛਦੀ, "ਇਕ ਵੱਜ ਗਿਆ ਹੈ, ਲੰਚ ਦਾ ਆਰਡਰ ਕਰ ਦਿਆਂ। ਕਿੰਨੇ ਵਜੇ ਕਰੋਗੇ ਲੰਚ?

"ਮੈਂ ਤਿੰਨ ਵਜੇ ਚਲੇ ਜਾਣਾ ਹੈ।" ਹਰਵੰਤ ਕੁਝ ਸੋਚ ਕੇ ਕਹਿੰਦਾ।"

"ਐਡੀ ਕਿਹੜਾ ਕਾਹਲ ਹੈ। ਦੋ ਵਜੇ ਲੰਚ ਦਾ ਆਰਡਰ ਕਰਦੀ ਹਾਂ। ਫਿਰ ਤਿੰਨ ਵਜੇ ਮੈਂ ਤੁਹਾਨੂੰ ਚੜ੍ਹਾ ਆਵਾਂਗੀ ਬੱਸ 'ਤੇ।"

ਜੋਤੀ ਦੂਜੇ ਕਮਰੇ 'ਚ ਜਾਂਦੀ। ਦੁਬਾਰਾ ਮੂੰਹ ਹੱਥ ਧੋਂਦੀ। ਦੰਦਾਂ ਨੂੰ ਬਰੁਸ਼ ਕਰਦੀ। ਬੁੱਲ੍ਹਾਂ 'ਤੇ ਹਲਕੀ ਲਿਪਸਟਿਕ ਲਗਾਉਂਦੀ। ਹਲਕੇ ਗੁਲਾਬੀ ਰੰਗ ਦਾ ਸੂਟ ਪਹਿਨਦੀ ਤੇ ਹਲਕਾ ਜਿਹਾ ਪ੍ਰਫਿਊਮ ਛਿੜਕ ਲੈਂਦੀ। ਹਰਵੰਤ ਨੂੰ ਤੇਜ਼ ਗੰਧ ਵਾਲਾ ਪ੍ਰਫਿਊਮ ਪਸੰਦ ਨਹੀਂ ਸੀ। ਓਨੀ ਦੇਰ ਹਰਵੰਤ ਕੁਰਸੀ 'ਤੇ ਬੈਠਾ,

ਉਸਦੀਆਂ ਕਵਿਤਾਵਾਂ 'ਤੇ ਉਡਦੀ ਨਜ਼ਰ ਮਾਰਦਾ। ਜੋਤੀ ਸਜਧਜ ਕੇ ਆਉਂਦੀ ਤੇ ਫਿਰ ਪਿਛਲੇ ਪਾਸਿਓਂ ਉਸਦੇ ਗਲ 'ਚ ਬਾਹਾਂ ਪਾ ਦਿੰਦੀ। ਹਰਵੰਤ ਦੀਆਂ ਨਾਸਾਂ 'ਚ ਪਰਫਿਊਮ ਨਾਲੋਂ ਵਧ ਜੋਤੀ ਦੇ ਜਿਸਮ ਦੀ ਮਹਿਕ ਵੜ ਜਾਂਦੀ 'ਤੇ ਉਹ ਮਦਹੋਸ਼ ਜਿਹਾ ਹੋ ਜਾਂਦਾ। ਜੋਤੀ ਹੋਰ ਝੁਕ ਜਾਂਦੀ ਤੇ ਆਪਣੇ ਬੁੱਲ ਉਸਦੇ ਬੁੱਲਾਂ ਦੇ ਨੇੜੇ ਲੈ ਜਾਂਦੀ। ਦੋਵਾਂ ਦੇ ਬੁੱਲ ਜੁੜ ਜਾਂਦੇ ਅਤੇ ਫਿਰ ਉਹ ਉਵੇਂ ਹੀ ਉਠਕੇ ਬੈੱਡ 'ਤੇ ਵਿਛ ਜਾਂਦੇ।

ਪਹਿਲੀ ਵੇਰ ਜਦੋਂ ਹਰਵੰਤ ਨੇ ਜੋਤੀ ਨੂੰ ਚੁੰਮਣਾ ਚਾਹਿਆ ਸੀ ਤਾਂ ਉਹ ਉਸਦੀਆਂ ਬਾਹਾਂ 'ਚੋਂ ਨਿਕਲ ਕੇ ਪਾਸੇ ਹੋ ਗਈ। ਕਹਿਣ ਲੱਗੀ, "ਇਹ ਬੁੱਲ ਤਾਂ ਕਦੇ ਕੁਲਬੀਰ ਨੇ ਨਹੀਂ ਚੁੰਮੇ।" ਹਰਵੰਤ ਹੈਰਾਨ ਹੋ ਗਿਆ। ਜੋਤੀ ਦੋ ਬੱਚਿਆਂ ਦੀ ਮਾਂ ਸੀ, ਕੀ ਇਹ ਪ੍ਰਕਿਰਿਆ ਚੁੰਮਣਾ ਤੋਂ ਬਿਨਾਂ ਹੀ ਮੁਕੰਮਲ ਹੋ ਗਈ? ਜਾਂ ਕੁਲਬੀਰ ਹੀ ਅਣਜਾਣ ਸੀ।

ਹਰਵੰਤ ਨੇ ਕਿਹਾ ਕਿ ਮੁਹੱਬਤ ਤਾਂ ਸ਼ੁਰੂ ਹੀ ਚੁੰਮਣ ਤੋਂ ਹੁੰਦੀ ਹੈ। ਉਸਨੇ ਫਿਰ ਜੋਤੀ ਦਾ ਕਲਾਵਾ ਭਰ ਲਿਆ ਅਤੇ ਆਪਣੇ ਬੁੱਲਾਂ ਦੇ ਨੇੜੇ ਕਰ ਲਿਆ। ਫਿਰ ਪਤਾ ਨਹੀਂ ਇਸ ਖੇਡ 'ਚ ਕਿਹੜੇ ਵੇਲੇ ਉਸਦੇ ਬੁੱਲ ਹਰਵੰਤ ਦੇ ਬੁੱਲਾਂ ਦੇ ਕਾਬੂ ਆ ਗਏ ਸਨ। ਇਸ ਘਟਨਾ ਪਿਛੋਂ ਜਦੋਂ ਵੀ ਹਰਵੰਤ ਜੋਤੀ ਨੂੰ ਕਦੇ ਚੁੰਮਦਾ ਤਾਂ ਉਹ ਪਾਗਲ ਹੋ ਜਾਂਦੀ।

ਹਰਵੰਤ ਨਾਲ ਉਹ ਆਪਣੇ ਪਤੀ ਵਰਗਾ ਵਤੀਰਾ ਧਾਰਨ ਕਰਦੀ। ਹਰਵੰਤ ਦੀਆਂ ਦੋ ਧੀਆਂ ਨੂੰ ਉਹ ਆਪਣਾ ਸਮਝਦੀ ਤੇ ਉਸਨੂੰ ਕਹਿੰਦੀ, "ਹੁਣ ਆਪਣੇ ਚਾਰ ਬੱਚੇ ਹਨ, ਤਿੰਨ ਧੀਆਂ ਤੇ ਇਕ ਪੁੱਤਰ।"

✡✡✡

ਜੋਤੀ ਦੀ ਕਿਤਾਬ ਛਪ ਗਈ। ਬੜਾ ਵੱਡਾ ਸਮਾਗਮ ਹੋਇਆ। ਚੰਡੀਗੜ੍ਹ ਤੋਂ ਲੈ ਕੇ ਦਿੱਲੀ ਭਰ ਦੇ ਵੱਡੇ-ਵੱਡੇ ਕਵੀ ਅਤੇ ਵਿਦਵਾਨ ਪਹੁੰਚੇ। ਇਕ ਵੱਡੇ ਹੋਟਲ 'ਚ ਸਮਾਗਮ ਰੱਖਿਆ ਗਿਆ। ਐਕਸਾਈਜ਼ ਅਫਸਰ ਦੀ ਪਤਨੀ ਦੀ ਕਿਤਾਬ ਦਾ ਰਿਲੀਜ਼ ਸਮਾਗਮ ਸੀ। ਬਹੁਤ ਸਾਰੇ ਅਫਸਰ ਤੇ ਉਨ੍ਹਾਂ ਦੀਆਂ ਬੀਵੀਆਂ ਸ਼ਾਮਲ ਹੋਈਆਂ। ਸ਼ਾਮ 6 ਵਜੇ ਆਰੰਭ ਹੋਇਆ ਸਮਾਗਮ 8 ਵਜੇ ਤੱਕ ਚੱਲਿਆ। ਜੋਤੀ ਦੀਆਂ ਕਵਿਤਾਵਾਂ ਦੀ ਭਰਪੂਰ ਪ੍ਰਸ਼ੰਸਾ ਹੋਈ। ਜੋਤੀ ਅਤੇ ਕੁਲਬੀਰ ਜਾਣਦੇ ਸਨ ਕਿ ਇਹ ਸਭ ਕੁਝ ਹਰਵੰਤ ਦੀ ਹੀ ਮਿਹਰਬਾਨੀ ਨਾਲ ਹੋਇਆ। ਸਮਾਗਮ ਦੀ ਸਮਾਪਤੀ 'ਤੇ ਉੱਥੇ ਹੀ ਡਿਨਰ ਦਾ ਪ੍ਰਬੰਧ ਸੀ। ਡਿਨਰ ਤੋਂ ਪਹਿਲਾਂ ਡਰਿੰਕਸ ਸ਼ੁਰੂ ਹੋ ਗਏ। ਦਸ ਵੱਜ ਚੁੱਕੇ ਸਨ ਅਤੇ ਪਾਰਟੀ ਜ਼ੋਰਾਂ 'ਤੇ ਸੀ। ਹਰਵੰਤ ਕਦੇ-ਕਦੇ ਜੋਤੀ ਵੱਲ ਤੱਕ ਲੈਂਦਾ। ਉਹ ਆਪਣੇ ਖੁੱਲ੍ਹੇ ਵਾਲਾਂ ਅਤੇ ਹਰੀ ਸਾੜ੍ਹੀ 'ਚ ਬੜੀ ਜਚ ਰਹੀ ਸੀ। ਸਰੁਚੀ ਅਤੇ ਗੈਵੀ ਹਰਵੰਤ ਦੇ ਕੋਲ ਸਨ। ਉਹ ਜਦੋਂ ਵੀ ਏਧਰ-ਉਧਰ ਉੱਠ ਕੇ ਜਾਂਦਾ ਉਹ ਦੋਵੇਂ ਉਸਦੇ ਨਾਲ ਹੀ ਹੁੰਦੇ। ਉਹ ਆਪਣੇ ਪਾਪਾ ਨੂੰ ਹਮੇਸ਼ਾ ਕਹਿੰਦੇ ਕਿ ਉਹ ਹਰਵੰਤ ਦੇ ਹੀ ਬੱਚੇ ਹਨ। ਸਰੁਚੀ ਤਾਂ ਹਰਵੰਤ ਦੇ ਬਹੁਤਾ ਨੇੜੇ ਸੀ। ਨੌਵੀਂ 'ਚ ਪੜ੍ਹਦੀ ਅਲ੍ਹੜ ਉਮਰ 'ਚ ਪੈਰ ਧਰ ਰਹੀ ਸੀ। ਗੈਵੀ ਨੂੰ ਜੇ ਕਿਸੇ ਖੇਡ ਜਾਂ ਹੋਰ ਕਿਸੇ ਚੀਜ਼ ਦੀ ਲੋੜ ਪੈਂਦੀ ਤਾਂ ਝੱਟ ਜੋਤੀ ਨੂੰ ਕਹਿੰਦੀ, "ਇਸ ਵਾਰ ਮੈਂ ਹਰਵੰਤ ਅੰਕਲ ਨੂੰ ਆਖਾਂਗਾ ਕਿ ਉਹ ਮੈਨੂੰ ਹਾਕੀ ਲਿਆ ਕੇ ਦੇਣ।" ਸਰੁਚੀ ਕਹਿੰਦੀ, ਖਬਰਦਾਰ ਜੇ ਹਰਵੰਤ ਅੰਕਲ ਕੋਲੋਂ ਕੁਝ ਮੰਗਿਆ ਪਰ ਆਪ ਜਦੋਂ ਵੀ ਕਿਸੇ ਚੀਜ਼ ਦੀ ਲੋੜ ਪੈਂਦੀ ਤਾਂ ਮੰਮੀ ਪਾਪਾ ਤੋਂ ਚੋਰੀ ਹਰਵੰਤ ਦੇ ਕੰਨ 'ਚ ਕਹਿ ਦਿੰਦੀ। ਕੁਲਬੀਰ ਨੂੰ ਵੀ ਲੱਗਦਾ ਕਿ ਹਰਵੰਤ ਉਨ੍ਹਾਂ ਦੇ ਬੱਚਿਆਂ ਨੂੰ ਬੜਾ ਪਿਆਰ ਕਰਦਾ ਹੈ।

ਕਿਤਾਬ ਰਿਲੀਜ਼ ਹੋਣ ਵਾਲੀ ਰਾਤ ਉਹ ਜੋਤੀ ਦੇ ਘਰ ਹੀ ਠਹਿਰਿਆ, ਮਹਿਮਾਨਖਾਨੇ 'ਚ। ਸੌਣ ਤੋਂ ਪਹਿਲਾਂ ਕੁਲਬੀਰ ਇਕ ਵਾਰ ਫਿਰ ਉਸਦਾ ਸ਼ੁਕਰੀਆ ਅਦਾ ਕਰ ਰਿਹਾ ਸੀ ਕਿ ਇੰਨਾ ਸ਼ਾਨਦਾਰ ਸਮਾਗਮ ਹਰਵੰਤ ਦੇ ਸਹਿਯੋਗ ਤੋਂ ਬਿਨਾਂ ਨੇਪਰੇ ਨਹੀਂ ਸੀ ਚੜ੍ਹ ਸਕਦਾ। ਬਹੁਤ ਸਾਰੇ ਨਾਮੀ ਲੇਖਕ ਆ ਗਏ ਸਨ। ਖਾਸ ਤੌਰ 'ਤੇ ਡਾ. ਪ੍ਰਕਾਸ਼ ਤਾਂ ਹਰਵੰਤ ਦੇ ਸੱਦੇ 'ਤੇ ਦਿੱਲੀਓਂ ਆਇਆ ਸੀ। ਦਿਨ ਚੜ੍ਹਦੇ ਨੂੰ ਹੋਰ ਕ੍ਰਿਸ਼ਮਾ ਹੋ ਗਿਆ, ਸਾਰੀਆਂ ਅਖਬਾਰਾਂ ਨੇ ਇਸ ਸਮਾਗਮ ਦੀ ਵਧੀਆ ਰਿਪੋਰਟਿੰਗ ਕੀਤੀ। ਫੋਟੋਆਂ ਪ੍ਰਕਾਸ਼ਿਤ ਹੋਈਆਂ। ਹਰ ਅਖਬਾਰ'ਚ ਦਿਲਜੋਤ ਛਾਈ ਹੋਈ ਸੀ। ਅਜੇ ਹਰਵੰਤ ਜਾਗਿਆ ਨਹੀਂ ਸੀ ਕਿ ਕੁਲਬੀਰ ਅਖਬਾਰਾਂ ਦਾ ਥੱਬਾ ਲੈ ਕੇ ਆ ਹਾਜ਼ਰ ਹੋਇਆ। ਉਸਦੀ ਖੁਸ਼ੀ ਦਾ ਕੋਈ ਅੰਤ ਨਹੀਂ ਸੀ।



"ਹਰਵੰਤ ਭਾ ਜੀ ਕਮਾਲ ਹੋ ਗਈ।" ਹਰਵੰਤ ਅੱਖਾਂ ਮਲਦਾ ਜਾਗਿਆ ਤਾਂ ਐਨੀ ਦੇਰ ਨੂੰ ਚਾਹ ਦੇ ਕੱਪ ਲੈ ਕੇ ਜੋਤੀ ਹੱਸਦੀ ਹੋਈ ਦਾਖਲ ਹੋਈ। ਉਸਨੇ ਬਰੀਕ ਨਾਈਟੀ ਪਹਿਨੀ ਹੋਈ ਸੀ।

"ਇਹ ਹਰਵੰਤ ਜੀ ਦੀ ਹੀ ਮਿਹਰਬਾਨੀ ਹੈ।" ਜੋਤੀ ਚਹਿਕੀ।

"ਮੈਂ ਕਿਸ ਕਾਬਲ ਹਾਂ, ਇਹ ਤਾਂ ਜੋਤੀ ਦੀ ਕਲਮ 'ਚ ਜ਼ੋਰ ਹੈ, ਜੇ ਉਸ ਅੰਦਰ ਲਿਆਕਤ ਨਾ ਹੁੰਦੀ ਤਾਂ ਇਹ ਕਿਵੇਂ ਸੰਭਵ ਹੁੰਦਾ?" ਹਰਵੰਤ ਨੇ ਜੋਤੀ ਦੀ ਤਾਰੀਫ ਕੀਤੀ।

"ਮੈਨੂੰ ਨਹੀਂ ਸੀ ਪਤਾ ਕਿ ਇਹ ਐਨੀ ਗੁਣੀ ਹੈ, ਦਿਲਜੋਤ ਤੂੰ ਭਾਵੇਂ ਨੌਕਰੀ ਛੱਡਦੇ, ਆਪਣੇ ਲਿਖਣ ਵੱਲ ਧਿਆਨ ਦੇ। ਮੈਨੂੰ ਦਸ ਤੈਨੂੰ ਕੀ ਚਾਹੀਦੈ।" ਕੁਲਬੀਰ ਨੇ ਚਾਹ ਪੀਂਦਿਆਂ ਕਿਹਾ।

"ਤੁਸੀਂ ਸਭ ਕੁਝ ਤਾਂ ਮੈਨੂੰ ਦਿੱਤਾ ਹੈ।" ਨਾਲ ਹੀ ਉਸਨੇ ਚੋਰ ਨਜ਼ਰੇ ਹਰਵੰਤ ਵੱਲ ਦੇਖਿਆ।

ਫੋਨ ਦੀ ਘੰਟੀ ਸੁਣ ਕੇ ਕੁਲਬੀਰ ਹੇਠਾਂ ਵੱਲ ਦੌੜਿਆ। ਉਸਦੇ ਜਾਣ ਪਿਛੋਂ ਜੋਤੀ ਨੇ ਹਰਵੰਤ ਦੀਆਂ ਅੱਖਾਂ 'ਚ ਤੱਕਿਆ ਰਾਤ ਦੀ ਪੀਤੀ ਦੇ ਲਾਲ ਡੋਰੇ ਉਸਦੀਆਂ ਅੱਖਾਂ 'ਚ ਤੈਰ ਰਹੇ ਸਨ।

"ਬਹੁਤ ਸ਼ੁਕਰੀਆ ਹਰਵੰਤ।" ਜੋਤੀ ਨੇ ਆਪਣੀਆਂ ਅੱਖਾਂ ਨੂੰ ਗੋਲ-ਗੋਲ ਘੁੰਮਾਇਆ। ਕੁਲਬੀਰ ਨੂੰ ਐਨਾ ਖੁਸ਼ ਮੈਂ ਕਦੇ ਨਹੀਂ ਤੱਕਿਆ। ਇਹ ਸਭ ਤੇਰੇ..."

"ਮੈਂ ਕਿਹਦਾ ਹਾਂ?"

"ਤੂੰ ਵੀ ਮੇਰਾ ਏਂ, ਕੁਲਬੀਰ ਨਾਲੋਂ ਵਧ।" ਹਰਵੰਤ ਉਸਦੀਆਂ ਅੱਖਾਂ 'ਚ ਲਹਿ ਗਿਆ ਤੇ ਫਿਰ ਨਾਈਟੀ 'ਚੋਂ ਜੋਤੀ ਦੇ ਝਾਕਦੇ ਗੁਲਾਬੀ ਜਿਸਮ ਨੂੰ ਦੇਖਣ ਲੱਗਾ।

ਇਸ ਪਿਛੋਂ ਤਾਂ ਹਰਵੰਤ ਇਸ ਘਰ 'ਚ ਬਿਲਕੁਲ ਵੀ ਓਪਰਾ ਨਹੀਂ ਸੀ। ਉਹ ਜਦੋਂ ਮਰਜ਼ੀ ਜੋਤੀ ਦੇ ਘਰ ਆ ਵੜਦਾ। ਜੋਤੀ ਤੇ ਕੁਲਬੀਰ ਦੀ ਗੈਰਹਾਜ਼ਰੀ 'ਚ ਦੋਵਾਂ ਬੱਚਿਆਂ ਨਾਲ ਖੇਡਦਾ ਰਹਿੰਦਾ, ਕਦੇ ਉਨ੍ਹਾਂ ਨਾਲ ਪੜ੍ਹਾਈ ਦੀਆਂ ਗੱਲਾਂ ਕਰਦਾ ਅਤੇ ਕਦੇ ਉਨ੍ਹਾਂ ਨੂੰ ਬਾਜ਼ਾਰ ਘੁੰਮਾਉਣ ਲੈ ਜਾਂਦਾ।

✡✡✡

ਬੰਗਲੌਰ 'ਚ ਇਕ ਕਵੀ ਦਰਬਾਰ ਹੋਣਾ ਸੀ। ਇਸਦਾ ਪ੍ਰਬੰਧਕ ਪਾਰਥਾਸਾਰਥੀ ਹਰਵੰਤ ਦਾ ਮਿੱਤਰ ਸੀ। ਪੰਜ ਭਾਸ਼ਾਵਾਂ ਦੇ ਕਵੀ ਦਰਬਾਰ'ਚ ਇਕ ਕਵੀ ਪੰਜਾਬ ਤੋਂ ਵੀ ਸ਼ਾਮਲ ਹੋਣਾ ਸੀ। ਹਰਵੰਤ ਨੇ ਕਹਿ ਕੇ ਜੋਤੀ ਦਾ ਨਾਂ ਪੁਆ ਦਿੱਤਾ। ਇਸ ਵਿਚ ਉਸਦਾ ਆਪਣਾ ਸੁਆਰਥ ਸੀ। ਦਰਅਸਲ ਉਹ ਜੋਤੀ ਨਾਲ ਕੁਝ ਦਿਨ ਬਾਹਰ ਜਾ ਕੇ ਬਿਤਾਉਣਾ ਚਾਹੁੰਦਾ ਸੀ। ਕੁਲਬੀਰ ਨੇ ਹੀ ਹਰਵੰਤ ਨੂੰ ਫੋਨ ਕੀਤਾ, "ਭਾ ਜੀ! ਬੜੀ ਵੱਡੀ ਖੁਸ਼ਖਬਰੀ ਏ, ਜੋਤੀ ਨੂੰ ਬੰਗਲੌਰ ਤੋਂ ਸੱਦਾ ਪੱਤਰ ਆਇਆ, ਕਵੀ ਦਰਬਾਰ 'ਚ, ਪੰਜ ਭਾਸ਼ਾਵਾਂ ਦੇ ਕਵੀ ਬੁਲਾਏ ਗਏ ਨੇ।" ਹਰਵੰਤ ਨੇ ਸਭ ਕੁਝ ਜਾਣਦਿਆਂ ਖੁਸ਼ੀ ਦਾ ਇਜ਼ਹਾਰ ਕੀਤਾ। ਉਸਨੂੰ ਵਧਾਈਆਂ ਦਿੱਤੀਆਂ ਅਤੇ ਜੋਤੀ ਨਾਲ ਗੱਲ ਕਰਾਉਣ ਦਾ ਕਹਿਕੇ ਨਾਟਕ ਕੀਤਾ।

ਕੁਲਬੀਰ ਨੇ ਕਿਹਾ, "ਲਓ, ਜੋਤੀ ਤਾਂ ਆਪ ਤੁਹਾਡੇ ਕੋਲ ਆਉਣ ਲਈ ਤਿਆਰ ਸੀ, ਕਹਿੰਦੀ ਹਰਵੰਤ ਜੀ ਨੂੰ ਮੈਂ ਆਪ ਦਸ ਆਉਂਦੀ ਹਾਂ। ਉਨ੍ਹਾਂ ਦੀ ਕ੍ਰਿਪਾ ਨਾਲ ਤਾਂ ਮੇਰੀ ਪੁੱਛ ਹੋਣ ਲੱਗੀ ਹੈ।" ਜੋਤੀ ਨੇ ਵੀ ਫੋਨ ਫੜਕੇ ਖੁਸ਼ ਹੋਣ ਦਾ ਨਾਟਕ ਕੀਤਾ। ਹੁਣ ਕੁਲਬੀਰ ਲਈ ਇਹ ਮੁਸ਼ਕਲ ਆ ਬਣੀ ਕਿ ਦਿਲਜੋਤ ਬੰਗਲੌਰ ਇਕੱਲੀ ਕਿਵੇਂ ਜਾਏਗੀ? ਦਿਲਜੋਤ ਨੇ ਕੁਲਬੀਰ ਦੀ ਇਹ ਮੁਸ਼ਕਲ ਆਪ ਹੀ ਹੱਲ ਕਰ ਦਿੱਤੀ, "ਮੈਂ ਇਕੱਲੀ ਨਹੀਂ ਜਾ ਰਹੀ, ਹਰਵੰਤ ਜੀ ਵੀ ਜਾ ਰਹੇ ਨੇ ਇਸ ਸਮਾਗਮ 'ਚ।" ਕੁਲਬੀਰ ਜੋਤੀ ਦੀ ਇਹ ਗੱਲ ਸੁਣ ਕੇ ਨਿਸ਼ਚਿੰਤ ਹੋ ਗਿਆ। ਉਹ ਆਪ ਜਾ ਕੇ ਜੋਤੀ ਨੂੰ ਅੰਬਾਲੇ ਤੋਂ ਚੜ੍ਹਾ ਆਇਆ। ਜੋਤੀ ਨੇ ਹਰਵੰਤ ਨੂੰ ਦਿੱਲੀ ਮਿਲਣਾ ਸੀ ਤੇ ਫਿਰ ਉਥੋਂ ਬੰਗਲੌਰ ਦੀ ਫਲਾਈਟ ਦੋਵਾਂ ਨੇ ਲੈਣੀ ਸੀ।

ਬੰਗਲੌਰ 'ਚ ਕਵੀ ਦਰਬਾਰ ਤਾਂ ਇਕੋ ਰਾਤ ਨੂੰ ਹੋਣਾ ਸੀ ਪਰ ਦੋ ਦਿਨ ਦੀ ਗੋਸ਼ਟੀ ਕੌਮਾਂਤਰੀ ਪੱਧਰ ਦੀ ਕਵਿਤਾ ਬਾਰੇ ਰੱਖੀ ਗਈ ਸੀ। ਦਿੱਲੀ ਤੋਂ ਡਾ. ਇੰਦਰ ਪ੍ਰਕਾਸ਼ ਉੱਥੇ ਪਹੁੰਚਿਆ ਹੋਇਆ ਸੀ। ਉਸਦਾ ਭਾਸ਼ਣ ਸੀ ਕਵਿਤਾ ਬਾਰੇ। ਹਰਵੰਤ ਦੀ ਜਾਣ ਪਛਾਣ ਵਾਲਾ ਸਿਰਫ ਡਾਕਟਰ ਪ੍ਰਕਾਸ਼ ਹੀ ਸੀ। ਹਰਵੰਤ ਨੂੰ ਨਹੀਂ ਸੀ ਪਤਾ ਕਿ ਡਾ. ਪ੍ਰਕਾਸ਼ ਵੀ ਇੱਥੇ ਪਹੁੰਚ ਰਿਹਾ ਹੈ। ਗੋਸ਼ਟੀ 'ਚ ਬਹੁਤ ਸਾਰੇ ਕਵੀ ਆਪਸ 'ਚ

ਮਿਲਦੇ ਰਹੇ। ਪੰਜਾਬੀ ਵਾਲੇ ਇਹੀ ਤਿੰਨ ਬੰਦੇ ਸਨ, ਬਾਕੀ ਸਾਰੇ ਦੂਜੀਆਂ ਭਾਸ਼ਾਵਾਂ ਦੇ। ਪ੍ਰਬੰਧਕ ਕਵੀ ਨੇ ਹਰਵੰਤ ਤੇ ਜੋਤੀ ਲਈ ਇਕ ਹੋਟਲ 'ਚ ਕਮਰਾ ਬੁਕ ਕਰਵਾਇਆ। ਇਹ ਵੀ ਚੰਗਾ ਸੀ ਕਿ ਡਾ. ਪ੍ਰਕਾਸ਼ ਦਾ ਰੂਮ ਕਿਸੇ ਹੋਰ ਹੋਟਲ 'ਚ ਬੁੱਕ ਸੀ।

ਦਿਨੇ ਲੰਚ ਵੇਲੇ ਜੋਤੀ ਤੇ ਡਾ. ਪ੍ਰਕਾਸ਼ ਕਿੰਨੀ ਦੇਰ ਗੱਲਾਂ ਕਰਦੇ ਰਹੇ। ਡਾ. ਪ੍ਰਕਾਸ਼ ਚੋਰ ਨਜ਼ਰੇ ਹਰਵੰਤ ਤੇ ਜੋਤੀ ਦੀਆਂ ਨਜ਼ਰਾਂ ਦਾ ਪਿੱਛਾ ਕਰ ਰਿਹਾ ਸੀ। ਰਾਤ ਨੂੰ ਕਵੀ ਦਰਬਾਰ ਸੀ। ਜੋਤੀ ਨੇ ਹਲਕੇ ਪੀਲੇ ਰੰਗ ਦੀ ਸਾੜ੍ਹੀ ਬੰਨ੍ਹੀ ਅਤੇ ਆਪਣੇ ਵਾਲਾਂ ਨੂੰ ਖੁੱਲ੍ਹਾ ਛੱਡ ਦਿੱਤਾ। ਪਹਿਲਾਂ ਉਸਨੇ ਕਵਿਤਾਵਾਂ ਪੜ੍ਹਨੀਆਂ ਸਨ, ਫਿਰ ਡਾ. ਪ੍ਰਕਾਸ਼ ਨੇ ਉਨ੍ਹਾਂ ਦਾ ਤਰਜ਼ਮਾ ਅੰਗਰੇਜ਼ੀ 'ਚ ਕਰਨਾ ਸੀ। ਜੋਤੀ ਦੀਆਂ ਕਵਿਤਾਵਾਂ ਦੀ ਸੁਣਨ ਵਾਲਿਆਂ ਨੇ ਪ੍ਰਸ਼ੰਸਾ ਤਾਂ ਜੋ ਕਰਨੀ ਸੀ ਕੀਤੀ ਪਰ ਡਾ. ਪ੍ਰਕਾਸ਼ ਨੇ ਉਸਦੀ ਭਰਪੂਰ ਸ਼ਲਾਘਾ ਕੀਤੀ। ਰਾਤ ਦੀ ਰੋਟੀ ਸਮੇਂ ਦਾਰੂ ਦੇ ਗਿਲਾਸ ਫੜੀ ਹਰਵੰਤ ਤੇ ਡਾ. ਪ੍ਰਕਾਸ਼ ਜੋਤੀ ਦੇ ਕੋਲ ਬੈਠੇ ਸਨ। ਜੋਤੀ ਆਪਣੀਆਂ ਮੋਟੀਆਂ ਅੱਖਾਂ ਨਾਲ ਕਦੇ ਹਰਵੰਤ ਵੱਲ ਤੱਕਦੀ ਅਤੇ ਕਦੇ ਡਾ. ਪ੍ਰਕਾਸ਼ ਵੱਲ। ਹਰਵੰਤ ਪੈੱਗ ਲੈਣ ਗਿਆ ਤਾਂ ਆ ਕੇ ਉਸਨੇ ਹਨੇਰੇ 'ਚ ਨਜ਼ਰ ਮਾਰੀ ਤਾਂ ਦੋਵੇਂ ਇਕ ਨੁੱਕਰ 'ਚ ਖੜ੍ਹੇ ਸਨ। ਹਰਵੰਤ ਉੱਥੇ ਹੀ ਕੁਰਸੀ 'ਤੇ ਬੈਠ ਗਿਆ। ਥੋੜ੍ਹੀ ਚਿੰਤਾ ਵੀ ਉਸਨੂੰ ਹੋਈ, ਉਸਨੇ ਭਰਿਆ ਪੈੱਗ ਕਾਹਲੀ ਨਾਲ ਖਾਲੀ ਕਰ ਦਿੱਤਾ ਤੇ ਫਿਰ ਦਾਰੂ ਦੇ ਸਟਾਲ ਵੱਲ ਤੁਰ ਪਿਆ।

ਨਵਾਂ ਪੈੱਗ ਲੈ ਕੇ ਆਇਆ ਤਾਂ ਹੁਣ ਉਹ ਦੋਵੇਂ ਆਪਣੀਆਂ ਸੀਟਾਂ 'ਤੇ ਬੈਠੇ ਸਨ। ਜਿਵੇਂ ਕਿ ਕੋਈ ਗੱਲ ਹੀ ਨਾ ਹੋਈ ਹੋਵੇ। ਹਰਵੰਤ ਨੇ ਸੋਚਿਆ, ਨਹੀਂ-ਨਹੀਂ ਮੈਨੂੰ ਹੀ ਭੁਲੇਖਾ ਲੱਗਿਆ ਹੋਣਾ।

"ਤੁਸੀਂ ਕਿਧਰ ਚਲੇ ਗਏ ਸੀ?" ਜੋਤੀ ਨੇ ਪੁੱਛਿਆ।

"ਮੈਂ ਤੁਹਾਨੂੰ ਦੇਖ ਰਿਹਾ ਸੀ।"

"ਮੈਂ ਤੇ ਡਾ. ਪ੍ਰਕਾਸ਼ ਉੱਥੇ ਖੜ੍ਹੇ ਸੀ, ਡਾ. ਪ੍ਰਕਾਸ਼ ਨੇ ਮੇਰੀ ਕਵਿਤਾ ਵਿਚਲੇ ਪਾਸਾਰਾਂ ਨੂੰ ਵੱਖਰੇ ਐਂਗਲ ਤੋਂ ਬਿਆਨ ਕੀਤਾ ਏ। ਮੁਹੱਬਤ ਬੰਦੇ ਨੂੰ ਕਿਸ ਮੋੜ 'ਤੇ ਆ ਕੇ ਮਿਲਦੀ ਏ, ਇਸਦੇ ਕਈ ਪਹਿਲੂ ਡਾਕਟਰ ਸਾਹਿਬ ਨੇ ਡਿਸਕਸ ਕੀਤੇ। ਕਮਾਲ ਨੇ ਡਾਕਟਰ ਪ੍ਰਕਾਸ਼ ਵੀ।"

ਡਾਕਟਰ ਪ੍ਰਕਾਸ਼, ਹਰਵੰਤ ਤੇ ਜੋਤੀ ਵੱਲ ਦੇਖ ਕੇ ਸਿਰਫ ਮੁਸਕਰਾਉਂਦਾ ਰਿਹਾ।

ਰੋਟੀ ਖਾਂਦਿਆਂ ਰਾਤ ਦੇ ਬਾਰਾਂ ਵਜ ਗਏ ਸਨ ਤੇ ਹਰਵੰਤ ਨੇ ਜੋਤੀ ਦੇ ਕੰਨ 'ਚ ਕਿਹਾ , "ਛੇਤੀ ਕਰ, ਬਾਹਰ ਪਾਰਥਾਸਾਰਥੀ ਗੱਡੀ ਲੈ ਕੇ ਸਾਡੀ ਵੇਟ ਕਰ ਰਿਹਾ ਹੈ।"

"ਡਾਕਟਰ ਪ੍ਰਕਾਸ਼ ਵੀ ਨਾਲ...।" ਜੋਤੀ ਫੁਸਫੁਸਾਈ

"ਛੱਡ ਉਸਨੂੰ, ਉਹ ਪਤਾ ਨਹੀਂ ਕਿੱਥੇ ਠਹਿਰਿਐ।" ਜੋਤੀ ਨੇ ਅੱਖਾਂ ਚੌੜੀਆਂ ਕਰਕੇ ਉਸ ਵੱਲ ਦੇਖਿਆ ਅਤੇ ਉਸਦੇ ਮਗਰ-ਮਗਰ ਤੁਰ ਪਈ।

ਹੋਟਲ 'ਚ ਪਹੁੰਚ ਕੇ ਬੇਸਬਰੇ ਹਰਵੰਤ ਨੇ ਉਸਨੂੰ ਬਾਹਾਂ 'ਚ ਭਰ ਲਿਆ। ਜੋਤੀ ਆਪਣੇ ਆਪ ਨੂੰ ਛੁਡਾਕੇ ਕਹਿਣ ਲੱਗੀ, "ਬਰੁਸ਼ ਕਰੋ ਪਹਿਲਾਂ, ਮੂੰਹ 'ਚੋਂ ਸ਼ਰਾਬ ਦੀ ਹਵਾੜ ਆ ਰਹੀ ਹੈ।" ਉਹ ਬਾਥਰੂਮ 'ਚ ਜਾ ਵੜੀ ਅਤੇ ਨਹਾਉਣ ਲੱਗ ਪਈ। ਨਹਾ ਕੇ ਨਿਕਲੀ ਤਾਂ ਹਰਵੰਤ ਬਾਥਰੂਮ 'ਚ ਗਿਆ ਅਤੇ ਬਰੁਸ਼ ਕਰਨ ਲੱਗਾ।

ਬਾਹਰ ਨਿਕਲਿਆ ਤਾਂ ਜੋਤੀ ਨੇ ਨਾਈਟੀ ਪਹਿਨ ਲਈ ਸੀ ਅਤੇ ਉਸਦੀ ਉਡੀਕ ਬੈੱਡ 'ਤੇ ਕਰ ਰਹੀ ਸੀ। ਹਰਵੰਤ ਬੈੱਡ 'ਤੇ ਉਸ ਨਾਲ ਆ ਲੇਟਿਆ ਅਤੇ ਜੋਤੀ ਨੇ ਜਿਹੜਾ ਪਹਿਲਾ ਵਾਕ ਬੋਲਿਆ ਉਹ ਇਹ ਸੀ, "ਡਾ. ਪ੍ਰਕਾਸ਼ ਕਮਾਲ ਦਾ ਬੰਦਾ ਏ, ਯਾਰ ਐਨਾ ਵਿਦਵਾਨ, ਕਵਿਤਾ ਬਾਰੇ ਤਾਂ ਉਹ ਕੌਮਾਂਤਰੀ ਪੱਧਰ ਦਾ ਗਿਆਨ ਰੱਖਦਾ ਏ।"

ਹਰਵੰਤ ਦੇ ਹੱਥ ਉਸਦੀ ਨਾਈਟੀ ਦੇ ਬਟਨ ਖੋਲ੍ਹਦੇ-ਖੋਲ੍ਹਦੇ ਰੁਕ ਗਏ। ਉਸਦਾ ਜੋਸ਼ ਜਿਵੇਂ ਠੰਡਾ ਪੈਣ ਲੱਗਾ।

"ਔਰਤਾਂ ਵਿਚ ਇਹੋ ਗੱਲ ਮਾੜੀ ਹੈ, ਪਈਆਂ ਉਹ ਕਿਸੇ ਨਾਲ ਹੁੰਦੀਆਂ ਹਨ ਅਤੇ ਸਿਫਤ ਕਿਸੇ ਹੋਰ ਦੀ ਕਰਦੀਆਂ ਹਨ। ਛੱਡ ਹੁਣ ਪ੍ਰਕਾਸ਼ ਦੀਆਂ ਗੱਲਾਂ, ਸੋਹਣੀਆਂ ਔਰਤਾਂ ਦੇਖ ਕੇ ਉਸਨੂੰ ਲਾਲਾਂ



ਛੱਡਣ ਦੀ ਆਦਤ ਹੈ।"

"ਹਰਵੰਤ ਕੁਝ ਵੀ ਕਹਿ ਲੈ ਪਰ ਬੰਦਾ ਜੀਨੀਅਸ ਹੈ।" ਜੋਤੀ ਅਜੇ ਵੀ ਨਾ ਟਲੀ। ਹਰਵੰਤ ਨੇ ਨਾਈਟੀ ਦੇ ਜਿੰਨੇ ਬਟਨ ਖੋਲ੍ਹੇ ਸਨ ਉਸਦੇ ਹੱਥ ਉੱਥੇ ਹੀ ਰੁਕੇ ਹੋਏ ਸਨ। ਜੋਤੀ ਉੱਠੀ ਅਤੇ ਉਸਨੇ ਨਾਈਟੀ ਉਤਾਰ ਕੇ ਕਿੱਲੀ 'ਤੇ ਟੰਗ ਦਿੱਤੀ। ਹੁਣ ਉਹਦਾ ਜਿਸਮ ਕਮਰੇ ਦੀ ਤੇਜ਼ ਰੌਸ਼ਨੀ 'ਚ ਸੰਗਮਰਮਰ ਦੀ ਮੂਰਤੀ ਵਾਂਗ ਲਿਸ਼ਕ ਰਿਹਾ ਸੀ। ਹਰਵੰਤ ਹਮੇਸ਼ਾਂ ਔਰਤ ਦੇ ਨੰਗੇਜ਼ ਤੋਂ ਤ੍ਰਹਿੰਦਾ ਸੀ। ਉਹ ਉੱਠਿਆ ਤਾਂ ਜੋਤੀ ਨੂੰ ਲੱਗਿਆ ਕਿ ਉਹ ਹੁਣ ਉਸਨੂੰ ਖੜ੍ਹੀ ਖੜੋਤੀ ਨੂੰ ਲਿਪਟ ਜਾਏਗਾ ਪਰ ਨਹੀਂ ਉਹ ਸਵਿੱਚ ਬੋਰਡ ਵੱਲ ਗਿਆ ਤੇ ਕਮਰੇ ਦੀ ਬੱਤੀ ਬੰਦ ਕਰ ਦਿੱਤੀ।

"ਇਹ ਕੀ ਭਲਾ? ਤੇਰੀ ਇਹ ਆਦਤ ਨਹੀਂ ਗਈ ਬੱਤੀ ਬੁਝਾਉਣ ਵਾਲੀ। ਹੁਣ ਤਾਂ ਆਪਾਂ ਬਹੁਤ ਦੂਰ ਹਾਂ, ਇਕੱਲੇ ਹਾਂ, ਕਾਹਦਾ ਡਰ ਹੈ ਤੈਨੂੰ। ਰੌਸ਼ਨੀਆਂ ਨੂੰ ਅੱਜ ਜਗਣ ਦੇ। ਚਾਨਣ 'ਚ ਮੈਂ ਤੈਨੂੰ ਵੀ ਦੇਖਣਾ ਚਾਹੁੰਦੀ ਹਾਂ।" ਜੋਤੀ ਨੇ ਬੱਤੀਆਂ ਫਿਰ ਜਗਾ ਦਿੱਤੀਆਂ। ਡਾ. ਪ੍ਰਕਾਸ਼ ਦੇ ਨਾਂ ਨਾਲ ਠੰਡਾ ਪਿਆ ਹਰਵੰਤ ਇਕ ਵਾਰ ਫਿਰ ਜੋਸ਼ 'ਚ ਆ ਗਿਆ ਅਤੇ ਉਸਨੇ ਸੰਗਮਰਮਰ ਦੀ ਮੂਰਤੀ ਨੂੰ ਬਾਹਾਂ 'ਚ ਭਰ ਕੇ ਬੈੱਡ 'ਤੇ ਲਿਆ ਸੁੱਟਿਆ। ਹਰਵੰਤ ਦੀ ਇਹ ਅਦਾ ਜੋਤੀ ਨੂੰ ਪਹਿਲੇ ਦਿਨ ਤੋਂ ਚੰਗੀ ਲੱਗੀ ਸੀ। ਉਹ ਹਰ ਵਾਰ ਚਾਹੁੰਦੀ ਕਿ ਹਰਵੰਤ ਉਸਨੂੰ ਬਾਹਾਂ 'ਚ ਚੁੱਕ ਕੇ ਹੀ ਬੈੱਡ ਤੱਕ ਲੈ ਕੇ ਜਾਏ।

ਉਹ ਉਸ ਪੂਰੀ ਰਾਤ ਨਹੀਂ ਸੁੱਤੇ। ਪੰਜ ਵਜੇ ਤੱਕ ਉਹ ਆਪਣੀ ਖੇਡ 'ਚ ਉਲਝੇ ਰਹੇ। ਉਸ ਪਿਛੋਂ ਜੋਤੀ ਨੇ ਆਪ ਹੀ ਬੱਤੀ ਬੁਝਾਈ ਅਤੇ ਹਰਵੰਤ ਤੋਂ ਪਾਸਾ ਮੋੜ ਕੇ ਸੌਂ ਗਈ।

ਹਰਵੰਤ ਨੂੰ ਲੱਗਿਆ ਕਿ੍ਹ ਉਸਨੇ ਜੋਤੀ ਨੂੰ ਬੰਗਲੌਰ ਲਿਆ ਕੇ ਗਲਤੀ ਕੀਤੀ ਹੈ। ਉਸਨੂੰ ਨਹੀਂ ਸੀ ਪਤਾ ਕਿ ਡਾ. ਪ੍ਰਕਾਸ਼ ਉਸਦੇ ਦਿਮਾਗ ਨੂੰ ਚੜ੍ਹ ਜਾਏਗਾ। ਡਾ. ਪ੍ਰਕਾਸ਼ ਦੀ ਨੀਤ ਨੂੰ ਉਹ ਜਾਣਦਾ ਸੀ, ਉਹ ਸਾਹਿਤਕਾਰ ਔਰਤਾਂ ਦਾ ਦੀਵਾਨਾ ਹੈ। ਉਸ ਦੇ ਪਿੱਛੇ ਕਈ ਕਵਿੱਤਰੀਆਂ ਤੁਰੀਆਂ ਫਿਰਦੀਆਂ ਹਨ, ਏਥੇ ਉਹ ਆਪ ਜੋਤੀ ਪਿੱਛੇ ਦੀਵਾਨਾ ਹੋਇਆ ਫਿਰਦੈ।

ਅਗਲੀ ਸਵੇਰੇ ਫਿਰ ਵੱਖ-ਵੱਖ ਜ਼ੁਬਾਨਾਂ ਦੀ ਕਵਿਤਾ ਬਾਰੇ ਗੋਸ਼ਟੀ ਸੀ। ਗਿਆਰਾਂ ਵਜੇ ਨਾਸ਼ਤਾ ਕਰਦਿਆਂ ਹਰਵੰਤ ਨੇ ਕਿਹਾ, "ਜੋਤੀ ਆਪਾਂ ਹੁਣ ਸਮਾਗਮ 'ਚ ਨਹੀਂ ਜਾਣਾ। ਪਾਰਥਾਸਾਰਥੀ ਨੂੰ ਮੈਂ ਕਿਹਾ ਕਿ ਅਸੀਂ ਦੋ ਦਿਨ ਲਈ ਬੰਬਈ ਜਾਵਾਂਗੇ, ਉੱਥੋਂ ਫਿਰ ਵਾਪਸੀ।"

"ਜਾਨ ਮੈਂ ਤੇਰੇ ਨਾਲ ਹਾਂ। ਏਥੇ ਵੀ ਮੈਂ ਤੇਰੇ ਕਰਕੇ ਹੀ ਆਈ ਹਾਂ। ਨਹੀਂ ਸੱਚ ਆਪਣੇ ਕਰਕੇ ਵੀ। ਰਾਤ ਤੂੰ ਜਿੰਨਾ ਪਿਆਰ ਕੀਤਾ, ਇਸ ਤਰ੍ਹਾਂ ਮੈਨੂੰ ਕਦੇ ਕੁਲਬੀਰ ਨੇ ਵੀ ਨਹੀਂ ਕੀਤਾ, ਜਿਸ ਨਾਲ ਮੈਂ 16 ਸਾਲਾਂ ਤੋਂ ਵਿਆਹੀ ਹੋਈ ਹਾਂ। ਉਸਨੇ ਤਾਂ ਅਜੇ ਤੱਕ ਮੇਰੇ ਪੂਰੇ ਜਿਸਮ ਨੂੰ ਵੀ ਨਹੀਂ ਟੋਹਿਆ ਹੋਣਾ। ਤੂੰ ਤਾਂ ਕੋਈ ਜਾਦੂਗਰ ਏਂ, ਹੱਥ ਲਾਉਂਦਾ ਏਂ ਤਾਂ ਜਿਸਮ ਲਰਜ਼ਣ ਲੱਗਦਾ ਹੈ, ਕਰੰਟ ਭਰ ਜਾਂਦਾ ਹੈ ਪੂਰੇ ਜਿਸਮ 'ਚ।" ਹਰਵੰਤ ਚੁਪਚਾਪ ਉਸ ਵੱਲ ਦੇਖ ਕੇ ਮੁਸਕਰਾਉਂਦਾ ਰਿਹਾ ਅਤੇ ਜੋਤੀ ਉਠਕੇ ਡਰੈਸਿੰਗ ਟੇਬਲ ਅੱਗੇ ਜਾ ਬੈਠੀ।

ਹਰਵੰਤ ਨੇ ਪਾਰਥਾਸਾਰਥੀ ਨੂੰ ਫੋਨ ਕੀਤਾ। ਡੇਢ ਵਜੇ ਦੀ ਫਲਾਈਟ ਸੀ ਬੰਬਈ ਦੀ। ਟਿਕਟਾਂ ਓ. ਕੇ. ਹੋ ਗਈਆਂ ਸਨ। ਉਹ ਦੋਵੇਂ ਤਿਆਰ ਹੋ ਗਏ। ਪਾਰਥਾਸਾਰਥੀ ਲੈਣ ਆ ਰਿਹਾ ਸੀ ਉਨ੍ਹਾਂ ਨੂੰ। ਰਾਹ 'ਚ ਜੋਤੀ ਨੇ ਇਕ ਵਾਰ ਫਿਰ ਡਾ. ਪ੍ਰਕਾਸ਼ ਦੀ ਗੱਲ ਛੇੜ ਲਈ, "ਮੈਨੂੰ ਤਾਂ ਬੰਗਲੌਰ ਆ ਕੇ ਇਕੋ ਫਾਇਦਾ ਹੋਇਆ ਕਿ ਡਾ. ਪ੍ਰਕਾਸ਼ ਵਰਗੇ ਜੀਨੀਅਸ ਨਾਲ ਮੁਲਾਕਾਤ ਹੋ ਗਈ। ਚੰਡੀਗੜ੍ਹ ਤਾਂ ਉਦੋਂ ਉਸ ਨਾਲ ਕੋਈ ਗੱਲ ਹੀ ਨਹੀਂ ਸੀ ਹੋ ਸਕੀ।"

"ਚੰਡੀਗੜ੍ਹ 'ਚ ਉਸਨੂੰ ਔਰਤਾਂ ਦਾ ਕੋਈ ਘਾਟਾ ਨਹੀਂ। ਪਤਾ ਨਹੀਂ ਉਸ ਕੋਲ ਕਿਹੜੀ ਗਿੱਦੜਸਿੰਗੀ ਹੈ?" ਹਰਵੰਤ ਪਤਾ ਨਹੀਂ ਉਸਦੀ ਪ੍ਰਸ਼ੰਸਾ ਕਰ ਰਿਹਾ ਸੀ ਜਾਂ ਬਦਖੋਹੀ।

"ਸਿਆਣਪ 'ਤੇ ਮਰਦੀਆਂ ਹੋਣਗੀਆਂ।" ਜੋਤੀ ਨੇ ਅੱਗ ਹੋਰ ਮਚਾ ਦਿੱਤੀ।

"ਜਾਦੂਗਰ ਹੈ ਸਾਲਾ।" ਸਾਲਾ ਲਫਜ਼ ਉਸਨੇ ਮੂੰਹ 'ਚ ਘੁੱਟਣ ਦੀ ਕੋਸ਼ਿਸ਼ ਕੀਤੀ।

"ਹਾਂ ਜਾਦੂਗਰ ਤਾਂ ਹੈ... ਵਿਦਵਾਨ ਜਾਦੂਗਰ।" ਜੋਤੀ ਨੇ ਫਿਰ ਉਸਦੀ ਸਿਫਤ ਕਰ ਦਿੱਤੀ।ਹਰਵੰਤ

ਨੂੰ ਲੱਗਿਆ ਕਿ ਇਹ ਸ਼ਬਦ ਜੋਤੀ ਨੇ ਜਾਣ ਬੁੱਝ ਕੇ ਆਖੇ ਹਨ। ਜੋਤੀ ਨੂੰ ਲੱਗਦਾ ਕਿ ਔਰਤਾਂ ਤਾਂ ਐਵੇਂ ਈਰਖਾ ਕਰਨ 'ਚ ਬਦਨਾਮ ਨੇ। ਬੰਦਿਆਂ ਵਿਚ ਕਿੰਨੀ ਈਰਖਾ ਹੈ। ਡਾ. ਪ੍ਰਕਾਸ਼ ਦੀ ਸਿਫਤ ਹਰਵੰਤ ਕੋਲੋਂ ਸਹਿਣ ਨਹੀਂ ਹੋ ਰਹੀ। ਜੋਤੀ ਨੂੰ ਸੁਆਦ ਆ ਰਿਹਾ ਸੀ, ਹਰਵੰਤ ਨੂੰ ਪੁਛਣ ਲੱਗੀ, "ਮੇਰਾ ਡਾ. ਪ੍ਰਕਾਸ਼ ਨਾਲ ਗੱਲ ਕਰਨਾ ਤੈਨੂੰ ਚੰਗਾ ਨਹੀਂ ਲੱਗਾ?"

"ਮੈਂ ਕਦੋਂ ਇਹ ਗੱਲ ਆਖੀ ਏ?"

"ਹਰ ਗੱਲ ਮੂੰਹੋਂ ਬੋਲ ਕੇ ਤਾਂ ਨਹੀਂ ਆਖੀ ਜਾਂਦੀ।" ਜੋਤੀ ਨੇ ਕਿਹਾ ਤਾਂ ਹਰਵੰਤ ਚੁੱਪ ਰਿਹਾ।

"ਮੈਂ ਤੈਨੂੰ ਆਪਣਾ ਸਭ ਕੁਝ ਮੰਨ ਬੈਠੀ ਹਾ। ਤੈਨੂੰ ਸ਼ੱਕ ਨਹੀਂ ਕਰਨਾ ਚਾਹੀਦਾ।"

'ਮੈਂ ਸ਼ੱਕ ਨਹੀਂ ਕਰ ਰਿਹਾ। ਉਸ ਬੰਦੇ ਦੀ ਅਸਲੀਅਤ ਦੱਸ ਰਿਹਾ ਹਾਂ।"

"ਮੈਨੂੰ ਇਸ ਨਾਲ ਫਰਕ ਨਹੀਂ ਪੈਂਦਾ। ਤੇਰੇ ਆਉਣ ਤੋਂ ਪਹਿਲਾਂ ਕੁਲਬੀਰ ਤੋਂ ਇਲਾਵਾ ਹੋਰ ਕੋਈ ਨਹੀਂ ਸੀ ਮੇਰੀ ਜ਼ਿੰਦਗੀ 'ਚ। ਕੁਲਬੀਰ ਨੇ ਮੈਨੂੰ ਕਿਸੇ ਦੀ ਲੋੜ ਵੀ ਮਹਿਸੂਸ ਨਹੀਂ ਹੋਣ ਦਿੱਤੀ। ਬੱਸ ਤੂੰ ਮੈਨੂੰ ਚੰਗਾ ਲੱਗਾ ਅਤੇ ਤੇਰੇ ਨੇੜੇ ਆ ਗਈ।...ਤੇ ਤੈਨੂੰ ਇਹ ਵੀ ਦੱਸ ਦਿਆਂ ਕਿ ਤੇਰੇ ਸਾਥ ਪਿੱਛੇ, ਤੇਰੇ ਨਾਲ ਨੇੜਤਾ ਪਿੱਛੇ ਵੀ ਸਿਰਫ ਮੇਰੀ ਜਿਸਮਾਨੀ ਭੁੱਖ ਹੀ ਨਹੀਂ। ਤੇਰੇ ਵਿਅਕਤੀਤਵ ਕਰਕੇ ਮੈਂ ਤੈਨੂੰ ਪਿਆਰ ਕੀਤਾ ਹੈ, ਨਿਰਸਵਾਰਥ। ਫਿਰ ਇਕੱਲੀ ਮੈਂ ਹੀ ਨਹੀਂ, ਕੁਲਬੀਰ ਵੀ ਤੈਨੂੰ ਪਸੰਦ ਕਰਦਾ ਹੈ ਤੇ ਸਰੁਚੀ, ਉਹ ਤਾਂ ਤੇਰੇ ਲਈ ਸਾਡੇ ਦੋਵਾਂ ਨਾਲ ਲੜ ਪੈਂਦੀ ਹੈ। ਹਮੇਸ਼ਾ ਕਹਿੰਦੀ ਹੈ ਮੈਂ ਹਰਵੰਤ ਅੰਕਲ ਦੀ ਧੀ ਹਾਂ। ਆਪਾਂ ਵੀ ਤਾਂ ਇਹੀ ਮੰਨ ਕੇ ਚੱਲੇ ਹਾਂ।"

ਹਰਵੰਤ ਚੁਪਚੁਪ ਸੁਣਦਾ ਰਿਹਾ। ਜੋਤੀ ਨੇ ਫਿਰ ਕਿਹਾ, "ਤੂੰ ਬੰਗਲੌਰ ਤੋਂ ਭੱਜ ਆਇਐਂ ਇਸ ਡਰੋਂ ਕਿ ਡਾ. ਪ੍ਰਕਾਸ਼ ਮੈਨੂੰ ਕਿਤੇ ਤੇਰੇ ਕੋਲੋਂ ਖੋਹ ਨਾ ਲਏ। ਹੱਦ ਹੋ ਗਈ ਹਰਵੰਤ। ਪਲੀਜ਼ ਮੇਰੀਆਂ ਭਾਵਨਾਵਾਂ ਨੂੰ ਸਮਝਿਆ ਕਰ, ਜਿਸਮ ਤੋਂ ਅਗਾਂਹ ਵੀ ਤਾਂ ਕੁਝ ਦੇਖ।"

ਬਾਕੀ ਦਾ ਸਫਰ ਚੁਪਚਾਪ ਬੀਤ ਗਿਆ। ਬੰਬਈ ਪਹੁੰਚਣ ਤੱਕ ਹਰਵੰਤ ਦੇ ਮਨ ਅੰਦਰ ਆਪਣੇ ਕਈ ਜਾਣਕਾਰ ਮਿੱਤਰਾਂ ਦਾ ਖਿਆਲ ਆਇਆ। ਅਖੀਰ ਉਸਨੇ ਫੈਸਲਾ ਕੀਤਾ ਕਿ ਉਹ ਕਿਸੇ ਹੋਟਲ 'ਚ ਹੀ ਠਹਿਰਨਗੇ। ਬੰਬਈ 'ਚ ਉਹ ਤਿੰਨ ਰਾਤਾਂ ਰਹੇ। ਉਹ ਦੋਵੇਂ ਜਦੋਂ ਇਕ ਦੂਜੇ ਦੇ ਜਿਸਮਾਂ ਨਾਲ ਖੇਡਦੇ ਅੱਕ ਥੱਕ ਜਾਂਦੇ ਤਾਂ ਬੀਚ 'ਚੇ ਚਲੇ ਜਾਂਦੇ। ਉਨ੍ਹਾਂ ਦਾ ਹੋਟਲ ਵੀ ਬੀਚ 'ਤੇ ਸੀ। ਰੂਮ 'ਚੋਂ ਹੇਠਾਂ ਉਤਰੋ ਤੇ ਪਿਛਲੇ ਗੇਟ ਤੋਂ ਬਾਹਰ ਨਿਕਲੋ ਤਾਂ ਕੁਝ ਕਦਮਾਂ 'ਤੇ ਸਮੁੰਦਰ ਦੀਆਂ ਲਹਿਰਾਂ, ਹੋਟਲ ਦੇ ਗੇਟ ਤੱਕ ਆ ਜਾਂਦੀਆਂ। ਕਿਨਾਰੇ ਕਿਨਾਰੇ ਉਹ ਤੁਰਦੇ ਜਾਂਦੇ। ਫਿਰ ਸ਼ਾਮ ਦੀ ਰੌਣਕ ਵਧਦੀ ਜਾਂਦੀ, ਪਾਨੀ ਪੂਰੀ ਖਾਂਦੇ ਅਤੇ ਪਾਪਕੌਰਨ ਦਾ ਲਿਫਾਫਾ ਲੈ ਕੇ, ਇਕ ਇਕ ਦਾਣਾ ਮੂੰਹ 'ਚ ਪਾਉਂਦੇ ਤੁਰੇ ਜਾਂਦੇ।

"ਇਸ ਬੀਚ ਦਾ ਕਿਤੇ ਤਾਂ ਅੰਤ ਹੁੰਦਾ ਹੋਵੇਗਾ।" ਜੋਤੀ ਪੁੱਛਦੀ।

"ਸਾਡੇ ਰਿਸ਼ਤੇ ਦਾ ਅੰਤ ਕੀ ਹੈ?" ਹਰਵੰਤ ਪੁੱਛਦਾ।

"ਕਈ ਜਨਮਾਂ ਪਿਛੋਂ ਸਾਡਾ ਮੇਲ ਹੋਇਆ ਹੁਣ ਨਹੀਂ ਹੋਵੇਗਾ ਇਸਦਾ ਅੰਤ। ਮੈਂ ਸੋਚਿਆ ਨਹੀਂ ਸੀ ਕਿ ਤੇਰੇ ਵਰਗਾ ਬੰਦਾ ਮੇਰੀ ਜ਼ਿੰਦਗੀ 'ਚ ਆਏਗਾ ਅਤੇ ਮੇਰੀਆਂ ਸੁੱਤੀਆਂ ਪਈਆਂ ਪਿਆਰ ਦੀਆਂ ਤਰੰਗਾਂ ਨੂੰ ਟੁਣਕਾਏਗਾ। ਮੇਰੇ ਅੰਦਰ ਐਨਰਜੀ ਦਾ ਸੰਚਾਰ ਹੋਇਆ। ਇਹ ਰਿਸ਼ਤਾ ਰੱਬ ਕਰਕੇ ਕਦੇ ਨਾ ਟੁੱਟੇ। ਤੂੰ ਨਾ ਕਦੇ ਤੋੜੀਂ ਤੇ ਨਾ ਹੀ ਮੁੱਖ ਮੋੜੀਂ।"

"ਕਮਾਲ ਹੈ, ਇਹ ਤਾਂ ਕਵਿਤਾ ਬਣ ਗਈ। ਕੀ ਹੈ ਵੈਸੇ ਸਾਡਾ ਇਹ ਰਿਸ਼ਤਾ?" ਹਰਵੰਤ ਕੁਰੇਦਦਾ।

"ਆਪਣੇ ਕੋਲੋਂ ਪੁਛ ਹਰਵੰਤ। ਇਕ ਗੱਲ ਸੋਚਦੀ ਹਾਂ ਕਿ ਮੈਨੂੰ ਜੋ ਤੂੰ ਦਿੱਤਾ ਹੈ, ਉਹ ਮੈਨੂੰ ਕੁਲਬੀਰ ਕਿਉਂ ਨਾ ਦੇ ਸਕਿਆ।"

"ਉਹ ਪਤੀ ਹੈ, ਪਤੀ ਇੰਝ ਨਹੀਂ ਕਰਦੇ।"

"ਕੀ ਤੂੰ ਆਪਣੀ ਪਤਨੀ ਨਾਲ ਉਵੇਂ ਹੀ ਪੇਸ਼ ਆਉਂਦਾ ਸੀ ਜਿਵੇਂ ਮੇਰੇ ਨਾਲ ਆਉਂਦਾ ਏਂ?"

"ਇਹ ਤਾਂ ਮੇਰੀ ਪਤਨੀ ਨੂੰ ਹੀ ਪਤਾ ਹੋ ਸਕਦਾ ਸੀ।"

ਆਖਰੀ ਰਾਤ ਜਦੋਂ ਉਹ ਦੋਵੇਂ ਹੋਟਲ ਦੇ ਰੈਸਟੋਰੈਂਟ 'ਚ ਖਾਣਾ ਖਾ ਰਹੇ ਸਨ ਤਾਂ ਹਰਵੰਤ ਪੀਵੀ ਜਾ



ਰਿਹਾ ਸੀ। ਚਾਰ ਪੈੱਗ ਪੀ ਚੁੱਕਾ ਸੀ। ਜੋਤੀ ਨੇ ਕਿਹਾ ਕਿ ਹੁਣ ਖਾਣਾ ਖਾਧਾ ਜਾਏ ਪਰ ਉਸਦੇ ਰੋਕਦਿਆਂ ਰੋਕਦਿਆਂ ਉਹ ਦੋ ਪੈੱਗ ਹੋਰ ਪੀ ਗਿਆ। ਫਿਰ ਉਹ ਖਾਣਾ ਖਾਣ ਲੱਗੇ। ਦੋਵੇਂ ਕੁਝ ਦੇਰ ਲਈ ਸ਼ਾਂਤ ਸਮੁੰਦਰ ਦੇ ਕਿਨਾਰੇ ਤੱਕ ਗਏ ਅਤੇ ਫਿਰ ਹੌਲੀ-ਹੌਲੀ ਹਰਵੰਤ ਦੇ ਜਿਸਮ 'ਚ ਕੁਝ ਰੀਂਗਣ ਲੱਗਾ। ਉਸਦੀ ਬਾਂਹ ਜੋਤੀ ਦੇ ਲੱਕ ਦੁਆਲੇ ਵਲੀ ਗਈ ਅਤੇ ਉਹ ਜੁੜਕੇ ਤੁਰਨ ਲੱਗੇ। ਇਕ ਦੋ ਵਾਰ ਹਰਵੰਤ ਨੇ ਉਸਦੇ ਹੋਠਾਂ ਨੂੰ ਚੁੰਮਣ ਦੀ ਕੋਸ਼ਿਸ਼ ਕੀਤੀ ਪਰ ਜੋਤੀ ਨੇ ਮੂੰਹ ਫੇਰ ਲਿਆ। ਹਰਵੰਤ ਨੇ ਉਸਨੂੰ ਛੱਡ ਦਿੱਤਾ। ਹੁਣ ਉਹ ਆਪਣੇ ਹੋਟਲ ਦੀ ਲਿਫਟ 'ਚ ਸਨ।

ਰੂਮ ਵਿਚ ਆਉਂਦਿਆਂ ਹੀ ਜੋਤੀ ਬਾਥਰੂਮ 'ਚ ਜਾ ਵੜੀ। ਉਸਨੂੰ ਰਾਤ ਨੂੰ ਨਹਾ ਕੇ ਸੌਣ ਦੀ ਆਦਤ ਸੀ। ਬਾਹਰ ਆਈ ਅਤੇ ਸ਼ੀਸ਼ੇ ਅੱਗੇ ਖੜ੍ਹੇ ਹੋ ਕੇ ਆਪਣੇ ਆਪ ਨੂੰ ਤੱਕਣ ਲੱਗੀ। ਹਰਵੰਤ ਬੈੱਡ 'ਤੇ ਬੈਠਾ ਉਸਨੂੰ ਉਡੀਕ ਰਿਹਾ ਸੀ। ਉਹ ਉਸਦੇ ਸਾਹਮਣੇ ਸੋਫੇ 'ਤੇ ਬੈਠ ਗਈ।

"ਇਕ ਗੱਲ ਆਖਾਂ ਹਰਵੰਤ।"

" ......" ਹਰਵੰਤ ਨੇ ਨਸ਼ੇ ਨਾਲ ਬੋਝਲ ਅੱਖਾਂ ਉਪਰ ਚੁੱਕ ਕੇ ਉਸ ਵੱਲ ਦੇਖਿਆ।

"ਮੈਨੂੰ ਤੇਰਾ ਇੰਝ ਸ਼ਰਾਬ ਪੀਣਾ ਚੰਗਾ ਨਹੀਂ ਲੱਗਦਾ।"

"ਫਿਰ...?" ਹਰਵੰਤ ਨੇ ਪੁੱਛਿਆ।

"ਕੋਫਤ ਹੁੰਦੀ ਹੈ ਇਸਦੀ ਬਦਬੂ ਤੋਂ। ਬੰਦ ਕਰਦੇ ਪੀਣੀ। ਘੱਟੋ-ਘੱਟ ਉਦੋਂ ਤਾਂ ਨਾ ਪੀਇਆ ਕਰ ਜਦੋਂ ਮੇਰੇ ਨੇੜੇ ਆਉਣਾ ਹੋਵੇ।"

ਹਰਵੰਤ ਨੂੰ ਜਾਪਿਆ ਕਿ ਜੋਤੀ ਨਹੀਂ, ਉਸਦੇ ਸਾਹਮਣੇ ਉਸਦੀ ਮਰ ਚੁੱਕੀ ਪਤਨੀ ਬੋਲ ਰਹੀ ਹੈ। ਉਸਦੀ ਪਤਨੀ ਨੂੰ ਵੀ ਤਾਂ ਉਸ ਕੋਲੋਂ ਇੰਝ ਹੀ ਕੋਫਤ ਹੁੰਦੀ ਸੀ। ਉਹ ਵੀ ਹਮੇਸ਼ਾ ਵਰਜਦੀ ਰਹਿੰਦੀ। ਉਹ ਕਹਿੰਦੀ ਹੁੰਦੀ ਸੀ ਕਿ ਪੀਣ ਪਿਛੋਂ ਮੇਰੇ ਨੇੜੇ ਨਾ ਆਇਆ ਕਰ।

ਕਹਿਣ ਲੱਗਾ, "ਜੋਤੀ ਇਕ ਗੱਲ ਆਖਾਂ, ਡੌਂਟ ਟਰਾਈ ਟੂ ਬੀ ਮਾਈ ਵਾਈਫ।"

ਜੋਤੀ ਨੂੰ ਅੱਗ ਲੱਗ ਗਈ। ਕੀ ਮੈਂ ਐਨਾ ਵੀ ਅਧਿਕਾਰ ਨਹੀਂ ਰੱਖਦੀ।

"ਓ. ਕੇ. ਮੈਂ ਤੇਰੀ ਵਾਈਫ ਨਹੀਂ, ਪਰ ਕੁਝ ਤਾਂ ਹਾਂ ਨਾ ਮੈਂ ਤੇਰੀ? ਤੇਰੀ ਖਾਤਰ ਟੱਬਰ ਛੱਡ ਕੇ ਆਈ ਹਾਂ? ਕੀ ਹਾਂ ਮੈਂ ਤੇਰੀ, ਜੇ ਪਤਨੀ ਨਹੀਂ ਤਾਂ ਕੀ ਹਾਂ? ਤੇਰੇ ਭੋਗਣ ਲਈ ਇਕ ਵਸਤੂ? ਇਸ਼ਾਰਿਆਂ 'ਤੇ ਨੱਚਣ ਵਾਲੀ ਪੁਤਲੀ?" ਬੋਲਦਿਆਂ ਬੋਲਦਿਆਂ ਉਹ ਹਫਣ ਲੱਗੀ।

ਕੁਝ ਪਲ ਉਹ ਗੁੰਮਸੁੰਮ ਸੋਫੇ 'ਤੇ ਬੈਠੀ ਰਹੀ। ਹਰਵੰਤ ਹੌਲੀ-ਹੌਲੀ ਲੰਮਾ ਪੈ ਗਿਆ। ਉਹ ਉੱਠੀ ਪਾਣੀ ਦਾ ਗਿਲਾਸ ਪੀਤਾ। ਬੈੱਡ ਦੇ ਕਿਨਾਰੇ ਕੰਬਲ ਨੂੰ ਘੁੱਟ ਕੇ ਇਕ ਬੋਰੀ ਵਾਂਗ ਇਕੱਠੀ ਹੋ ਕੇ ਪੈ ਗਈ। ਕੁਝ ਦੇਰ ਪਿਛੋਂ ਹਰਵੰਤ ਫਿਰ ਉਸ ਨਾਲ ਘੁਲਣ ਦੀ ਕੋਸ਼ਿਸ਼ ਕਰਨ ਲੱਗਾ।

"ਨਹੀਂ, ਬਿਲਕੁਲ ਨਹੀਂ, ਮੈਨੂੰ ਨਾ ਅੱਜ ਛੇੜੀਂ।" ਉਸਨੇ ਹਰਵੰਤ ਦਾ ਹੱਥ ਝਟਕ ਦਿੱਤਾ। ਉਸਦੇ ਲੱਖ ਤਰਲੇ ਕਰਨ ਦੇ ਬਾਵਜੂਦ ਵੀ ਅੱਜ ਬੋਰੀ ਦੀ ਗੰਢ ਨਾ ਖੁੱਲ੍ਹ ਸਕੀ।

ਦਿਨ ਚੜ੍ਹਿਆ ਤਾਂ ਹਰਵੰਤ ਨੇ ਦੇਖਿਆ ਕਿ ਜੋਤੀ ਬਾਥਰੂਮ 'ਚ ਹੈ। ਉਸਨੇ ਫੋਨ ਕਰਕੇ ਰੂਮ ਸਰਵਿਸ ਨੂੰ ਚਾਹ ਦਾ ਆਰਡਰ ਦਿੱਤਾ। ਉਹ ਨਹਾ ਕੇ ਬਾਹਰ ਆਈ। ਜੋਤੀ ਦੀਆਂ ਅੱਖਾਂ ਸੁੱਜੀਆਂ ਹੋਈਆਂ ਸਨ ਅਤੇ ਫਿਰ 'ਗੁਡਮਾਰਨਿੰਗ' ਕਹਿ ਕੇ ਉਸਦੇ ਨੇੜੇ ਬੈਠ ਗਈ। ਹਰਵੰਤ ਨੂੰ ਅਜੇ ਵੀ ਨਸ਼ੇ ਦੀ ਖੁਮਾਰੀ ਸੀ। ਰਾਤ ਦਾ ਗੁੱਸਾ ਵੀ। ਨਹਾਉਣ ਪਿਛੋਂ ਹਰਵੰਤ ਨੇ ਆਪਣੇ ਆਪ ਨੂੰ ਕੁਝ ਹਲਕਾ ਮਹਿਸੂਸ ਕੀਤਾ। ਜੋਤੀ ਦੇ ਰਾਤ ਵਾਲੇ ਵਤੀਰੇ ਦਾ ਉਸਨੂੰ ਗੁੱਸਾ ਸੀ ਪਰ ਉਹ ਚੁੱਪ ਰਿਹਾ। ਖਿੜਕੀਆਂ ਦੇ ਪਰਦੇ ਖਿੱਚ ਦਿੱਤੇ। ਅਖਬਾਰ ਲੈ ਕੇ ਪੜ੍ਹਨ ਲੱਗਾ। ਅੱਜ ਰਾਤ ਨੂੰ ਉਨ੍ਹਾਂ ਦੀ ਦਿੱਲੀ ਦੀ ਫਲਾਈਟ ਸੀ। ਜੋਤੀ ਆਪਣੇ ਕੱਪੜੇ ਸੂਟਕੇਸ 'ਚ ਸਮੇਟਣ ਲੱਗੀ। ਕਮਰੇ ਦਾ ਮਾਹੌਲ ਬੋਝਲ ਸੀ। ਜੋਤੀ ਵੀ ਅੰਦਰੋ ਅੰਦਰੀ ਦੁਖੀ ਸੀ ਕਿ ਆਖਰ ਉਹ ਕਿਉਂ ਆਈ ਹਰਵੰਤ ਨਾਲ। ਅਖੀਰ ਜੋਤੀ ਨੇ ਹੀ ਚੁੱਪ ਤੋੜੀ।

"ਸੌਰੀ, ਹਰਵੰਤ! ਪਤਾ ਨਹੀਂ ਕਿਉਂ ਮੈਨੂੰ ਸ਼ਰਾਬ ਦੀ ਹਵਾੜ ਐਨੀ ਭੈੜੀ ਲੱਗਦੀ ਹੈ।"

"ਨਾਲੇ ਮੈਂ ਤੇਰੀ ਬੀਵੀ ਨਹੀਂ। ਇਕੋ ਫਰਕ ਹੈ ਬੀਵੀ ਅਤੇ ਮੇਰੇ 'ਚ।" ਜੋਤੀ ਨੇ ਕਿਹਾ।

"..... ਬੀਵੀ ਛੱਡ ਕੇ ਨਹੀਂ ਜਾਂਦੀ, ਪਤੀ ਜੋ ਮਰਜ਼ੀ ਕਰਦਾ ਰਹੇ, ਜਿਵੇਂ ਮਰਜ਼ੀ ਪਤਨੀ ਨਾਲ ਪੇਸ਼ ਆਉਂਦਾ ਰਹੇ। ਬੀਵੀ ਦੀ ਮਜਬੂਰੀ ਹੈ, ਉਹ ਫਿਰ ਵੀ ਜੁੜੀ ਰਹਿੰਦੀ ਹੈ ਪਤੀ ਨਾਲ, ਵਿਚਾਰੀ ਅਰਧਾਂਗਣੀ।"

ਹਰਵੰਤ ਖਾਮੋਸ਼ੀ ਨਾਲ ਉਸਨੂੰ ਦੇਖਦਾ ਰਿਹਾ, ਉਸਦੇ ਬੋਲਾਂ ਦੇ ਅਰਥਾਂ ਨੂੰ ਸਮਝਦਾ ਰਿਹਾ। ਫਿਰ ਉਹ ਉੱਠਿਆ ਅਤੇ ਰੂਮ 'ਚੋਂ ਬਾਹਰ ਨਿਕਲ ਗਿਆ। ਜੋਤੀ ਦਿੱਲੀ ਤੋਂ ਚੰਡੀਗੜ੍ਹ ਚਲੀ ਗਈ ਅਤੇ ਹਰਵੰਤ ਲੁਧਿਆਣੇ ਆ ਗਿਆ। ਦੋਵਾਂ ਦਾ ਬੰਬਈ 'ਚ ਬਹੁਤ ਕੁਝ ਰਹਿ ਗਿਆ ਸੀ।

✡✡✡

ਪਿਛਲੇ ਦੋ ਸਾਲਾਂ ਤੋਂ ਹਰਵੰਤ ਦੀਆਂ ਜੋਤੀ ਨਾਲ ਮੁਲਾਕਾਤਾਂ ਤਾਂ ਹੁੰਦੀਆਂ ਰਹੀਆਂ ਪਰ ਨੇੜਤਾ ਦੇ ਅਹਿਸਾਸ ਤੋਂ ਸੱਖਣੀਆਂ। ਇਕ ਦੋ ਵਾਰ ਫੋਨ 'ਤੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਟਾਲ ਜਾਂਦੀ। ਕਦੇ ਕਹਿੰਦੀ, "ਕੁਲਬੀਰ ਨੂੰ ਸ਼ਾਇਦ ਸ਼ੱਕ ਹੋ ਗਿਆ ਹੈ। ਕਦੇ ਕਹਿੰਦੀ ਸੁਰੁਚੀ ਦੇ ਪਲਸ ਟੂ ਦੇ ਪੇਪਰ ਆ ਗਏ ਨੇ। ਗੈਵੀ ਦੀ ਪੜ੍ਹਾਈ ਠੀਕ ਨਹੀਂ ਚੱਲ ਰਹੀ।" ਬਹੁਤ ਸਾਰੇ ਸਾਹਿਤ ਸਮਾਗਮਾਂ 'ਚ ਵੀ ਉਹ ਜੇ ਕਿਧਰੇ ਹਰਵੰਤ ਨੂੰ ਮਿਲ ਪੈਂਦੀ ਤਾਂ ਹੈਲੋ ਹਾਏ ਤੋਂ ਅੱਗੇ ਗੱਲ ਨਾ ਵਧਦੀ। ਉਹ ਕੰਨੀ ਕਤਰਾ ਕੇ ਨਿਕਲ ਜਾਂਦੀ।

ਸੁਰੁਚੀ ਨੂੰ ਪੀਲੀਆ ਹੋ ਗਿਆ ਤਾਂ ਕੁਲਬੀਰ ਦਾ ਫੋਨ ਆਇਆ ਹਰਵੰਤ ਨੂੰ, "ਕਿਥੇ ਰਹਿੰਦੇ ਹੋ ਭਰਾ ਜੀ। ਕਦੇ ਆਏ ਹੀ ਨਹੀਂ। ਰੁਚੀ ਬੀਮਾਰ ਹੈ, ਹਸਪਤਾਲ 'ਚ ਹੈ।"

"ਕੀ ਹੋਇਆ ਉਸਨੂੰ?" ਹਰਵੰਤ ਘਬਰਾ ਗਿਆ, ਜਿਵੇਂ ਉਸਦੀ ਜਾਨ ਨਿਕਲ ਗਈ ਹੋਵੇ।

"ਪੀਲੀਆ ਹੋ ਗਿਆ।... ਤੁਹਾਨੂੰ ਚੇਤੇ ਕਰਦੀ ਹੈ, ਬੇਟੀ ਜੁ ਹੋਈ ਤੁਹਾਡੀ।" ਹਰਵੰਤ ਉਦੋਂ ਹੀ ਚੰਡੀਗੜ੍ਹ ਪਹੁੰਚਿਆ। ਰੁਚੀ ਸੰਭਲ ਚੁੱਕੀ ਸੀ। ਹਸਪਤਾਲ ਹੀ ਉਹ ਕੁਝ ਘੰਟੇ ਠਹਿਰਿਆ ਤੇ ਪਰਤ ਗਿਆ। ਜਾਂਦਾ ਹੋਇਆ ਰੁਚੀ ਨੂੰ ਕਹਿਣ ਲੱਗਾ, "ਠੀਕ ਹੋ ਕੇ ਆ ਜਾਈਂ ਮੇਰੇ ਕੋਲ।"

"ਮੈਂ ਤਾਂ ਤੁਹਾਡੇ ਨਾਲ ਬੋਲਣਾ ਨਹੀਂ ਸੀ, ਤੁਸੀਂ ਆਉਂਦੇ ਕਿਉਂ ਨਹੀਂ ਹੁਣ?" ਸੁਰੁਚੀ ਨੇ ਕਿਹਾ।

"ਆਇਆ ਕਰਾਂਗਾ।" ਕਹਿਕੇ ਤੇ ਜੋਤੀ ਵੱਲ ਵੇਖੇ ਬਿਨਾਂ ਉਹ ਤੁਰ ਆਇਆ। ਕੁਲਬੀਰ ਨੇ ਉਂਝ ਉਸਨੂੰ ਰੋਕਣ ਦੀ ਕਾਫੀ ਕੋਸ਼ਿਸ਼ ਕੀਤੀ ਸੀ।

ਫਿਰ ਉਹ ਇਕ ਵਾਰ ਜਦੋਂ ਚੰਡੀਗੜ੍ਹ ਸੀ ਤਾਂ ਜਾਣ ਬੁਝ ਕੇ ਕੁਲਬੀਰ ਨੂੰ ਉਸਦੇ ਦਫਤਰ ਮਿਲਣ ਗਿਆ। ਕੁਲਬੀਰ ਬੜਾ ਖੁਸ਼ ਹੋਇਆ ਅਤੇ ਉਸਦੇ ਵਤੀਰੇ 'ਚ ਕੋਈ ਤਬਦੀਲੀ ਨਹੀਂ ਸੀ। ਸਗੋਂ ਕੁਲਬੀਰ ਤੋਂ ਹੀ ਪਤਾ ਲੱਗਾ ਕਿ ਜੋਤੀ ਦੀ ਨਵੀਂ ਕਿਤਾਬ ਦਾ ਖਰੜਾ ਵੀ ਰੈਡੀ ਹੈ ਅਤੇ ਉਹ ਦਿੱਲੀ ਜਾ ਕੇ ਇਹ ਖਰੜਾ ਡਾ. ਪ੍ਰਕਾਸ਼ ਨੂੰ ਵੀ ਦਿਖਾ ਆਈ ਹੈ। ਡਾ. ਪ੍ਰਕਾਸ਼ ਦਾ ਨਾਂ ਸੁਣ ਕੇ ਹਰਵੰਤ ਨੂੰ ਰੋਹ ਚੜ੍ਹ ਗਿਆ ਪਰ ਇਸ ਵਿਚ ਕਸੂਰ ਕਿਸਦਾ ਹੈ?

ਪਹਿਲਾਂ ਜੋਤੀ ਨੇ ਉਸ ਨਾਲ ਮੁਲਾਕਾਤਾਂ ਘਟਾਈਆਂ। ਫਿਰ ਮੋਬਾਈਲ ਫੋਨ ਸੁਣਨਾ ਬੰਦ ਕੀਤਾ। ਜੇ ਹਰਵੰਤ ਨੇ ਮੈਸੇਜ ਭੇਜਣਾ ਤਾਂ ਇਹ ਜੁਆਬ ਮਿਲਣਾ ਜੋ ਉਸਨੂੰ ਹੁਣ ਮਿਲਿਆ ਸੀ। ਹਰਵੰਤ ਆਪਣੇ ਆਪ 'ਤੇ ਖਿਝਦਾ ਪਰ ਉਸਦੀ ਕੋਈ ਵਾਹ ਨਾ ਚੱਲਦੀ, ਜੋਤੀ ਉਸਦੇ ਹੱਥਾਂ 'ਚੋਂ ਨਿਕਲ ਗਈ ਸੀ। ਫਿਰ ਉਸਨੂੰ ਪਤਾ ਲੱਗਾ ਕਿ ਜੋਤੀ ਡਾ. ਪ੍ਰਕਾਸ਼ ਦੇ ਸੱਦੇ 'ਤੇ ਦਿੱਲੀ ਕਵੀ ਦਰਬਾਰ 'ਚ ਕਵਿਤਾ ਪੜ੍ਹਨ ਗਈ ਹੈ। ਜੋਤੀ ਹੁਣ ਪੂਰੀ ਉਡਾਰ ਸੀ, ਕਿਧਰੇ ਉਸਦੀਆਂ ਕਿਤਾਬਾਂ 'ਤੇ ਗੋਸ਼ਟੀ, ਕਿਧਰੇ ਸਾਹਿਤਕ ਮਹਿਫਲਾਂ 'ਚ ਉਸਦੇ ਰੂਬਰੂ। ਉਹ ਹਰ ਮਹਿਫਿਲ ਦਾ ਸ਼ਿੰਗਾਰ ਬਣਨਾ ਲੋਚਦੀ।

✡✡✡

ਤੇ ਫਿਰ ਇਕ ਦਿਨ ਜਦੋਂ ਹਰਵੰਤ ਚੰਡੀਗੜ੍ਹ ਗਿਆ ਹੋਇਆ ਸੀ ਤਾਂ ਉਸਦਾ ਮਨ ਕੀਤਾ ਜੋਤੀ ਨੂੰ ਮਿਲ ਕੇ ਆਏ। ਉਸਨੇ ਜੋਤੀ ਨੂੰ ਫੋਨ ਕਰਨ ਦੀ ਬਜਾਏ ਕੁਲਬੀਰ ਨੂੰ ਆਪਣੇ ਚੰਡੀਗੜ੍ਹ ਆਉਣ ਬਾਰੇ ਦੱਸਿਆ। ਕੁਲਬੀਰ ਨੇ ਕਿਹਾ ਕਿ ਉਹ ਅੱਜ ਉਨ੍ਹਾਂ ਕੋਲ ਰਹੇ। ਹਰਵੰਤ ਇਹੋ ਚਾਹੁੰਦਾ ਸੀ। ਜਦੋਂ ਉਹ ਦੋਸਤਾਂ ਮਿੱਤਰਾਂ ਕੋਲੋਂ ਵਿਹਲਾ ਹੋ ਕੇ ਘਰ ਪਹੁੰਚਿਆ ਤਾਂ ਜੋਤੀ ਘਰ 'ਚ ਹੀ ਸੀ।



"ਤੁਸੀਂ ਅੱਜ ਅਚਾਨਕ?"

"ਹੁਣ ਤਾਂ ਚੰਡੀਗੜ੍ਹ ਸਾਡੇ ਲਈ ਦੂਰ ਹੋ ਗਿਆ।"

ਜੋਤੀ ਚੁੱਪ ਰਹੀ। ਸੁਰੁਚੀ ਦੂਜੇ ਕਮਰੇ 'ਚੋਂ ਆਈ ਤਾਂ ਲੰਮ ਸਲੰਮੀ ਅਤੇ ਜਵਾਨ ਹੋਈ ਸੁਰੁਚੀ ਨੂੰ ਦੇਖ ਕੇ ਹਰਵੰਤ ਹੈਰਾਨ ਰਹਿ ਗਿਆ। ਉਹ ਮਾਂ ਨਾਲੋਂ ਵੀ ਉੱਚੀ ਨਿਕਲੀ ਅਤੇ ਹੁੰਦੜਹੇਲ। ਹਰਵੰਤ ਨੂੰ ਬੜਾ ਘੁੱਟ ਕੇ ਮਿਲੀ ਤਾਂ ਹਰਵੰਤ ਨੇ ਕਿੰਨੀ ਦੇਰ ਉਸਨੂੰ ਆਪਣੇ ਨਾਲ ਜੋੜੀ ਰੱਖਿਆ ਤੇ ਕਹਿਣ ਲੱਗਾ, "ਰੁਚੀ ਤਾਂ ਬੜੀ ਵੱਡੀ ਹੋ ਗਈ।"

"ਕੁੜੀਆਂ ਦਾ ਵਧਦੀਆਂ ਦਾ ਪਤਾ ਨਹੀਂ ਲੱਗਦਾ।" ਜੋਤੀ ਨੇ ਪੀਡੇ ਜਿਹੇ ਮੂੰਹ ਨਾਲ ਗੱਲ ਕੀਤੀ।

"ਪਰ ਹਰਵੰਤ ਅੰਕਲ ਤੁਹਾਡੇ ਜਿੰਨੀ ਲੰਬੀ ਮੈਂ ਅਜੇ ਵੀ ਨਹੀਂ ਹੋਈ।"

ਚਾਹ ਪੀਂਦਿਆ ਜੋਤੀ ਨੇ ਦੱਸਿਆ ਕਿ ਉਸਦੀ ਨਵੀਂ ਕਿਤਾਬ ਛਪਕੇ ਆ ਗਈ ਹੈ। ਇਕ ਕਾਪੀ ਉਸਨੂੰ ਲਿਆ ਕੇ ਫੜਾਈ। ਹਰਵੰਤ ਨੂੰ ਚੇਤੇ ਆਇਆ ਕਿ ਪਹਿਲੀ ਕਿਤਾਬ ਨੂੰ ਜੋਤੀ ਨੇ ਉਸਨੂੰ ਹੀ ਸਮਰਪਣ ਕੀਤਾ ਸੀ ਅਤੇ ਛਪਣ ਪਿਛੋਂ ਸਭ ਤੋਂ ਪਹਿਲੀ ਕਾਪੀ ਉਸਨੂੰ ਲੁਧਿਆਣੇ ਦੇਣ ਆਈ ਸੀ ਪਰ ਹੁਣ ਦੂਜੀ ਕਿਤਾਬ ਦੀ ਤਾਂ ਉਸਨੇ ਭਾਫ ਵੀ ਨਹੀਂ ਸੀ ਕੱਢੀ ਹਰਵੰਤ ਨੇ ਕਿਤਾਬ ਖੋਲ੍ਹੀ। ਇਹ ਕਿਤਾਬ ਕੁਲਬੀਰ ਨੂੰ ਸਮਰਪਿਤ ਸੀ 'ਇਹ ਕਿਤਾਬ ਮੇਰੇ ਬੱਚਿਆਂ ਦੇ ਪਿਤਾ ਦੇ ਨਾਂ'। ਹਰਵੰਤ ਨੇ ਜੋਤੀ ਨੂੰ ਮੁਬਾਰਕਬਾਦ ਦਿੱਤੀ।

ਜੋਤੀ ਚੁਪਚਾਪ ਉਠ ਕੇ ਰਸੋਈ 'ਚ ਚਲੀ ਗਈ। ਐਨੀ ਦੇਰ ਨੂੰ ਕੁਲਬੀਰ ਆ ਗਿਆ। ਉਹ ਹਰਵੰਤ ਨੂੰ ਪਹਿਲਾਂ ਵਰਗੀ ਗਰਮ ਜੋਸ਼ੀ ਨਾਲ ਮਿਲਿਆ। ਗੱਲਵਕੜੀ ਪਾਈ ਅਤੇ ਗਿਲਾ ਕੀਤਾ ਕਿ ਹੁਣ ਉਹ ਆਉਂਦਾ ਕਿਉਂ ਨਹੀਂ। ਫਿਰ ਉਸਨੇ ਜੋਤੀ ਦੀਆਂ ਸਿਫਤਾਂ ਆਰੰਭ ਦਿੱਤੀਆਂ। ਅੱਜਕੱਲ ਡਾ. ਪ੍ਰਕਾਸ਼ ਬੜੇ ਮੇਹਰਬਾਨ ਨੇ ਜੋਤੀ 'ਤੇ। ਜਦੋਂ ਵੀ ਕਿਧਰੇ ਕਵੀ ਦਰਬਾਰ ਹੋਵੇ ਤਾਂ ਬੁਲਾ ਲੈਂਦੇ ਨੇ ਇਸਨੂੰ। ਜੋਤੀ ਦੀਆਂ ਕਵਿਤਾਵਾਂ ਉਨ੍ਹਾਂ ਦੂਜੀਆਂ ਭਾਸ਼ਾਵਾਂ 'ਚ ਅਨੁਵਾਦ ਕਰਵਾਈਆਂ ਨੇ। ਕਿਤਾਬ ਛਪ ਕੇ ਆ ਜਾਏਗੀ। ਇਸ ਦੌਰਾਨ ਜੋਤੀ ਦੇ ਚਿਹਰੇ 'ਤੇ ਕੋਈ ਪ੍ਰਭਾਵ ਨਜ਼ਰ ਨਾ ਆਇਆ। ਕੁਲਬੀਰ ਨੇ ਕਿਹਾ, ਜੋ ਮਰਜ਼ੀ ਹੈ ਭਾਵੇਂ ਅੱਜ ਜੋਤੀ, ਤੁਸੀਂ ਇਸਦੀ ਉਂਗਲ ਨਾ ਫੜਦੇ ਤਾਂ ਇਹਨੇ ਬੱਸ ਨੌਕਰੀ ਜੋਗੀ ਰਹਿ ਜਾਣਾ ਸੀ ਜਾਂ ਘਰ ਜੋਗੀ। ਜੋਤੀ ਸੋਚਦੀ ਮੈਂ ਇਕ ਉਂਗਲ ਦੇ ਬਦਲੇ ਇਸ ਬੰਦੇ ਦੇ ਆਪਣਾ ਸਭ ਕੁਝ ਹਵਾਲੇ ਕਰ ਦਿੱਤਾ ਸੀ। ਆਪਣਾ ਤਨ ਤੇ ਮਨ ਵੀ। ਹਰਵੰਤ ਨੂੰ ਇਹ ਜਾਣ ਕੇ ਤਸੱਲੀ ਹੋਈ ਕਿ ਕੁਲਬੀਰ ਦੇ ਮਨ ਅੰਦਰ ਉਨ੍ਹਾਂ ਦੋਵਾਂ ਦੇ ਰਿਸ਼ਤੇ ਨੂੰ ਲੈ ਕੇ ਕੋਈ ਗੱਲ ਨਹੀਂ ਸੀ।

ਕੁਲਬੀਰ ਨੇ ਘਰ 'ਚ ਬਣੀ ਸ਼ਰਾਬ ਦੀ ਮਿੰਨੀ ਬਾਰ ਦੀ ਖਿੜਕੀ ਖੋਲ੍ਹੀ, ਜਿੱਥੇ ਕਈ ਦਰਜਨਾਂ ਬੋਤਲਾਂ ਕਈ ਕਿਸਮ ਦੀਆਂ ਪਈਆਂ ਸਨ। ਕੁਲਬੀਰ ਨਹੀਂ ਸੀ ਪੀਂਦਾ ਪਰ ਪ੍ਰਾਹੁਣਚਾਰੀ ਲਈ ਉਸ ਨੇ ਸਭ ਕੁਝ ਰੱਖਿਆ ਸੀ। ਹਰਵੰਤ ਨੇ ਕਿਹਾ ਕਿ ਉਹ ਸਾਥ ਤੋਂ ਬਿਨਾਂ ਨਹੀਂ ਪੀਂਦਾ। ਜੋਤੀ ਚੁੱਪ ਰਹੀ। ਕੁਝ ਕਹਿ ਵੀ ਨਹੀਂ ਸੀ ਸਕਦੀ। ਉਹਨੂੰ ਭਲੀ ਭਾਂਤ ਪਤਾ ਸੀ ਕਿ ਉਹ ਇਕੱਲਾ ਵੀ ਪੀ ਲੈਂਦਾ ਹੈ।

ਰੋਟੀ ਖਾਂਦਿਆਂ ਹੀ ਗੱਲਾਂ-ਗੱਲਾਂ 'ਚ ਕੁਲਬੀਰ ਨੇ ਦੱਸਿਆ, "ਭਾ ਜੀ ਚੰਗਾ ਹੋਇਆ ਤੁਸੀਂ ਆ ਗਏ। ਸੁਰੁਚੀ ਅੱਜਕੱਲ ਫਾਈਨ ਆਰਟਸ ਦੀ ਗ੍ਰੈਜੂਏਸ਼ਨ ਕਰ ਰਹੀ ਹੈ, ਬੜੀਆਂ ਸ਼ਾਨਦਾਰ ਪੇਂਟਿੰਗਜ਼ ਬਣਾਉਂਦੀ ਹੈ। ਬਿਲਕੁਲ ਆਪਣੀ ਮਾਂ 'ਤੇ ਗਈ ਹੈ। ਉਹ ਕਵਿਤਾ ਲਿਖਦੀ ਹੈ ਤੇ ਇਹ ਕਵਿਤਾ ਚਿਤਰਦੀ ਹੈ। ਤੁਸੀਂ ਰੋਟੀ ਖਾ ਕੇ ਦੇਖਣਾ ਇਸਦੀਆਂ ਪੇਂਟਿੰਗਜ਼। ਤੁਹਾਡੇ ਵਰਗੇ ਪਾਰਖੂ ਦੀ ਲੋੜ ਹੈ ਇਸਨੂੰ।" ਹਰਵੰਤ ਖੁਸ਼ ਹੋ ਗਿਆ ਅਤੇ ਉਸਦੇ ਮੂੰਹੋਂ ਨਿਕਲਿਆ, "ਵੈਰੀ ਗੁੱਡ, ਜ਼ਰੂਰ ਦੇਖਾਂਗਾ।"

"ਇਸਦੀ ਫਾਈਨ ਆਰਟਸ ਦੀ ਇਕ ਵਰਕਸ਼ਾਪ ਕੱਲ ਲੁਧਿਆਣੇ 'ਚ ਲੱਗ ਰਹੀ ਹੈ। ਇਕ ਹਫਤੇ ਲਈ। ਮੈਂ ਜੋਤੀ ਨੂੰ ਕਿਹਾ ਕਿ ਇਹ ਹਰਵੰਤ ਭਾ ਜੀ ਵੱਲ ਠਹਿਰ ਜਾਏਗੀ।" ਕੁਲਬੀਰ ਨੇ ਕਿਹਾ।

"ਕਿਉਂ ਨਹੀਂ, ਆਖਰ ਉਹ ਮੇਰੀ ਵੀ ਤਾਂ ਧੀ ਹੈ।" ਹਰਵੰਤ ਨੇ ਕਿਹਾ।

"ਉਹਦੀਆਂ ਫਰੈਂਡਸ ਜਾ ਰਹੀਆਂ ਨੇ, ਕਿਸੇ ਦੇ ਨਾਲ ਉਹ ਵੀ ਰਹਿ ਲਏਗੀ।" ਜੋਤੀ ਨੇ ਕੁਲਬੀਰ ਦੇ ਸੁਝਾਅ 'ਤੇ ਨਾਖੁਸ਼ੀ ਜ਼ਾਹਿਰ ਕਰਦਿਆਂ ਕਿਹਾ।

"ਪਰ ਹਰਵੰਤ ਜੀ ਤਾਂ ਆਪਣੇ ਨੇ ਜੋਤੀ, ਆਪਣੇ ਘਰ ਦੇ ਬੰਦੇ, ਫਿਰ ਸਾਨੂੰ ਹੋਰ ਕਿਸੇ ਵੱਲ ਜਾਣ

ਦੀ ਕੀ ਲੋੜ, ਇਨ੍ਹਾਂ ਨਾਲੋਂ ਵਧ ਹੋਰ ਕਿਹੜਾ ਹੈ ਸਾਡੇ ਨੇੜੇ।" ਕੁਲਬੀਰ ਨੇ ਇਕ ਵਾਰ ਫਿਰ ਜ਼ੋਰ ਦੇ ਕਿਹਾ।

ਜੋਤੀ ਚੁੱਪ ਰਹੀ, ਪਰ ਸਰੁਚੀ ਜੋ ਸਾਰੀਆਂ ਗੱਲਾਂ ਸੁਣ ਰਹੀ ਸੀ, ਕਹਿਣ ਲੱਗੀ, "ਓ. ਕੇ. ਪਾਪਾ। ਹਰਵੰਤ ਅੰਕਲ ਕੋਲ ਹੀ ਰਹਾਂਗੀ। ਅੰਕਲ ਪਹਿਲਾਂਇਹਦੱਸੋ ਕਿ ਹੁਣ ਤੁਸੀਂ ਪਹਿਲਾਂ ਵਾਂਗ ਸਾਡੇ ਘਰ ਕਿਉਂ ਨਹੀਂ ਆਉਂਦੇ।"

ਹਰਵੰਤ ਚੁੱਪ ਰਿਹਾ ਅਤੇ ਜੋਤੀ ਵੱਲ ਦੇਖਣ ਲੱਗਾ। ਜੋਤੀ ਨੂੰ ਇਸ ਸਥਿਤੀ ਨੂੰ ਸਾਂਭਣ 'ਚ ਮੁਸ਼ਕਲ ਆ ਰਹੀ ਸੀ।

"ਠੀਕ ਹੈ ਜੀ ਫਾਈਨਲ! ਸਵੇਰੇ ਰੁਚੀ ਚਲੀ ਜਾਏਗੀ ਹਰਵੰਤ ਜੀ ਦੇ ਨਾਲ। ਠੀਕ ਹੈ ਜੋਤੀ?" ਕੁਲਬੀਰ ਲਈ ਜੋਤੀ ਦੀ ਸਹਿਮਤੀ ਫਿਰ ਵੀ ਜ਼ਰੂਰੀ ਸੀ।

"ਮੈਂ ਕੀ ਕਹਿ ਸਕਦੀ ਹਾਂ, ਜੇ ਤੁਸੀਂ ਵੀ ਕਹਿ ਰਹੇਹੋ ਤੇ ਰੁਚੀ ਵੀ।" ਜੋਤੀ ਬੜੀ ਮੁਸ਼ਕਲ ਨਾਲ ਇੰਨਾ ਕਹਿ ਸਕੀ।

ਰੁਚੀ ਉੱਠੀ 'ਤੇ ਉਹ ਹਰਵੰਤ ਨਾਲ ਲਿਪਟ ਗਈ ਬਿਲਕੁਲ ਬੱਚਿਆਂ ਵਾਂਗ, "ਮੈਂ ਅੰਕਲ ਨਾਲ ਹੀ ਜਾਵਾਂਗੀ। ਮਾਮਾ ਮੈਂ ਤੁਹਾਨੂੰ ਕਿੰਨੀ ਵਾਰ ਕਿਹਾ ਕਿ ਅੰਕਲ ਕਿਉਂ ਨਹੀਂ ਆਉਂਦੇ ਹੁਣ ਸਾਡੇ ਘਰ। ਮੈਂ ਹੁਣ ਇਨ੍ਹਾਂ ਨਾਲ ਜਾਵਾਂਗੀ ਤੇ ਦੀਪੀ ਪ੍ਰੀਤੀ ਨਾਲ ਰਹਾਂਗੀ।" ਹਰਵੰਤ ਨੇ ਉਸਦੇ ਸਿਰ 'ਤੇ ਹੱਥ ਫੇਰਿਆ ਅਤੇ ਉਸਨੂੰ ਜਾਪਿਆ ਜਿਵੇਂ ਉਸਦੀ ਆਪਣੀ ਦੀਪੀ ਉਸ ਨਾਲ ਲਾਡ ਕਰ ਰਹੀ ਹੈ। ਫਿਰ ਉਹ ਸਾਰੇ ਕਿੰਨੀ ਦੇਰ ਰੁਚੀ ਦੀਆਂ ਪੇਂਟਿੰਗਜ਼ ਦੇਖਦੇ ਰਹੇ। ਹਰਵੰਤ ਉਸਨੂੰ ਸ਼ਾਬਾਸ਼ ਦਿੰਦਾ ਰਿਹਾ। ਕਾਫੀ ਰਾਤ ਗਏ ਕੁਲਬੀਰ ਉਸਨੂੰ ਮਹਿਮਾਨਖਾਨੇ 'ਚ ਛੱਡ ਆਇਆ।

✡✡✡

ਦਿਨ ਅਜੇ ਚੜ੍ਹਿਆ ਨਹੀਂ ਸੀ। ਜੋਤੀ ਨੂੰ ਸਾਰੀ ਰਾਤ ਨੀਂਦ ਨਹੀਂ ਸੀ ਆਈ। ਉਸਨੇ ਉਠ ਕੇ ਚਾਹ ਦਾ ਕੱਪ ਬਣਾਇਆ ਤੇ ਮਹਿਮਾਨ ਖਾਨੇ 'ਚ ਜਾ ਵੜੀ, ਜਿੱਥੇ ਹਰਵੰਤ ਰਾਤ ਸੁੱਤਾ ਸੀ। ਹਰਵੰਤ ਉਦੋਂ ਹੀ ਨਹਾ ਕੇ ਬਾਥਰੂਮ 'ਚੋਂ ਬਾਹਰ ਆਇਆ, ਸਾਹਮਣੇ ਜੋਤੀ ਨੂੰ ਬੈਠੀ ਦੇਖ ਕੇ ਹੜਬੜਾ ਗਿਆ।

"ਗੁੱਡ ਮਾਰਨਿੰਗ! ਨੀਂਦ ਆ ਗਈ ਤੁਹਾਨੂੰ ਰਾਤੀਂ।" ਜੋਤੀ ਨੇ ਸਤਿਕਾਰ ਕਾਇਮ ਰੱਖਦਿਆਂ ਪੁੱਛਿਆ

"ਮੈਨੂੰ ਆ ਜਾਂਦੀ ਹੈ ਨੀਂਦ।"

"ਚਾਹ ਪੀ ਲਓ। ਬੜੀ ਜ਼ਿੱਦੀ ਏ ਰੁਚੀ, ਜਾ ਰਹੀ ਹੈ ਤੁਹਾਡੇ ਨਾਲ।"

"ਧੀ ਹੈ ਉਹ ਮੇਰੀ ਵੀ। ਦੀਪੀ ਅਤੇ ਪ੍ਰੀਤੀ ਵਾਂਗ।" ਹਰਵੰਤ ਨੇ ਉਸਨੂੰ ਦੇਖਦਿਆਂ ਹੋਇਆ ਮਹਿਸੂਸ ਕੀਤਾ ਕਿ ਜਿਵੇਂ ਉਹ ਸਾਰੀ ਰਾਤ ਨਹੀਂ ਸੁੱਤੀ ਹੋਵੇਗੀ।

"ਇਸ ਘਰ ਦਾ ਤੁਹਾਡੇ ਨਾਲ ਰਿਸ਼ਤਾ ਹੈ, ਕੁਲਬੀਰ ਦੇ ਤੁਸੀਂ ਭਾ ਜੀ ਹੋ, ਘਰਦੇ ਬੰਦੇ ਹੋ, ਰੁਚੀ ਤੇ ਗੈਵੀ ਦੇ ਫੇਵਰਿਟ ਤੇ ਪਿਆਰੇ ਅੰਕਲ,...ਮੇਰੇ ਕੀ ਹੋ ਤੁਸੀਂ?... ਰੁਚੀ ਤੁਹਾਨੂੰ ਬੇਹੱਦ ਪਸੰਦ ਕਰਦੀ ਹੈ, ਖਿਆਲ ਰੱਖਣਾ ਉਸਦਾ, ਇਕ ਪਿਤਾ ਵਾਂਗ।"

ਹਰਵੰਤ ਚੁਪ ਚਾਪਜੋਤੀ ਦੇ ਇਸ ਰਵੱਈਏ ਨੂੰ ਦੇਖ ਰਿਹਾ ਸੀ।

"ਬਿਲਕੁਲ...।" ਹਰਵੰਤ ਦੇ ਮੂੰਹੋਂ ਨਿਕਲਿਆ। ਜੋਤੀ ਉੱਠ ਕੇ ਉਸਦੇ ਪੈਰਾਂ 'ਤੇ ਝੁਕੀ, "ਮੁਆਫ ਕਰ ਦੇਣਾ ਮੈਨੂੰ।"

"ਇੰਝ ਨਾ ਕਰ ਜੋਤੀ, ਰੁਚੀ ਧੀ ਹੈ ਮੇਰੀ, ਇਹੀ ਤਾਂ ਇਕ ਪਵਿੱਤਰ ਰਿਸ਼ਤਾ ਹੈ, ਇੰਨਾ ਪਵਿੱਤਰ ਕਿ ਕੱਲ ਇਸ ਘਰ ਵਿਚ ਆਉਣ ਤੋਂ ਪਹਿਲਾਂ ਜਿਹੜਾ ਜ਼ਹਿਰ ਮੇਰੇ ਅੰਦਰ ਭਰਿਆ ਸੀ, ਉਹ ਇਸ ਰਿਸ਼ਤੇ ਨੇ ਡੀਕ ਲਾ ਕੇ ਪੀ ਲਿਆ।" ਹਰਵੰਤ ਦੀਆਂ ਅੱਖਾਂ ਜਿਵੇਂ ਭਰੀਆਂ ਹੋਈਆਂ ਸਨ।

"ਅਤੇ ਮੇਰੇ ਅੰਦਰਲਾ ਜ਼ਹਿਰ ਤੁਸੀਂ ਪੀ ਲਿਆ।" ਜੋਤੀ ਇਕ ਵਾਰ ਫਿਰ ਹਰਵੰਤ ਦੇ ਪੈਰਾਂ ਵੱਲ ਝੁਕੀ। ਹਰਵੰਤ ਨੇ ਉਸਨੂੰ ਉਪਰ ਉਠਾਇਆ ਅਤੇ ਆਪਣੀਆਂ ਬਾਹਾਂ 'ਚ ਭਰ ਲਿਆ।

ਭਲਾ ਕੀ ਹੈ ਇਸ ਰਿਸ਼ਤੇ ਦਾ ਨਾਂ।

**ਪਤਾ-12, ਬਸੰਤ ਨਗਰ, ਸੋਢਲ ਰੋਡ ,ਜਲੰਧਰ-144004 (ਮੁਬਾਇਲ 98760-95392)**



## ਕਹਾਣੀ / **ਦੂਜਾ ਸੀਨ**/ ਸੁਰਜੀਤ ਬਰਾੜ

ਸਾਡੇ ਘਰ ਕਾਫ਼ੀ ਗਰੀਬੀ ਸੀ। ਅਸੀਂ ਤਿੰਨ ਭਰਾ ਸੀ। ਇਕ ਭੈਣ। ਜ਼ਮੀਨ ਭਾਵੇਂ ਸਾਡੇ ਕੋਲ ਛੇ ਕਿੱਲੇ ਸਨ ਪਰ ਸਾਰੀ ਜ਼ਮੀਨ ਸੇਮ ਦੀ ਮਾਰੀ ਹੋਈ ਸੀ, ਫ਼ਸਲ ਘੱਟ ਵੱਧ ਹੀ ਹੁੰਦੀ । ਦੋ ਕਿੱਲੇ ਬਹੁਤੇ ਨੀਵੇਂ ਸਨ, ਉਨ੍ਹਾਂ 'ਚ ਪਾਣੀ ਖੜਾ ਰਹਿੰਦਾ। ਮੇਰਾ ਬਾਪੂ ਜ਼ਿਮੀਦਾਰਾਂ ਨਾਲ ਸੇਪੀ ਕਰਦਾ। ਉਹ ਤਰਖਾਣੇ ਕੰਮ ਦਾ ਬੜਾ ਮਾਹਰ ਸੀ, ਬੜਾ ਕਰਿੰਦਾ ਸੀ। ਜਿਸ ਜੱਟ ਨਾਲ ਸੇਪੀ ਹੁੰਦੀ ਉਸ ਤੋਂ ਹਾੜ੍ਹੀ-ਸਾਉਣੀ ਦੋ ਮਣ ਕਣਕ ਅਤੇ ਵੀਹ ਕਿਲੋ ਮੱਕੀ ਮਿਲਦੀ। ਸੇਪੀ ਪੰਜ-ਛੇ ਘਰਾਂ ਨਾਲ ਹੁੰਦੀ। ਹਰ ਜੱਟ ਕੋਲੋਂ ਚਾਰ-ਚਾਰ ਪੰਡਾਂ ਤੂੜੀ ਵੀ ਮਿਲਦੀ। ਕਦੇ ਕਿਸੇ ਜੱਟ ਦੇ ਖੇਤੋਂ, ਕਦੇ ਕਿਸੇ ਜੱਟ ਦੇ ਖੇਤੋਂ, ਵਾਰੀ ਵਾਰੀ ਨੀਰਾ-ਪੱਠਾ ਵੀ ਵੱਢ ਲਿਆਈਦਾ ਸੀ। ਬੱਸ, ਡੰਗ ਜੇਹਾ ਟੱਪੀ ਜਾਂਦਾ। ਘਰ 'ਚ ਕੋਈ ਪੈਸਾ ਨਾ ਹੁੰਦਾ। ਲੋੜਾਂ ਵੀ ਸੀਮਤ ਸਨ। ਸਿੱਧੀ ਅਤੇ ਸਾਧਾਰਨ ਜੇਹੀ ਜ਼ਿੰਦਗੀ ਸੀ। ਰੁੱਖ਼ੀ ਮਿੱਸੀ ਰੋਟੀ ਜੁੜੀ ਜਾਂਦੀ। ਲੀੜੇ ਖੱਦਰ ਦੇ ਹੁੰਦੇ। ਇਕ ਦੋ ਝੱਗੇ-ਪਜਾਮੇ ਤੇ ਬੱਸ। ਧੌੜੀ ਦੀ ਜੁੱਤੀ ਮਿਲ ਜਾਂਦੀ। ਜੇ ਕਦੇ ਵਕਤ ਤੋਂ ਪਹਿਲਾਂ ਟੁੱਟ ਜਾਂਦੀ ਤਾਂ ਗੰਢਾ ਕੇ ਪਾ ਲਈ ਜਾਂਦੀ। ਕਦੇ ਕਦੇ ਠਿੱਬੇ ਛਿੱਤਰ ਵੀ ਪਾਉਣੇ ਪੈਂਦੇ। ਉਦੋਂ ਇਸ ਕਿਸਮ ਦੀ ਜ਼ਿੰਦਗੀ ਜੀ ਕੇ ਵੀ ਰੰਗਾਂ ਵਿੱਚ ਸਾਂ। ਉੱਦਾਂ ਮੇਰੀ ਮਾਂ ਦੁਖੀ ਰਹਿੰਦੀ। ਉਹ ਅਕਸਰ ਕਹਿੰਦੀ-ਪੁੱਤ ਵੇ ਆਪਣੀ ਜ਼ਿੰਦਗੀ ਕਾਹਦੀ ਐ ਆਪਾਂ ਤਾਂ ਸਮਾਂ ਧੱਕਦੇ ਆਂ।

ਮੇਰਾ ਪਿਉ ਸਾਊ ਬੰਦਾ ਸੀ। ਮਿਹਤਨੀ ਸੀ। ਉਸਨੇ ਬੜੇ ਕਠਨ ਦਿਨ ਦੇਖੇ ਸਨ। ਆਰਥਕ ਮੁਹਾਜ ਤੇ ਹੰਭਣ-ਹਾਰਨ ਅਤੇ ਕਬੀਲਦਾਰੀ ਵੱਡੀ ਹੋਣ ਦੇ ਬਾਵਜੂਦ ਉਹ ਸਾਨੂੰ ਤਿੰਨਾਂ ਭਰਾਵਾਂ ਨੂੰ ਪੜ੍ਹਾਉਣਾ ਚਾਹੁੰਦਾ ਸੀ। ਮੇਰਾ ਵੱਡਾ ਭਰਾ ਗੁਰਦੇਵ ਸਿੰਧ ਤਾਂ ਘਰੇਲੂ ਪੰਜ ਪਾਂਜਿਆਂ ਕਾਰਨ ਪੜ੍ਹ ਨਾ ਸਕਿਆ। ਉਹ ਦੂਜੀ ਜਮਾਤ ਵਿਚੋਂ ਹੀ ਹਟ ਕੇ ਬਾਪੂ ਨਾਲ ਹੱਥ ਵਟਾਉਣ ਲੱਗ ਪਿਆ। ਗੁਰਦੇਵ ਤੋਂ ਛੋਟਾ ਜਗਦੇਵ ਵੀ ਮਸਾਂ ਪੰਜ ਜਮਾਤਾਂ ਪਾਸ ਕਰ ਸਕਿਆ। ਉਹ ਰਾਜਗਿਰੀ ਦਾ ਕੰਮ ਸਿੱਖਣ ਲੱਗ ਪਿਆ। ਮੱਲ ਸਿਉਂ ਨਾਲ ਰਹਿ ਕੇ ਉਹ ਚੰਗਾ ਮਿਸਤਰੀ ਬਣ ਗਿਆ। ਗੁਰਦੇਵ ਲੱਕੜ ਦੇ ਨਕਸ਼ ਘੜਦਾ ਅਤੇ ਜਗਦੇਵ ਘਰਾਂ ਦੇ ਮੁਹਾਂਦਰੇ ਬਣਾਉਂਦਾ।

ਮੈਂ ਛੋਟਾ ਵੀ ਸੀ ਅਤੇ ਪੜ੍ਹਣ ਨੂੰ ਵੀ ਚੰਗਾ ਸੀ। ਕਲਾਸ 'ਚ ਮੈਥੋਂ ਦੋ ਮੁੰਡੇ ਹੀ ਪੜ੍ਹਣ ਵਿੱਚ ਅੱਗੇ ਸਨ। ਮੈਂ ਕਲਾਸ 'ਚ ਤੀਜੇ ਨੰਬਰ ਉੱਪਰ ਸਾਂ, ਮੈਂ ਦੂਜੇ ਨੰਬਰ ਤੇ ਆਉਣ ਲਈ ਬਹੁਤ ਕੋਸ਼ਿਸ਼ ਕੀਤੀ ਪਰ ਅਸਫ਼ਲ ਰਿਹਾ। ਕਲਾਸ ਵਿੱਚ ਸਭ ਤੋਂ ਵੱਧ ਹੁਸ਼ਿਆਰ ਗਰੇਵਾਲਾਂ ਦਾ ਗੁਰਮੇਲ ਸੀ। ਉਸ ਕੋਲ ਸਾਈਕਲ ਹੁੰਦਾ। ਵਧੀਆ ਕਪੜੇ ਪਾਏ ਹੁੰਦੇ। ਉਹ ਟੂਟੀ ਵਾਲੀ ਪੋਚਮੀ ਪੱਗ ਬੰਨ੍ਹਦਾ। ਕੁੜੀਆਂ ਉਹਦੇ ਅੱਗੇ-ਪਿੱਛੇ ਫਿਰਦੀਆਂ। ਦੂਜੇ ਨੰਬਰ ਤੇ ਹੁੰਦਾ ਸੀ ਜੁਗਰਾਜ ਸਿੰਘ। ਇਹ ਵੀ ਜਿੰਮੀਦਾਰਾਂ ਦਾ ਮੁੰਡਾ ਸੀ। ਇਹਦਾ ਪਿਉ ਕਾਮਰੇਡ ਸੀ। ਜੁਗਰਾਜ ਤੋਂ ਮੁੰਡੇ ਵੀ ਡਰਦੇ ਅਤੇ ਮਾਸਟਰ ਵੀ। ਜੁਗਰਾਜ ਦਾ ਸੁਭਾਅ ਵੀ ਨਿਡੱਰ ਸੀ। ਇਕ ਵਾਰ ਉਸਨੇ ਸਕੂਲ ਵਿੱਚ ਹੜਤਾਲ ਕਰਵਾ ਦਿੱਤੀ ਸੀ। ਮੋਗੇ ਵੰਨੀਂ ਗੋਲੀ ਚੱਲੀ ਸੀ। ਜਿਸ ਵਿੱਚ ਦੋ-ਤਿੰਨ ਮੁੰਡੇ ਮਰ ਗਏ ਸਨ। ਇਸ ਮੁੱਦੇ ਕਾਰਨ ਹੀ ਹੜਤਾਲ ਹੋਈ ਸੀ। ਉਸ ਘਟਨਾ ਬਾਦ ਮੈਂ ਅੱਜ ਤੱਕ ਇਹ ਜਾਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਹੜਤਾਲ ਦਾ ਕੋਈ ਮਕਸਦ ਪੂਰਾ ਹੋਇਆ ਵੀ ਸੀ ਕਿ ਨਹੀਂ। ਜੁਗਰਾਜ ਹੁਣ ਮੇਰੇ ਜ਼ਿਹਨ ਵਿੱਚ ਨਹੀਂ, ਉਂਜ ਮੈਂ ਸੁਣਿਆ ਸੀ ਕਿ ਉਹ ਅੰਡਰ ਗਰਾਊਂਡ ਹੈ, ਨਕਸਲੀਆਂ ਨਾਲ ਹੈ। ਮੈਨੂੰ ਨਹੀਂ ਪਤਾ ਕਿ ਉਸ ਦਾ ਕਾਰਜ ਕੀ ਹੈ, ਨਾਂ ਮੈਨੂੰ ਇਹ ਪਤਾ ਹੈ ਕਿ ਉਸ ਨੂੰ ਆਪਣੇ ਕਾਰਜ ਵਿੱਚ ਕਦੇ ਸਫ਼ਲਤਾ ਮਿਲੇਗੀ ਵੀ ਕਿ ਨਹੀਂ?

ਕੋਈ ਵੀ ਸਹੂਲਤ ਨਾ ਹੋਣ ਦੇ ਬਾਵਜੂਦ ਮੈਂ ਦਸਵੀਂ ਵਿਚੋਂ ਚੰਗੇ ਅੰਕ ਲੈ ਕੇ ਪਾਸ ਹੋ ਗਿਆ ਸਾਂ। ਦਸਵੀਂ ਤੋਂ ਬਾਦ ਮੈਨੂੰ ਜਗਰਾਵੀਂ ਜੇ. ਬੀ. ਟੀ. ਵਿੱਚ ਦਾਖ਼ਲਾ ਮਿਲ ਗਿਆ। ਮੈਂ ਜੇ. ਬੀ. ਟੀ. ਬੜੀ ਮੁਸ਼ਕਲ ਨਾਲ ਕੀਤੀ। ਮੈਨੂੰ ਘਰੋਂ ਪੂਰਾ ਖਰਚਾ ਪਾਣੀ ਨਹੀਂ ਮਿਲਦਾ ਸੀ। ਮੇਰਾ ਬਾਪੂ ਕਿਹਾ ਕਰਦਾ, "ਕਾਕਾ! ਤੇਰੀ ਪੜ੍ਹਾਈ ਤਾਂ ਮੇਰੀ ਘੀਸੀ ਕਰਾਦੂ।" ਇਹ ਸ਼ਬਦ ਮੇਰੇ ਜ਼ਿਹਨ ਵਿੱਚ ਘੁੰਮਦੇ ਰਹਿੰਦੇ। ਇਨ੍ਹਾਂ ਸ਼ਬਦਾਂ ਤੋਂ ਮੈਂ ਏਨਾ ਡਰ ਗਿਆ ਸਾਂ ਜੇ ਕਰ ਕੋਈ ਪੈਸਾ ਜੇਬ 'ਚ ਹੁੰਦਾ, ਮੈਂ ਜੇਬ ਘੁੱਟੀ ਰੱਖਦਾ। ਮੈਂ ਦੋ ਪੈਂਟਾਂ

ਅਤੇ ਦੋ ਸ਼ਰਟਾਂ ਨਾਲ ਹੀ ਦੋ ਸਾਲ ਲੰਘਾਏ। ਬੂਟ ਵੀ ਮੇਰੇ ਕੋਲ ਸਸਤੇ ਜੇਹੇ ਹੁੰਦੇ ਸਨ, ਟੁੱਟਣ ਦੇ ਡਰੋਂ ਮੈਂ ਉਨ੍ਹਾਂ ਨੂੰ ਸੰਭਾਲ-ਸੰਭਾਲ ਰੱਖਦਾ। ਜਦ ਛੁੱਟੀਆਂ ਹੋਣੀਆਂ ਮੈਂ ਪਿੰਡ ਆ ਕੇ ਦਿਹਾੜੀ ਦੱਪਾ ਕਰ ਲੈਂਦਾ। ਇਸ ਤਰ੍ਹਾਂ ਮੈਂ ਥੋੜ੍ਹਾ ਬਹੁਤਾ ਆਪਣਾ ਖਰਚ ਪੱਠਾ ਤੋਰ ਲੈਂਦਾ ਸਾਂ। ਫੀਸ ਲਈ ਪੈਸੇ ਵੀ ਬੜੀ ਮੁਸ਼ਕਲ ਨਾਲ ਮਿਲਦੇ। ਇਕ ਵਾਰ ਠੇਕੇਦਾਰ ਹਰ ਚੰਦ ਸਿਉਂ ਤੋਂ ਫੀਸ ਖ਼ਾਤਰ ਵਿਆਜ ਤੇ ਪੈਸੇ ਵੀ ਲੈਣੇ ਪਏ। ਉਸਨੇ ਬੜਾ ਕਰੜਾ ਵਿਆਜ ਠੋਕਿਆ ਜੋ ਮੈਂ ਨੌਕਰੀ ਲੱਗਣ ਪਿਛੋਂ ਹੀ ਉਤਾਰ ਸਕਿਆ। ਪੰਜ ਸੌ ਲਏ ਸਨ, ਪੱਚੀ ਸੌ ਮੋੜੇ ਸਨ।

ਮੇਰੇ ਕਈ ਕਲਾਸ ਫ਼ੈਲੋ ਬੜੇ ਖ਼ੱਬੀ ਖ਼ਾਨ ਸਨ। ਇਨ੍ਹਾਂ 'ਚੋਂ ਇਕ ਸੀ ਦਰਸ਼ਨ ਦਰਸ਼ੂ। ਬਦਮਾਸ਼ ਟਾਈਪ। ਬਿੱਲੀਆਂ ਅੱਖਾਂ ਵਾਲਾ। ਇਹ ਮੁੰਡਾ ਹਰ ਸਮੇਂ ਮੁੱਛਾਂ ਨੂੰ ਮੋਰੜੀ ਜਾਂਦਾ। ਉਹ ਸਾਰੇ ਮੁੰਡਿਆਂ ਨੂੰ ਪਰੇਸ਼ਾਨ ਕਰਦਾ। ਮੈਨੂੰ ਉਸ ਤੋਂ ਬਹੁਤ ਡਰ ਲੱਗਦਾ। ਮੈਂ ਦਰਸ਼ੂ ਦੇ ਕਦੇ ਸਾਹਮਣੇ ਨਾ ਖੜ ਸਕਦਾ। ਇਕ ਕੁੜੀ ਵੀ ਦਰਸ਼ੂ ਵਰਗੀ ਸੀ। ਮੁੰਡੇ ਉਸਨੂੰ ਭੂਆ ਕਹਿੰਦੇ। ਉਹ ਤਹਿਸੀਲਦਾਰ ਦੀ ਕੁੜੀ ਸੀ, ਡੀਲ਼ ਡੌਲ ਮੁੰਡਿਆਂ ਵਰਗੀ। ਮੇਰਾ ਉਹ ਬਹੁਤ ਮਜਾਕ ਉਡਾਉਂਦੀ। ਮੈਨੂੰ ਉਸਤੋਂ ਵੀ ਡਰ ਲੱਗਿਆ ਕਰੇ। ਇਹ 'ਭੂਆ' ਬੜੀ ਮੂੰਹ ਫ਼ੱਟ ਸੀ। ਉਹ ਅਕਸਰ ਮੈਨੂੰ 'ਚਿੜੀ' ਕਹਿੰਦੀ। ਸੀ ਵੀ ਮੈਂ ਚਿੜੀ ਵਰਗਾ। ਇਕ ਤਾਂ ਮੇਰਾ ਕੱਦ ਛੋਟਾ ਸੀ, ਦੂਜਾ ਸਰੀਰ ਪੱਖੋਂ ਪਤਲਾ ਕਾਨੇ ਵਰਗਾ ਸਾਂ। ਸਾਰੇ ਮੁੰਡੇ-ਕੁੜੀਆਂ ਮੈਨੂੰ ਚਿੜੀ ਕਹਿਣ ਲੱਗ ਪਏ। ਉਸਨੇ 'ਚਿੜੀ' ਨਾਮ ਮੇਰਾ ਐਸਾ ਪਕਾਇਆ ਜੋ ਅੱਜ ਤੱਕ ਮੇਰੇ ਨਾਲ ਜੁੜਿਆ ਹੋਇਆ ਹੈ। ਮੈਂ ਭੂਆ ਤੋਂ ਡਰਦਾ ਹੀ ਕੁੜੀਆਂ ਮੁੰਡਿਆਂ ਵਿੱਚ ਬਹਿ ਨਾ ਸਕਦਾ। ਜੇ ਕੋਈ ਮੱਲੋ-ਮੱਲੀ ਮੈਨੂੰ ਬਿਠਾ ਵੀ ਲੈਂਦਾ ਤਾਂ ਉਹ ਮੇਰੇ ਤੇ ਹੀ ਤਵਾ ਲਾ ਦਿੰਦੀ। ਇਕ ਵਾਰ ਮੈਨੂੰ ਕਹਿੰਦੀ "ਜੇ ਕਿਤੇ ਤੂੰ ਮੇਰਾ ਨਾਲ ਵਿਆਹਿਆ ਹੁੰਦਾ, ਤਾਂ ਲੋਕਾਂ ਨੇ ਤਾਂ ਐਂ ਈ ਕਹਿਣਾ ਸੀ ਏਹ ਤੇਰਾ ਪਤੀ ਤਾਂ ਲੱਗਦਾ ਨੀਂ, ਪੁੱਤ ਜੇਹਾ ਲੱਗਦੈ।" ਮੇਰੀ ਜਾਤ ਤੇ ਹਮਲਾ ਕਰਨੋਂ ਵੀ ਬਾਜ ਨਾ ਆਉਂਦੀ। ਮੈਂ ਹੈਰਾਨ ਸਾਂ, ਉਸਨੂੰ ਮੇਰੀ ਜਾਤ ਦੀ ਸੂਹ ਕਿੱਥੋਂ ਮਿਲੀ? ਉਹ ਹਰ ਬੰਦੇ ਦੀ ਜਾਤ ਨਾਲ ਜੁੜੀ ਕੋਈ ਨਾ ਕੋਈ ਮਿੱਥ ਸੁਣਾਉਂਦੀ। ਇਕ ਦਿਨ ਉਸ ਨੇ ਪਹਿਲਾਂ ਜੱਟਾਂ ਬਾਰੇ ਪ੍ਰਚਲਤ ਮੁਹਾਵਰੇ ਬਾਰੇ ਇਕ ਮਿੱਥ ਸੁਣਾਈ , ਕਹਿੰਦੀ, 'ਇਕ ਵਾਰ ਇਕ ਜੱਟ ਨੂੰ ਕਟੋਰਾ ਮਿਲ ਗਿਆ। ਕਟੋਰਾ ਬੜਾ ਸੋਹਣਾ ਸੀ, ਜੱਟ ਉਸ ਨਾਲ ਪਾਣੀ ਪੀਵੀ ਗਿਆ, ਪੀਵੀ ਗਿਆ, ਜਦ ਪਾਣੀ ਪੀਣੋ ਨਾ ਹਟਿਆ ਤਾਂ ਉਹ ਆਫ਼ਰ ਕੇ ਮਰ ਗਿਆ, ਐਂ ਕਹਾਵਤ ਬਣ ਗਈ-ਹੋਛੇ ਜੱਟ ਕਟੋਰਾ ਲੱਭਿਆ, ਪਾਣੀ ਪੀ ਪੀ ਆਫ਼ਰਿਆ। ਜੱਟ ਬੇਅਕਲ ਹੁੰਦੈ ਤਾਂ ਹੀ ਤਾਂ ਉਨ੍ਹਾਂ ਨੂੰ 'ਜੱਟ ਬੂਟ' ਕਿਹਾ ਜਾਂਦੈ।' ਫਿਰ ਉਸਨੇ ਮਲਕੀਤੇ ਤੇ ਸੂਈ ਰੱਖ ਦਿੱਤੀ "ਲੈ ਸੁਣੋ-ਛੀਂਬਿਆਂ ਦੀ ਸੁਣਾਵਾਂ। ਕੋਈ ਛੀਂਬਾ ਸੀ ਜਦ ਉਹ ਆਪਣੀ ਮਾਂ ਦੀ ਸਲਵਾਰ ਬਣਾਉਣ ਲੱਗਾ ਤਾਂ ਲੀੜੇ ਨੂੰ ਕੱਟੀ ਗਿਆ, ਕੱਟੀ ਗਿਆ, ਸਲਵਾਰ ਦੀ ਥਾਂ ਕੱਛੀ ਬਣ ਗਈ-ਏਹਨੂੰ ਕਹਿੰਦੈ ਕੈਂਚੀ ਫੇਰੂ ਜਾਤ। ਪਤੰਦਰ ਨੇ ਮਾਂ ਵੀ ਨਹੀਂ ਬਖਸ਼ੀ।" ਮਲਕੀਤ ਤੋਂ ਬਾਦ ਮੇਰੇ ਤੇ ਤੋੜਾ ਝਾੜਦਿਆਂ ਕਹਿਣ ਲੱਗੀ, "ਕਿਸੇ ਤਖਾਣ ਨੂੰ ਕੋਈ ਜਣਾ ਲੱਕੜ ਦੇ ਗਿਆ, ਤੇ ਘੋਟਣੇ ਦੀ ਥਾਂ ਉਹ ਬਣ ਗਈ ਗੁੱਲੀ। ਏਥੋਂ ਹੀ ਇਨ੍ਹਾਂ ਨੂੰ ਲੋਕ ਗੁੱਲੀਘੜ ਕਹਿਣ ਲੱਗ ਪਏ।" ਕਈ ਵਾਰ ਉਹ ਜਾਤਾਂ ਤੇ ਤਿੱਖੀਆਂ ਟਿੱਪਣੀਆਂ ਕਰਦੀ। ਉਹ ਮਜਬੀਆਂ ਅਤੇ ਚਮਿਆਰਾਂ ਬਾਰੇ ਘਟੀਆਂ ਤੋਂ ਘਟੀਆਂ ਸ਼ਬਦ ਬੋਲਦੀ ਜੋ ਸੁਣੇ ਨਾ ਜਾਂਦੇ। ਉਸਦੀਆਂ ਬੇਕਾਰ ਜੇਹੀਆਂ ਦਲੀਲਾਂ ਅਤੇ ਧਾਰਨਾਵਾਂ ਸੁਣ ਕੇ ਮੈਨੂੰ ਆਪਣੇ ਆਪ ਨਾਲ, ਆਪਣੀ ਜਾਤ ਨਾਲ ਕੋਫ਼ਤ ਹੁੰਦੀ।

ਜੇ. ਬੀ. ਟੀ. ਪਾਸ ਕਰਨ ਤੋਂ ਬਾਅਦ ਮੈਂ ਕੁਝ ਸਮਾਂ ਬਤੌਰ ਪ੍ਰਾਇਮਰੀ ਟੀਚਰ 89 ਦਿਨਾਂ ਤੇ ਨੌਕਰੀ ਕਰਦਾ ਰਿਹਾ। ਦੋ ਸਾਲਾਂ ਪਿੱਛੋਂ ਰੇਗੂਲਰ ਹੋ ਸਕਿਆ। ਜਦ ਮੈਂ 89 ਦਿਨਾਂ ਦੇ ਆਧਾਰ ਤੇ ਹੁੰਦਾ ਸੀ ਤਾਂ ਹਰ ਟਰਮ ਵੇਲੇ ਮੈਨੂੰ ਸਟੇਸ਼ਨ ਨਵਾਂ ਮਿਲਦਾ। ਮੇਰੇ ਕੋਲ ਕੋਈ ਸਿਫ਼ਾਰਿਸ਼ ਨਹੀਂ ਹੁੰਦੀ ਸੀ। ਨਾ ਮੈਂ ਰਿਸ਼ਵਤ ਦੇਣ ਜੋਗਾ ਸਾਂ, ਮੈਨੂੰ ਕਦੇ ਕੰਦੂ ਖੇੜਾ ਨਿਯੁਕਤੀ ਮਿਲਦੀ। ਕਦੇ ਖੁੱਭਣ। ਕਦੇ ਬੁਰਜ ਸਿੱਧਵਾਂ ਭੇਜ ਦਿੰਦੇ। ਕਦੇ ਪੱਟੀ ਜਦ ਮੈਂ ਰੇਗੂਲਰ ਹੋ ਗਿਆ ਤਾਂ ਫਿਰ ਬਦਲੀ ਕਰਵਾ ਕੇ ਭਗਤੇ ਆ ਗਿਆ। ਭਗਤੇ ਤੋਂ ਮੇਰਾ ਪਿੰਡ ਦਸ ਕਿਲੋਮੀਟਰ ਸੀ। ਮੈਂ ਨਵਾਂ ਹੀਰੋ-ਸਾਈਕਲ ਲੈ ਲਿਆ। ਸਾਈਕਲ ਤੇ ਹੀ ਸਕੂਲ ਆਉਂਦਾ-ਜਾਂਦਾ। ਕਦੇ ਸ਼ਹਿਰ ਜਾਣਾ ਫਿਰ ਵੀ ਸਾਈਕਲ ਦੀ ਹੀ ਵਰਤੋਂ ਕਰਨੀ। ਮੇਰੇ ਲਈ ਸਾਈਕਲ ਬਹੁਤ ਵੱਡੀ ਚੀਜ਼ ਸੀ, ਐਂ ਸਮਝੋ ਘੋੜਾ ਸੀ ਮੇਰੇ ਲਈ।



ਭਗਤੇ ਨੌਕਰੀ ਕਰਦਿਆਂ ਹੀ ਮੇਰਾ ਵਿਆਹ ਹੋ ਗਿਆ। ਸਾਡੀ ਜਾਤ ਚੋਂ ਅਜਿਹੀ ਕੁੜੀ ਨਾ ਮਿਲ ਸਕੀ। ਇਕ ਕੁੜੀ ਮਿਲੀ ਵੀ ਜੋ ਹਾਈ ਸਕੂਲ ਵਿੱਚ ਪੜ੍ਹਾਉਂਦੀ ਸੀ। ਜਦ ਉਸਦਾ ਰਿਸ਼ਤਾ ਮੈਨੂੰ ਹੋਣ ਲੱਗਾ ਤਾਂ ਕੁੜੀ ਨੇ ਮੈਨੂੰ ਵੇਖ ਕੇ ਜਵਾਬ ਦੇ ਦਿੱਤਾ। ਕਹਿੰਦੀ, 'ਮੁੰਡੇ ਦਾ ਕੱਦ ਛੋਟਾ ਐ, ਦਾੜ੍ਹੀ ਖੋਦੀ ਅਤੇ ਵਧੀ ਹੋਈ ਐ, ਨਾਲੇ ਮੈਂ ਜੇ. ਬੀ. ਟੀ. ਟੀਚਰ ਨਾਲ ਵਿਆਹ ਬਿਲਕੁਲ ਨਹੀਂ ਕਰਾਉਣਾ ਜੇ।" ਉਹ ਠੀਕ ਸੀ, ਮੇਰਾ ਕਦ ਬਹੁਤ ਛੋਟਾ ਸੀ। ਮੇਰੇ ਉੱਪਰ ਸਿੱਖ ਧਰਮ ਦਾ ਕਾਫ਼ੀ ਅਸਰ ਸੀ ਜਿਸ ਕਾਰਨ ਮੈਂ ਦਾੜ੍ਹੀ ਰੱਖੀ ਹੋਈ ਸੀ। ਦਾੜ੍ਹੀ ਮੇਰੀ ਭਰਵੀਂ ਨਹੀਂ ਸੀ, ਖੋਦੀ ਸੀ ਪਰ ਕਾਫ਼ੀ ਲੰਬੀ ਸੀ। ਉਹ ਐਸ. ਐਸ. ਮਾਸਟਰਨੀ ਸੀ ਅਤੇ ਮੈਂ ਛੋਟਾ ਜਿਹਾ ਪ੍ਰਾਇਮਰੀ ਟੀਚਰ ਸਾਂ। ਮੈਨੂੰ ਮਜਬੂਰਨ ਦਸ ਪੜ੍ਹੀ ਕੁੜੀ ਨਾਲ ਹੀ ਵਿਆਹ ਕਰਵਾਉਣਾ ਪਿਆ। ਰਣਜੀਤ ਮੇਰੀ ਪਰਮ ਪਤਨੀ ਬਣੀ। ਉਹ ਸਿਲਾਈ ਦੀ ਮਾਹਰ ਸੀ। ਉਸਨੇ ਸਿਲਾਈ ਦਾ ਕੰਮ ਸ਼ੁਰੂ ਕਰ ਲਿਆ। ਮੈਨੂੰ ਵੀ ਸਿਖਾ ਲਿਆ। ਮੈਂ ਸਕੂਲੋਂ ਆ ਕੇ ਉਸ ਨਾਲ ਸਿਲਾਈ ਦਾ ਕੰਮ ਕਰਵਾਉਂਦਾ ਰਹਿੰਦਾ। ਕਾਜ ਕਰਕੇ ਬਟਨ ਲਾ ਦਿੰਦਾ। ਪਰੈੱਸ ਕਰਨ ਵਾਲੇ ਕਪੜੇ ਪਰੈੱਸ ਕਰ ਦਿੰਦਾ। ਘਰ ਕਪੜੇ ਫੜਾਉਣ ਦਾ ਜੇ ਕਿਸੇ ਨਾਲ ਵਾਅਦਾ ਕਰਦਾ ਤਾਂ ਵਕਤ ਸਿਰ ਉਸਦੇ ਕਪੜੇ ਘਰ ਫੜਾ ਆਉਂਦਾ। ਹੁਧਾਰ-ਸੁਧਾਰ ਵਾਲਿਆਂ ਕੋਲੋਂ ਉਗਰਾਹੀ ਕਰਨ ਦੀ ਡਿਊਟੀ ਵੀ ਮੇਰੀ ਹੁੰਦੀ। ਪੈਸੇ ਦੇਣ ਸਮੇਂ ਲੋਕ ਬਹਾਨੇ ਘੜਦੇ, ਆਨਾਕਾਨੀ ਕਰਦੇ। ਧੱਕੇ ਖਾ ਕੇ ਮਿਹਨਤ ਮਿਲਦਾ।

ਜ਼ਮੀਨ ਮੇਰੇ ਕੋਲ ਸਿਰਫ਼ ਦੋ ਕਿੱਲੇ ਸਨ। ਦੋਨੋਂ ਰੋਹੀ ਵਿੱਚ ਸਨ, ਪਿੰਡੋਂ ਛੇ ਕਿਲੋਮੀਟਰ ਦੂਰ। ਇਕ ਪਾਸੇ ਕਿੱਕਰ ਸਿਉਂ ਗਿੱਲ ਦੇ ਵੀਹ ਕਿੱਲੇ ਜ਼ਮੀਨ ਸੀ ਦੂਜੇ ਪਾਸੇ ਕੌਰ ਸਿਉਂ ਦੀ ਬਾਰਾਂ ਕਿੱਲੇ। ਕਿੱਕਰ ਸਿਉਂ ਦੇ ਖੇਤ ਵਿੱਚ ਦੋ ਮੋਟਰਾਂ ਲੱਗੀਆਂ ਹੋਈਆਂ ਸਨ ਅਤੇ ਕੌਰ ਸਿੰਘ ਦੇ ਖੇਤ ਇਕ। ਮੇਰੀ ਜ਼ਮੀਨ 'ਚ ਕੱਸੀ ਦਾ ਪਾਣੀ ਲੱਗਦਾ ਪਰ ਮੋਘੇ ਤੋਂ ਦੂਰ ਹੋਣ ਕਰਕੇ ਮੇਰੇ ਖੇਤ ਤੱਕ ਘੱਟ ਹੀ ਪਾਣੀ ਜਾਂਦਾ। ਬਰਾਨੀ ਵਾਹਣ 'ਚੋਂ ਕੀ ਨਿਕਲਣਾ ਸੀ। ਮਾੜੀ ਮੋਟੀ ਫ਼ਸਲ ਹੀ ਹੁੰਦੀ। ਜਿੰਨੀ ਹੁੰਦੀ ਉਸ ਨਾਲ ਹੀ ਸ਼ਬਰ ਕਰਨਾ ਪੈਂਦਾ। ਪਾਣੀ ਬਿਨਾ ਫ਼ਸਲ ਕਾਹਦੀ ਹੋਣੀ ਸੀ? ਪਾਣੀ ਦੀ ਇਕ ਘੁੱਟ ਵੀ ਦੋਨਾਂ ਗੁਆਂਢੀਆਂ ਤੋਂ ਨਾ ਮਿਲਦਾ। ਕਿੱਕਰ ਸਿਉਂ ਨਾਲ ਬੋਲਚਾਲ ਹੀ ਬੰਦ ਸੀ। ਕਿੱਕਰ ਸਿਉਂ ਦੇ ਸੀਰੀ ਮੇਰੀਆਂ ਵੱਟਾਂ ਛਾਂਗਦੇ ਰਹਿੰਦੇ। ਗੱਲ ਪੰਚਾਇਤ ਤੱਕ ਵੀ ਗਈ ਪਰ ਉਹ ਵੀ ਕੁਝ ਨਾ ਕਰ ਸਕੀ। ਸਗੋਂ ਇਕ ਮੈਂਬਰ ਮੈਨੂੰ ਕਹਿੰਦਾ, "ਤੂੰ ਕੀ ਕਰਨੀ ਐਂ ਜ਼ਮੀਨ ਮਿਸਤਰੀ ਸਿੰਘਾਂ। ਵੇਚ ਪਰ੍ਹਾਂ, ਮੈਂ ਚੰਗਾ ਭਾਅ ਦੂਆ ਦਿੰਨਾਂ। ਕੱਲ੍ਹ ਕਲੋਟ ਵੇਚਣੀ ਹੀ ਪਊ।" ਮੈਨੂੰ ਉਸਦੀ ਸੋਚ ਤੇ ਗੁੱਸਾ ਆਇਆ। ਉਸਦੇ ਬੋਲ ਮੇਰੇ ਸੀਨੇ 'ਚ ਕੰਡੇ ਵਾਂਗ ਖੁੱਭ ਗਏ ਅਤੇ ਮੈਂ ਠਾਣ ਲਈ ਜ਼ਮੀਨ ਨਹੀਂ ਵੇਚਾਂਗਾ ਭਾਵੇਂ ਕੁਝ ਵੀ ਹੋ ਜਾਵੇ। ਜਦ ਪੰਚਾਇਤ ਨੇ ਕੁਝ ਨਾ ਕੀਤਾ ਤਾਂ ਮੈਨੂੰ ਤਹਿਸੀਲਦਾਰ ਦੇ ਦਰਖ਼ਾਸਤ ਕਰਨੀ ਪਈ। ਤਹਿਸੀਲਦਾਰ ਨੇ ਵੀ ਕਾਫ਼ੀ ਸਮਾਂ ਲਾਰਿਆਂ ਵਿੱਚ ਲੰਘਾ ਦਿੱਤਾ। ਮਜ਼ਬੂਰੀ ਵੱਸ ਮੈਨੂੰ ਅਦਾਲਤ ਜਾਣਾ ਪਿਆ। ਅਦਾਲਤ ਨੇ ਮੇਰੀ ਦੋ ਕਰਮਾਂ ਜ਼ਮੀਨ (ਜੋ ਕਿੱਕਰ ਸਿਉਂ ਦੀ ਨੱਪੀ ਹੋਈ ਸੀ) ਕਢਵਾ ਕੇ ਦਿੱਤੀ। ਕੌਰ ਸਿੰਘ ਨਾਲ ਬੋਲ ਚਾਲ ਤਾਂ ਸੀ ਪਰ ਉਹ ਤਾਂ ਵਿਹਲੀ ਖੜੀ ਮੋਟਰ ਛੱਡਣ ਤੋਂ ਵੀ ਜਵਾਬ ਦੇ ਦਿੰਦਾ। ਜੇ ਕਦੇ ਮੋਟਰ ਛੱਡਣ ਬਾਰੇ ਪੁੱਛ ਲੈਣਾ ਤਾਂ ਬੜਾ ਮਿੱਠਾ ਜਵਾਬ ਦਿੰਦਾ, "ਪਾਣੀ ਕਿੱਥੇ, ਸਾਡਾ ਤਾਂ ਆਵਦਾ ਨੀਂ ਸਰਦਾ।" ਇਹ ਹੈ ਸਰਦਾਰਾਂ ਦੇ ਕਿਰਦਾਰ। ਸਾਲੇ ਸਰਦਾਰੀਆਂ ਦੇ। ਇਹ ਜੱਟ ਤਾਂ ਉੱਥੇ ਵੱਢ ਕੇ ਸੁੱਟਣ ਵਾਲੇ ਐ ਜਿੱਥੇ ਪਾਣੀ ਦੀ ਘੁੱਟਾ ਨਾ ਮਿਲੇ। ਜਦ ਇਨ੍ਹਾਂ ਨੂੰ ਲੋੜ ਹੋਵੇ ਤਾਂ ਗਧੇ ਨੂੰ ਵੀ ਬਾਪੂ ਕਹਿ ਦੇਣਗੇ। ਜੇ ਇਨ੍ਹਾਂ ਨੂੰ ਲੋੜ ਨਹੀਂ ਤਾਂ ਤੂੰ ਕੌਣ ਤੇ ਮੈਂ ਕੌਣ? ਫੇਰ ਤਾਂ ਏਹ ਵੱਢੀ ਉਂਗਲ ਤੇ ਵੀ ਨਹੀਂ ਮੂਤਦੇ।

ਮੈਂ ਪੈਸੇ ਦੀ ਬਹੁਤ ਤੰਗੀ ਦੇਖੀ ਸੀ। ਸ਼ਾਇਦ ਇਹੋ ਕਾਰਨ ਹੋਏਗਾ ਜੋ ਪੈਸਾ ਮੇਰੇ ਕੋਲ ਆ ਜਾਂਦਾ, ਉਹ ਖਰਚਣ ਨੂੰ ਜੀਅ ਨਾ ਕਰਦਾ। ਉਸਨੂੰ ਸਾਂਭ ਸਾਂਭ ਰੱਖਦਾ। ਪਰ ਉਹ ਸਾਂਭਿਆ ਨਾ ਜਾਂਦਾ, ਕੋਈ ਨਾ ਕੋਈ ਖੁੱਡ ਨਿਕਲ ਆਉਂਦੀ ਉਸਨੂੰ ਭਰਨ ਲਈ ਪੈਸਾ ਲਾਉਣਾ ਪੈਂਦਾ। ਸੇਮ ਖ਼ਤਮ ਹੋਣ ਤੋਂ ਬਾਦ ਮੈਨੂੰ ਜ਼ਮੀਨ ਲਈ ਟਿਊਬਵੈੱਲ ਦੀ ਜ਼ਰੂਰਤ ਸੀ। ਮੈਂ ਬੈਂਕ ਤੋਂ ਘਰ ਲਈ ਕਰਜ਼ਾ ਲਿਆ ਅਤੇ ਟਿਊਬਵੈੱਲ 'ਤੇ ਲਾ ਦਿੱਤਾ। ਜ਼ਮੀਨ ਮੇਰੇ ਕੋਲ ਸਿਰਫ਼ ਦੋ ਕਿੱਲੇ ਸਨ ਪਰ ਪਾਣੀ ਦੀ ਘਾਟ ਕਾਰਨ ਉਸ ਵਿੱਚ ਫ਼ਸਲ ਕੁਝ ਖਾਸ ਨਾ ਹੁੰਦੀ। ਪਾਣੀ ਕਾਰਨ ਜ਼ਮੀਨ ਠੇਕੇ ਤੇ ਵੀ ਨਾ ਚੜ੍ਹਦੀ। ਜ਼ਮੀਨ ਮੈਂ ਕਿਸੇ ਵੀ ਕੀਮਤ ਤੇ ਵੇਚਣ ਦੇ

ਹੱਕ ਵਿੱਚ ਨਹੀਂ ਸੀ ਹਾਲਾਂ ਕਿ ਮੇਰੇ ਦੋਨਾਂ ਭਰਾਵਾਂ ਨੇ ਆਪਣੇ ਆਪਣੇ ਹਿੱਸੇ ਦੀ ਜ਼ਮੀਨ ਬਿਲੇ ਲਾ ਦਿੱਤੀ ਸੀ। ਇਕ ਨੇ ਤਾਂ ਪੈਸੇ ਵੱਟੇ ਅਤੇ ਪਿੰਡ ਹੀ ਵਰਕਸ਼ਾਪ ਖੋਲ੍ਹ ਲਈ। ਦੂਜੇ ਨੇ ਕੁੜੀ ਦਾ ਵਿਆਹ ਕਰ ਦਿੱਤਾ। ਮੇਰਾ ਸਰਦਾ ਸੀ ਜਿਸ ਕਰਕੇ ਮੈਂ ਜ਼ਮੀਨ ਵੇਚਣ ਬਾਰੇ ਕਦੇ ਵੀ ਸੋਚਿਆ ਨਹੀਂ ਸੀ। ਮੈਂ ਟਿਊਬਵੈੱਲ ਲਾਉਣ ਦਾ ਅੱਕ ਚੱਬ ਲਿਆ। ਟਿਊਬਵੈੱਲ ਚਲਾਉਣ ਲਈ ਮੈਂ ਇਕ ਸੈਕੰਡ ਹੈਂਡ ਇੰਜ਼ਨ ਵੀ ਖ਼ਰੀਦ ਲਿਆਂਦਾ। ਖਰਚਾ ਭਾਵੇਂ ਕਾਫ਼ੀ ਹੋ ਗਿਆ ਪਰ ਮਜ਼ਬੂਰੀ ਸੀ, ਕਰਨਾ ਪੈਣਾ ਸੀ, ਕਰ ਦਿੱਤਾ, ਹੋਰ ਕੋਈ ਰਾਹ ਨਹੀਂ ਸੀ। ਇਸ ਕਾਰਨ ਮੇਰਾ ਸਾਰਾ ਬੱਜਟ ਹਿੱਲ ਗਿਆ। ਇਸ ਦੇ ਬਾਵਜੂਦ ਮੈਂ ਵਾਹੀ ਦਾ ਪੰਗਾ ਵੀ ਲੈ ਲਿਆ। ਕਦੇ ਆਲੂ ਲਾ ਦਿੰਦਾ, ਕਦੇ ਗੋਭੀ। ਸਬਜੀ ਕਾਰਨ ਚੰਗੇ ਪੈਸੇ ਵੱਟੇ ਜਾਂਦੇ। ਦੋ ਸਾਲਾਂ ਵਿੱਚ ਹੀ ਮੈਂ ਟਿਊਬਵੈੱਲ ਅਤੇ ਇੰਜ਼ਨ ਉੱਪਰ ਹੋਏ ਸਾਰੇ ਖ਼ਰਚੇ ਪੂਰੇ ਕਰ ਲਏ।

ਮੇਰਾ ਬਾਪੂ ਸਾਊ ਸੁਭਾਅ ਦਾ ਮਾਲਕ ਸੀ। ਸਭ ਨੂੰ ਜੀਅ ਕਹਿ ਕੇ ਬੁਲਾਉਂਦਾ। ਨਾ ਕਿਸੇ ਨਾਲ ਲੜਦਾ ਨਾ ਝਗੜਦਾ ਪਰ ਲੋਕ ਉਸਨੂੰ ਕੇਹਰੂ ਸੀਂਢਲ ਕਹਿੰਦੇ। ਮੈਨੂੰ ਗੁੱਸਾ ਆਉਂਦਾ ਜਦ ਉਸਨੂੰ ਕੋਈ ਸੀਂਢਲ ਕਹਿੰਦਾ। ਮੇਰਾ ਨਾਂ ਵੀ ਗੁਰਾਂ ਦਿੱਤਾ ਸਿੰਘ ਸੀ ਪਰ ਮੈਨੂੰ ਲੋਕ ਚਿੜੀ ਕਹਿੰਦੇ। ਮੈਂ ਸੋਚਦਾ-ਇਹ ਨਾਂ-ਕੁਨਾਂ ਸਾਡੇ ਈ ਕਿਉਂ ਧਰੇ ਜਾਂਦੇ ਹਨ। ਜੱਟਾਂ ਦੇ ਕਿਉਂ ਨਹੀਂ। ਦੁਆਨੀ ਦਾ ਕੋਈ ਜੱਟ ਨੀਂ ਹੁੰਦਾ, ਉਹਨੂੰ ਕਹਿਣਗੇ ਗਿੱਲ ਸਾਹਿਬ। ਸਾਨੂੰ ਕਿਉਂ ਨਹੀਂ ਕਹਿੰਦੇ ਮਠਾੜੂ ਸਾਹਿਬ। ਮੈਂ ਚਾਹੁੰਦਾ ਹੁੰਦਾ ਲੋਕ ਮੈਨੂੰ ਵੀ ਗੁਰਾਂ ਦਿੱਤਾ ਸਿੰਘ ਮਠਾੜੂ ਕਹਿਣ। ਪਰ ਕਿਸੇ ਵੀ ਸ਼ਖ਼ਸ ਨੇ ਮੈਨੂੰ ਕਦੇ ਇਸ ਨਾਮ ਨਾਲ ਨਹੀਂ ਬੁਲਾਇਆ ਸੀ। ਅਫਸੋਸ ਤਾਂ ਇਹ ਹੈ ਕਿ ਮੈਨੂੰ ਕੋਈ 'ਮਾਸਟਰ ਜੀ' ਵੀ ਨਹੀਂ ਕਹਿੰਦਾ। ਜਦ ਕੋਈ ਬੁਲਾਊ ਪੁੱਠੇ ਨਾਂ ਨਾਲ ਹੀ ਬਲਾਊ। ਮੈਂ ਕਈਆਂ ਨਾਲ ਇਸ ਪੱਖੋਂ ਗੁੱਸੇ ਵੀ ਹੋਇਆ ਸਾਂ। ਕਈਆਂ ਨੂੰ ਕਿਹਾ ਵੀ ਤੈਨੂੰ ਅਕਲ ਨੀ ਕਿਵੇਂ ਬੁਲਾਈ ਦਾ ਐ, ਮੈਂ ਬੰਦਾ ਨੀ, ਤੂੰ ਮੈਨੂੰ ਬੰਦਾ ਈ ਨੀਂ ਸਮਝਦਾ ਮੇਰਾ ਨਾਂ ਗੁਰਾਂ ਦਿੱਤਾ ਸਿੰਘ ਮਠਾੜੂ ਐ।

ਜਦ ਕਦੇ ਮੈਂ ਸੱਥ ਕੋਲ ਦੀ ਲੰਘਣਾ ਤਾਂ ਕੁਝ ਲੋਕ ਮੈਨੂੰ ਜਾਣ ਬੁੱਝ ਕੇ ਛੇੜਦੇ। ਨੰਬਰਦਾਰ ਕੁੰਢਾ ਸਿੰਘ ਮੈਨੂੰ ਅਕਸਰ ਛੇੜਦਾ, "ਸੁਣਾ ਉਏ ਸੀਂਢਲ ਕੇ ਚਿੜੀ? ਕਿਵੇਂ ਐਂ? " ਹੋਰ ਵੀ ਐਂ ਹੀ ਬੋਲਦੇ। ਸਾਲਿਆਂ ਨੂੰ ਪੁੱਛਣ ਵਾਲਾ ਹੋਵੇ, ਮੈਂ ਮਾਸਟਰ ਆਂ ਪੜ੍ਹਿਆ ਲਿਖਿਆ ਬਲਾ ਤਾਂ ਚੱਜ ਨਾਲ ਲਉ... ਭੈਣ ਦੇ ਯਾਰ! ਏਹ ਜੱਟ ਬਾਹਲੇ ਮੱਛਰੇ ਵੇ ਐ, ਜੀਹਦੀ ਮਾਂ ਨੂੰ ਮਕਾਨ ਵੀ ਕੋਈ ਲਿਜਾਂਦਾ ਨਹੀਂ ਉਹ ਵੀ ਸਾਲਾ ਚਿੜੀ ਹੀ ਕਹੂ। ਗੁਰਨਾਮ, ਕੁੱਤੇ ਦਾ ਪੁੱਤ, ਇਹ ਬੰਦਾ ਈ ਨੀਂ ਮਾਣ ਬੰਦਾ ਨਾ ਬੰਦੇ ਦਾ ਵਰਮ। ਐ ਹਬਾਸੀਆਂ ਵਰਗਾ, ਦੰਦ ਐਂ ਜਿਮੇਂ ਗੰਦਗੀ 'ਚੋਂ ਕੱਢ ਕੇ ਲਿਆਂਦੇ ਹੁੰਦੈ। ਨਿਰਾ ਦੁਨੀਆਂ ਦਾ ਗੰਦ, ਨਾ ਤਿੰਨਾਂ ਵਿੱਚ ਨਾ ਤੇਰਾਂ ਵਿੱਚ-ਇਹ ਵੀ ਪੁੱਠਾ ਨਾਂ ਹੀ ਲਊ। ਸੱਥ ਕੋਲੋਂ ਮੈਨੂੰ ਲੰਘਣਾ ਦੁੱਭਰ ਹੋ ਜਾਂਦਾ। ਮੈਂ ਪਿੰਡ 'ਚ ਜਦ ਕਿਸੇ ਕੰਮ ਧੰਦੇ ਜਾਣਾ ਹੁੰਦਾ ਤਾਂ ਕੋਈ ਐਸਾ ਰਾਹ ਚੁਣਦਾ ਜਿੱਧਰ ਸੱਥ ਨਾ ਹੁੰਦੀ, ਜਾਂ ਜਿੱਧਰ ਕੋਈ ਬੰਦਾ ਘੱਟ ਹੀ ਮਿਲਦਾ। ਬੁਰਾ ਭਲਾ ਕਹਿਣ ਲੱਗਿਆ ਵੀ ਕੋਈ ਤਰਸ ਨਾ ਕਰਦਾ। ਗਰੀਬਾਂ ਤੇ ਤਰਸ ਕਰਨ ਵਾਲਾ ਕੋਈ ਸਮਾਂ ਰਿਹਾ ਹੋਏਗਾ। ਮੈਨੂੰ ਨਹੀਂ ਲੱਗਦਾ।

ਭਗਤੇ ਵੀ ਮੇਰੀ ਦੂਜੇ ਮਾਸਟਰਾਂ ਨਾਲ ਘੱਟ ਹੀ ਬਣਦੀ ਸੀ। ਉਨ੍ਹਾਂ ਦੀ ਕਹਿਣੀ ਕੁਝ ਹੋਰ ਹੁੰਦੀ, ਕਰਨੀ ਕੁਝ ਹੋਰ ਗੱਲਾਂ ਕਰਦੇ ਅਸਮਾਨ ਨੂੰ ਟਾਕੀਆਂ ਲਾ ਦਿੰਦੇ। ਗੁਰਮੁਖ ਸਿੰਘ ਖਾਲਸਾ ਮੇਰਾ ਕੁਲੀਗ ਸੀ। ਉਹ ਅੰਮ੍ਰਿਤਧਾਰੀ ਸੀ ਪਰ ਪੱਕਾ ਕੰਜਰ ਸੀ। ਕੋਈ ਗੁਣ ਨਹੀਂ ਸੀ ਉਸ ਵਿੱਚ। ਗੱਲਾਂ ਦਾ ਖੱਟਿਆ ਹੀ ਖਾਂਦਾ। ਦੋ ਮਿੰਟ ਜ਼ੁਬਾਨ ਬੰਦ ਨਹੀਂ ਕਰਦਾ ਸੀ। ਬੱਚਿਆਂ ਨੂੰ ਇਕ ਅੱਖਰ ਵੀ ਪੜ੍ਹਾ ਕੇ ਖੁਸ਼ ਨਹੀਂ ਸੀ। ਰਜਿਸਟਰ ਵਿੱਚ ਔਨ ਡਿਊਟੀ ਪਾ ਕੇ ਤਿੱਤਰ ਹੋ ਜਾਂਦਾ, ਸਕੂਲ ਵੱਲ ਉਸਦਾ ਕੋਈ ਧਿਆਨ ਨਾ ਹੁੰਦਾ, ਘਰ ਦੇ ਹੀ ਕਾਰਜ ਸਵਾਰਦਾ। ਖੇਤੀ ਨੂੰ ਵਧੇਰੇ ਤਰਜੀਹ ਦਿੰਦਾ। ਜੇ ਕਦੇ ਭੁੱਲ ਭੁਲੇਖੇ ਕਲਾਸ ਵਿੱਚ ਵੜ ਵੀ ਜਾਂਦਾ ਤਾਂ ਮਜ਼੍ਹਬੀ ਸਿੱਖਾਂ ਦੇ ਮੁੰਡੇ ਕੁੜੀਆਂ ਦੀਆਂ ਵੱਖਰੀਆਂ ਲਾਈਨਾਂ ਬਣਾਉਂਦਾ। ਉਨ੍ਹਾਂ ਦੀਆਂ ਨਾ ਫੱਟੀਆਂ ਦੇਖਦਾ ਨਾ ਕਾਪੀਆਂ। ਉਨ੍ਹਾਂ ਦੇ ਰੱਸੇ ਲਾਹੀ ਰੱਖਦਾ। ਜੇਕਰ ਕੋਈ ਬੱਚਾ ਗ਼ਲਤੀ ਕਰ ਬੈਠਦਾ ਤਾਂ ਡੰਡੇ ਮਾਰ ਮਾਰ ਉਸਦੇ ਚਿੱਤੜ ਭੰਨ੍ਹ ਦਿੰਦਾ। ਉਹ ਕੁੱਟੀ ਜਾਂਦਾ ਨਾਲੇ ਟਵਾਂਕੀ ਜਾਂਦਾ, "ਸਾਲੇ ਜੇ ਏਹ ਪੜ੍ਹ ਗੇ ਤਾਂ ਹੇਠਲੀ ਉੱਤੇ ਹੋ ਜੂ-ਪੜ੍ਹੋਗੇ ਤਾਂ ਸਾਡੇ ਸਿਰਾਂ ਤੇ ਹੀ ਨੱਚਣਗੇ। ਚੱਕ ਝੋਲਾ ਚੱਲ ਉਏ ਭੱਜ



ਘਰੇ।" ਜਦ ਉਹ ਕੁੱਟਣੋਂ ਹਟਦਾ ਤਾਂ ਜੁਆਕ ਨੂੰ ਮੱਲੋਜੋਰੀ ਘਰੇ ਭਜਾ ਦਿੰਦਾ। ਫਿਰ ਵੀ ਉਹ ਕਿੰਨਾ ਚਿਰ ਹੀ ਭੜਾਸ ਕੱਢੀ ਜਾਂਦਾ, ਬੁੜ ਬੁੜ ਕਰੀ ਜਾਂਦਾ, "ਭੈਣ ਦੇਣੀ ਸਰਕਾਰ ਦੇ ਕੰਮ ਵੇਖੋ ਆਹ ਕੁੱਤੀਆਂ ਜਾਤਾਂ ਨੂੰ ਹੀ ਸਾਰੀਆਂ ਰੈਤਾਂ ਦੇਈ ਜਾਂਦੀ ਐ। ਕਿਧਰੇ ਵਜ਼ੀਫ਼ੇ। ਮੁਫ਼ਤ ਕਿਤਾਬਾਂ। ਕੋਰਸ ਕਰਨ ਸਮੇਂ ਪਹਿਲ-ਫਿਰ ਨੌਕਰੀ ਦੇਣ ਵੇਲੇ ਪਹਿਲ। ਪਰਮੋਸ਼ਨ ਵੇਲੇ ਪਹਿਲ। ਹਰ ਥਾਂ ਪਹਿਲ ਹੀ ਪਹਿਲ ਕੁੱਤੀਏ ਸਰਕਾਰੇ। ਜੇ ਏਹ ਸਾਡੇ ਸਿਰਾਂ ਤੇ ਬਹਿ ਗੇ ਤਾਂ ਕੱਲ੍ਹ ਕਲੋਟ ਨੂੰ ਏਹ ਸਾਡੇ ਚੁੱਲ੍ਹਿਆਂ 'ਚ ਆ ਕੇ ਹੱਗਣਗੇ।" ਅਖੇ ਕੋਈ ਸਿੱਖ ਕੋਈ ਖਾਲਸਾ ਕਦੇ ਵੀ ਜਾਤ ਪਾਤ ਨੂੰ ਨਹੀਂ ਮੰਨੇਗਾ ਪਰ ਇਹ ਖਾਲਸਾ ਜਦੋਂ ਕੇ ਸਾਨੂੰ ਨਿੱਕੀਆਂ ਸੁੱਕੀਆਂ ਜਾਤਾਂ ਕਹਿ ਕੇ ਠਿੱਠ ਕਰਨੋਂ ਨਹੀਂ ਹਟਦਾ ਜਦੋਂ ਜੱਟ ਖਾਲਸੇ ਅਤੇ ਸਿੱਖਾਂ ਬਣੈ, ਇਨ੍ਹਾਂ ਜਾਤਾਂ ਨੂੰ ਘਟਾਉਣਾ ਤਾਂ ਕੀ ਸੀ ਸਗੋਂ ਹੋਰ ਵਧਾ ਦਿੱਤਾ।

ਤੇ ਉਹ ਜੈਲਦਾਰਾਂ ਦੀ ਨੂੰ ਇੰਦਰਜੀਤ, ਆਪਣੇ ਆਪ ਨੂੰ ਸਰਦਾਰਨੀ ਕੁਹਾਉਂਦੀ ਪਰ ਕੰਮ ਕਮੀਨਿਆਂ ਵਾਲੇ ਕਰਦੀ ਮੈਂ ਉਸ ਤੋਂ ਉਮਰ 'ਚ ਵੱਡਾ ਸੀ ਪਰ ਉਸ ਨੇ ਕਦੇ ਮੈਨੂੰ ਸਤਿ ਸ੍ਰੀ ਅਕਾਲ ਨਹੀਂ ਬੁਲਾਈ ਸੀ। ਹਰ ਸਮੇਂ ਉਹ ਧੌਣ ਵਿੱਚ ਸਰਦਾਰੀ ਅਤੇ ਜਾਤ ਦਾ ਕਿੱਲਾ ਫਸਾਈ ਰੱਖਦੀ। ਮੈਂ ਕੇਹੜਾ ਉਸ ਤੋਂ ਟਿੰਡੀਆਂ ਲੈਣੀਆਂ ਸਨ, ਮੈਂ ਵੀ ਨਾ ਬਲਾਉਂਦਾ। ਸਕੂਲ 'ਚ ਬੱਚਿਆਂ ਤੋਂ ਲੱਤਾਂ ਘੁਟਾਉਂਦੀ ਰਹਿੰਦੀ, ਕਦੇ ਸਿਰ ਨਪਾਉਂਦੀ। ਮਜ਼੍ਹਬੀ ਸਿੰਘਾਂ ਦੀਆਂ ਵੱਡੀ ਜਮਾਤ 'ਚ ਪੜ੍ਹਦੀਆਂ ਕੁੜੀਆਂ ਨੂੰ ਵਾਰੀ ਸਿਰ ਆਪਣੇ ਘਰ ਸੱਦ ਲੈਂਦੀ। ਉਨ੍ਹਾਂ ਤੋਂ ਕਮਰਿਆਂ 'ਚੋ ਪੋਚੇ ਲੁਆਉਂਦੀ ਭਾਂਡੇ ਮਜਾਉਂਦੀ, ਕਪੜੇ ਧੁਆਉਂਦੀ ਸਾਲੀ, ਹਰ ਸਮੇਂ ਗੱਲਾਂ ਨਾਲ ਗਲੇਲੇ ਵੱਟਦੀ ਰਹਿੰਦੀ। ਸਕੂਲ 'ਚ ਕੋਈ ਮਸਲਾ ਉਠਦਾ ਜਾਂ ਕੋਈ ਘਟਨਾ ਵਾਪਰਦੀ ਤਾਂ ਪੁੱਠਾ ਚੱਲਦੀ। ਬੱਚਿਆਂ ਨੂੰ ਪੜ੍ਹਾਉਣਾ ਉਸਦੇ ਕਾਰਜ ਵਿੱਚ ਸ਼ਾਮਲ ਨਹੀਂ ਸੀ, ਚੜ੍ਹੇ ਮਹੀਨੇ ਪੰਦਰਾਂ ਹਜ਼ਾਰ ਨੂੰ ਥੁੱਕ ਲਾ ਕੇ ਔਹ ਜਾਂਦੀ।"

ਮੈਂ ਬੱਚਿਆਂ ਨੂੰ ਸਾਰਾ ਦਿਨ ਪੜ੍ਹਾਉਂਦਾ ਰਹਿੰਦਾ। ਪੜ੍ਹਣ ਵਿੱਚ ਮੇਰੀ ਕਲਾਸ ਸਭ ਤੋਂ ਚੰਗੀ ਹੁੰਦੀ ਸੀ ਪਰ ਪਿੰਡ ਵਿੱਚ ਇੱਜ਼ਤ-ਮਾਨ ਜਾਂ ਤਾਂ ਖਾਲਸੇ ਦਾ ਹੁੰਦਾ ਜਾਂ ਜੈਲਦਾਰਾਂ ਦੀ ਨੂੰਹ ਦਾ ਲੋਕ ਵਿਆਹ-ਸ਼ਾਦੀਆਂ ਤੇ ਵੀ ਉਨ੍ਹਾਂ ਨੂੰ ਬੁਲਾਉਂਦਾ ਕਾਰਨ ਜਾਤ ਅਤੇ ਗਰੀਬੀ ਸੀ, ਹੋਰ ਤਾਂ ਕੋਈ ਕਾਰਨ ਨਹੀਂ ਸੀ, ਮੇਰੇ ਵਿੱਚ ਕੋਈ ਨੁਕਸ਼ ਵੀ ਨਹੀਂ ਸੀ, ਕਲਾਸ ਮੈਂ ਕਦੇ ਵੀ ਖਾਲੀ ਛੱਡੀ ਨਹੀਂ ਸੀ। ਮੈਂ ਤਨਦੇਹ ਨਾਲ ਮਿਹਨਤ ਕਰਾਉਂਦਾ ਪਰ ਉਸਦਾ ਮੁੱਲ ਖੋਟੀ ਦੁਆਨੀ ਨਾ ਪੈਂਦਾ। ਜੋ ਸਿਰੇ ਦੇ ਭ੍ਰਿਸ਼ਟ ਸਨ, ਉਨ੍ਹਾਂ ਦੀ ਹੀ ਪੁੱਛ ਗਿੱਛ ਹੁੰਦੀ।

ਖਾਲਸਾ ਮੇਰੀ ਕਦਰ ਨਹੀਂ ਕਰਦਾ ਸੀ। ਉਹ ਜਦ ਵੀ ਬੋਲਦਾ, ਜਾਤ ਤੇ ਹੀ ਹਮਲਾ ਕਰਦਾ। 'ਗੁੱਲੀਘੜ' ਕਹਿਣੋਂ ਕਦੇ ਨਾ ਝਿਝਕਦਾ। ਚੰਗੇ ਕੰਮ ਦੀ ਜੇ ਮੈਂ ਰਾਇ ਵੀ ਦਿੰਦਾ ਤਾਂ ਉਸ ਤੇ ਲੀਕ ਮਾਰ ਦਿੰਦਾ। ਸਕੂਲ ਦੇ ਕੰਮ ਧੰਦੇ ਤੋਂ ਬਿਨਾ ਮੈਂ ਉਸ ਨਾਲ ਕਦੇ ਜ਼ੁਬਾਨ ਸਾਂਝੀ ਨਾ ਕਰਦਾ। ਜਦ ਉਸ ਮੈਨੂੰ ਠਿੱਠ ਕਰਦਾ ਤਾਂ ਉਸ ਉੱਪਰ ਸਾਰਾ ਸਟਾਫ਼ ਜਾਂ ਤਾਂ ਤਾਲੀ ਮਾਰ ਕੇ ਹੱਸ ਪੈਂਦਾ ਜਾਂ ਉਹ ਉਸਨੂੰ ਮੈਨੂੰ ਬੁਰਾ ਭਲਾ ਕਹਿਣ ਲਈ ਹੋਰ ਉਤਸਾਹਤ ਕਰ ਦਿੰਦੇ। ਹਰੀ ਰਾਮ ਸ਼ਰਮਾ ਤਾਂ ਬਲਦੀ ਅੱਗ ਉੱਪਰ ਅਕਸਰ ਤੇਲ ਛਿੜਕਦਾ। ਉਹ ਨਾਰਦਮੁਨੀ ਤੋਂ ਘੱਟ ਨਹੀਂ ਸੀ। ਅੱਗ ਭੜਕਾ ਕੇ ਡੱਬੂ ਕੁੱਤਾ ਕੰਧ ਤੇ ਜਾ ਬੈਠਦਾ। ਮੈਂ ਠੀਕ ਹੁੰਦਾ ਵੀ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਗਲਤ ਹੁੰਦਾ। ਉਹ ਮੇਰੀ ਪਿੱਠ ਹੀ ਨਹੀਂ ਮੂੰਹ ਤੇ ਵੀ ਬਦਖੋਈ ਕਰਦੇ ਰਹਿੰਦੇ। ਉਹ ਮੇਰੇ ਚੰਗੇ ਕੰਮਾਂ ਤੇ ਪਾਣੀ ਫੇਰ ਦਿੰਦੇ। ਖਾਲਸਾ ਅਤੇ ਹਰੀ ਰਾਮ ਤਾਂ ਮੇਰੇ ਖਿਲਾਫ਼ ਪਿੰਡ ਵਿੱਚ ਵੀ ਗੁੱਡਾ ਬੰਨ੍ਹੀ ਰੱਖਦੇ। ਲੋਕ ਮੈਨੂੰ ਨਫ਼ਰਤ ਨਾਲ ਦੇਖਣ ਲੱਗ ਪਏ। ਅਜਿਹੇ ਮਾਹੌਲ ਵਿੱਚ ਮੇਰਾ ਉੱਥੇ ਰਹਿਣਾ। ਮੁਸ਼ਕਲ ਹੋ ਗਿਆ। ਮੈਂ ਮਨ ਹੀ ਮਨ ਸੋਚਦਾ, "ਐਹੋ ਜੇਹੇ ਪਿੰਡ ਦੇ ਸਕੂਲ ਵਿੱਚ ਕੀ ਰਹਿਣੈਂ ਜਿੱਥੇ ਗਧੇ ਘੋੜੇ ਨੂੰ ਬਰਾਬਰ ਸਮਝਿਆ ਜਾਂਦੈ। ਜਿੱਥੇ ਚੰਗੇ ਮਾੜੇ ਦੀ ਕੋਈ ਪਰਖ ਨਹੀਂ।" ਮੈਨੂੰ ਏਨੀ ਕੁ ਸਮਝ ਸੀ ਕਿ ਇਸ ਮੰਡੀ ਵਿੱਚ ਲਿਆਕਤ ਦਾ ਮੁੱਲ ਨਹੀਂ ਪੈਂਦਾ, ਸੱਚ ਨੂੰ ਕੋਈ ਨਹੀਂ ਪੁੱਛਦਾ, ਇੱਥੇ ਝੂਠ ਅਤੇ ਤਿਕੜਮਬਾਜੀ ਦਾ ਮੁੱਲ ਪੈਂਦੇ। ਭਗਤੇ ਮੈਨੂੰ ਕੀਹਨੇ ਪੁੱਛਣਾ ਸੀ? ਨਾਲੇ ਲਾਲੋ ਦੀ ਅਣਸ ਦਾ ਸਤਿਕਾਰ ਗੁਰੂ ਹੀ ਕਰ ਗਏ। ਉਸ ਤੋਂ ਪਿੱਛੋਂ ਤਾਂ ਕਿਸੇ ਨੇ ਢੂਆ ਨਹੀਂ ਮਾਰਿਆ ਸਾਡਾ। ਪਿੰਡ ਨੇ ਮੇਰੀ ਸੱਚੀ ਸੁੱਚੀ ਕਿਰਤ ਦੀ ਐਸੀ ਤੈਸੀ ਕਰ ਦਿੱਤੀ। ਇੱਜ਼ਤ ਤੇ ਧੱਬੇ ਲੁਆ ਕੇ ਨਿਕਲਿਆ ਮੈਂ ਭਗਤਿਉਂ-ਪਿੰਡ ਨੇ ਮੇਰੀ ਚਿੱਟੀ ਚਾਦਰ ਤੇ ਦਾਗ਼ ਹੀ ਦਾਗ਼ ਲਾ ਦਿੱਤੇ ਸਨ।

ਮੈਂ ਕੁਝ ਸਾਲ ਭਗਤੇ ਰਿਹਾ ਪਰ ਜਿੰਨੇ ਸਾਲ ਰਿਹਾ, ਟਿੰਡੀ ਵਾਲੇ ਬੀ ਤੇ ਹੀ ਖੜਾ ਰਿਹਾ। ਹੋਰ ਕਿੰਨਾ ਕੁ ਚਿਰ ਖੜ ਸਕਦਾ ਸਾਂ। ਮੈਂ ਬਦਲੀ ਕਰਾਉਣ ਵਿੱਚ ਹੀ ਭਲਾ ਸਮਝਿਆ। ਕੁਝ ਸਮੇਂ ਬਾਦ ਮੈਂ ਆਪਣੇ ਪਿੰਡ ਦੀ ਬਦਲੀ ਕਰਵਾ ਲਈ। ਬਦਲੀ ਦਾ ਦਾਅ ਹੀ ਲੱਗ ਗਿਆ, ਨਹੀਂ ਕਾਹਦੀ ਹੋਣੀ ਸੀ? ਸਰਪੰਚ ਪਾਖਰ ਸਿਉਂ ਦੇ ਘਰ ਐਮ. ਐਲ. ਏ. ਨਛੱਤਰ ਸਿੰਘ ਆਇਆ ਸੀ, ਮੇਰਾ ਸਰਪੰਚ ਨੂੰ ਬਦਲੀ ਲਈ ਪਹਿਲਾਂ ਹੀ ਕਿਹਾ ਹੋਇਆ ਸੀ। ਕੁਦਰਤੀ ਮੈਨੂੰ ਐਮ. ਐਲ. ਏ. ਦੇ ਆਉਣ ਬਾਰੇ ਸੂਹ ਮਿਲ ਗਈ। ਮੈਂ ਫਟਾਫਟ ਅਰਜ਼ੀ ਲਿਖ ਕੇ ਉਸ ਤੋਂ ਮਾਰਕ ਕਰਵਾ ਲਈ। ਮਈ ਦਾ ਮਹੀਨਾ ਸੀ। ਬਦਲੀ ਲਈ ਅਰਜ਼ੀ ਦੇਣ ਦੀ ਅੰਤਮ ਮਿਤੀ 15 ਮਈ ਸੀ। ਮੈਂ ਡੀ. ਈ. ਓ. ਸਾਹਿਬ ਨੂੰ ਆਪਣੀ ਮਾਰਕ ਕੀਤੀ ਅਰਜ਼ੀ ਦਿੱਤੀ। ਪੋਸਟ ਖ਼ਾਲੀ ਸੀ। ਬਦਲੀ ਹੋ ਗਈ। ਨਾ ਹਿੰਗ ਲੱਗੀ ਨਾ ਫਟਕੜੀ। ਰਿਸ਼ਵਤ ਦੇਣੋਂ ਬਚ ਗਿਆ, ਬਸ ਡੀ. ਈ. ਉ. ਦੇ ਕਲਰਕਾਂ ਨੂੰ ਚਾਹ ਪਾਣੀ ਪਿਲਾਉਣੀ ਪਈ। ਜਦ ਮੈਂ ਪਹਿਲਾਂ ਬਦਲੀ ਕਰਵਾ ਕੇ ਏਧਰ ਆਇਆ ਸਾਂ ਤਾਂ ਮੈਨੂੰ ਮੋਟੀ ਰਿਸ਼ਵਤ ਦੇਣੀ ਪਈ ਸੀ। ਰਿਸ਼ਵਤ ਦੇਣ ਲਈ ਕੋਈ ਖਾਸ ਬੰਦਾ ਲੱਭਣਾ ਪੈਣਾ ਸੀ, ਉਸ ਤੋਂ ਬੱਚਤ ਹੋ ਗਈ। ਮੈਂ ਤੁਰੰਤ ਆਪਣੇ ਪਿੰਡ ਦੇ ਸਕੂਲ ਵਿੱਚ ਜਾ ਕੇ ਹਾਜ਼ਰੀ ਦਿੱਤੀ। ਪਿੰਡ ਆ ਕੇ ਮੈਂ ਗਲਤੀ ਕੀਤੀ। ਬੰਦੇ-ਬੁੜੀਆਂ ਨੇ ਤਾਂ ਮੈਨੂੰ 'ਸੀਂਢਲ-ਚਿੜੀ' ਹੀ ਕਹਿਣਾ ਹੀ ਕਹਿਣਾ ਸੀ, ਬੱਚੇ ਵੀ ਕਹਿਣ ਲੱਗ ਪਏ। ਕਦੇ ਕਦੇ ਬੋਰਡ ਤੇ ਵੀ ਨਾਂ ਦਾ ਕੁਨਾਂ ਲਿਖ ਦਿੰਦੇ। ਇਕ ਦਿਨ ਸਕੂਲ ਦੀ ਬਾਹਰਲੀ ਕੰਧ ਅਤੇ ਗੇਟ ਤੇ ਵੀ ਚਾਕ ਨਾਲ ਇਹੀ ਨਾਂ ਲਿਖੇ ਪਏ ਸਨ। ਮੈਨੂੰ ਖੁਦ ਡਸਟਰ ਨਾਲ ਉਹ ਸਾਫ਼ ਕਰਨੇ ਪਏ। ਮੁੰਡੇ ਦੂਜੇ ਤੀਜੇ ਦਿਨ ਫਿਰ ਲਿਖ ਦਿੰਦੇ। ਸਕੂਲ ਆਉਣ ਸਾਰ ਮੈਂ ਹਾਜ਼ਰੀ ਲਾਉਣ ਦੀ ਥਾਂ ਪਹਿਲਾਂ ਇਹ ਦੇਖਦਾ, ਕਿਤੇ ਮੇਰਾ ਨਾਂ ਕੁਨਾਂ ਤਾਂ ਨਹੀਂ ਲਿਖਿਆ ਹੋਇਆ। ਇੱਕ ਦਿਨ ਮੈਨੂੰ ਸਾਰੀ ਪੰਜਵੀਂ ਕਲਾਸ ਨੂੰ ਸਜਾ ਦੇਣੀ ਪਈ। ਮੈਨੂੰ ਵੱਡੀ ਕਲਾਸ ਦੇ ਮੁੰਡਿਆਂ ਤੇ ਹੀ ਹਮੇਸ਼ਾ ਸ਼ੱਕ ਰਹਿੰਦਾ। ਚਾਰ ਪੰਜ ਜੁਆਕ ਜੋ ਵੱਧ ਸ਼ਰਾਰਤੀ ਸਨ, ਉਨ੍ਹਾਂ ਨੂੰ ਮੈਂ ਸ਼ੱਕ ਵਿੱਚ ਵਾਹਵਾ ਭੰਨ ਦਿੱਤਾ ਸੀ। ਅਗਲੇ ਦਿਨ ਹੀ ਮੁੰਡਿਆਂ ਨਾਲ ਕੁਝ ਮੋਹਤਵਰ ਅਤੇ ਉਨ੍ਹਾਂ ਦੇ ਮਾਂ ਪਿਓ ਉਲਾਂਭਾ ਲੈ ਕੇ ਆ ਗਏ। ਉਲਾਂਭਾ ਤਾਂ ਕੀ ਉਹਨਾਂ ਮੇਰੀ ਨਿੱਠ ਕੇ ਬੇਇਜਤੀ ਕੀਤੀ। ਨਾਜਰ ਤਾਂ ਮੈਨੂੰ ਏਥੋਂ ਤੱਕ ਕਹਿ ਗਿਆ, "ਦੱਸ ਕਿੰਨੀ ਵਾਰ ਕਹਾਂ ਸੀਂਢਲ-ਚਿੜੀ, ਸੀਂਢਲ ਚਿੜੀ-ਜਾਹ ਉਏ ਗੁੱਲੀਘਾੜਾ... ਜਾਹ ਕਰ ਲੈ ਜੋ ਕਰਨੈ ਪੱਟ ਲੈ ਮੇਰਾ ਜੋ... ।" ਮੈਂ ਕੀ ਬੋਲਦਾ। ਮੈਂ ਕੀ ਬੋਲਣਾ ਸੀ। ਮੇਰੀ ਕਿਸੇ ਨੇ ਸੁਣੀ ਹੀ ਨਾ। ਸਗੋਂ ਇਸ ਘਟਨਾ ਪਿਛੋਂ ਜੁਆਕ ਜ਼ਿਆਦਾ ਚਾਂਭਲ ਗਏ। ਜੁਆਕਾਂ ਨੇ ਮੇਰਾ ਜਿਉਣਾ ਦੁੱਭਰ ਕਰ ਦਿੱਤਾ। ਕਦੇ ਕਦੇ ਮੇਰਾ ਦਿਲ ਕਰਦਾ, ਪਿੰਡ ਛੱਡ ਜਾਵਾਂ। ਬਦਲੀ ਕਿਤੇ ਦੂਰ ਦੁਰੇਡੇ ਕਰਵਾ ਲਵਾਂ। ਕੀ ਬਦਲੀ ਹੋਣ ਨਾਲ ਮੇਰੀ ਜਾਤ, ਮੇਰੇ ਸੰਸਕਾਰ ਪਿੰਡ 'ਚ ਹੀ ਰਹਿ ਜਾਣਗੇ। ਨਹੀਂ, ਬਿਲਕੁੱਲ ਨਹੀਂ, ਜਿੱਥੇ ਜਾਊਂਗਾ ਇਹ ਮੇਰੇ ਨਾਲ ਹੀ ਜਾਣਗੇ।

ਭਾਗ ਸਿੰਘ ਅਤੇ ਹਰਦੇਵ ਠੇਕੇਦਾਰ ਤਾਂ ਮੇਰਾ ਸਿੱਧਾ ਨਾਂ ਲੈਂਦੇ ਹੀ ਨਹੀਂ ਸੀ। ਉਹ ਜਦ ਮਿਲਦੇ। ਇਹੀ ਕਹਿੰਦੇ, "ਸੁਣਾ ਬਈ ਚਿੜੀਏ।" ਇੱਕ ਦਿਨ ਭਾਗ ਨਾਲ ਮੇਰੀ ਏਸੇ ਗੱਲੋਂ ਲੜਾਈ ਵੀ ਹੋ ਗਈ। ਉਲਟਾ ਉਸਨੇ ਮੈਨੂੰ ਗੰਦੀਆਂ ਗਾਲ੍ਹਾਂ ਕੱਢੀਆਂ। ਮੈਂ ਥਾਣੇ ਰਪਟ ਲਿਖਵਾ ਦਿੱਤੀ। ਮੇਰੀ ਕਿਸੇ ਨੇ ਮਦਦ ਨਾ ਕੀਤੀ। ਕੋਈ ਵੀ ਮੈਂਬਰ ਜਾਂ ਹੋਰ ਬੰਦਾ ਮੇਰੇ ਨਾਲ ਥਾਣੇ ਤੱਕ ਵੀ ਨਾ ਗਿਆ। ਪੁਲਸ ਨੇ ਉਸਨੂੰ ਫੜ ਤਾਂ ਲਿਆ ਪਰ ਉਸੇ ਦਿਨ ਸ਼ਾਮ ਨੂੰ ਚੰਨਣ ਮੈਂਬਰ ਅਤੇ ਹੋਰ ਪਤਵੰਤੇ ਲੋਕ ਛੁਡਵਾ ਲਿਆਏ। ਫਿਰ ਸਾਰਿਆਂ ਨੇ ਰਾਜੀ ਨਾਮੇ ਲਈ ਮੇਰੇ ਤੇ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ। ਤਾਂ ਉਨ੍ਹਾਂ ਅੱਗੇ ਮੈਂ ਇੱਕ ਸ਼ਰਤ ਰੱਖ ਦਿੱਤੀ... ਮੁਆਫ਼ੀ ਮੰਗ ਲਏ, ਮੈਂ ਰਾਜੀਨਾਮਾ ਲਿਖ ਦਿੰਨਾਂ, ਉਸਨੇ ਨਾ ਮੁਆਫ਼ੀ ਮੰਗੀ ਨਾ ਪੰਚਾਇਤ ਨੇ ਉਸਨੂੰ ਅਜਿਹਾ ਕਰਨ ਲਈ ਕਿਹਾ, ਸਗੋਂ ਧਮਕੀ ਦਿੱਤੀ ਗਈ, "ਨਹੀਂ ਕਰਨਾ ਨਾ ਕਰ, ਪਰ ਜੇ ਏਹਨੇ ਤੈਨੂੰ ਫਸਾ ਲਿਆ, ਸਾਡੇ ਕੋਲ ਨਾ ਆਈਂ ਫਿਰ। ਏਹਦੀ ਪਾਵਰ ਨਹੀਂ ਜਾਣਦਾ ਤੂੰ, ਨੌਕਰੀਓਂ ਜਾਏਂਗਾ ਨੌਕਰੀਓਂ।" ਇਹ ਗੱਲ ਕਹਿ ਕੇ ਮੈਨੂੰ ਡਰਾ ਦਿੱਤਾ। ਇਨ੍ਹਾਂ ਜੱਟਾਂ ਦਾ ਕੋਈ ਵਸਾਹ ਨਹੀਂ ਸੀ। ਇਹ ਕਿਸੇ ਗੁਰ ਪੀਰ ਦੇ ਨਹੀਂ ਹੁੰਦੇ। ਇਹ ਤਾਂ ਨਜ਼ਾਇਜ਼ ਅਫ਼ੀਮ ਜਾਂ ਹਥਿਆਰ ਆਦਿ ਮੇਰੇ ਜੁੰਮੇ ਪੁਆ ਕੇ ਮੈਨੂੰ ਫਸਾ ਸਕਦੇ ਸਨ। ਫਿਰ ਮੈਂ ਇਨ੍ਹਾਂ ਦਾ ਕੀ ਕਰ ਲੈਂਦਾ।



ਮੈਂ ਭਰੇ ਮਨ ਨਾਲ ਰਾਜੀਨਾਮਾ ਲਿਖ ਦਿੱਤਾ। ਏਨਾ ਕੁਝ ਹੋਣ ਦੇ ਬਾਵਜੂਦ ਉਹ ਮੈਨੂੰ ਪੁੱਠੇ ਨਾਂ ਨਾਲ ਬੁਲਾਉਣੋਂ ਨਹੀਂ ਹਟਿਆ। ਉਸ ਤੋਂ ਹੀ ਨਹੀਂ ਸਗੋਂ ਠੇਕੇਦਾਰ ਕੋਲੋਂ ਵੀ ਮੈਂ ਕੰਨੀ ਕਤਰਾਉਣ 'ਚ ਹੀ ਭਲਾ ਸਮਝਦਾ ਜਦ ਕਦੇ ਉਹ ਮੇਰੇ ਅਚਾਨਕ ਸਾਹਮਣੇ ਕਿਸੇ ਗਲੀ 'ਚ ਆ ਜਾਂਦੇ ਤਾਂ ਮੈਂ ਪਿਛਾਂਹ ਹੀ ਮੁੜ ਜਾਂਦਾ।

ਠੇਕੇਦਾਰ ਦੇ ਭਰਾ ਸੁਖਦੇਵ ਸਿੰਘ ਦਾ ਸਾਰਾ ਪਰਿਵਾਰ ਕਨੇਡਾ ਗਿਆ ਹੋਇਆ ਸੀ। ਬੜਾ ਕਮੀਨਾ ਸੀ ਉਹ ਵੀ। ਇਕ ਦਿਨ ਸਕੂਲ ਆ ਗਿਆ। ਕਿਸੇ ਮਜ਼ਬੀ ਸਿੰਘ ਦੇ ਬੱਚੇ ਦਾ ਦਾਖ਼ਲਾ ਭਰਨ। ਉਹ ਚੌਥੀ ਪਾਸ ਕਰਕੇ ਪੰਜਵੀਂ 'ਚ ਹੋਇਆ ਸੀ। ਫੀਸ ਤਾਂ ਸਾਰੇ ਬੱਚਿਆਂ ਦੀ ਮੁਆਫ਼ ਹੀ ਹੁੰਦੀ ਐ, ਪਰ ਅਸੀਂ ਸਕੂਲ ਦੇ ਨਿੱਕੇ ਮੋਟੇ ਕੰਮਾਂ ਕਾਰਨ ਥੋੜ੍ਹਾ ਜਿਹਾ ਪੀ. ਟੀ. ਏ. ਫੰਡ ਲਾਇਆ ਹੋਇਆ ਸੀ। ਸਿਰਫ਼ ਤੀਹ ਰੁਪਏ। ਤੀਹ ਰੁਪਏ ਕੋਈ ਬਹੁਤੀ ਵੱਡੀ ਰਕਮ ਨਹੀਂ ਸੀ। ਸਾਲ 'ਚ ਇੱਕੋ ਵਾਰ ਲੈਣੀ ਸੀ। ਆਉਣ ਸਾਰ ਕਹਿੰਦਾ, "ਨੀ ਚਿੜੀ ਕੁਰੇ... ਪੰਜਵੀਂ ਜਮਾਤ ਦੀ ਫੀਸ ਬੜੀ ਰੱਖੀ ਐ ਤੂੰ। ਤੂੰ ਗਰੀਬਾਂ ਦੇ ਕੱਪੜੇ ਕਾਹਤੋਂ ਲਾਹੁਣੈ। ਘੱਟ ਕਰ ਕੁਝ ਏਹਦੀ ਮਾਂ ਨੂੰ ਗਿਆਰਾਂ ਸਾਲ ਹੋ ਗਏ ਆਪਣੇ ਗੋਹਾ ਕੂੜਾ ਕਰਦਿਆਂ। ਪਿਉ ਮਰਿਆ ਹੋਇਐ। ਗਰੀਬ ਐ ਵਿਚਾਰੇ ਇਹਨਾਂ ਦੇ ਪੱਲੇ ਕੁਝ ਨਹੀਂ ਏਨੀ ਫੀਸ ਕਿੱਥੋਂ ਦੇਣ। ਘੱਟ ਕਰ ਜੋ ਦੇਣੀ ਐ ਮੈਂ ਈ ਦੇਣੀ ਐ।"

ਅਜੇ ਉਹ ਬਿਨ ਬਰੇਕੋਂ ਬੋਲੀ ਹੀ ਜਾ ਰਿਹਾ ਸੀ। ਮੈਨੂੰ ਖਿਝ ਚੜ੍ਹੀ ਜਾ ਰਹੀ ਸੀ, ਮੈਂ ਵਿੱਚੋਂ ਉਸਦਾ ਵਾਕ ਕੱਟਦਿਆਂ ਕਿਹਾ-"ਬਾਈ ਜੀ, ਤੁਹਾਡੇ ਘਰ ਕਿੰਨੇ ਵਰ੍ਹੇ ਹੋਗੇ ਏਹਦੀ ਮਾਂ ਨੂੰ ਗੋਹਾ ਕੂੜਾ ਕਰਦਿਆਂ ਤੀਹ ਰੁਪਏ ਦੇ ਦਿਉਂਗੇ ਤਾਂ ਕੀ ਅਸਮਾਨ ਡਿੱਗਣ ਲੱਗਿਐ। ਸਾਰਾ ਟੱਬਰ ਕਨੇਡਾ ਵਿੱਚ ਐ ਤੁਹਾਡਾ। ਵੀਹ ਕਿੱਲੇ ਜ਼ਮੀਨ ਐ ਨਾਲੇ ਏਹ ਫੰਡ ਮੈਂ ਨਹੀਂ ਲਾਇਆ ਹੈੱਡ ਟੀਚਰ ਨੇ ਲਾਇਐ ਪੀ. ਟੀ. ਏ. ਮੈਂਬਰ ਨਾਲ ਸਲਾਹ ਕਰਕੇ।"

ਵਾਹ ਮਾਸਟਰਾ ਵਾਹ, ਕਨੇਡਾ ਦਰੱਖਤਾਂ ਨੂੰ ਡਾਲੇ ਲੱਗਦੈ। ਜੋ ਤੋੜ ਤੋੜ ਏਧਰ ਭੇਜੀ ਜਾਣ, ਮੁੰਡੇ ਦਿਨ ਰਾਤ ਕੰਮ ਕਰਦੈ। ਅਜੇ ਤਾਂ ਘਰ ਈ ਬਣਿਐ ਮਸਾਂ। ਤੂੰ ਢੂਆ ਮਾਰ ਲੈਨੇ ਦਸ ਬਾਰਾਂ ਹਜ਼ਾਰ ਦਾ ਆ, ਤੈਨੂੰ ਆਉਂਦੀਐ ਗੱਲਾਂ ਜੇ ਤੈਨੂੰ ਸ਼ੱਕ ਲਾਹੁਣੇ ਪੈ ਜਾਣ, ਫਿਰ ਪਤਾ ਲੱਗੇ ਕੇਹੜੇ ਭਾਅ ਵਿਕਦੀ ਐ-ਆਹ ਚੱਕ ਦਸ ਰੁਪਏ ਏਹ ਮੈਂ ਈ ਦਿੰਨਾਂ ਆਪਣੀ ਜੇਬ 'ਚੋਂ। ਜੇ ਨਹੀਂ ਲੈਣੇ ਤਾਂ ਤੇਰੀ ਮਰਜ਼ੀ। ਫਿਰ ਸਾਨੂੰ ਕੋਈ ਹੋਰ ਉਜਰ ਕਰਨਾ ਪਊ। ਗਰੀਬਾਂ ਤੋਂ ਏਨਾ ਫੰਡ ਨਹੀਂ ਕੋਈ ਲੈ ਸਕਦਾ। ਕਾਨੂੰਨ ਸਾਨੂੰ ਵੀ ਆਉਂਦੈ।" ਇਹ ਕਹਿ ਕੇ ਉਹ ਕੁਰਸੀ ਤੋਂ ਖੜਾ ਹੋ ਗਿਆ। ਜਾਣ ਲੱਗਿਆਂ ਮੇਰੇ ਸਾਥੀ ਨੂੰ ਕਹਿ ਗਿਆ, "ਬਲਦੇਵ ਸਿਆਂ, ਏਹਨੂੰ ਸ਼ੱਕ ਲਾਹੂ ਜਾਤ ਨੂੰ ਪੰਜਾਬੀ 'ਚ ਸਮਝਾ ਦੇਈਂ। ਜੇ ਤਲਾਅ 'ਚ ਰਹਿਣੈ ਤਾਂ ਮਗਰਮੱਛ ਨਾਲ ਨਹੀਂ ਵਿਗਾੜੀ ਦੀ...।"

ਸੁਖਦੇਵ ਸਿੰਘ। ਗਿੱਲ ਸਾਹਿਬ। ਕਨੇਡਾ ਨਿਵਾਸੀ ਕਿਰਦਾਰ ਇਨ੍ਹਾਂ ਲੋਕਾਂ ਦਾ ਆਹ ਐ। ਸਾਲੇ ਲੁਟੇਰੇ। ਸਿਰ ਦੀ ਜੂੰ ਨਹੀਂ ਦਿੰਦੇ ਕਿਸੇ ਨੂੰ। ਵੱਡਾ ਆਇਆ ਹਮਦਰਦ ਮਜ਼ਬੀਆਂ ਦਾ ਏਹ ਜਾਤ ਵੀ ਇਹਨਾਂ ਤੋਂ ਈ ਸੂਤ ਆਉਂਦੀ ਐ। ਕੰਜਰ ਦਿਓ, ਜਦੋਂ ਕਿਰਤ ਈ ਕਰਨੀ ਐ...ਕਿੱਥੇ ਮਰਜ਼ੀ ਕਰਲੋ। ਏਸ ਲੁਟੇਰੇ ਤੋਂ ਕਾਹਤੋਂ ਲੁੱਟੇ ਜਾ ਰਹੇਉਂ। ਥੂਆ... ਸੁਖਦੇਵ ਸਿੰਘ। ਗਿੱਲ ਸਾਹਿਬ। ਕਨੇਡੀਅਨ ਜੱਦੂ ਕਨੇਡੀਅਨ ਦੇ ਉਸਦੇ ਜਾਣ ਪਿੱਛੋਂ ਮੇਰਾ ਲਹੂ ਉਬਲਣ ਲੱਗ ਪਿਆ। ਨਲਕੇ ਤੋਂ ਦੋ ਗਲਾਸ ਪਾਣੀ ਪੀਤੇ। ਪੱਖਾ ਤੇਜ ਕੀਤਾ। ਪਸੀਨਾ ਸੁੱਕਿਆ ਤਾਂ ਜਾ ਕੇ ਮਨ ਨੂੰ ਸ਼ਾਂਤੀ ਮਿਲੀ ਮੈਂ ਹੈੱਡਮਾਸਟਰ ਨੂੰ ਸਾਰੀ ਵਾਰਦਾਤ ਦੱਸ ਦਿੱਤੀ ਪਰ ਉਸਨੇ ਚੁੱਪ ਹੀ ਵੱਟ ਲਈ। ਜਦ ਉਹ ਵੀ ਚੁੱਪ ਕਰ ਗਿਆ। ਫਿਰ ਮੈਂ ਕੀ ਬੋਲਣਾ ਸੀ। ਕਬੀਲਦਾਰੀ ਮੇਰੀ ਵੱਡੀ ਸੀ। ਮੈਂ ਅਤੇ ਮੇਰੀ ਪਤਨੀ ਜੋ ਕਮਾਉਂਦੇ ਸਾਂ, ਉਸ ਵਿਚੋਂ ਕੁਝ ਵੀ ਨਾ ਬਚਦਾ। ਮਸਾਂ ਆਈ ਚਲਾਈ ਪੂਰੀ ਹੁੰਦੀ। ਬੱਚਿਆਂ ਦਾ ਖ਼ਰਚਾ ਹੀ ਪੱਟੀ ਨਹੀਂ ਬੱਝਣ ਦਿੰਦਾ ਸੀ। ਪੜ੍ਹਾਈ ਵੀ ਕਾਫ਼ੀ ਹੋ ਚੁੱਕੀ ਸੀ। ਸਰਕਾਰੀ ਸਕੂਲ ਵਿੱਚ ਟੀਚਰ ਹੀ ਨਹੀਂ ਸਨ ਜਿਸ ਕਰਕੇ ਬੱਚਿਆਂ ਨੂੰ ਪਬਲਿਕ ਸਕੂਲ ਵਿੱਚ ਲਾਉਣਾ ਪਿਆ। ਪੜ੍ਹਾਈ ਤੋਂ ਬਿਨਾ ਬੱਚੇ ਜੇਬ ਖਰਚਾ ਮੰਗਦੇ। ਕਦੇ ਕੁਝ ਮੰਗਦੇ ਕਦੇ ਕੁਝ। ਅਕਸਰ ਰਿਸ਼ਤੇਦਾਰੀਆਂ 'ਚ ਵੀ ਜਾਣਾ ਪੈਂਦਾ। ਕੋਈ ਗ਼ਮੀ-ਖੁਸ਼ੀ ਆ ਜਾਂਦੀ ਤਾਂ ਖਰਚਾ। ਕੋਈ

ਬੀਮਾਰ-ਠਮਾਰ ਹੋ ਜਾਂਦਾ ਤਾਂ ਖਰਚਾ। ਪਹਿਲਾਂ ਘਰ ਕੱਚਾ ਸੀ ਫਿਰ ਹੌਲੀ ਹੌਲੀ ਘਰ ਦਾ ਮੂੰਹ ਵੀ ਸੁਆਰਨਾ ਪਿਆ। ਕਦੇ ਬਿਜਲੀ ਦਾ ਬਿੱਲ ਆ ਜਾਂਦਾ, ਕਦੇ ਫ਼ੋਨ ਦਾ। ਟੀ ਵੀ, ਵੀ ਰੰਗਦਾਰ ਲਿਆਉਣਾ ਪਿਆ। ਬੱਚਿਆਂ ਦੀ ਜ਼ਿੱਦ ਕਾਰਨ ਡਿਸ਼ ਐਂਟੀਨਾ ਖਰੀਦਣਾ ਪਿਆ। ਫ਼ਰਿੱਜ਼ ਖ਼ਰਾਬ ਰਹਿੰਦੀ, ਉਹ ਵੱਡੀ ਲਿਆਉਣੀ ਪਈ। ਗੈਸ-ਚੁੱਲ੍ਹੇ ਬਿਨਾ ਵੀ ਨਾ ਸਰਿਆ। ਉਹ ਵੀ ਲਿਆਉਣਾ ਪਿਆ। ਬਾਲਣ ਦੀ ਸਮੱਸਿਆ ਸੀ, ਬਾਲਣ ਕਿਹੜਾ ਮਿਲਦਾ ਸੀ। ਗੈਸ ਸਲੰਡਰ ਮਸਾਂ ਇਕ ਮਹੀਨਾ ਕੱਟਦਾ। ਹਜੇ ਮੈਂ ਅਤੇ ਮੇਰੀ ਪਤਨੀ ਫ਼ਾਲਤੂ ਖਰਚਾ ਕਦੇ ਨਾ ਕਰਦੇ। ਅਣਸਰਦੇ ਨੂੰ ਹੀ ਚੀਜ਼ ਖਰੀਦਦੇ। ਅਸੀਂ ਆਪਣੀਆਂ ਲੋੜਾਂ ਬਹੁਤ ਸੀਮਤ ਕਰ ਲਈਆਂ ਸਨ। ਅਸੀਂ ਨਵੇਂ ਕਪੜੇ ਘੱਟ ਵੱਧ ਹੀ ਖਰੀਦਦੇ। ਜਦ ਕਦੇ ਲੁਧਿਆਣੇ ਚੱਕਰ ਵੱਜਦਾ। ਰੈਂਗਜ਼ ਦੀਆਂ ਦੁਕਾਨਾਂ ਤੋਂ ਲੈ ਆਉਂਦੇ। ਕਾਫ਼ੀ ਸਸਤੇ ਮਿਲ ਜਾਂਦੇ। ਜੋ ਕੋਈ ਘਾਟ ਵਾਧ ਹੁੰਦੀ ਤਾਂ ਉਸਨੂੰ ਜਾਂ ਤਾਂ ਆਪ ਹੀ ਠੀਕ ਕਰ ਲੈਂਦੇ ਜਾਂ ਵੀਹ ਤੀਹ ਰੁਪਏ ਦੇ ਕੇ ਦਰਜ਼ੀ ਤੋਂ ਠੀਕ ਕਰਵਾ ਲੈਂਦੇ। ਇਕ ਵਾਰ ਮੈਨੂੰ ਇੱਕ ਬੜਾ ਵਧੀਆ ਕੋਟ ਮਿਲ ਗਿਆ। ਕਿਸੇ ਨੇ ਇਕ ਦੋ ਵਾਰ ਹੀ ਪਾਇਆ ਹੋਊ। ਇਸ ਨਾਲ ਮੈਂ ਕਈ ਸਿਆਲ ਕੱਢੇ। ਉਹ ਕੋਟ ਦੇਖ ਕੇ ਮੈਂ ਅਕਸਰ ਸੋਚਦਾ, "ਉਹ ਲੋਕ ਕਿੰਨੇ ਅਮੀਰ ਹੋਣਗੇ ਜਿਹੜੇ ਇਕ ਦੋ ਵਾਰ ਕੱਪੜਾ-ਲੀੜਾ ਪਹਿਨਣ ਪਿੱਛੋਂ ਫਿਰ ਨਹੀਂ ਪਾਉਂਦੇ ਸਨ।" ਦੁੱਧ ਵੀ ਅਸੀਂ ਚਾਹ ਜੋਗਾ ਇਕ ਕਿੱਲੋ ਸ਼ਾਮ ਨੂੰ ਮੁੱਲ ਲੈਂਦੇ ਅਤੇ ਇਕ ਕਿੱਲੋ ਸਵੇਰੇ। ਮੈਂ ਤਾਂ ਕਦੇ ਸੁਪਨੇ 'ਚ ਦੁੱਧ ਪੀ ਕੇ ਨਹੀਂ ਦੇਖਿਆ ਸੀ। ਬੱਚਿਆਂ ਨੂੰ ਮਾੜਾ ਮੋਟਾ ਦੇਣ ਦੀ ਕੋਸ਼ਿਸ਼ ਕਰਦੇ। ਮੈਂ ਜਦ ਕੋਈ ਚੀਜ਼ ਖਰੀਦਣੀ ਹੁੰਦੀ ਤਾਂ ਸਾਰਾ ਬਾਜ਼ਾਰ ਗਾਹ ਦਿੰਦਾ ਫਿਰ ਖਰੀਦਦਾ। ਮੇਰੀ ਕੋਸ਼ਿਸ਼ ਹੁੰਦੀ ਕਿ ਘੱਟੋ ਘੱਟ ਪੈਸੇ ਨਾਲ ਚੰਗੀ ਚੀਜ਼ ਖਰੀਦੀ ਜਾਵੇ। ਫਿਰ ਵੀ ਕਬੀਲਦਾਰੀ ਵਿੱਚ ਕੋਈ ਨਾ ਕੋਈ ਖੁੱਡ ਨਿਕਲਦੀ ਰਹਿੰਦੀ। ਅਤੇ ਤਨਖਾਹ ਫੂਸ ਵਾਂਗ ਉੱਡ ਜਾਂਦੀ।

ਮੇਰੇ ਸੱਜੇ ਪਾਸੇ ਗਿਆਨੀ ਗੁਰਜੰਟ ਸਿੰਘ ਦਾ ਮਕਾਨ ਸੀ। ਮੇਰੇ ਘਰ ਦਾ ਪਾਣੀ ਉਸਦੇ ਬੂਹੇ ਅੱਗੋਂ ਲੰਘਦਾ ਸੀ। ਉਹ ਨਾਲੀ 'ਚ ਇੱਟ ਲਾ ਕੇ ਪਾਣੀ ਰੋਕੀ ਰੱਖਦਾ। ਪਿੱਛਲੇ ਘਰਾਂ 'ਚ ਮੱਝਾਂ ਦੀ ਆਈ ਮੁਤਰੈਲ ਅਤੇ ਗੰਦ ਮੇਰੇ ਬੂਹੇ ਅੱਗੇ ਖੜਾ ਰਹਿੰਦਾ। ਗੰਦੀ ਬਦਬੂ ਮਾਰਦੀ ਰਹਿੰਦੀ। ਮੈਂ ਉਸ ਵਿਰੁੱਧ ਪੰਚਾਇਤ ਨੂੰ ਕਈ ਬੇਨਤੀਆਂ ਕੀਤੀਆਂ ਪਰ ਕਿਸੇ ਨੇ ਮੇਰੀ ਗੱਲ ਨਾ ਸੁਣੀ। ਗਿਆਨੀ ਆਪਣੀ ਕਰਤੂਤ ਤੋਂ ਬਾਜ ਨਾ ਆਉਂਦਾ। ਸਗੋਂ ਡਾਂਗ ਲੈ ਕੇ ਮੈਨੂੰ ਮਾਰਨ ਆਉਂਦਾ ਗਾਲ੍ਹਾਂ ਕੱਢਣੋਂ ਨਾ ਹਟਦਾ। ਮੇਰੇ ਦੋਨੋਂ ਭਰਾ ਵੀ ਮੇਰੀ ਮਦਦ ਨਾ ਕਰਦੇ। ਅਸਲ ਵਿੱਚ ਉਹ ਮੇਰੇ ਨਾਲ ਹਰ ਸਮੇਂ ਨਰਾਜ਼ ਰਹਿੰਦੇ। ਉਨ੍ਹਾਂ ਦੀ ਜਦ ਮੈਂ ਮਾੜੀ ਮੋਟੀ ਮਦਦ ਕਰਦਾ ਰਹਿੰਦਾ ਤਾਂ ਉਹ ਖੁਸ਼ ਰਹਿੰਦੇ। ਜਦ ਕਦੇ ਜਵਾਬ ਦੇ ਦਿੰਦਾ ਤਾਂ ਫਿਰ ਬੋਲਣੋਂ ਹਟ ਜਾਂਦੇ। ਕੀ ਕਰਦਾ ਮੇਰੀ ਆਪਣੀ ਕਬੀਲਦਾਰੀ ਵੀ ਕੋਈ ਘੱਟ ਨਹੀਂ ਸੀ। ਉਨ੍ਹਾਂ ਨੂੰ ਹਰ ਸਮੇਂ ਨੋਟ ਕਿੱਥੋਂ ਦੇਈ ਜਾਂਦਾ। ਮੈਂ ਇਕੱਲਾ ਸਾਂ ਮੈਥੋ ਗਿਆਨੀ ਗੁਰਜੰਟ ਸਿੰਘ ਕਿੱਥੇ ਰੁਕਣ ਵਾਲਾ ਸੀ। ਹਾਰ ਕੇ ਮੈਂ ਹੀ ਚੁੱਪ ਵੱਟ ਲੈਂਦਾ। ਹਰ ਰੋਜ ਕੀਹਦੇ ਨਾਲ ਲੜਦਾ ਮੇਰੇ ਸਾਹਮਣੇ ਥਾਣੇਦਾਰ ਸਾਧੂ ਰਾਮ ਦਾ ਘਰ ਸੀ। ਉਹ ਬੁਲੀ ਕੁੱਤੇ ਦੀ ਟੱਟੀ ਮੇਰੇ ਘਰ ਦੀ ਕੰਧ ਨਾਲ ਸੁੱਟ ਦਿੰਦੇ। ਮੈਂ ਸਿਰਫ਼ ਦੋ ਵਾਰ ਹੀ ਉਲਾਂਭਾ ਦਿੱਤਾ ਹੋਏਗਾ ਪਰ ਥਾਣੇਦਾਰਨੀ ਅੱਡੀਆਂ ਚੁੱਕ ਚੁੱਕ ਪੈਂਦੀ। ਸੌ ਸੌ ਗਾਲ੍ਹਾਂ ਕੱਢਦੀ, ਉਹ ਮੇਹਣੇ ਮਾਰਦੀ ਜੋ ਸੁਣੇ ਨਾ ਜਾਂਦੇ। ਮੈਂ ਹਾਰ ਕੇ ਅੰਦਰ ਵੜ ਜਾਂਦਾ। ਜਦ ਕਦੇ ਰਾਤ ਨੂੰ ਥਾਣੇਦਾਰ ਰੱਜਿਆ ਸ਼ਰਾਬ ਨਾਲ ਘਰ ਆਉਂਦਾ। ਉਹ ਉਹਦੇ ਆਉਣ ਸਾਰ ਕੰਨ ਭਰ ਦਿੰਦੀ। ਉਹ ਥੱਕੇ ਮਾਰ ਮਾਰ ਮੇਰਾ ਬੂਹਾ ਭੰਨ੍ਹ ਸੁੱਟਦਾ। ਥਾਣੇਦਾਰੀ ਗਾਲ੍ਹਾਂ ਕੱਢਦਾ ਕਹਿੰਦਾ, "ਨਿਕਲ ਬਾਹਰ ਵੱਡੇ ਸੀਢਾਂਲ ਕਿਆ, ਸਾਲੀ ਕੁੱਤੀ ਜਾਤ... ਗੁੱਲੀਘੜ... ਪਿਛੋਂ ਬੁੜੀਆਂ ਨਾਲ ਲੜਦੈਂ... ਥਾਣੇ ਲਿਜਾ ਕੇ ਤੇਰੇ ਪਟਾ ਨਾ ਫੇਰਿਆ ਤਾਂ ਮੈਨੂੰ ਵੀ ਸਾਧੂ ਰਾਮ ਨਾ ਕਈ।" ਇਕ ਤਰ੍ਹਾਂ ਨਾਲ ਉਹ ਮੇਰੇ ਮਗਰ ਹੀ ਪੈ ਗਿਆ ਸੀ। ਮੈਂ ਕੀ ਲੜਦਾ ਉਹਦੇ ਨਾਲ। ਮੇਰੇ 'ਚ ਇੰਨੀ ਕਿੱਥੇ ਸਮਰੱਥਾ ਸੀ। ਮੈਂ ਤਾਂ ਗਰੀਬ ਦਿਨ-ਕਟੀ ਕਰਦਾ ਸਾਂ। ਸੋਚਦਾ-ਏਹਦਾ ਕੀ ਪਤੈ, ਫੜ ਕੇ ਈ ਨਾ ਲੈ ਜੇ ਕਿਸੇ ਦਿਨ। ਛਿੱਤਰ ਵੱਖਰੇ ਫੇਰੂ। ਜੇ ਕੋਈ ਕੇਸ ਪਾ ਤਾਂ ਨੌਕਰੀਓਂ ਜਾਊਂ।

ਮੈਂ ਹਰ ਸਮੇਂ ਪਰੇਸ਼ਾਨ ਰਹਿੰਦਾ। ਮੇਰਾ ਕਿਤੇ ਵੀ ਜੀਅ ਨਾ ਲੱਗਦਾ। ਆਪਣੀ ਕਿਸਮਤ ਤੇ ਰੋਂਦਾ ਰਹਿੰਦਾ। ਸੋਚਦਾ, "ਰੱਬਾ ਤਖਾਣਾਂ ਦੇ ਘਰ ਕਿਉਂ ਜਨਮ ਦਿੱਤਾ... ਜੇ ਦੇਣਾ ਸੀ ਕਿਸੇ ਜੱਟ ਦੇ ਦਿੰਦਾ।



ਹੁਣ ਨਾ ਮਰਿਆਂ 'ਚ ਨਾ ਜਿਉਂਦਿਆਂ 'ਚ ਨਾ ਪਾਪ ਕੀਤੈ ਕੋਈ, ਨਾ ਗੁਨਾਹ ਫਿਰ ਸਜਾ ਕਾਹਦੀ ਦੇਈ ਜਾ ਰਿਹਾ ਐਂ' ਥਾਣੇਦਾਰ ਨੇ ਮੇਰੀ ਧੀ ਭੈਣ ਇਕ ਕੀਤੀ ਸੀ। ਅਗਲੇ ਦਿਨ ਸਕੂਲ ਵਿੱਚ ਹੋਰ ਯੱਬ ਪੈ ਗਿਆ। ਗੁਰਬੰਸ ਕਿਰਪਾਨਾਂ ਵਾਲੇ ਦੇ ਪੰਜਵੀਂ 'ਚ ਪੜ੍ਹਦੇ ਪੋਤਰੇ ਨੇ ਬੜੀ ਭੈੜੀ ਹਰਕਤ ਕਰ ਦਿੱਤੀ। ਮੈਂ ਉਸ ਤੋਂ ਪੀਣ ਲਈ ਪਾਣੀ ਮੰਗਵਾਇਆ ਸੀ। ਉਸਨੇ ਪਾਣੀ ਵਿੱਚ ਪਿਸਾਬ ਕਰਕੇ ਮੈਨੂੰ ਦੇ ਦਿੱਤਾ ਸੀ। ਮੈਂ ਅਜੇ ਦੋ ਘੁੱਟਾਂ ਹੀ ਭਰੀਆਂ ਸਨ ਤਾਂ ਇਕ ਮਜਬੀ ਸਿੱਖਾਂ ਦੇ ਮੁੰਡੇ ਧੀਰੇ ਨੇ ਉਸਦੀ ਇਹ ਕਰਤੂਤ ਮੈਨੂੰ ਦੱਸ ਦਿੱਤੀ। ਮੈਂ ਗੁੱਸੇ ਵਿੱਚ ਏਨਾ ਪਾਗਲ ਹੋ ਗਿਆ ਕਿ ਉਸਨੂੰ ਲੱਤਾਂ ਮੁੱਕੀਆਂ ਨਾਲ ਭੰਨ੍ਹ ਦਿੱਤਾ। ਉਸਦੇ ਮੂੰਹ ਤੇ ਇੱਕ ਐਸੀ ਮੁੱਕੀ ਵੱਜੀ ਕਿ ਦੰਦਾਂ 'ਚੋਂ ਲਹੂ ਛੁੱਟ ਪਿਆ। ਉਹ ਰੋਂਦਾ ਰੋਂਦਾ ਉਦੋਂ ਹੀ ਘਰ ਦੌੜ ਗਿਆ। ਥੋੜ੍ਹੇ ਸਮੇਂ ਬਾਅਦ ਹੀ ਦਸ-ਬਾਰਾਂ ਬੰਦੇ ਲੈ ਕੇ ਗੁਰਬੰਸ ਆ ਧਮਕਿਆ। ਉਸਨੇ ਮੈਥੋਂ ਨਾ ਕੁਝ ਪੁੱਛਿਆ ਨਾ ਦੱਸਿਆ, ਆਉਂਦਿਆਂ ਹੀ ਮੇਰੇ ਦੋ ਤਿੰਨ ਲੱਫ਼ੜ ਜੜ੍ਹ ਦਿੱਤੇ। ਮੈਂ ਕੁਰਸੀ ਤੋਂ ਥੱਲੇ ਲੁੜਕ ਗਿਆ। ਮੇਰੀ ਪੱਗ ਲਹਿ ਕੇ ਤਿੰਨ ਚਾਰ ਕਰਮਾਂ ਦੂਰ ਡਿੱਗ ਪਈ। ਉਸਨੇ ਮੈਨੂੰ ਏਨੀਆਂ ਗੰਦੀਆਂ ਗਾਲ੍ਹਾਂ ਕੱਢੀਆਂ ਮੇਰੇ ਕੋਲ ਸ਼ਬਦ ਹੀ ਨਹੀਂ ਕਿ ਬਿਆਨ ਕਰ ਸਕਾਂ। ਸਕੂਲ ਦੇ ਸਾਰੇ ਬੱਚੇ ਸਾਡੇ ਦੁਆਲੇ ਘੇਰਾ ਬੰਨ੍ਹੀ ਖੜ੍ਹੇ ਸਨ। ਮੇਰੇ ਸਾਥੀ ਅਧਿਆਪਕਾਂ ਨੇ ਵੀ ਕੁਝ ਨਾ ਕੀਤਾ। ਜਦ ਉਹ ਮੇਰੀ ਪੱਤ ਲਾਹ ਕੇ ਚਲੇ ਗਏ ਤਾਂ ਉਹ ਸਗੋਂ ਮੈਨੂੰ ਕਹਿਣ ਲੱਗੇ, "ਛੱਡ ਪਰ੍ਹਾਂ ਗੁਰਾਂਦਿੱਤਾ ਸਿਆਂ, ਥਾਣੇ ਕੀ ਕਰੇਂਗਾ ਜਾ ਕੇ... ਕਿਸੇ ਨੇ ਬਾਤ ਨੀ ਪੁੱਛਣੀ।" ਮੈਂ ਇਕੱਲਾ ਹੀ ਥਾਣੇ ਗਿਆ। ਅਗਾਂਹ ਜਦ ਥਾਣੇ ਗਿਆ ਤਾਂ ਉਹ ਸਾਰੇ ਪਹਿਲਾਂ ਹੀ ਮੇਰੇ ਵਿਰੁੱਧ ਰਪਟ ਦਰਜ ਕਰਵਾ ਚੁੱਕੇ ਸਨ। ਮੇਰੀ ਰੀਪੋਰਟ ਕੀਹਣੇ ਫੜਨੀ ਸੀ। ਐਸ. ਐਚ. ਓ. ਨੇ ਮੇਰੀ ਅਰਜ਼ੀ ਪਾੜ ਦੇ ਪਰ੍ਹਾਂ ਮਾਰੀ, ਮੈਨੂੰ ਫੜ ਕੇ ਹਵਾਲਾਤ 'ਚ ਤੁੰਨ ਦਿੱਤਾ। ਉਹਨਾਂ ਥਾਣੇਦਾਰ ਨੂੰ ਪੰਜ ਸੱਤ ਹਜ਼ਾਰ ਝੋਕ ਦਿੱਤਾ ਹੋਏਗਾ। ਨਜਾਇਜ ਬੱਚਾ ਕੁੱਟਣ ਦਾ ਕੇਸ ਮੇਰੇ ਤੇ ਪਾ ਦਿੱਤਾ। ਪੁਲਸ ਤੋਂ ਖਹਿੜਾ ਛੁਡਾਉਣ ਲਈ ਦਸ ਹਜ਼ਾਰ ਮੈਨੂੰ ਵੀ ਦੇਣਾ ਪਿਆ। ਗੁਰਬੰਸ ਤੋਂ ਮੁਆਫ਼ੀ ਵੱਖ ਮੰਗਣੀ ਪਈ। ਮੈਂ ਲੋਕਾਂ ਤੋਂ ਬਿਨਾ ਕਿਸੇ ਗੱਲੋਂ ਮੁਆਫ਼ੀਆਂ ਮੰਗ ਮੰਗ ਕੇ ਅੱਕ ਥੱਕ ਗਿਆ ਸਾਂ। ਕਰੇ ਕੋਈ ਭਰਨਾ ਮੈਨੂੰ ਪੈਂਦਾ।

ਮੈਂ ਸਕੂਲ ਕਿਸ ਮੂੰਹ ਨਾਲ ਜਾਵਾਂਗਾ।" ਰਾਤ ਨੂੰ ਇਸ ਵਾਕ ਨੇ ਮੈਨੂੰ ਸੌਣ ਨਾ ਦਿੱਤਾ। ਅਖੀਰ ਮੈਂ ਫ਼ੈਸਲਾ ਕਰ ਲਿਆ ਮੈਡੀਕਲ ਛੁੱਟੀਆਂ ਲੈ ਲਵਾਂਗਾ। ਬਦਲੀ ਕਰਾ ਕੇ ਕਿਸੇ ਹੋਰ ਦੂਰ ਦੁਰਾਡੇ ਪਿੰਡ ਚਲਾ ਜਵਾਂਗਾ। ਰਹਾਇਸ਼ ਵੀ ਸ਼ਹਿਰ ਕਰ ਲਵਾਂਗਾ। ਪਰ ਮੈਨੂੰ ਨਮੋਸ਼ੀ ਸਹਿਣੀ ਮੁਸ਼ਕਲ ਹੋਈ ਪਈ ਸੀ। ਰਹਿ ਰਹਿ ਤਲਖ਼ੀ ਆ ਰਹੀ ਸੀ। ਸਿਰ ਪਾਟ ਰਿਹਾ ਸੀ। ਪਾਸੇ ਮਾਰ ਮਾਰ ਸਰੀਰ ਅੰਬ ਗਿਆ ਸੀ। ਸਵੇਰ ਦੇ ਚਾਰ ਦਾ ਵਕਤ ਹੋਏਗਾ। ਮੈਂ ਵੱਡੀਆਂ ਨਹਿਰਾਂ 'ਚ ਛਾਲ ਮਾਰ ਕੇ ਖੁਦਕੁਸ਼ੀ ਕਰਨ ਦਾ ਫੈਸਲਾ ਕੀਤਾ। ਹੌਲੀ ਦੇਣੇ ਉਠਿਆ, ਸਾਈਕਲ ਚੁੱਕਿਆ ਅਤੇ ਨਹਿਰਾਂ ਵੱਲ ਚੱਲ ਪਿਆ। ਨਹਿਰਾਂ ਸਾਡੇ ਪਿੰਡ ਤੋਂ ਇਕ ਡੇਢ ਕਿਲੋਮੀਟਰ ਇੰਜ ਜਾਪੇ ਜਿਵੇਂ ਪਿਛਾਂਹ ਵੱਲ ਜਾ ਰਿਹਾ ਹੋਵੇ। ਪੁਲ ਤੇ ਸਾਈਕਲ ਰੋਕ ਕੇ ਮੈਂ ਜੁੱਤੀ ਲਾਹ ਕੇ ਛਾਲ ਮਾਰਨ ਹੀ ਲੱਗਿਆ ਸੀ, ਮੈਨੂੰ ਮੇਰਾ ਪੁੱਤਰ ਮੇਰੀ ਧੀ ਮੇਰੀ ਪਤਨੀ ਰੋਂਦੇ ਕੁਰਲਾਉਂਦੇ ਨਜ਼ਰ ਆਏ। ਮੈਂ ਭੁਆਂਟਣੀ ਜੇਹੀ ਖਾ ਕੇ ਧਰਤੀ ਤੇ ਡਿੱਗ ਪਿਆ। ਪਤਾ ਨਹੀਂ ਕਿੰਨਾ ਸਮਾਂ ਮੈਂ ਬੇ ਸੁਰਤ ਰਿਹਾ ਹੋਵਾਂਗਾ। ਪਰ ਜਦ ਮੈਨੂੰ ਸੁਰਤ ਆਈ ਤਾਂ ਸੱਚਮੁੱਚ ਮੇਰਾ ਸਾਰਾ ਪਰਿਵਾਰ ਮੇਰੇ ਦੁਆਲੇ ਖੜਾ ਸੀ, ਮੇਰੀ ਪਤਨੀ ਨੇ ਮੇਰਾ ਹੱਥ ਪਲੋਸਦਿਆਂ ਹੌਸਲਾ ਦਿੱਤਾ ਅਤੇ ਕਿਹਾ, "ਮਰ ਕੇ ਕੀ ਬਣੂ? ਮਰਦ ਐਂ ਤਕੜਾ ਹੋ, ਮੈਂ ਤੇਰੇ ਨਾਲ ਆਂ, ਬੱਚੇ ਤੇਰੇ ਨਾਲ ਐ, ਅਸੀਂ ਤੇਰੀਆਂ ਬਾਹਾਂ, ਅਸੀਂ ਤੇਰੀਆਂ ਧਿਰਾਂ ਹਾਂ। 'ਕੱਠੇ ਲੜਾਂਗੇ। ਔਹ ਦੇਖ ਸੂਰਜ ਚੜ੍ਹ ਰਿਹੈ-ਹਨੇਰਾ ਭੱਜ ਰਿਹੈ, ਹਿੰਮਤ ਕਰੀਏ ਦਿਨ ਆਪਣਾ ਹੋਊ, ਚੱਲ ਖੜਾ ਹੋ ਘਰ ਚੱਲ।" ਉਨ੍ਹਾਂ ਨੇ ਮੈਨੂੰ ਸਹਾਰਾ ਦੇ ਕੇ ਖੜਾ ਕਰ ਲਿਆ। ਮੇਰੀ ਭੁੱਬ ਨਿਕਲ ਗਈ, ਅੰਦਰੋਂ ਜਿਵੇਂ ਕੋਈ ਕੜ ਪਾਟ ਗਿਆ ਹੋਵੇ। ਅਸੀਂ ਘਰ ਨੂੰ ਤੁਰ ਪਏ। ਰਸਤੇ ਵਿੱਚ ਮੈਂ ਸੋਚਾਂ ਅਸੋਚਾਂ ਤੋਂ ਮੁਕਤ ਹੁੰਦਾ ਜਾ ਰਿਹਾ ਸਾਂ। ਘਰ ਤੱਕ ਆਉਂਦਿਆਂ ਮੈਂ ਹੌਲਾ ਫ਼ੁੱਲ ਹੋ ਗਿਆ ਸਾਂ।

ਪਤਾ- ਪਿੰਡ ਤੇ ਡਾਕ. ਘੋਲੀਆਂ ਕਲਾਂ (ਮੋਗਾ) ਮੁਬਾ.98553-71313

# 'ਆਪਣੇ ਆਪਣੇ ਕਾਰਗਿਲ' ਤੇ ਹੋਈ ਗੋਸ਼ਟੀ

*'ਸੁਪਨਸਾਜ਼' ਵੱਲੋਂਵੱਲੋਂ ਬਲਦੇਵ ਸਿੰਘ ਧਾਲੀਵਾਲ ਦੇ ਨਵ-ਪ੍ਰਕਾਸ਼ਿਤ ਕਹਾਣੀ-ਸੰਗ੍ਰਹਿ 'ਆਪਣੇ ਆਪਣੇ ਕਾਰਗਿਲ' ਬਾਰੇ ਮਿਤੀ 20-12-2009 ਨੂੰ ਏ.ਐਸ.ਸੀਨੀ.ਸੈਕੰਡਰੀ ਸਕੂਲ, ਖੰਨਾ ਵਿਖੇ ਵਿਚਾਰ-ਚਰਚਾ ਕਰਵਾਈ ਗਈ। ਬਲਵਿੰਦਰ ਗਰੇਵਾਲ ਨੇ ਗੋਸ਼ਟੀ ਦਾ ਪ੍ਰਬੰਧ ਕੀਤਾ। ਡਾ.ਸੁਰਜੀਤ ਪਾਤਰ , ਡਾ. ਜਸਵਿੰਦਰ ਸਿੰਘ , ਡਾ. ਸੁਖਪਾਲ ਥਿੰਦ, ਡਾ. ਬਲਕਾਰ ਸਿੰਘ, ਡਾ. ਰਾਜਿੰਦਰ ਪਾਲ ਸਿੰਘ , ਡਾ. ਸੁਰਜੀਤ, ਗੁਰਪਾਲ ਲਿੱਟ, ਡਾ. ਗੁਰਪਾਲ ਸਿੰਘ ਸੰਧੂ, ਪ੍ਰੋ. ਤਰਸੇਮ ਬਾਹੀਆ, ਸ੍ਰੀ ਮੁਖਤਿਆਰ ਸਿੰਘ, ਅਜਮੇਰ ਸਿੱਧੂ, ਡਾ. ਸੁਰਜੀਤ ਸਿੰਘ ਤੇ ਡਾ. ਗੁਰਮੁੱਖ ਸਿੰਘ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਗੋਸ਼ਟੀ ਦੀ ਸਕ੍ਰਿਪਟ ਬਲਦੇਵ ਸਿੰਘ ਧਾਲੀਵਾਲ ਨੇ ਤਿਆਰ ਕੀਤੀ ਹੈ। ਚਰਚਿਤ ਪੁਸਤਕਾਂ 'ਤੇ ਗੋਸ਼ਟੀ ਦੀ ਵਿਚਾਰ ਚਰਚਾ ਅਸੀਂ ਪਹਿਲਾਂ ਵੀ ਪ੍ਰਕਾਸ਼ਤ ਕਰ ਚੁੱਕੇ ਹਾਂ। ਭਵਿੱਖ ਵਿਚ ਕਰਦੇ ਰਹਾਂਗੇ -ਸੰਪਾਦਕ*

**ਡਾ. ਜਸਵਿੰਦਰ ਸਿੰਘ :** ਬਲਦੇਵ ਧਾਲੀਵਾਲ ਦੀ ਨਵੀਂ ਪੁਸਤਕ 'ਆਪਣੇ ਆਪਣੇ ਕਾਰਗਿਲ' ਦੇ ਹਵਾਲੇ ਨਾਲ ਮੈਂ ਕੁਛ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਾਂਗਾ। ਕਿਉਂਕਿ ਇਸ ਤੋਂ ਬਾਅਦ ਪੇਪਰ, ਏਸ ਪੁਸਤਕ ਬਾਰੇ ਵਿਸ਼ੇਸ਼ ਤੌਰ ਤੇ ਪੜ੍ਹੇ ਜਾਣੇ ਨੇ, ਮੈਂ ਏਸ ਪੁਸਤਕ ਦੇ ਹਵਾਲੇ ਨਾਲ ਪੰਜਾਬੀ ਕਹਾਣੀ ਬਾਰੇ, ਸਾਹਿਤ ਬਾਰੇ, ਜਿਸ ਕਿਸਮ ਦੇ ਜੀਵਨ ਵਿਚੋਂ ਸਾਹਿਤ ਪੈਦਾ ਹੋ ਰਿਹੈ, ਜੀਹਨੂੰ ਅਸੀਂ ਜਿਉ ਰਹੇ ਆਂ, ਉਹਦੇ ਕੁਝ ਅੰਤਰ-ਸਬੰਧਾਂ ਬਾਰੇ ਬਰੀਫ (ਸੰਖੇਪ) ਜਿਹੀਆਂ ਗੱਲਾਂ ਕਰਾਂਗਾ ਤੁਹਾਡੇ ਨਾਲ। ਸਭ ਤੋਂ ਪਹਿਲਾਂ ਤਾਂ ਮੈਂ ਧਾਲੀਵਾਲ ਨੂੰ ਮੁਬਾਰਕਬਾਦ ਦਿਆਂਗਾ ਕਿ ਉਨ੍ਹਾਂ ਨੇ ਇਕੋ ਵੇਲੇ ਆਲੋਚਨਾ ਵਿਚ ਆਪਣੀ ਸਰਗਰਮੀ ਰੱਖੀ ਤੇ ਨਾਲ ਦੀ ਨਾਲ ਕਹਾਣੀ ਦੇ ਖੇਤਰ ਵੱਲ ਵੀ ਬਣਦਾ ਧਿਆਨ ਦਿੱਤਾ। ਇਹ ਮੇਰੀ ਟਿੱਪਣੀ ਇਸ ਕਰਕੇ ਵਿਸ਼ੇਸ਼ ਧਿਆਨ ਮੰਗਦੀ ਐ ਕਿ ਮੇਰੀ ਆਮ ਤੌਰ ਤੇ ਮੇਰੀ ਯੂਨੀਵਰਸਿਟੀ ਦੇ ਪ੍ਰੋਫੈਸਰਾਂ ਨਾਲ ਕਾਫੀ ਗਿਲੇ-ਸ਼ਿਕਵੇ ਵਾਲੀ ਹਾਲਤ ਰਹਿੰਦੀ ਐ ਕਿ ਉਹ ਜਦੋਂ ਉਚੀਆਂ ਪੁਜ਼ੀਸ਼ਨਾਂ ਤੇ ਆ ਜਾਂਦੇ ਐ ਤਾਂ ਉਨ੍ਹਾਂ ਪੁਜ਼ੀਸ਼ਨਾਂ ਨੂੰ ਵਰਤਣ, ਉਨ੍ਹਾਂ ਵਿਚੋਂ ਫਾਇਦੇ ਖੱਟਣ, ਜਾਂ ਉਨ੍ਹਾਂ ਨੂੰ ਏਸ ਸ਼ਕਤੀ ਹੜੱਪਣ ਦੇ ਕਾਰੋਬਾਰ ਵਿਚ ਵਰਤਣ ਤੋਂ ਅੱਗੇ ਨ੍ਹੀ ਚਲਦੇ। ਨਤੀਜੇ ਵਜੋਂ ਨਾ ਸਿਰਫ ਉਹ ਆਪਣੀਆਂ ਸੰਭਾਵਨਾਵਾਂ ਗੁਆਉਂਦੇ ਐ, ਉਹ ਸਮਾਜ ਪ੍ਰਤੀ, ਲੋਕਾਂ ਪ੍ਰਤੀ, ਆਪਣੀ ਜ਼ਿੰਮੇਵਾਰੀ ਵੀ ਨ੍ਹੀ ਨਿਭਾਉਂਦੇ। ਇਸ ਕਰਕੇ ਮੈਂ ਉਨ੍ਹਾਂ ਮਿੱਤਰਾਂ ਦਾ ਜਿਆਦਾ ਧੰਨਵਾਦ ਕਰਦਾਂ ਜਿਹੜੇ ਸੁਖ-ਸਹੂਲਤਾਂ ਦੇ ਬਾਵਜੂਦ, ਪੁਜ਼ੀਸ਼ਨਾਂ ਦੇ ਬਾਵਜੂਦ ਵੀ ਸਾਹਿਤ ਵਰਗੀ, ਨਵੀਂ ਸੋਚ ਵਰਗੀ, ਜੀਵਨ ਨੂੰ ਕੁਝ ਨਾ ਕੁਝ ਸਮਝਣ-ਸਮਝਾਉਣ ਵਰਗੀ ਗਤੀਵਿਧੀ ਵਿਚ ਲੱਗੇ ਰਹਿੰਦੇ ਐ। ਜਿਵੇਂ ਪਹਿਲਾਂ ਜ਼ਿਕਰ ਹੋਇਆ, ਵਰਨਾ ਏਸ ਕਿਸਮ ਦੇ ਜ਼ਮਾਨੇ ਵਿਚ ਕੋਈ ਵੱਡੀ ਖਿੱਚ ਨਹੀਂ ਰਹਿ ਗਈ ਸਾਹਿਤ ਵਿਚ, ਸਿਵਾਏ ਇਹਦੇ ਕਿ ਤੁਹਾਡੇ ਅੰਦਰ ਕੋਈ ਪ੍ਰਤੀਬੱਧਤਾ, ਕੁਮਿੱਟਮੈਂਟ ਹੋਵੇ, ਤੁਹਾਡੇ ਜੀਵਨ ਦੀ ਚਾਲ ਇਹੋ ਜਿਹੀ ਹੋਵੇ ਜੀਹਦੇ 'ਚ ਤੁਸੀਂ ਕਲਾ ਤੇ ਸਾਹਿਤ ਨਾਲ ਜੁੜੇ ਰਹੋਂ। ਸਾਹਿਤ ਅਤੇ ਭਾਸ਼ਾ ਦੇ ਕੰਮ ਵਿਚ ਧੰਦੇ ਵਜੋਂ, ਪੇਸ਼ੇ ਵਜੋਂ ਸ਼ਾਮਲ ਹੋਵੋਂ ਤਾਂ ਉਹ ਕੁਛ ਹੋਰ ਬਣ ਜਾਂਦਾ ਐ, ਸ਼ੌਕ ਨ੍ਹੀ ਰਹਿੰਦਾ। ਪੰਜਾਬੀ ਕਹਾਣੀ ਜਿਸ ਪੜਾਅ ਤੇ ਪਹੁੰਚੀ ਐ ਮੈਂ ਏਸ ਜ਼ਮਾਨੇ ਬਾਰੇ ਬਹੁਤੀਆਂ ਗੱਲਾਂ ਨ੍ਹੀ ਕਰਾਂਗਾ ਇਉਂ ਚਰਚਾ ਪਾਸੇ ਨਿਕਲ ਜਾਏਗੀ, ਪਰ ਸਭਿਅਤਾ ਤੇ ਸਭਿਆਚਾਰ ਜਿਵੇਂ ਵਿਕਸਤ ਹੋਏ ਨੇ ਪੂੰਜੀਵਾਦੀ ਵਿਵਸਥਾ ਵਿਚ, ਇਹ ਬਹੁਤ ਟੁੱਟ-ਭੱਜ ਵਾਲਾ, ਬਹੁਤ ਉਤਰਾਵਾਂ-ਚੜ੍ਹਾਵਾਂ, ਵਾਲਾ ਬਹੁ-ਪੱਖੀ ਭੇੜਾਂ ਵਾਲਾ ਜ਼ਮਾਨੈ। ਲਿਖਣਾ ਤੇ ਬਹੁਤ ਅਗਲੀ ਗੱਲ ਐ, ਏਹਦੇ ਵਿਚ ਜ਼ਮੀਨ ਤੇ ਪੈਰ ਰੱਖ ਕੇ ਸਾਬਤ ਕਰਨੀ ਚਲਣਾ ਵੀ ਮੁਸ਼ਕਲ ਐ, ਸੂਰਮਗਤੀ ਐ, ਔਰ ਜਿੰਨੀ ਏਸ ਪੂੰਜੀਵਾਦੀ ਵਿਵਸਥਾ ਨੇ ਸਾਡੇ ਅੰਦਰਲੇ ਮਨਾਂ ਨੂੰ ਵੰਨ-ਸੁਵੰਨੀਆਂ ਖਿੱਚਾਂ ਨਾਲ, ਭੁਲਾਂਦਰਿਆਂ ਨਾਲ, ਜਿਸ ਨੂੰ ਅਸੀਂ ਫਾਲਸ ਕੌਂਸ਼ੀਅਸਨੈਸ (ਭ੍ਰਮਕ ਚੇਤਨਾ) ਕਹਿੰਨੇ ਆਂ, ਝੂਠੀ ਚੇਤਨਾ ਨਾਲ ਜਿਵੇਂ ਸਾਨੂੰ ਵਰਗਲਾਇਐ, ਇਸਦੇ ਆਰ-ਪਾਰ ਝਾਕਣ ਦੀ ਸਮਰਥਾ ਵੱਡੀ ਪੱਧਰ ਤੇ ਨਾ ਹੋਣ ਕਰਕੇ ਅਸੀਂ ਛਟਪਟਾਉਂਦੇ ਆਂ, ਦੁਖੀ ਹੁੰਨੇ ਆਂ, ਉਦਾਸ ਹੁੰਨੇ ਆਂ, ਪਰ ਏਹਦੇ ਆਰ-ਪਾਰ ਦੇਖਣ ਦੀ ਸਮਰਥਾ ਇਹ ਸਿਸਟਮ ਸਾਡੇ ਕੋਲੋਂ ਬਹੁਤ ਵਧੀਆ ਤਕਨੀਕਾਂ ਨਾਲ ਜਾਂ ਬੜੀਆਂ ਲੁਭਾਉਣੀਆਂ ਤਕਨੀਕਾਂ ਨਾਲ



ਖੋਂਹਦੈ। ਔਰ ਇਹ ਸੌਖਾ ਨ੍ਹੀ ਰਹਿ ਗਿਆ ਕਿ ਅੱਜ ਦਾ ਲੇਖਕ ਇਕੋ ਵੇਲੇ ਏਸ ਦੇ ਆਰ-ਪਾਰ ਵੀ ਝਾਕੇ ਤੇ ਮਨੁੱਖੀ ਜ਼ਿੰਦਗੀ ਜਾਂ ਮਨੁੱਖਤਾ ਦੀ ਜਿਹੜੀ ਵੱਡੀ ਖਾਸੀਅਤ ਐ, ਸਿਫਤ ਐ, ਉਹਦੇ ਨਾਲ ਵੀ ਜੁੜਿਆ ਰਵ੍ਹੇ। ਇਸ ਕਰਕੇ ਪੰਜਾਬੀ ਕਹਾਣੀ ਜਾਂ ਪੰਜਾਬੀ ਕਵਿਤਾ ਦੇ ਹਵਾਲੇ ਨਾਲ ਇਥੇ ਜੋ ਗੱਲ ਹੋਈ ਉਸ ਵਿਚ ਮੈਂ ਇਕ ਦੋ ਇੰਟਰਵੈਨਸ਼ਨ (ਦਖ਼ਲ-ਅੰਦਾਜ਼ੀਆਂ) ਵੀ ਕਰਨੀਆਂ ਚਾਹਾਂਗਾ। ਮੈਂ ਦੱਸ ਰਿਹਾ ਸੀ ਆਪਣੇ ਦੋਸਤਾਂ ਨੂੰ ਕਿ ਮੈਂ ਪਿਛਲੇ ਦਿਨੀਂ ਕੁਰੁਕਸ਼ੇਤਰ ਇਕ ਰਿਫਰੈਸ਼ਰ ਕੋਰਸ ਦੇ ਪ੍ਰੋਫੈਸਰਾਂ ਨੂੰ ਲੈਕਚਰ ਦੇਣ ਗਿਆ। ਬਾਅਦ ਵਿਚ ਮੈਂ ਕਿਹਾ ਹੁਣ ਤੁਸੀਂ ਮੇਰੇ ਸਵਾਲਾਂ ਦੇ ਜਵਾਬ ਦਿਉ। ਸਾਰੇ ਪ੍ਰੋਫੈਸਰ ਹੀ ਕਾਲਜਾਂ ਦੇ, ਯੂਨੀਵਰਸਿਟੀਆਂ ਦੇ ਸਨ। ਮੈਂ ਉਨ੍ਹਾਂ ਨੂੰ ਕਿਹਾ ਤੁਸੀਂ ਮੈਨੂੰ ਪੰਜ ਕਵੀਆਂ ਦੇ ਨਾਮ ਦੱਸੋ ਜਿਹੜੇ ਸੱਚੀਂ ਓ ਤੁਸੀਂ ਮੰਨਦੇ ਐਂ ਕਿ ਰਚਨਾ ਕਰਕੇ ਹੁਣ ਜੀਂਅਦੇ ਐ, ਤੇ ਮਰਨ ਤੋਂ ਬਾਅਦ ਵੀ ਉਹ ਪੰਜਾਬੀ ਕਵਿਤਾ ਦਾ ਹਿੱਸਾ ਬਣੇ ਰਹਿਣਗੇ। ਕਿਉਂਕਿ ਅਸੀਂ ਜੋ ਜਿਉਂਦੇ ਜੀਅ ਕਰਦੇ ਆਂ, ਉਹ ਸਾਨੂੰ ਸਾਰਿਆਂ ਨੂੰ ਪਤੈ। ਕੋਈ ਜਵਾਬ ਨਾ ਦਵੇ। ਮੈਂ ਇਕ ਪਾਸਿਉਂ ਸ਼ੁਰੂ ਕੀਤਾ। ਪਾ ਲਾ ਕੇ ਇਕ ਬੰਦੇ ਨੇ ਇਕ ਨਾਂ ਲਿਆ ਸੁਰਜੀਤ ਪਾਤਰ ਦਾ, ਇਹ ਨਹੀਂ ਮੈਂ ਉਸਦੇ ਹਾਜਰ ਹੋਣ ਕਰਕੇ ਗੱਲ ਕਹਿ ਰਿਹਾਂ। ਮੈਂ ਕਿਹਾ ਇਹ ਨਾਂ ਬਿਲਕੁਲ ਤੂੰ ਠੀਕ ਕਿਹਾ, ਦੂਆ ਨਾਂ ਲੈ, ਮੈਨੂੰ ਸਦਮਾ ਲੱਗਿਆ ਏਸ ਗੱਲ ਦਾ ਕਿ ਉਨ੍ਹਾਂ ਨੇ ਦੂਆ ਨਾਂ ਨਹੀਂ ਲਿਆ। ਕਿਉਂ ਨਈਂ ਲਿਆ ਮੈਂ ਏਹਦੇ ਕਾਰਨਾਂ ਵੱਲ ਨ੍ਹੀ ਜਾਂਦਾ। ਕਿਸ ਤਰ੍ਹਾਂ ਅਸੀਂ ਕਵਿਤਾ ਨੂੰ ਜਾਂ ਸਮਕਾਲੀ ਜੀਵਨ ਨੂੰ ਜਾਂ ਲਿਖਤ ਨੂੰ ਰਿਸਪੌਂਡ (ਹੁੰਗਾਰਾ) ਕਰ ਰਹੇ ਆਂ, ਕਿੰਨੇ ਸਵਾਲ ਸਾਡੇ ਮਨਾਂ ਅੰਦਰ ਤੁਰੇ ਫਿਰਦੇ ਨੇ, ਮੈਨੂੰ ਲਗਦਾ ਸੀ ਉਨ੍ਹਾਂ ਕੋਲ ਮੇਰੇ ਤੋਂ ਵੀ ਵੱਧ ਸਵਾਲ ਨੇ, ਸਾਡੇ ਕੋਲ ਕੋਈ ਜਵਾਬ ਨਹੀਂ। ਹੋ ਇਹ ਗਿਐ ਕਿ ਏਸ ਜ਼ਮਾਨੇ ਵਿਚ ਲਿਖਤ ਏਨੀ ਹੋਗੀ, ਏਨੀ ਤੰਗਦਿਲ ਹੋਗੀ, ਏਨੇ ਮੰਤਵਾਂ ਲਈ ਹੋਗੀ, ਇਹੋ ਜਿਹੀਆਂ ਲੋੜਾਂ ਲਈ ਹੋਗੀ ਕਿ ਉਹਦੇ ਵਿਚ, ਵਧੀਆ ਲਿਖਤ ਲਿਖਣਾ ਆਪਣੇ ਆਪ ਵਿਚ ਵੱਡੀ ਵੰਗਾਰ ਐ।

ਓਵੇਂ ਈ ਜਿਵੇਂ ਮੈਂ ਅਗਲੀ ਗੱਲ ਲੈਣੀ ਚਾਹੁੰਨੈ, ਜੋੜਨੀ ਚਾਹੁੰਨੈ ਕਿ ਕਹਾਣੀ ਬਹੁਤ ਲਿਖੀ ਜਾ ਰਹੀ ਐ, ਕੁਛ ਸਮਾਂ ਪਹਿਲਾਂ ਅਸੀਂ ਇਹ ਕਹਿੰਦੇ ਸੀ ਕਿ ਪੰਜਾਬੀ ਕਹਾਣੀ ਏਸ ਵੇਲੇ ਦੇ ਬੜੇ ਗੁੰਝਲਦਾਰ ਯਥਾਰਥ ਨੂੰ ਪਕੜਨ ਦੇ ਸਮਰੱਥ ਐ, ਸੰਭਾਵਨਾਵਾਂ ਵੀ ਐਂ। ਬਿਲਕੁਲ ਠੀਕ ਐ। ਪਰ ਹੁਣ ਜਦੋਂ ਮੈਂ ਨਵੀਆਂ ਕਹਾਣੀਆਂ ਪੜ੍ਹਦਾਂ, ਆਪ ਵੀ ਏਹਦੇ ਨਾਲ ਜੋ ਸੁਝਾਅ ਲੈਨੈ ਤਾਂ ਮੈਨੂੰ ਇੰਜ ਲਗਦਾ ਕਿ ਬਹੁਤ ਔਖਾ ਹੋ ਗਿਐ ਏਸ ਭਿਆਨਕ ਤਰ੍ਹਾਂ ਬਦਲਦੇ ਜੀਵਨ ਦੇ ਯਥਾਰਥ ਨੂੰ ਬਹੁਤ ਖੂਬਸੂਰਤ ਢੰਗ ਨਾਲ ਕਿਸੇ ਨਵੀਂ ਕਿਸਮ ਦੀ ਵਿਧੀ ਜਾਂ ਨਵੇਂਪਣ ਨਾਲ ਕਹਾਣੀ ਵਿਚ ਬੰਨ੍ਹਣਾ ਜਾਂ ਕਹਾਣੀ ਪੇਸ਼ ਕਰਨ ਵਿਚ ਜਾਂ ਕਹਾਣੀ ਸਿਰਜਣ ਵਿਚ ਮੌਲਿਕਤਾ ਦਾ ਅਹਿਸਾਸ ਕਰਾਉਣਾ। ਇਹਦਾ ਕੁਛ ਵੀ ਕਾਰਨ ਹੋਵੇ ਕਹਾਣੀ ਲਿਖਣਾ, ਨਾਵਲ ਲਿਖਣਾ, ਕਵਿਤਾ ਲਿਖਣਾ ਬਹੁਤ ਵੰਗਾਰ ਵਾਲਾ ਕੰਮ ਐ। ਕਿਉਂਕਿ ਬਾਹਰੀ ਸੰਸਾਰ ਬਾਰੇ ਤਾਂ ਫੇਰ ਵੀ ਸਾਡੇ ਕੋਲ ਕੁਛ ਚੀਜ਼ਾਂ ਜਾਣਕਾਰੀ ਲਈ ਆਉਂਦੀਆਂ ਨੇ, ਪਰ ਜਿਵੇਂ ਬੰਦੇ ਦਾ ਅੰਦਰਲਾ ਸੰਸਾਰ ਚਲਦੈ, ਜਿਵੇਂ ਕੁਛ ਕਹਾਣੀਆਂ ਦੇ ਹਵਾਲੇ ਨਾਲ ਮੈਂ ਆਪਣੀ ਗੱਲ ਅੱਗੇ ਕਰਨੀ ਚਾਹੁੰਨੈਂ, ਇਹ ਆਪਣੇ ਆਪ ਵਿਚ ਬਹੁਤ ਹੀ ਟੇਢਾ ਮਸਲਾ ਬਣ ਗਿਐ। ਇਨ੍ਹਾਂ ਅਜੋਕੀਆਂ ਕਹਾਣੀਆਂ ਤੋਂ ਤੀਹ ਸਾਲ ਪਹਿਲਾਂ ਲਿਖੀਆਂ ਉਹ ਕਹਾਣੀਆਂ ਹੁਣ ਬਿਲਕੁਲ ਪੰਜਾਬੀ ਜੀਵਨ ਦੇ ਨੇੜੇ ਨਹੀਂ ਜਿਹੜੀਆਂ ਉਦੋਂ ਨਵੀਆਂ ਲਗਦੀਆਂ ਸੀ। ਜੇ ਤੁਸੀਂ ਹੁਣ ਉਹਨਾਂ ਵਿਸ਼ਿਆਂ ਦੇ ਦੁਆਲੇ ਕਹਾਣੀ ਲਿਖੋਗੇ, ਜਿਵੇਂ ਸ਼ਿਵ ਕੁਮਾਰ ਵਰਗੀ ਕਵਿਤਾ ਹੁਣ ਲਿਖੀ ਜਾਊ ਤਾਂ ਉਹਦਾ ਕੋਈ ਅਰਥ ਨਹੀਂ ਰਹਿ ਜਾਂਦਾ। ਤੁਹਾਡੀ ਕਰੀਏਟਿਵਿਟੀ (ਸਿਰਜਣਾਤਮਕਤਾ) ਅੱਗੇ ਨਵੀਆਂ ਚੁਣੌਤੀਆਂ ਹਨ। ਜਦੋਂ ਤੁਸੀਂ ਏਸ ਬਦਲਦੀ ਚੇਤਨਾ, ਬਦਲਦੀ ਸੰਵੇਦਨਾ ਕਿਸੇ ਨਵੇਂ ਜਾਵੀਏ ਤੋਂ ਫੜ੍ਹਨ ਦੀ ਕੋਸ਼ਿਸ਼ ਕਰੋਗੇ, ਔਰ ਏਹ ਗੱਲ ਖਾਸੀ ਸੰਕਟ ਵਾਲ਼ੀ ਐ ਤਾਂ ਗੱਲ ਬਣੇਗੀ। ਇਹ ਆਪਣੇ ਆਪ ਵਾਪਰਨ ਵਾਲੀ ਸਥਿਤੀ ਨਹੀਂ ਸਗੋਂ ਟੇਢੀ ਸਥਿਤੀ ਐ, ਏਸ ਕੰਟੈਕਸਟ (ਪ੍ਰਸੰਗ) ਵਿਚ ਮੈਂ ਬਲਦੇਵ ਦੀਆਂ ਦੋ ਤਿੰਨ ਕਹਾਣੀਆਂ ਦਾ ਜ਼ਿਕਰ ਕਰਾਂਗਾ, ਸਾਰੀਆਂ ਕਹਾਣੀਆਂ ਬਾਰੇ ਨਹੀਂ। ਦੋ ਗੱਲਾਂ ਕਰਕੇ ਇਨ੍ਹਾਂ ਕਹਾਣੀਆਂ ਦੀ ਮੇਰੇ ਮਨ ਵਿਚ ਵੱਖਰਤਾ ਬਣਦੀ ਐ। ਇਕ ਤਾਂ ਇਹ ਬਣਦੀ ਐ ਕਿ ਜੀਹਨੂੰ ਮੈਂ ਨੈਗੇਟਿਵ ਯਥਾਰਥ ਕਹਿਨਾਂ ਆਪਣੀ ਆਲੋਚਨਾ ਵਿਚ, ਉਹ ਭਾਵੇਂ ਨੈਗੇਟਿਵ ਯਥਾਰਥ ਐ, ਪਰ ਉਹ ਇਸ ਵਿਕਰਤ ਸਮਾਜ ਦਾ, ਭ੍ਰਿਸ਼ਟ ਸਮਾਜ ਦਾ, ਬੰਦੇ ਦੀ ਮਾਨਵਤਾ ਨੂੰ ਖੋਰਨ ਵਾਲੀਆਂ ਹਕੀਕਤਾਂ ਦਾ ਇਕ ਆਪਣੀ ਕਿਸਮ ਦਾ ਯਥਾਰਥ ਐ। ਉਹ ਹੈ

ਕਿ ਵਿਅਕਤੀ ਕਿਸ ਤਰ੍ਹਾਂ ਆਪਣੇ ਅੰਦਰਲੇ ਮਨ ਦੀਆਂ, ਜੀਹਨੂੰ ਅਸੀਂ ਵਿਚਲਿਤ ਰੀਝਾਂ, ਇਛਾਵਾਂ ਕਹਿੰਨੇ ਆਂ, ਉਨ੍ਹਾਂ ਦਾ ਕਾਇਲ ਐ। ਉਹ ਬਾਹਰਮੁਖੀ ਯਥਾਰਥ ਦੇ ਦਬਾਅ ਵਿਚ ਤੇ ਅੰਦਰਲੀਆਂ ਰੀਝਾਂ ਦੇ ਦਬਾਅ ਵਿਚ ਕਿਸ ਹੋਣੀ ਨੂੰ ਹੰਢਾਂਦੈ, ਇਹ ਕਹਾਣੀ 'ਮਸਾਜ਼' ਤੇ 'ਆਈਸਕ੍ਰੀਮ' ਦਸਦੀਆਂ ਨੇ। 'ਆਈਸਕ੍ਰੀਮ' ਦੀ ਜਿਹੜੀ ਬਿਰਤਾਂਤਕ ਸਟ੍ਰਕਚਰ ਐ ਇਹਦੇ ਨਾਲ ਮੈਂ ਮੁਖਤਲਿਫ ਨਹੀਂ, ਮੈਨੂੰ ਜੀਵਨ ਵਿਚਲਾ ਇਹ ਮੁੱਦਾ ਵਧੀਆ ਲੱਗਾ, ਕਿ ਮਨੁੱਖ ਕਿਸ ਤਰ੍ਹਾਂ ਚੰਗੇ ਰਿਸ਼ਤੇ, ਚੰਗੇ ਪਰਿਵਾਰ ਦੇ ਬਾਵਜੂਦ ਵੀ ਖਾਸ ਕਿਸਮ ਦੀ ਇਕ ਆਨੰਦ ਵਾਲੀ ਹੋਰ ਸਥਿਤੀ ਦੀ ਚਾਹਤ ਕਰਦਾ ਹੈ। ਆਧੁਨਿਕ ਬੰਦਾ ਪਲੱਈਅਰ ਤੇ ਹੈਪੀਨੈੱਸ ਦੀਆਂ ਜਿਹੜੀਆਂ ਖਾਸ ਤਰ੍ਹਾਂ ਦੀਆਂ ਮਾਨਵੀ ਜ਼ਰੂਰਤਾਂ ਨੇ ਉਹਨਾਂ ਵਿਚ ਉਲਝ ਗਿਐ। ਅਸੀਂ ਹੈਪੀਨੈੱਸ ਨੂੰ ਨਹੀਂ ਤਲਾਸ਼ ਰਹੇ, ਅਸੀਂ ਪਲੱਈਅਰ ਨੂੰ ਤਲਾਸ਼ ਰਹੇ ਆਂ। ਪਲੱਈਅਰ ਨੂੰ ਅਸੀਂ ਬਾਦ ਵਿਚ ਸਰੀਰੀ ਪਲੱਈਅਰ ਤੱਕ ਲੈ ਆਂਦੈ, ਸਰੀਰੀ ਪਲੱਈਅਰ ਨੂੰ ਅਸੀਂ ਬਾਦ ਵਿਚ ਸੈਕਸੂਅਲ ਪਲੱਈਅਰ ਤੱਕ ਲੈ ਆਂਦੈ, ਇਹੀ ਗੱਲ ਅੱਜ ਦੀ ਕਹਾਣੀ ਦਾ ਸੰਕਟ ਬਣਦੀ ਐ। ਅੱਜ ਤੋਂ ਪੰਦਰਾਂ ਸਾਲ ਪਹਿਲਾਂ ਇਹ ਗੱਲ ਪੰਜਾਬੀ ਕਵਿਤਾ ਦਾ ਸੰਕਟ ਬਣੀ ਸੀ। ਮੈਨੂੰ ਲਗਦੈ ਕਿ ਤੁਸੀਂ ਜਦੋਂ ਬੰਦੇ ਦੀ ਦੇਹ ਨੂੰ ਸੈਕਸ ਤੱਕ ਘਟਾ ਦਿੰਦੇ ਓ ਤਾਂ ਤੁਸੀਂ ਬੰਦੇ ਦਾ ਨਿਕਾਰਣ ਕਰ ਰਹੇ ਹੁੰਦੇ ਓ, ਬੰਦੇ ਦੀ ਸਬਲੀਮੇਸ਼ਨ (ਉਦਾਤੀਕਰਨ) ਨ੍ਹੀ ਕਰਨ ਵਾਲੇ। ਪਰ ਇਹ ਗੱਲ ਬਿਲਕੁਲ ਠੀਕ ਐ ਕਿ ਜਦੋਂ ਬੰਦਾ ਸਮਕਾਲੀਨ ਹਾਲਤਾਂ ਵਿਚ ਕਿਸੇ ਖਾਸ ਕਿਸਮ ਦੀ ਸੰਤੁਸ਼ਟੀ ਜਾਂ ਖ਼ੁਸ਼ੀ ਨ੍ਹੀ ਭਾਲ ਸਕਦਾ ਤਾਂ ਉਹ ਇੰਟਰੋਵਰਟ ਹੁੰਦਾ, ਅੰਦਰ ਵੱਲ ਹੁੰਦਾ ਜਾਂਦੈ। ਅੰਦਰ ਵੱਲ ਮੁੜਿਆ ਹੋਇਆ ਬੰਦਾ ਅਜੀਬ ਕਿਸਮ ਦੀਆਂ ਤਲਾਫ਼ੀਆਂ (ਬਦਲੇ ਵਿਚ ਕੁਝ ਲੈਣਾ, ਇਵਜ਼ਾਨਾ) ਭਾਲਦੈ, ਉਨ੍ਹਾਂ ਅਜੀਬ ਕਿਸਮ ਦੀਆਂ ਤਲਾਫ਼ੀਆਂ ਦਾ ਇਕ ਭਾਗ ਬੰਦਾ ਸਰੀਰਕ ਤੌਰ ਤੇ ਵੱਧ ਜਿਉਂਦੈ, ਉਹ ਸੈਕਸ ਦੀਆਂ ਤਲਾਫ਼ੀਆਂ ਨੇ। ਮੈਨੂੰ ਓਦੋਂ ਚੰਗਾ ਲੱਗਾ ਜਦੋਂ ਉਸਨੇ ਨਵੀਆਂ ਨਵੀਆਂ ਗੱਲਾਂ ਦੱਸੀਆਂ। ਸੋ ਏਸ ਕਰਕੇ ਬਲਦੇਵ ਏਸ ਕਿਸਮ ਦੀਆਂ ਤਲਾਫ਼ੀਆਂ ਨੂੰ ਜਦੋਂ ਪਕੜਦੈ, ਭਾਵੇਂ ਉਹਦੀ ਪੇਸ਼ਕਾਰੀ ਜਾਂ ਉਸਦੇ ਵਿਜ਼ਨ ਵਿਚਲੀਆਂ ਸਾਰੀਆਂ ਗੱਲਾਂ ਦੇ ਨਾਲ ਮੈਂ ਮੁਤਫਿਕ ਨਾ ਵੀ ਹੋਵਾਂ, ਤਾਂ ਨਵੇਂਪਣ ਦਾ ਅਹਿਸਾਸ ਕਰਾਉਂਦੈ ਮੈਨੂੰ ਲਗਦੈ ਕਿ ਇਹ ਚੀਜ਼ਾਂ ਅੱਜ ਦੇ ਬੰਦੇ ਨੂੰ ਪ੍ਰੇਸ਼ਾਨ ਕਰਦੀਆਂ ਨੇ। ਅੱਜਕੱਲ੍ਹ ਦੇ ਬੰਦੇ ਦਾ ਇਹ ਸੰਕਟ ਬਣਦੀਆਂ ਨੇ ਜਾਂ ਉਹਦੀਆਂ ਕਾਮਨਾਵਾਂ ਜਿਹੜੀਆਂ ਏਸ ਪੂੰਜੀਵਾਦੀ ਜ਼ਮਾਨੇ ਨੇ ਉਹਦੇ ਅੰਦਰ ਜਗਾ ਦਿੱਤੀਆਂ ਨੇ। ਉਹ ਉਨ੍ਹਾਂ ਦੀ ਪੂਰਤੀ, ਅਪੂਰਤੀ ਦੇ ਝੰਜਟ ਵਿਚ ਰੁੱਝਿਆ ਹੋਇਐ, ਰਿਸ਼ਤੇ ਸਾਵੇਂ ਨਹੀਂ ਚੱਲ ਪਾ ਰਹੇ। ਰਿਸ਼ਤੇ ਸਾਵੇਂ ਕਿਉਂ ਨ੍ਹੀ ਚੱਲ ਪਾ ਰਹੇ ਕਿਉਂਕਿ ਉਹਦਾ ਜਿਹੜਾ ਨਾਇਕ ਹੈ, ਕਹਾਣੀਕਾਰ 'ਆਈਸਕ੍ਰੀਮ' ਦਾ ਮਰਦ ਪਾਤਰ, ਉਹ ਇਕ ਪਰਿਵਾਰਕ ਜੀਵਨ ਵਿਚ ਪਤਨੀ ਨਾਲ ਵੀ ਉਹ ਗੱਪਾਂ ਮਾਰ ਰਿਹੈ, ਹੱਸ-ਖੇਡ ਰਿਹੈ, ਨਾਲ ਕਿਸੇ ਹੋਰ ਕੁੜੀ ਨਾਲ ਵੀ ਵੱਖਰਾ ਰਿਲੇਸ਼ਨ ਬਣਾ ਰਿਹੈ। ਜਿਹੜੀ ਇਹ ਉਲਝਣ ਹੈ ਅੱਜ ਦੇ ਬੰਦੇ ਦੀ ਵਾਸਤਵਿਕ ਮਾਨਸਿਕ ਉਲਝਣ ਹੈ, ਸੈਕਸ ਦੀ ਕਰੇਜ਼ ਦੀ ਉਲਝਣ ਹੈ, ਜੀਵਨ ਦੇ ਸਾਵੇਂ ਹੋਣ ਦੇ ਬਾਵਜੂਦ ਵੀ ਅਸੀਂ ਉਹਨੂੰ ਅਸਾਵਾਂ ਕਰਨ ਵੱਲ ਤੁਰ ਰਹੇ ਆਂ। ਮੈਨੂੰ ਲੱਗਾ ਕਿ ਘੱਟੋ ਘੱਟ ਬਲਦੇਵ ਦੀ ਅੱਖ ਉਹਨਾਂ ਚੀਜ਼ਾਂ ਨੂੰ ਵੇਖਦੀ ਹੈ। ਬਲਦੇਵ ਦਾ ਮਨ ਉਨ੍ਹਾਂ ਵਾਇਬਰੇਸ਼ਨਜ਼ (ਹਲਚਲਾਂ) ਨੂੰ ਧਿਆਨ ਵਿਚ ਰੱਖ ਰਿਹੈ। ਇਹ ਚੀਜ਼ਾਂ ਸਾਡੇ ਜੀਵਨ-ਯਥਾਰਥ ਵਿਚ, ਪਰਿਵਾਰ ਵਿਚ ਜਿਸ ਕਿਸਮ ਦੇ ਤਣਾਉ ਜਾਂ ਉਲਝਣ ਪੈਦਾ ਕਰਦੀਆਂ ਨੇ, ਉਹ ਇਹਦਾ ਇਕ ਪੱਖ ਐ। ਇਹਦਾ ਦੂਸਰਾ ਪੱਖ ਇਹ ਵੀ ਐ, ਔਰ ਏਹਦੇ ਤੇ ਮੇਰੇ ਮਨ ਵਿਚ ਇਕ ਥੋੜ੍ਹੀ ਜਿਹੀ ਟੇਢੀ ਗੱਲ ਵੀ ਐ, ਕਿ ਇਹਨੇ ਆਮ ਬੰਦੇ ਨੂੰ ਏਨਾ ਭ੍ਰਿਸ਼ਟ ਕਰ ਦਿੱਤੈ ਕਿ ਅਸੀਂ ਨਾਲ ਦੇ ਬੰਦਿਆਂ ਦੇ ਸਾਰੇ ਦੇ ਸਾਰੇ ਗੰਦੇ ਰਿਸ਼ਤੇ ਹੋਣ ਦੇ ਬਾਵਜੂਦ ਵੀ ਉਹਨੂੰ ਸਵੀਕਾਰ ਕਰੀ ਜਾਨੇ ਆਂ। ਜਿਹੜੀ ਸਮੂਹਿਕਤਾ ਦੀ ਸੈਂਸ (ਚੇਤਨਾ) ਸਾਡੇ ਜੀਵਨ ਦਾ ਬੁਨਿਆਦੀ ਤੱਤ ਬਣਦੀ ਐ ਅੱਜ ਦਾ ਬੰਦਾ ਉਹਦੇ ਵਿਚ ਵੀ ਸ਼ੈਤਾਨੀ ਰਲਾ ਰਿਹੈ ਜਾਂ ਸਵਾਰਥ ਰਲਾ ਰਿਹੈ ਜਾਂ ਮੌਕਾਪ੍ਰਸਤੀ ਰਲਾ ਰਿਹੈ ਜਾਂ ਉਹ ਉਹਨਾਂ ਚੀਜ਼ਾਂ ਦੇ ਬਖੇੜੇ ਵਿਚ ਨ੍ਹੀ ਪੈਣਾ ਚਾਹੁੰਦਾ। ਉਹ ਚਾਹੁੰਦੈ ਕਿ ਮੈਂ ਪਿੱਛੇ ਖਿੱਚ ਲਵਾਂ ਆਪਣੇ ਆਪ ਨੂੰ। ਜੇ ਬੰਦਾ ਗੜਬੜ ਕਰ ਰਿਹੈ, ਨਹੀਂ ਕੋਈ ਗੱਲ ਨ੍ਹੀ ਮੇਰਾ ਏਹਦੇ ਨਾਲ ਏਨਾ ਕੁ ਰਿਸ਼ਤੈ। ਮੈਂ ਏਹਨੂੰ ਭਾਗਾਂ ਚ ਵੰਡੇ ਰਿਸ਼ਤੇ ਵੀ ਕਹਿੰਨੈਂ। ਇਕ ਕੰਪਾਰਟਮੈਂਟਲਾਈਜੇਸ਼ਨ (ਵੱਖ ਵੱਖ ਖਾਨੇ) ਕਰ ਲਈ ਐ ਰਿਸ਼ਤਿਆਂ ਦੀ। ਹਾਲਾਂ ਕਿ ਰਿਸ਼ਤੇ ਕੰਪਾਰਟਮੈਂਟ ਟਾਈਪ ਨ੍ਹੀ ਹੁੰਦੇ, ਅਸੀਂ ਆਪਣੇ ਆਪ ਨੂੰ ਕੰਪਾਰਟਮੈਂਟੇਜ ਕਰਦੇ ਆਂ, ਅਸੀਂ ਆਪਣੇ ਆਪ ਨੂੰ ਵੰਡ ਰਹੇ ਆਂ।



ਰਿਸ਼ਤੇ ਤਾਂ ਆਪਣੇ ਤਰ੍ਹਾਂ ਦੇ ਹੁੰਦੇ ਨੇ। ਸੋ ਏਸ ਕਰਕੇ ਮੈਨੂੰ ਇਹ ਲੱਗਾ ਕਿ ਜਿਹੜਾ ਬੰਦੇ ਦੇ ਮਨ ਵਿਚ ਵਾਪਰ ਰਿਹਾ ਦਵੰਦ ਐ ਬਲਦੇਵ ਉਹਨੂੰ ਪਕੜਨ ਵੱਲ ਵੀ ਧਿਆਨ ਦਿੰਦੈ। ਬਾਅਦ ਦੇ ਵਿਚ ਜਿਹੜਾ ਉਲਾਰਪਨ, ਜਿਹੜੀ ਉਹਦੇ ਨਾਲ ਟੈਨਸ਼ਨ ਪੈਦਾ ਹੋ ਰਹੀ ਐ। ਉਹ ਅਹਿਮ ਚੀਜ਼ ਐ, ਪਰ ਉਹ ਪਾਤਰ ਵੀ ਜਦੋਂ ਓਸ ਵਿਚੋਂ ਲੰਘ ਰਿਹੈ ਉਹਦੇ ਲਈ ਏਨਾ ਸੌਖਾ ਨ੍ਹੀ, ਇਹਦੇ ਕਈ ਪਾਸਾਰ ਬਣਦੇ ਐ, ਬਣਨੇ ਚਾਹੀਦੇ ਐ, ਇਹ ਬਾਅਦ ਦੀ ਗੱਲ ਐ। ਪਰ ਮੈਂ ਸਮਝਦੈਂ ਕਿ ਅੱਜ ਦਾ ਬੰਦੈ ਜਿਹੜਾ ਨਿੱਜ-ਮੁੱਖ ਹੋ ਰਿਹੈ, ਜਿਹੜਾ ਆਤਮ-ਮੁੱਖ ਹੋ ਰਿਹਾ ਅੱਜ ਦਾ ਬੰਦੈ, ਏਸ ਗੱਲ ਨੂੰ ਪਕੜਨਾ ਵੀ ਨਵੀਂ ਕਹਾਣੀ ਦੀ ਚੰਗੀ ਚੀਜ਼ ਐ। ਮੈਂ ਏਹਨੂੰ ਹੋਰ ਤਰ੍ਹਾਂ ਵੀ ਕਹਿਣਾ ਚਾਹੁੰਨੈਂ ਕਿ ਜਿਹੜੀ ਕਹਾਣੀ ਐ 'ਕਾਰਗਿਲ', ਕਾਰਗਿੱਲ ਯੁੱਧ ਦੇ ਕੰਟੈਕਸਟ ਵਿਚ ਇਹ ਇਕ ਵਿਅਕਤੀ ਦੇ ਜੀਵਨ ਦੀ ਕਹਾਣੀ ਐ, ਜਿਹੜਾ ਓਸ ਜੀਵਨ ਦੇ ਯੁੱਧ ਵਿਚ ਹਾਰਦੈ ਅਤੇ ਆਪਣੇ ਪਰਿਵਾਰ ਸਮੇਤ ਆਤਮ-ਹੱਤਿਆ ਕਰਦੈ। ਬਲਦੇਵ ਦੀ ਇਸ ਕਹਾਣੀ ਤੇ ਚਰਚਾ ਹੋਈ। ਹੁਣ ਜਦੋਂ ਕਹਾਣੀ-ਸੰਗ੍ਰਹਿ ਦਾ, ਕਹਾਣੀਕਾਰ ਨੇ ਨਾਂ ਰੱਖਿਆ ਤਾਂ ਉਹਨੇ ਇਹਦੇ ਨਾਲ ਅੱਗੇ ਦੋ ਚੀਜ਼ਾਂ ਲਾ ਦਿੱਤੀਆਂ – ਆਪਣੇ ਆਪਣੇ ਕਾਰਗਿਲ। ਹੁਣ ਆਪਣੇ ਆਪਣੇ ਕਾਰਗਿਲ ਦਾ ਮਤਲਬ ਇਹ ਐ ਕਿ ਕੋਈ ਯੁੱਧ-ਭੂਮੀ ਹੈ ਇਹ ਸਾਡਾ ਜੀਵਨ। ਪਰ ਕੁੱਲ ਮਿਲਾ ਕੇ ਅੰਤਿਮ ਤੌਰ ਤੇ ਇਕ ਸੱਚ ਇਹ ਵੀ ਐ ਕਿ ਇਹ ਸਾਡੇ ਸਾਰਿਆਂ ਦੇ ਆਪਣੇ ਆਪਣੇ ਕਾਰਗਿਲ ਐ। ਮੈਨੂੰ ਲੱਗਾ ਕਿ ਕਿਸੇ ਨਾ ਕਿਸੇ ਪੱਧਰ ਤੇ ਬਲਦੇਵ ਏਸ ਗੱਲ ਤੇ ਫੋਕਸ ਕਰਦਾ ਜਾਂ ਉਹ ਏਸ ਗੱਲ ਨੂੰ ਥੋੜ੍ਹਾ ਜਿਹਾ ਉਭਾਰਨਾ ਚਾਹੁੰਦੈ ਕਿ ਭਾਈ ਕਾਰਗਿਲ ਤਾਂ ਸਾਂਝੇ ਈ ਹੋਣੇ ਚਾਹੀਦੇ ਐ ਜਾਂ ਹੋਣੇ ਬਣਦੇ ਐ, ਪਰ ਅਸੀਂ ਆਪਣੀ ਫ਼ਿਤਰਤ ਏਹੋ ਜਿਹੀ ਬਣਾ ਲਈ ਐ, ਅਸੀਂ ਆਪਣੀਆਂ ਕਾਮਨਾਵਾਂ ਏਹੋ ਜਿਹੀਆਂ ਬਣਾ ਲਈਆਂ ਨੇ, ਅਸੀਂ ਆਪਣਾ ਜੀਵਨ-ਵਿਹਾਰ ਏਹੋ ਜਿਹਾ ਬਣਾ ਲਿਐ ਕੁੱਲ ਮਿਲਾ ਕੇ ਕਿ ਸਾਰੇ ਅਸੀਂ ਆਪਣੇ ਆਪਣੇ ਕਾਰਗਿਲ ਈ ਲੜਦੇ ਐਂ। ਇਹ ਨਿੱਜਤਾ ਵਿਚ ਖੋ ਰਹੇ ਅੱਜ ਦੇ ਬੰਦੇ ਦਾ ਦੁਖਾਂਤ ਐ। ਕਹਾਣੀ ਵੀ ਉਸੇ ਦੁਖਾਂਤ ਦੀ ਬਾਤ ਪਾਉਂਦੀ ਐ, ਭਾਵੇਂ ਉਹਦਾ ਕੰਟੈਕਸਟ ਇਕ ਸਮਾਜਿਕ, ਆਰਥਿਕ ਬੇਮੇਲ ਢਾਂਚਾ ਬਣਦਾ ਹੈ। ਉਹ ਵਿਅਕਤੀ ਆਪਣੇ ਜੀਵਨ ਨੂੰ ਕਿਵੇਂ ਵਿਉਂਤਦਾ ਹੈ। ਜਿਹੜੀ ਇਸ ਕਹਾਣੀ ਦੀ ਚੰਗੀ ਚੀਜ਼ ਸੀ ਕਿ ਨਿਰਾ ਏਹ ਨ੍ਹੀ ਹੈਗਾ ਜਿਵੇਂ ਮਕਾਨਕੀ ਕਿਸਮ ਦੀ ਸਾਡੀ ਪ੍ਰਗਤੀਵਾਦੀ ਸੋਚ ਐ, ਅਸੀਂ ਹਰ ਚੀਜ਼ ਸਮਾਜ ਤੇ ਸੁੱਟ ਕੇ ਵਿਅਕਤੀ ਨੂੰ ਬਰੀ ਕਰ ਦਿੰਨੇ ਐਂ। ਸਵੈ ਨੂੰ ਤਾਂ ਅਸੀਂ ਪਹਿਲਾਂ ਈ ਬਰੀ ਕੀਤਾ ਹੋਇਐ, ਸਾਡੇ 'ਚ ਤਾਂ ਕੋਈ ਕਮੀ ਹੈ ਈ ਨ੍ਹੀ, ਜੇ ਘਾਟ ਹੈਗੀ ਐ ਮਾੜੀ-ਮੋਟੀ ਦੂਜਿਆਂ ਵਿਚ ਐ, ਇਹ ਸਭ ਤੋਂ ਵੱਡੀ ਘਾਟ ਐ। ਉਹਦੇ ਨਾਲ ਵਾਪਰਦਾ ਇਹ ਐ ਕਿ ਜਿਹੜੀਆਂ ਇਸ ਪੂੰਜੀਵਾਦੀ ਜੀਵਨ ਦੀਆਂ ਵਿਕਰਤਾਵਾਂ ਨੇ, ਡਿਸਟੌਰਸ਼ਨਜ਼ ਨੇ, ਜਿਨ੍ਹਾਂ ਕਰਕੇ ਬੰਦਾ ਉਲਝਦਾ ਫਿਰਦੈ, ਅਸੀਂ ਉਨ੍ਹਾਂ ਨੂੰ ਅੱਗੇ ਲਿਆਉਣੋਂ ਉਕ ਜਾਂਗੇ। ਜਿਹੜਾ ਉਹ ਪਾਤਰ ਐ ਉਹਦੀ ਆਪਣੀ ਜ਼ਿੰਦਗੀ ਵੀ ਭੁਲਾਂਦਰਿਆਂ ਵਾਲ਼ੀ ਐ, ਜਦੋਂ ਕਰਜ਼ਾ ਲੈ ਕੇ ਘਰ ਬਣਾ ਰਿਹੈ, ਕਰਜ਼ਾ ਲੈ ਕੇ ਫਰਿੱਜ ਲਿਆ ਰਿਹੈ, ਤਾਂ ਉਹਨੂੰ ਪਤਾ ਹੋਣਾ ਚਾਹੀਦੈ ਕਿ ਇਹ ਕਰਜ਼ੈ, ਜਿਹੜਾ ਉਹ ਜ਼ਮੀਨ ਗਹਿਣੇ ਪਾ ਕੇ ਲੈ ਰਿਹੈ। ਕਹਿਣ ਦਾ ਮਤਲਬ ਮੈਨੂੰ ਇੰਜ ਲੱਗਾ ਕਿ ਏਸ ਕਹਾਣੀ-ਸੰਗ੍ਰਹਿ ਵਿਚ ਖਾਸ ਕਿਸਮ ਦਾ ਤਵਾਜ਼ਨ ਬਣਾਉਣ ਵੱਲ ਝੁਕਾਅ ਹੈ। ਬੰਦੇ ਦੀ ਦ੍ਰਿਸ਼ਟੀ, ਜਿਹੜੀ ਕਾਫੀ ਠੀਕ ਐ ਕਿ ਵਿਅਕਤੀ ਦੀਆਂ ਅੰਦਰਲੀਆਂ ਜਿਹੜੀਆਂ ਵਿਕਰਤਾਵਾਂ ਨੇ, ਉਹ ਕਿਵੇਂ ਬਾਹਰੀ ਯਥਾਰਥ ਦੇ ਪ੍ਰਭਾਵ 'ਚੋਂ ਪੈਦਾ ਹੁੰਦੀਆਂ ਨੇ, ਤੇ ਕਿਵੇਂ ਇਹਨਾਂ ਦੋਹਾਂ ਵਿਚਲੀ ਛਟਪਟਾਹਟ ਚ ਬੰਦਾ ਜਿਉਂਦੈ। ਔਰ ਏਸੇ ਕਰਕੇ ਜਦੋਂ ਉਹ ਕਾਰਗਿਲ ਤੇ 'ਆਪਣੇ ਆਪਣੇ' ਸ਼ਬਦ ਲਾਉਂਦੈ ਤਾਂ ਮੈਨੂੰ ਲਗਦੈ ਕਿ ਉਹ ਥੋੜ੍ਹਾ ਹੋਰ ਅੰਡਰਲਾਈਨ ਕਰ ਰਿਹੈ ਕਿ ਭਾਈ ਇਹ ਯੁੱਧ ਤਾਂ ਹੈ ਈ, ਪਰ ਏਹ ਯੁੱਧ ਤਾਂ ਕੱਲੇ ਬੰਦੇ ਨੇ ਲੜਨੈ, ਪਰ ਵਿਅੰਗ ਦੀ ਗੱਲ ਤਾਂ ਏਹ ਹੈ ਕਿ ਕੱਲੇ ਬੰਦੇ ਦਾ ਯੁੱਧ ਨ੍ਹੀ ਹੁੰਦਾ। ਇਸ ਗੱਲ ਦਾ ਸਾਨੂੰ ਪੂੰਜੀਵਾਦੀ ਅਰਥਚਾਰਾ, ਪੂੰਜੀਵਾਦੀ ਸਿਸਟਮ ਲਗਾਤਾਰ ਭੁਲੇਖਾ ਪਾਉਂਦੈ ਕਿ ਅੰਤਮ ਸੱਚ ਨਿੱਜੀ ਐ। ਅਸੀਂ ਮੰਨ ਵੀ ਲੈਨੇ ਆਂ, ਔਰ ਮੈਂ ਇਹ ਵੀ ਮੰਨਦੈਂ ਕਿ ਅਸੀਂ ਸਮਾਜ ਵਿਚ ਏਸ ਚੀਜ਼ ਨੂੰ ਥੋੜ੍ਹਾ ਥੋੜ੍ਹਾ ਇਗਨੋਰ ਵੀ ਕੀਤਾ ਕਿ ਅਸੀਂ ਬੰਦੇ ਦੀ ਨਿੱਜਤਾ ਦੀ ਜਿਹੜੀ ਪ੍ਰਮਾਣਿਕਤੈ ਉਹਨੂੰ ਅਸੀਂ ਥੋੜ੍ਹਾ ਜਿਹਾ ਘਟਾਇਐ। ਸਮੂਹਿਕਤਾ ਜਾਂ ਕੁਲੈਕਟੀਵਿਟੀ ਦੇ ਨਾਂ ਤੇ ਅਸੀਂ ਨਿੱਜਤਾ ਦੀਆਂ ਬਹੁਤ ਕਰੀਏਟਿਵ ਚੀਜ਼ਾਂ ਨੂੰ ਵੀ ਨਿੰਦਦੇ ਆ ਰਹੇ ਆਂ। ਆਲੋਚਨਾ ਵਿਚ ਵੀ ਅਸੀਂ ਜ਼ਿਕਰ ਇਹੀ ਕਰਦੇ ਆਂ।

ਸੋ ਏਸ ਕਰਕੇ ਦੂਸਰੀ ਗੱਲ ਜਿਹੜੀ ਮੈਨੂੰ ਇਨ੍ਹਾਂ ਕਹਾਣੀਆਂ ਚ ਚੰਗੀ ਲੱਗੀ ਉਹ ਬੰਦੇ ਦੀ ਅੰਦਰਲੀ ਮਾਨਸਿਕ ਛਟਪਟਾਹਟ ਐ ਤੇ ਨਾਲ ਹੀ ਉਹਦੇ ਉਤੇ ਬਾਹਰਵਰਤੀ ਯਥਾਰਥ ਦੇ ਜਿਹੜੇ ਦਬਾਉ ਨੇ। ਅੱਛਾ ਇਥੇ ਇਹ ਜਰੂਰੀ ਨਹੀਂ ਐ ਕਿ 'ਕਾਰਗਿਲ' ਵਿਚ ਬਾਹਰਵਰਤੀ ਦਬਾਉ ਹੈ, 'ਕੀੜੀਆਂ ਦੀ ਮੌਤ' ਵਿਚ ਬਾਹਰਵਰਤੀ ਦਬਾਉ ਹੈ, 'ਮਸਾਜ਼' ਵਿਚ, 'ਆਈਸਕ੍ਰੀਮ' ਵਿਚ ਇਹ ਗੱਲ ਨ੍ਹੀ ਹੈ। ਉਨ੍ਹਾਂ ਦੇ ਵਿਚ ਬੰਦਾ ਆਪਣੇ ਅੰਦਰਲੀ ਜਿਹੜੀ ਕਾਮਨਾ ਹੈ ਉਹਦੀ ਭੜਕਾਹਟ ਵਿਚ ਉਲਝਦੈ। ਉਹਦੇ ਵਿਚ ਸਗੋਂ ਇਹ ਅੰਦਰਲੀ ਭੜਕਾਹਟ ਬਾਹਰ ਆਉਂਦੀ ਐ। ਉਹ ਬੰਦਾ ਉਸ ਕੁੜੀ ਦੇ ਨਾਲ ਸਬੰਧ ਰੱਖਣੇ ਚਾਹੁੰਦੈ, ਓਸ ਕੁੜੀ ਨਾਲ ਮਨ-ਇੱਛਿਤ ਜੀਵਨ ਮਾਣਨਾ ਚਾਹੁੰਦੈ, ਘਰਵਾਲੀ ਨਾਲ, ਬੱਚਿਆਂ ਨਾਲ ਵੀ ਜੀਅ ਰਿਹੈ, ਏਸ ਦੁਫਾੜ ਵਿਚ ਪੀੜਿਤ ਹੈ। ਮਤਲਬ ਕਈ ਦਫਾ ਇਹ ਸਾਡੀਆਂ ਜਿਹੜੀਆਂ ਬਿਮਾਰੀਆਂ ਨੇ ਅੰਦਰੋਂ ਬਾਹਰ ਨੂੰ ਆਉਂਦੀਆਂ ਨੇ, ਕਈ ਦਫਾ ਜ਼ਮਾਨਾ ਸਾਡੇ ਤੇ ਇਹੋ ਜਿਹੀਆਂ ਚੀਜ਼ਾਂ ਧੱਕੇ ਨਾਲ ਲਾਗੂ ਕਰਦੈ। ਮੈਨੂੰ ਏਸ ਕਰਕੇ ਇਨ੍ਹਾਂ ਕਹਾਣੀਆਂ 'ਚ ਕੁਛ ਨਵਾਂ ਲੱਗਾ।

ਤੀਸਰੀ ਗੱਲ ਜਿਹੜੀ ਮੇਰੀ ਅੱਜ-ਕੱਲ੍ਹ ਪੰਜਾਬੀ ਕਹਾਣੀ ਨਾਲ, ਨਾਵਲ ਬਾਰੇ ਰਹਿੰਦੀ ਹੈ, ਉਹ ਹੈਗੀ ਐ ਗਲਪੀ ਭਾਸ਼ਾ ਦੀ। ਜਿੰਨਾ ਚਿਰ ਅਸੀਂ ਏਸ ਗੱਲ ਵੱਲ ਥੋੜ੍ਹਾ ਬਹੁਤ ਸੁਚੇਤ ਨ੍ਹੀ ਹੁੰਦੇ, ਮੈਂ ਐਹ ਨ੍ਹੀ ਕਹਿੰਦਾ ਕਿ ਇਹ ਚੇਤਨਾ ਮੂਲੋਂ ਹੈ ਨ੍ਹੀ ਪੰਜਾਬੀ 'ਚ, ਥੋੜ੍ਹੀ ਐ, ਜਦੋਂ ਤੱਕ ਸਾਡੀ ਕਹਾਣੀ ਜਾਂ ਸਾਡਾ ਨਾਵਲ ਪੜ੍ਹਨਯੋਗ ਜਾਂ ਮਾਨਣਯੋਗ ਜਾਂ ਮਨ ਵਿਚ ਸਿਮਰਨਯੋਗ ਨਹੀਂ ਬਣਦਾ ਉਦੋਂ ਤੱਕ ਸਾਨੂੰ ਗਲਪੀ ਭਾਸ਼ਾ ਉਤੇ ਹੋਰ ਕੰਮ ਕਰਨਾ ਪਵੇਗਾ। ਸਿਲੇਬਸ ਵਿਚ ਲਗ ਕੇ ਪੜ੍ਹ ਲਿਆ, ਜਾਂ ਰੀਵਿਊ ਕਰਨ ਲਈ ਪੜ੍ਹ ਲਿਆ ਜਾਂ ਕਿਸੇ ਹੋਰ ਮੰਤਵ ਲਈ ਪੜ੍ਹ ਲਿਆ, ਇਕੋ ਚੀਜ਼ ਐ। ਆਮ ਬੰਦਾ ਉਹਨੂੰ ਉਦੋਂ ਈ ਪੜ੍ਹੂਗਾ ਜਦੋਂ ਉਹਨੂੰ ਪੜ੍ਹਨ ਵਿਚ ਉਹਦੀ ਦਿਲਚਸਪੀ ਕਾਇਮ ਰਹੇ। ਏਸ ਸੰਗ੍ਰਹਿ ਦੀਆਂ ਇਕ-ਦੋ ਕਹਾਣੀਆਂ ਛੱਡ ਕੇ ਬਾਕੀ ਕਹਾਣੀਆਂ ਵਿਚ ਇਹ ਦਿਲਚਸਪੀ ਕਾਇਮ ਰਹਿੰਦੀ ਐ। ਕਹਾਣੀਕਾਰ ਨੇ ਟੇਢੀ ਗੱਲ ਵੀ ਕਰਨੀ ਹੁੰਦੀ ਐ, ਸਿੱਧੀ ਗੱਲ ਵੀ ਕਰਨੀ ਹੁੰਦੀ ਐ, ਤਾਂ ਵੀ ਉਹਦਾ ਅੰਦਾਜ਼ ਟਰੈਜ਼ਿਕ ਜਾਂ ਐਂ ਕਹਿ ਲਓ ਬਈ ਅੰਦਾਜ਼ ਭਾਰੂ ਨ੍ਹੀ ਹੁੰਦਾ। ਉਹ ਹਲਕੇ ਜਿਹੇ ਅੰਦਾਜ਼ ਵਿਚ ਗੰਭੀਰ ਗੱਲ ਵੀ ਕਰ ਜਾਂਦਾ ਹੈ। ਵੈਸੇ ਉਂਜ ਵੀ ਸੁਭਾਵਕ ਉਹਦੇ ਵਿਚ ਗੱਲ ਹੈਗੀ ਬਈ ਮਜ਼ਾਕ ਕਰ ਲੈਣਾ, ਠੱਠਾ ਕਰ ਲੈਣਾ। ਸੋ ਮੈਨੂੰ ਲਗਦੈ ਏਸ ਕਹਾਣੀ ਦੀ ਰੀਡੇਬਿਲਟੀ ਐ, ਪੜ੍ਹਨਯੋਗਤਾ ਹੈ ਜਾਂ ਏਸ ਨੂੰ ਪੜ੍ਹਨ 'ਚ ਦਿਲਚਸਪੀ ਬਣਦੀ ਐ। ਨਹੀਂ ਤਾਂ ਤੁਸੀਂ ਕਈ ਵਾਰੀ ਇਕ ਕਹਾਣੀ ਦੋ ਪੈਰ੍ਹੇ ਪੜ੍ਹ ਕੇ, ਜੇ ਸੱਚੀਮੁੱਚੀਂ ਤੁਹਾਡੇ ਤੇ ਕੋਈ ਮਜ਼ਬੂਰੀ ਨਾ ਹੋਏ ਤਾਂ, ਛੱਡ ਦਿੰਦੇ ਓ। ਮੈਨੂੰ ਲਗਦੈ ਕਿ ਕਹਾਣੀ ਭਾਸ਼ਾ ਦਾ ਖੇਡ ਐ, ਹਾਲਾਂ ਕਿ ਰੈਪੀਟੀਸ਼ਨ (ਦੁਹਰਾਅ) ਬਹੁਤ ਆਇਆ ਹੋਇਐ, ਮੈਂ ਕਹਾਂਗਾ ਕਿ ਖਿਆਲ ਰੱਖੇ। ਭਾਸ਼ਾ ਦੇ ਮਾਮਲੇ ਵਿਚ ਵੈਸੇ ਕਈ ਵਾਰੀ ਸੰਕਟ ਵਾਲੀ ਸਥਿਤੀ ਹੁੰਦੀ ਐ। ਕੁਛ ਚੀਜ਼ਾਂ ਸਾਡਾ ਜ਼ਿੰਦਗੀ 'ਚ ਇਡੀਅਮ ਬਣ ਜਾਂਦੀਆਂ ਨੇ, ਹਰ ਬੰਦੇ ਦਾ ਖਾਸ ਇਡੀਅਮ ਬਣ ਜਾਂਦੈ। ਜੀਹਨੂੰ ਆਪਾਂ ਪੰਜਾਬੀ ਵਿਚ ਤਕੀਆ-ਕਲਾਮ ਤੱਕ ਵੀ ਲੈ ਜਾਨੇ ਆਂ। ਇਹ ਸੁਭਾਵਕ ਚੀਜ਼ਾਂ ਨੇ। ਪਰ ਕਈ ਦਫਾ ਹੁੰਦੈ ਜਦੋਂ ਕਹਾਣੀ ਵਿਚ ਵਾਰ ਵਾਰ ਉਹੋ ਈ ਮੁਹਾਵਰੇ ਆਈ ਜਾਣ ਤਾਂ ਪਾਠਕ ਨੂੰ ਲਗਦੈ ਕਿ ਦਾਣੇ ਮੁੱਕ ਗਏ। ਸੋ ਦਾਣੇ ਮੁੱਕਣ ਵਾਲੀ ਗੱਲ ਹੋਵੇ ਭਾਵੇਂ ਨਾ ਹੋਵੇ ਪਰ ਇਹ ਗੱਲ ਖਿਆਲ ਰੱਖਣੀ ਬਣਦੀ ਐ ਬਈ ਇਕੋ ਈ ਚੀਜ਼, ਇਕੋ ਈ ਤਰ੍ਹਾਂ ਵਾਰ ਵਾਰ ਉਹਨਾਂ ਪ੍ਰਸੰਗਾਂ ਵਿਚ ਨਾ ਆਵੇ। ਪਰ ਇਨ੍ਹਾਂ ਕਹਾਣੀਆਂ ਦੇ ਵਿਚ ਮੈਨੂੰ ਲੱਗਾ ਕਿ ਪੜ੍ਹਨਯੋਗਤਾ ਵਾਲੀ ਗੱਲ ਦਿਲਚਸਪੀ ਵਾਲੀ ਗੱਲ ਹੈ। ਦਿਲਚਸਪੀ ਵਾਲੀ ਗੱਲ ਦੇ ਪਿੱਛੇ ਇਕ ਹਲਕਾ ਹਲਕਾ ਸਟਾਈਲ ਹੈ, ਸਟਾਈਲ ਦੀ ਵਿਧੀ ਵੀ ਐ, ਔਰ ਇਕ ਚੀਜ਼ਾਂ ਨੂੰ ਵਿਸਫੋਟ ਕਰਨ ਦੀ ਵਿਧੀ ਵੀ ਹੈ। ਯਥਾਰਥ ਤਾਂ ਹੈ ਈ ਐ, ਯਥਾਰਥ ਆਪਣੇ ਆਪ ਬਣੀ ਬਣਾਈ ਵਸਤ ਨ੍ਹੀ ਹੁੰਦਾ। ਅਸੀਂ ਜਿਹੜਾ ਯਥਾਰਥਵਾਦੀ ਮੋਡ (ਵਿਧੀ) ਐ ਉਹਨੂੰ ਏਨਾ ਵਾਸਤਵਿਕਤਾਵਾਦੀ ਬਣਾ ਦਿਤੈ ਕਿ ਅਸੀਂ ਉਹਦੇ ਵਿਚੋਂ ਕਲਾ ਦੀਆਂ, ਫਲਸਫੇ ਦੀਆਂ, ਵਿਚਾਰਧਾਰਾ ਦੀਆਂ ਜਾਂ ਜੀਵਨ ਦੀਆਂ ਰੌਆਂ ਨੂੰ ਖਾਰਜ ਕੀਤਾ ਹੈ। ਮੈਨੂੰ ਨ੍ਹੀ ਪਤਾ ਮੇਰੀ ਇਹ ਨਹੀਂ ਕਿ ਨਾਵਲ ਜਾਂ ਕਹਾਣੀ ਯਥਾਰਥਵਾਦੀ ਵਿਧਾ ਨਹੀਂ ਰਹੇ, ਅਸੀਂ ਜਦੋਂ ਪੁਰਾਣੀਆਂ ਰੁਮਾਂਟਿਕ ਜਾਂ ਕਾਲਪਨਿਕ ਜਾਂ ਮਿਥਕ ਰਚਨਾਵਾਂ ਤੋਂ ਅੱਗੇ ਆਏ ਆਂ ਏਸ ਯੁੱਗ ਵਿਚ ਤਾਂ ਅਸੀਂ ਉਨ੍ਹਾਂ ਚੀਜ਼ਾਂ ਨੂੰ ਏਸ ਸਮਾਜ ਦੇ ਸਮਕਾਲੀ ਯਥਾਰਥ ਦੇ ਨੇੜੇ ਲੈ ਆਂਦਾ। ਮਸਲਾ ਸਮਾਜ ਦੇ ਯਥਾਰਥ ਦੇ ਨੇੜੇ ਰਹਿਣ ਦਾ ਨਹੀਂ, ਇਹਦੇ ਲਈ ਪੂਰਵ



ਬੀ.ਸੀ. 300 ਵਿਚ ਅਰਸਤੂ ਸ਼ਬਦ ਵਰਤਦੈ ਪ੍ਰੌਬੇਬਿਲਟੀ (ਸੰਭਾਵਿਤ)। ਉਹਨੇ ਰੀਐਲਿਟੀ ਨ੍ਹੀ ਵਰਤਿਆ, ਪ੍ਰੌਬੇਬਿਲਟੀ ਵਰਤਿਆ। ਅਸੀਂ ਏਸ ਗੱਲ ਤੇ ਜ਼ੋਰ ਦਿੰਦੇ ਸੀ ਕਿ ਰਚਨਾ ਬਿਲਕੁਲ ਅਨੁਮਾਨਾਂ ਜਾਂ ਕਲਪਨਾਵਾਂ ਵਾਂਗ ਰੁਮਾਂਟਿਕ ਪੱਧਰ ਤੇ ਈ ਜੀਵਨ ਨੂੰ ਨਾ ਚਿਤਰੇ ਉਹ ਗਹਿਰੱਡ ਹੋ ਕੇ ਜੀਵਨ ਦੇ ਅੰਦਰਲੇ ਕਰੂਜ਼ ਤੋਂ ਕਰੂਜ਼ ਯਥਾਰਥ, ਭੈੜੇ ਤੋਂ ਭੈੜੇ ਯਥਾਰਥ ਨੂੰ ਕਲਾਤਮਿਕ ਢੰਗ ਨਾਲ ਚਿਤਰੇ। ਵੈਸਟ ਵਿਚ ਤਾਂ ਜਦੋਂ ਸੁਰਰੀਅਲਿਜ਼ਮ ਆਇਆ, ਨੈਚੁਰਲਿਜ਼ਮ ਆਇਆ ਤਾਂ ਉਨ੍ਹਾਂ ਨੇ ਬਹੁਤ ਹੋਰ ਤਰ੍ਹਾਂ ਲਿਆ। ਸਾਨੂੰ ਲੋੜ ਨ੍ਹੀ ਪਈ ਉਹਦੀ। ਸਾਡਾ ਆਪਣਾ ਵਿਕਾਸ ਐ। ਪਰ ਏਥੇ ਮੈਨੂੰ ਇੰਜ ਲਗਦਾ ਹੁੰਦੈ ਕਿ ਜਿਹੜਾ ਵਾਸਤਵਿਕਤਾ ਦੇ ਪ੍ਰਗਟਾਵੇ ਦਾ ਇਕ ਅਹਿਮ ਰੂਪ ਹੈ ਉਹ ਸਾਡੇ ਟੈਲੀਵੀਜ਼ਨ ਨੇ ਵੀ ਲੈ ਲਿਐ। ਔਰ ਖਾਸੀ ਮੁਸ਼ੱਕਤ ਕਰਦੇ ਨੇ ਉਹ ਇਹ ਦੱਸਣ ਲਈ ਕਿ ਜੋ ਕੁਛ ਵਾਪਰਿਐ ਅਸੀਂ ਐਹ ਕੁਛ ਨੂੰ ਬਹੁਤ ਨੇੜਿਉਂ ਦੱਸ ਜਾਂ ਵਿਖਾ ਰਹੇ ਆਂ। ਪਰ ਕਲਾ ਏਥੋਂ ਨ੍ਹੀ ਸ਼ੁਰੂ ਹੁੰਦੀ, ਕਲਾ ਏਥੇ ਈ ਖਤਮ ਨ੍ਹੀ ਹੁੰਦੀ। ਮੈਨੂੰ ਕਈ ਵਾਰੀ ਇਹ ਲਗਦਾ ਹੁੰਦੈ ਕਿ ਪੰਜਾਬੀ ਕਹਾਣੀ ਵਿਚੋਂ ਕਈ ਕੁਝ ਗਾਇਬ ਹੋ ਰਿਹੈ, ਵਿਚਾਰਧਾਰਾ ਦੀਆਂ ਵੱਡੀਆਂ ਚੀਜ਼ਾਂ ਗਾਇਬ ਹੋ ਰਹੀਆਂ ਨੇ, ਜੀਵਨ ਨੂੰ ਸਮਝਣ ਵਾਲੀਆਂ ਰੌਆਂ ਦੀਆਂ ਅੰਤਰ-ਦ੍ਰਿਸ਼ਟੀਆਂ ਗਾਇਬ ਹੋ ਰਹੀਆਂ ਨੇ ਤਾਂ ਸਾਨੂੰ ਥੋੜ੍ਹਾ ਜਿਹਾ ਫਿਕਰ ਕਰਨਾ ਚਾਹੀਦੈ। ਸਾਨੂੰ ਏਸ ਸੋ-ਕਾਲਡ ਯਥਾਰਥਵਾਦੀ ਵਿਧੀ ਬਾਰੇ ਵੀ ਦੁਬਾਰਾ ਸੋਚਣਾ ਚਾਹੀਦੈ, ਅਗਲੀ ਸੱਚੀ ਗੱਲ ਇਹ ਐ ਬਈ ਯਥਾਰਥ ਵੀ ਸਾਡਾ ਈ ਨਿਰਮਿਤ ਐ। ਪੂੰਜੀਵਾਦੀ ਮੀਡੀਏ ਨੇ ਇਸ ਯਥਾਰਥ ਦੇ ਰੂਪ ਬਣਾਏ ਨੇ, ਜਿਹੜੇ ਵਿਅਕਤੀ ਇਹਨੂੰ ਬਦਲਣਾ ਚਾਹੁੰਦੇ ਨੇ ਉਹ ਇਹਨਾਂ ਯਥਾਰਥਾਂ ਦੇ ਹੋਰ ਰੂਪਾਂ ਨੂੰ ਵੀ ਸਮਝਣ, ਜਿਵੇਂ ਹੁਣੇ ਗੱਲ ਹੋ ਰਹੀ ਸੀ ਪੂੰਜੀਵਾਦੀ ਮੰਡੀ ਨੂੰ ਤਾਂ ਕੰਜਿਊਮਰ ਚਾਹੀਦੈ। ਪਾਠਕ ਕੰਜਿਊਮਰ ਨ੍ਹੀ ਹੋ ਸਕਦਾ। ਪਾਠਕ ਉਹ ਹੋਏਗਾ ਜਿਹੜਾ ਓਸ ਰਚਨਾ ਨਾਲ ਡਾਇਲੌਗ ਕਰੇ। ਕੰਜਿਊਮਰ ਉਹ ਹੋ ਸਕਦੈ ਜਿਹੜਾ ਮੂੰਗਫਲੀ ਵੀ ਖਾਈ ਜਾਵੇ, ਚਿਕਨ ਖਾ ਕੇ ਦਾਰੂ ਵੀ ਪੀਈ ਜਾਵੇ, ਸਾਹਮਣੇ ਟੈਲੀਵੀਜ਼ਨ ਵੀ ਦੇਖੀ ਜਾਵੇ, ਜਿਹੜਾ ਦਿਖ ਗਿਆ, ਦਿਖ ਗਿਆ, ਜਦੋਂ ਹੱਸਣਾ ਹੋਇਆ ਹੱਸ ਲਿਆ। ਜਿਹੜੀ ਇਹ ਰਲਗੱਡਤਾ ਹੈ ਜੀਵਨ ਦੀ, ਇਹ ਕੰਜਿਊਮਰ ਕਲਚਰ ਵਿਚ ਐ। ਕੰਜਿਊਮਰ ਕਲਚਰ ਨੇ ਤੁਹਾਡੀਆਂ ਅੰਦਰਲੀਆਂ ਬਿਰਤੀਆਂ ਨੂੰ ਸੁਆਉਣੈਂ ਤੇ ਤੁਹਾਡੇ ਅੰਦਰਲੇ ਇਕ ਹੋਰ ਕਿਸਮ ਦੇ ਬੰਦੇ ਨੂੰ ਉਭਾਰਨੈਂ, ਜਿਹੜਾ ਉਨ੍ਹਾਂ ਦੀ ਮੰਡੀ ਦਾ ਬਹੁਤ ਹੀ ਕਾਰਗਰ ਪੁਰਜ਼ਾ ਬਣੇ। ਪੈਦਾ ਵੀ ਕਰੇ ਤੇ ਉਹਨੂੰ ਕੰਜਿਊਮ ਵੀ ਕਰੇ। ਜਿਹੜੀਆਂ ਮਾਨਵੀਅਤਾ ਦੀਆਂ ਵੱਡੀਆਂ ਤਰੰਗਾਂ ਨੇ ਉਨ੍ਹਾਂ ਬਾਰੇ ਉਹ ਚਿੰਤਾ ਨਾ ਕਰੇ। ਜਦੋਂ ਤੁਸੀਂ ਮਾਨਵੀਅਤਾ ਵਾਲੇ ਬੰਦੇ ਹੁੰਦੇ ਐਂ ਤੇ ਚਿੰਤਾ ਕਰੋਗੇ ਤਾਂ ਤੁਸੀਂ ਹਰ ਚੀਜ਼ ਤੇ ਪ੍ਰਸ਼ਨ-ਚਿੰਨ੍ਹ ਲਾਓਗੇ, ਹਰ ਚੀਜ਼ ਤੇ ਕਿੰਤੂ ਕਰੋਗੇ, ਬਾਅਦ ਵਿਚ ਤੁਸੀਂ ਉਹਨੂੰ ਸਵੀਕਾਰ ਕਰੋਗੇ ਜਾਂ ਨਾ ਕਰੋਗੇ ਇਹ ਬਾਦ ਦੀ ਗੱਲ ਐ। ਜਿਸ ਮਕਸਦ ਲਈ ਅਸੀਂ ਸਿਵਲਾਈਜੇਸ਼ਨ ਤੇ ਸਭਿਆਚਾਰ ਸਿਰਜਿਆ ਮੈਨੂੰ ਨ੍ਹੀ ਲਗਦਾ ਉਨ੍ਹਾਂ ਬੁਨਿਆਦੀ ਦਸ ਮੰਤਵਾਂ ਵਿਚੋਂ ਬੰਦੇ ਨੇ ਕੋਈ ਇਕ ਵੀ ਸਹੀ ਅਰਥਾਂ 'ਚ ਵਿਕਸਤ ਕੀਤਾ ਐ, ਤੇ ਇਕ ਵੀ ਮੰਤਵ ਜਾਂ ਫੰਕਸ਼ਨ ਸੱਚੀ ਸੁੱਚੀ ਰੂਪ ਵਿਚ ਸਾਡੇ ਅਗਲੇ ਕਲਚਰ ਸਾਡੀ ਅਗਲੀ ਸਭਿਅਤਾ ਦਾ ਅੰਗ ਬਣ ਸਕਦਾ ਐ। ਸਾਡਾ ਕਲਚਰ ਏਨਾ ਡਿਸਟੌਰਟ (ਵਿਗਾੜ) ਕਰ ਦਿੱਤਾ ਏਥੋਂ ਦੀਆਂ ਐਕਸਪਲੌਏਟੇਬਲ ਕਲਾਸਾਂ ਨੇ। ਸੋ ਏਸ ਕਰਕੇ ਅਸੀਂ ਵਾਰ ਵਾਰ ਇਹ ਕਹਿੰਨੇ ਆਂ, ਗੋਸ਼ਟੀਆਂ ਰਚਾਉਨੇ ਆਂ, ਵਾਰ ਵਾਰ ਸੰਵਾਦ ਰਚਾਉਨੇ ਆਂ ਤਾਂ ਕਿ ਬੰਦਾ, ਬੰਦਾ ਬਣਕੇ ਇਨ੍ਹਾਂ ਚੀਜ਼ਾਂ ਬਾਰੇ ਰਿਸਪੌਂਸ ਦਵੇ, ਨਾ ਕਿ ਉਹ ਕੰਜਿਊਮਰ ਬਣੇ। ਜਦ ਕਿ ਇਸ ਸਾਰੀ ਮੰਡੀ ਲਈ ਕੰਜਿਊਮਰ ਚਾਹੀਦੈ, ਇਹਨੂੰ ਐਕਟਿਵ ਮਾਈਂਡ ਨ੍ਹੀ ਚਾਹੀਦੇ, ਕਰੀਏਟਿਵ ਮਾਈਂਡ ਨ੍ਹੀ ਚਾਹੀਦੇ, ਪ੍ਰੌਗਰੈਸਿਵ ਮਾਈਂਡ ਤਾਂ ਬਿਲਕੁਲ ਈ ਨ੍ਹੀ ਚਾਹੀਦੇ। ਸੋ ਏਸ ਕੰਟੈਕਸਟ ਵਿਚ ਮੈਨੂੰ ਅੱਜ ਦੀ ਕਹਾਣੀ ਦਾ ਇਕ ਸੰਕਟ ਲਗਦੈ। ਜਿਸ ਤਰ੍ਹਾਂ ਅਸੀਂ ਯਥਾਰਥ ਦੀਆਂ ਅੰਦਰਲੀਆਂ, ਬਾਹਰ ਦੀਆਂ ਸੰਭਾਵਨਾਵਾਂ ਜਗਾਉਣੀਆਂ ਚਾਹੁੰਨੇ ਆਂ, ਸਾਨੂੰ ਆਪਣੇ ਪੁਰਾਣੇ ਬਿਰਤਾਂਤਕ ਮੋਡ ਨਵਿਆਉਣੇ ਪੈਣਗੇ। ਇਹਦੇ ਵਿਚ ਫੈਂਟਸੀ ਵਿਧੀ ਕਹਿ ਲਓ, ਕਿਤੇ ਕਿਤੇ ਬਲਦੇਵ ਉਹਨੂੰ ਮੈਜਿਕ-ਰੀਅਲਿਜ਼ਮ ਵਗੈਰਾ ਦਾ ਜੋ ਰੂਪ ਚਾੜ੍ਹ ਲੈਂਦਾ ਹੈ। ਇਹ ਇਕ ਪੈਰਲਲ ਕਿਸਮ ਦੀ ਬਿਰਤਾਂਤਕਾਰੀ ਐ। ਇਥੇ ਇਕ ਸੰਕਟ ਹੋਰ ਬਣਦਾ ਦੋ-ਤਿੰਨ ਕਹਾਣੀਆਂ ਦਾ ਜਿਸਦਾ ਮੈਂ ਸੰਕੇਤ ਕਰਕੇ ਅੱਗੇ ਲੰਘ ਜਾਨੈ ਕਿ ਜਦੋਂ ਅੱਜ ਦੀ ਕਹਾਣੀ ਵੱਡੀ ਹੋਈ, ਜਿਸਨੂੰ ਤੁਸੀਂ ਲੰਮੀ ਕਹਾਣੀ ਕਿਹਾ। ਜਦੋਂ ਇਹ ਮੂਲ ਕਥਾ ਦੇ ਨਾਲ ਨਾਲ ਦੂਜੀ ਕਥਾ ਪੈਰਲਲ (ਬਰਾਬਰ) ਲੈ ਕੇ ਚਲਦੀ ਐ, ਤਾਂ ਦੋ ਚੀਜ਼ਾਂ

ਵਾਪਰੀਆਂ ਪੰਜਾਬੀ ਕਹਾਣੀ 'ਚ, ਇਕ ਤਾਂ ਇਹ ਕਹਾਣੀ ਇਕੋ ਵੇਲੇ ਦੋ ਕਾਲਿਕ ਖੰਡਾਂ ਨੂੰ ਜੋੜਦੀ ਐ, ਔਰ ਦੋ ਕਾਲਿਕ ਖੰਡਾਂ ਨੂੰ ਜੋੜਨਾ, ਉਨ੍ਹਾਂ ਨੂੰ ਪਤਾ ਜਿਹੜੇ ਕਹਾਣੀ ਲਿਖਦੇ ਨੇ, ਬੜਾ ਔਖਾ ਕੰਮ ਐ। ਕਿਉਂਕਿ ਗੱਲ ਸਿਰਫ ਕਾਲਿਕ ਖੰਡਾਂ ਨੂੰ ਜੋੜਨ ਦੀ ਨ੍ਹੀ, ਉਨ੍ਹਾਂ ਵਿਚ ਇਕ ਲਿਵਿੰਗ ਕੰਟੀਨਿਊਟੀ (ਸਜੀਵ ਨਿਰੰਤਰਤਾ) ਪੈਦਾ ਕਰਨੀ ਦੀ ਵੀ ਐ ਕਿ ਪਾਠਕ ਨੂੰ ਭੋਰਾ ਵੀ ਭੁਚੱਕਾ ਨਾ ਪਵੇ। ਉਹ ਕਥਾ ਆਟੋਮੈਟੀਕਲੀ ਅਗਲੇ ਪਲੈਨ ਤੇ ਚਲਦੀ ਐ, ਇਕੋ ਵੇਲੇ ਉਹ ਪਿੱਛੇ ਚਲੀ ਜਾਂਦੀ ਐ। ਜੇ ਕਹਾਣੀ ਵਿਚ ਕੋਈ ਗੈਪ ਰਹਿੰਦੈ ਜਾਂ ਰੀਟੇਕ ਕਰਨਾ ਪੈਂਦਾ ਐ ਅਤੇ ਪਾਠਕ ਨੂੰ ਜਾਪਦੈ ਕਿ ਇਹ ਗੱਲ ਉਹ ਚੱਲ ਰਹੀ ਸੀ ਹੁਣ ਇਹ ਗੱਲ ਦੂਜੀ ਚੱਲ ਪਈ ਤਾਂ ਗੜਬੜ ਹੋ ਜਾਂਦੀ ਐ। ਔਰ ਇਹ ਏਨਾ ਸੌਖਾ ਕੰਮ ਨ੍ਹੀ ਕਿ ਜਿਵੇਂ ਮੈਂ ਕਹਿ ਰਿਹੈਂ। ਇਹ ਪੜ੍ਹਨ ਵਾਲੇ ਦੀ ਮੁਸ਼ਕਲ ਜ਼ਰੂਰ ਐ, ਲਿਖਣ ਵਾਲੇ ਲਈ ਇਸ ਤੋਂ ਵੀ ਵੱਡੀ ਮੁਸ਼ਕਲ ਐ। ਜਿਵੇਂ ਅਸੀਂ ਪੁਰਾਣੇ ਜ਼ਮਾਨੇ 'ਚ ਵਾਣ ਵੱਟਦੇ ਸੀ ਤੇ ਵਾਣ ਵੱਟਣ ਵਿਚ ਜਿਥੇ ਗਾਂਢਾ ਲੱਗਣੈ ਉਥੇ ਗਾਂਢਾ ਤੇ ਲਾਉਣੈ, ਪਰ ਖ਼ੂਬਸੂਰਤੀ ਇਹ ਐ ਬਈ ਉਹ ਗਾਂਢਾ ਦਿਖੇ ਈ ਨਾ ਕਿਸੇ ਨੂੰ ਬਈ ਉਥੇ ਗਾਂਢਾ ਲੱਗਿਐ। ਕਹਾਣੀ ਵਿਚ ਜੇ ਦੋ ਪੈਰੇਲਲ ਕਥਾਵਾਂ ਨੇ ਜੁੜਨੈ ਤਾਂ ਉਹ ਐਸ ਤਰ੍ਹਾਂ ਸੰਗਮ ਵਿਚ ਆਉਣ ਕਿ ਪੜ੍ਹਨ ਵਾਲਾ ਸਹਿਜ ਹੀ ਕਥਾ ਨਾਲ ਤੁਰਦਾ ਜਾਵੇ। ਉਹਨੂੰ ਇਹ ਨਾ ਲੱਗੇ ਕਿ ਉਹ ਤੰਦ ਕਿੱਥੇ ਗਈ, ਜਾਂ ਉਹ ਕਿਥੇ ਹੋਰ ਰਲ਼ ਗਈ। ਕਿਤੇ ਜੋੜ ਤੁਹਾਨੂੰ ਰੜਕਦਾ ਨਾ ਹੋਵੇ। 'ਕਾਰਗਿਲ' ਗਾਂਢੇ ਠੀਕ ਲੱਗੇ ਹਨ।

ਦੂਸਰੀ ਜਿਹੜੀ ਗੱਲ ਥੋੜ੍ਹੀ ਜਿਹੀ ਲਗਦੀ ਐ, ਇਹ ਹੋ ਸਕਦੈ ਮੇਰੀ ਮੁੱਢਲੀ ਓਬਜ਼ਰਵੇਸ਼ਨ (ਵਿਚਾਰ) ਹੋਵੇ, ਮੈਂ ਇਹਦੇ ਤੇ ਵਿਸਥਾਰ ਵਿਚ ਨ੍ਹੀ ਜਾਣਾ ਕਿ ਜਦੋਂ ਕਹਾਣੀ ਇਸ ਤਰ੍ਹਾਂ ਵੱਡੀ ਹੋ ਰਹੀ ਐ ਇਹ ਇੰਨਟੈਂਸਿਟੀ (ਸ਼ਿੱਦਤ) ਦੀ ਬਜਾਏ ਵਿਸਥਾਰ ਵੱਲ ਮੁੜਦੀ ਐ। ਜਿਹੜੀ ਪਹਿਲੀ ਕਹਾਣੀ ਸਾਨੂੰ ਅਜੇ ਵੀ ਗ੍ਰਿੱਪ ਕਰੀ ਤੁਰੀ ਆਉਂਦੀ ਐ, ਉਹ ਕੁਛ ਪਲਾਂ ਨੂੰ, ਕਿਸੇ ਸਥਿਤੀ ਵਿਚ ਪਏ ਪਾਤਰ ਦੇ ਕਿਸੇ ਸੰਕਟ ਨੂੰ ਓਸ ਇਨਟੈਂਨਸਿਟੀ ਨਾਲ ਪਕੜਨ ਵੱਲ ਰੁਚਿਤ ਐ ਜਿਸ ਇਨਟੈਂਨਸਿਟੀ ਵਿਚ ਉਹ ਚੀਜ਼ ਵਾਪਰ ਰਹੀ ਐ। ਅੱਜ ਦਾ ਕਹਾਣੀਕਾਰ ਓਸ ਇਨਟੈਂਨਸਿਟੀ ਦੇ ਆਸੇ-ਪਾਸੇ ਇਕ ਲੰਮੇਰਾ ਬਿਰਤਾਂਤ ਸਿਰਜ ਰਿਹੈ, ਲੰਮੇਰਾ ਬਿਰਤਾਂਤ ਸਿਰਜਣ ਵੇਲੇ ਉਹ ਵਿਸਥਾਰ ਵੱਲ ਜਾ ਰਿਹੈ। ਵਿਸਥਾਰ ਵਿਚ ਜਾਣ ਵੇਲੇ ਉਹ ਵੇਰਵੇ ਲਿਆ ਰਿਹੈ। ਜਿਵੇਂ ਕੀੜੀਆਂ ਦੀ ਮੌਤ ਕਹਾਣੀ ਵਿਚ ਇਕ ਸਿਚੂਏਸ਼ਨ ਐ, ਉਹ ਬੰਦਾ ਤੜਫਦਾ ਪਿਐ ਘਰ 'ਕੱਲਾ, ਉਹਦੇ ਤੜਫਣ ਦੇ ਪਿਛੋਕੜੀ ਪ੍ਰਸੰਗ ਕਾਲਜ ਵਿਚਲੀ ਓਸ ਹੜਤਾਲ ਵਿਚ ਪਏ ਨੇ, ਓਸ ਹੜਤਾਲ ਦੇ ਪ੍ਰਸੰਗ ਓਸ ਦੇ ਬਦਲੀ ਵਿਚ ਪਏ ਨੇ, ਓਸ ਦੀ ਬਦਲੀ ਦੇ ਪਿਛੋਕੜ ਵਿਚ ਓਸ ਸੰਸਥਾ ਦੇ ਨਾਲ ਜੁੜੇ ਹੋਏ ਸਕੱਤਰ ਸਬੰਧੀ ਇਕ ਪੂਰਾ ਪਰਵੇਸ਼ ਪਿਐ। ਹੁਣ ਆਪਾਂ ਇਹ ਨ੍ਹੀ ਕਹਿ ਸਕਦੇ ਕਿ ਕਹਾਣੀ ਐਂਜ ਚੱਲੇ, ਉਂਜ ਚੱਲੇ, ਮੈਂ ਏਸ ਚੱਕਰ ਚ ਨ੍ਹੀ ਪੈਣਾ। ਇਹ ਕਹਾਣੀਕਾਰ ਦੀ ਫਰੀਡੰਮ ਐ ਕਿ ਉਹ ਕਿੱਦਾਂ ਬਿਰਤਾਂਤ ਸਿਰਜਦੈ, ਮੇਰੇ ਲਈ ਤਾਂ ਮੁੱਦਾ ਇਹ ਐ ਕਿ ਜਦੋਂ ਉਹ ਏਨੀਆਂ ਪਿਛੋਕੜੀ ਘਟਨਾਵਾਂ ਨੂੰ ਓਸ ਕਹਾਣੀ ਵਿਚ ਲੈ ਕੇ ਆਂਦੈ ਤਾਂ ਉਹਦੇ ਲਈ ਇਹ ਬੜਾ ਔਖਾ ਕੰਮ ਐ। ਔਖਾ ਏਸ ਕਰਕੇ ਐ ਕਿ ਉਹਨੇ ਕਹਾਣੀ ਦੀ ਜਿਹੜੀ ਵਰਤਮਾਨਤਾ ਹੈ ਉਹਨੂੰ ਵੀ ਤੋਰਨੈ, ਤੇ ਜਿਹੜੀਆਂ ਸਮਕਾਲੀ ਚੀਜ਼ਾਂ ਵਾਪਰ ਰਹੀਆਂ ਨੇ, ਜਿਨ੍ਹਾਂ ਨੂੰ ਉਹ ਸਮਝਦੈ ਕਿ ਓਸ ਪ੍ਰਸੰਗ ਵਿਚ ਇਹ ਦੱਸਣੀਆਂ ਬਹੁਤ ਜ਼ਰੂਰੀ ਐ, ਵੀ ਬਿਆਨ ਕਰਨੀਆਂ ਹੁੰਦੀਆਂ ਨੇ। ਵੈਸੇ ਇਕ ਗੱਲ ਮੈਂ ਕਹਿਨਾ ਹੁੰਨਾਂ ਕਿ ਪੰਜਾਬੀ ਦੇ ਬਹੁਤੇ ਕਹਾਣੀਕਾਰਾਂ ਨੂੰ ਪਾਠਕ ਦੀ ਅਕਲ ਤੇ ਭਰੋਸਾ ਨ੍ਹੀ। ਇਹ ਮੇਰੀ ਗੱਲ ਠੀਕ ਐ ਜਾਂ ਨਹੀਂ ਠੀਕ, ਮੈਨੂੰ ਕਹਾਣੀ ਲਿਖਦਿਆਂ ਆਪ ਲਗਦਾ ਹੁੰਦੈ ਕਿ ਆਹ ਵਰਨਣ ਅੱਛਾ ਨ੍ਹੀ। ਪਰ ਇਕ ਗੱਲ ਜ਼ਰੂਰ ਵਾਪਰਦੀ ਐ ਕਿ ਜਦੋਂ ਕਹਾਣੀ ਵਿਸਥਾਰ ਵਿਚ ਜਾਂਦੀ ਐ, ਖਾਸ ਤੌਰ ਤੇ ਜਦੋਂ ਦੋ ਪੈਰਲਲ ਘਟਨਾਵਾਂ ਨੂੰ ਜੋੜਿਆ ਜਾਂਦੈ ਤਾਂ ਬਹੁਤ ਵਾਰੀ ਪਾਠਕ ਅੱਧ-ਵਿਚਕਾਰ ਜਾ ਕੇ ਰੁਕ ਜਾਂਦੈ, ਦੋ ਮਿੰਟ ਲਈ ਭੰਬਲਭੂਸੇ ਵਿਚ ਪੈਂਦੈ, ਫੇਰ ਉਹ ਪਿਛਲੀ ਕਹਾਣੀ ਜੋੜਦੈ। ਮੈਂ ਸਮਝਦੈਂ ਕਿ ਲੰਬੀ ਕਹਾਣੀ ਵਾਲੀ ਪੰਜਾਬੀ ਪਰੰਪਰਾ ਕਿੰਨੀਆਂ ਕੁ ਸੰਭਾਵਨਾਵਾਂ ਹੋਰ ਰੱਖਦੀ ਐ, ਜਾਂ ਇਹਨੇ ਆਪਣਾ ਕਿਸ ਕਿਸਮ ਦਾ ਸਪੈੱਲ ਵਧੇਰੇ ਬਾਊਂਡ (ਬੱਝਵਾਂ) ਪ੍ਰਭਾਵ ਪਾਠਕ ਤੇ ਰੱਖਣੈ, ਜਾਂ ਕਿਹੋ ਜਿਹੇ ਨਵੇਂ ਐਕਸਪੈਰੀਮੈਂਟ ਕਰਨੇ ਚਾਹੀਦੇ ਐ, ਸਾਨੂੰ ਇਹਦੇ ਵੱਲ ਵਧੇਰੇ ਧਿਆਨ ਦੇਣਾ ਚਾਹੀਦੈ। ਨਹੀਂ ਤਾਂ ਹੋਏਗਾ ਇਹ ਕਿ ਕਹਾਣੀ ਵੱਡੀ ਤਾਂ ਹੁੰਦੀ ਜਾਏਗੀ ਪਰ ਉਹਦੀ ਜਿਹੜੀ ਪਕੜ ਹੈ, ਪੜ੍ਹਨਯੋਗਤਾ ਹੈ ਉਸ ਵਿਚ ਕਿਤੇ ਨਾ ਕਿਤੇ ਗੜਬੜ ਹੋਏਗੀ। ਸਮੁੱਚੇ ਤੌਰ ਤੇ ਮੈਂ ਸਮਝਦੈਂ ਕਿ ਇਹ



ਕਿਤਾਬ 'ਆਪਣੇ ਆਪਣੇ ਕਾਰਗਿਲ' ਨੋਟਸ ਲੈਣ ਵਾਲ਼ੀ ਐ, ਪੜ੍ਹਨ ਵਾਲ਼ੀ ਐ, ਪੰਜਾਬੀ ਕਹਾਣੀ ਦੇ ਕੰਟੈਕਸਟ ਵਿਚ, ਪੰਜਾਬੀ ਕਹਾਣੀ ਦੇ ਵਿਹਾਰ ਬਾਰੇ, ਪੰਜਾਬੀ ਕਹਾਣੀ ਵਿਚ ਨਵੀਂਆਂ ਚੀਜ਼ਾਂ ਆਉਣ ਦੀ ਕਨਸੋਅ ਦਿੰਦੀ ਐ, ਜਿਸ ਦਾ ਮੈਂ ਆਪਣੇ ਵੱਲੋਂ ਸਵਾਗਤ ਕਰਦੈਂ। ਔਰ ਬਲਦੇਵ ਧਾਲੀਵਾਲ ਨੂੰ ਏਸ ਗੱਲ ਦੀ ਮੁਬਾਰਕਬਾਦ ਦਿੰਨੈਂ। ਬਹੁਤ ਬਹੁਤ ਸ਼ੁਕਰੀਆ।

**ਡਾ. ਗੁਰਮੁਖ** : ਬਹੁਤ ਲੰਮੇ ਸਮੇਂ ਤੋਂ ਡਾ. ਜਸਵਿੰਦਰ ਸਿੰਘ ਨੂੰ ਸੁਣਦੇ ਆ ਰਹੇ ਆਂ, ਜਿੰਨੀ ਵਾਰ ਵੀ ਸੁਣੀਂਦੈ, ਉਸਤੋਂ ਬਾਅਦ ਲੱਗਣ ਲੱਗ ਜਾਂਦੈ ਬਈ ਅਜੇ ਬਹੁਤ ਕੁਛ ਕਰਨਾ ਬਾਕੀ ਐ। ਬਹੁਤ ਕੁਛ ਸਾਨੂੰ ਪਤਾ ਨ੍ਹੀ ਹੈਗਾ। ਤੇ ਐਂ ਲਗਦਾ ਬਈ ਬਹੁਤ ਸਾਰੀਆਂ ਗੱਲਾਂ ਪਹਿਲੀ ਵਾਰ ਪਤਾ ਲੱਗੀਆਂ ਨੇ। ਏਸ ਕਹਾਣੀ-ਸੰਗ੍ਰਹਿ ਦੇ ਹਵਾਲੇ ਨਾਲ ਉਨ੍ਹਾਂ ਨੇ ਕਹਾਣੀ ਦੀ ਬਣਤਰ ਬਾਰੇ, ਪੰਜਾਬੀ ਸਾਹਿਤ ਵਿਚ ਜੋ ਪ੍ਰੌਬਲਮਜ਼ ਨੇ, ਜੋ ਸੰਕਟ ਨੇ, ਉਨ੍ਹਾਂ ਬਾਰੇ ਤੇ ਵਿਸ਼ੇਸ਼ ਤੌਰ ਤੇ ਕਹਾਣੀਆਂ ਬਾਰੇ ਗੰਭੀਰ ਤੇ ਸੂਖ਼ਮ ਟਿੱਪਣੀਆਂ ਕੀਤੀਐਂ ਮੈਨੂੰ ਲਗਦੈ ਬਈ ਇਹ ਜਿਹੜੀਆਂ ਟਿੱਪਣੀਐਂ ਚਰਚਾ ਵਿਚ ਉਭਰਵੀਆਂ ਰਹਿਣਗੀਆਂ ਤੇ ਇਨ੍ਹਾਂ ਬਾਰੇ ਕਿੰਤੂ-ਪਰੰਤੂ ਵੀ ਹੁੰਦੇ ਰਹਿਣਗੇ। ਮੈਂ ਸਿਰਫ ਇਕ ਗੱਲ ਦੱਸਣੀ ਐ ਜਿਹੜੀ ਡਾ. ਸਾਹਿਬ ਨੇ ਦਿਲਚਸਪੀ ਵਾਲੀ ਗੱਲ ਕੀਤੀ ਐ, ਬਈ ਬਲਦੇਵ ਧਾਲੀਵਾਲ ਦੀਆਂ ਕਹਾਣੀਆਂ ਬਹੁਤ ਦਿਲਚਸਪ ਤੇ ਰੌਚਕ ਨੇ, ਮੈਂ ਬੈਠਾ ਕਹਾਣੀ-ਸੰਗ੍ਰਹਿ ਪੜ੍ਹ ਰਿਹਾ ਸੀ ਤੇ ਕੋਲ਼ ਮੇਰੇ ਮਦਰ ਬੈਠੇ ਸੀ। ਉਹ ਕੁਰਸੀ ਤੇ ਬੈਠੇ ਸੀ ਤੇ ਮੈਂ ਮੰਜੇ ਤੇ ਬੈਠਾ ਸੀ। ਉਹ ਉਠ ਕੇ ਚਲੇ ਗਏ ਤੇ ਮੈਂ ਸੋਚਿਆ ਮੈਂ ਕੁਰਸੀ ਤੇ ਬੈਠ ਜਾਵਾਂ ਆਰਾਮ ਨਾਲ, ਆਰਾਮਦਾਇਕ ਜਿਹੀ ਕੁਰਸੀ ਸੀ, ਪਰ ਉਹ ਕਹਾਣੀ ਏਨੀ ਰੌਚਕ ਸੀ ਮੈਂ ਉਠਦਾ ਉਠਦਾ ਪੰਜ ਪੇਜ ਪੜ੍ਹ ਗਿਆ। ਕੋਈ ਐਸੀ ਕਹਾਣੀ ਨ੍ਹੀ ਬਈ ਜੀਹਦੇ ਵਿਚ ਥੋਨੂੰ ਲੱਗੇ ਬਈ ਹੁਣ ਤੁਸੀਂ ਕਹਾਣੀ ਛੱਡ ਦੇਉਂ, ਬੋਰ ਹੋ ਰਹੇ ਓਂ, ਤੇ ਇਹ ਪਹਿਲੀ ਸ਼ਰਤ ਹੁੰਦੀ ਐ, ਕਿਸੇ ਵੀ ਸਾਹਿਤਕ ਪਾਠ ਦੀ ਬਈ ਉਹ ਪੜ੍ਹਨ ਨੂੰ ਤੁਹਾਨੂੰ ਚੰਗਾ ਲੱਗੇ, ਤੁਹਾਨੂੰ ਆਪਣੇ ਵੱਲ ਆਕਰਸ਼ਿਤ ਕਰੇ, ਤੇ ਏਸ ਗੁਣ ਤੇ ਬਲਦੇਵ ਧਾਲੀਵਾਲ ਹੋਰਾਂ ਦੀਆਂ ਕਹਾਣੀਆਂ ਬਾਖ਼ੂਬੀ ਉਤਰਦੀਆਂ ਨੇ।

**ਡਾ. ਬਲਕਾਰ ਸਿੰਘ** : ਇਨ੍ਹਾਂ ਕਹਾਣੀਆਂ ਵਿਚਲਾ ਗਿਆਨ ਅਤੇ ਯਥਾਰਥ ਪ੍ਰਚੱਲਿਤ ਗਿਆਨ ਅਤੇ ਯਥਾਰਥ ਨਾਲ ਇਕਸੁਰ ਨਹੀਂ। ਇਕਸੁਰਤਾ ਨਾ ਹੋਣਾ ਅਤੇ ਲਗਾਤਾਰ ਇਕਸੁਰਤਾ ਨੂੰ ਭੰਗ ਕਰਨ ਦੀ ਇਤਿਹਾਸ ਬਿਰਤੀ ਇਨ੍ਹਾਂ ਕਹਾਣੀਆਂ ਦਾ ਚਰਿੱਤਰ ਅਤੇ ਪਛਾਣ ਹੈ ਜੋ ਆਪਣੀ ਯਥਾਰਥਕਤਾ ਦੇ ਬਾਵਜੂਦ ਯਥਾਰਥ ਨਾਲੋਂ ਵੱਖਰਾ ਪ੍ਰਵਚਨ ਹੈ।

ਕਹਾਣੀਆਂ ਦੀ ਕਥਾ-ਵਿਧੀ ਬਾਰੇ ਉਸਦਾ ਮੱਤ ਹੈ, ਧਾਲੀਵਾਲ ਆਪਣੀਆਂ ਕਹਾਣੀਆਂ ਵਿਚ ਘਟਨਾਵਾਂ ਨੂੰ ਸੂਚਨਾ ਅਤੇ ਰਿਪੋਰਟ ਤੋਂ ਅੱਗੇ ਇਕ ਗਿਆਨ ਕਾਰਜ ਵਿਚ ਰੂਪਾਂਤਰਤ ਕਰਨ ਦੀ ਵਿਧੀ ਅਤੇ ਜਾਚ ਰਖਦਾ ਹੈ।... ਕਹਾਣੀ ਦੇ ਸ਼ੁਰੂ ਵਿਚ ਹੀ ਇਕ ਸੁਆਲ, ਘਟਨਾ ਦੇ ਪੈਦਾ ਹੋਣ, ਉਸ ਵਿਚੋਂ ਉਪਜੇ ਅਹਿਸਾਸ ਅਤੇ ਵੇਰਵਿਆਂ ਦੀ ਜਟਿਲਤਾ ਦਾ ਨਿਰਮਾਣਕਾਰੀ ਇਤਿਹਾਸ ਪਾਠਕ ਸਾਹਮਣੇ ਖੁਲ੍ਹਦਾ ਰਹਿੰਦਾ ਹੈ।

**ਪ੍ਰੋ. ਸੁਖਪਾਲ ਸਿੰਘ ਥਿੰਦ** : 'ਆਪਣੇ ਆਪਣੇ ਕਾਰਗਿਲ' ਵਿਚਲੀਆਂ ਕਹਾਣੀਆਂ ਦਾ ਰਚਨਾਤਮਕ ਪੈਂਡੂਲਮ ਪੇਂਡੂ ਅਤੇ ਸ਼ਹਿਰੀ ਦੁਫੇੜ ਵਿਚ ਘੁੰਮਣ ਦੀ ਬਜਾਏ ਉਸ ਸਥਿਤੀ ਨੂੰ ਸਮਝਣ ਵੱਲ ਵਧੇਰੇ ਰੁਚਿਤ ਹੈ ਜਿਸ ਵਿਚ ਸਭ ਮਨੁੱਖ ਇਕੋ ਜਿਹੇ ਬਣਦੇ ਜਾ ਰਹੇ ਹਨ। ਜਿਹੜਾ ਸੁਹਾਗਾ ਬੁਰੀ ਤਰ੍ਹਾਂ ਫਿਰ ਕੇ 'ਲੋਕੇਲ' ਦੇ ਉਚਾਣਾ-ਨਿਵਾਣਾ ਨੂੰ ਪੂਰੀ ਤਰ੍ਹਾਂ ਪੱਧਰਾ ਕਰਨ ਵੱਲ ਰੁਚਿਤ ਹੈ। ਇਹ ਕਹਾਣੀਆਂ ਉਸ ਸਭ ਦਾ ਰਚਨਾਤਮਕ ਹੁੰਘਾਰਾ ਜਾਪਦੀਆਂ ਹਨ।

ਕਹਾਣੀਆਂ ਦੇ ਪਾਤਰਾਂ ਸਬੰਧੀ ਉਸਦਾ ਮੱਤ ਹੈ, ਉ...ਪੁਸਤਕ ਦਾ ਇਕ ਹੋਰ ਮਹੱਤਵਪੂਰਨ ਪਾਸਾਰ ਨਵੀਂ ਜੀਵਨ-ਜਾਚ ਪ੍ਰਤੀ ਔਰਤ ਅਤੇ ਮਰਦ ਪਾਤਰਾਂ ਦੇ ਵਖਰੇਵੇਂ ਭਰੇ ਵਿਹਾਰ ਵਿਚ ਦਰਜ ਹੁੰਦਾ ਹੈ। ਵੱਖ ਵੱਖ ਕਹਾਣੀਆਂ ਦੀਆਂ ਔਰਤ ਪਾਤਰਾਂ, ਮਰਦ ਪਾਤਰਾਂ ਦੇ ਮੁਕਾਬਲੇ ਨਵੀਂ ਜੀਵਨ-ਸ਼ੈਲੀ ਵਿਚ ਵਧੇਰੇ ਵਿਵਹਾਰਕ ਅਤੇ ਤਾਲਮੇਲ ਬਿਠਾਉਣ ਵਾਲਾ ਵਤੀਰਾ ਧਾਰਨ ਕਰੀ ਬੈਠੀਆਂ ਹਨ। ...ਔਰਤ ਪਾਤਰਾਂ ਦੀ ਸਥਿਤੀ ਵਧੇਰੇ ਸਹਿਜ ਭਰੀ ਹੈ। ਉਹ ਨਵੀਂ ਜੀਵਨ-ਜਾਚ ਅਨੁਸਾਰੀ ਸੋਚ, ਆਪਣੇ ਅੰਦਰਲੀ ਆਸਥਾ ਸ਼ਕਤੀ ਅਤੇ ਕਾਰਜ ਭਰੀ ਜੀਵਨ ਸ਼ੈਲੀ ਨਾਲ ਨਵੀਆਂ ਸਥਿਤੀਆਂ ਨੂੰ ਟੱਕਰ ਦੇ ਰਹੀਆਂ ਹਨ, ਪਰ ਸਥਿਤੀ

ਦੀ ਵਿਡੰਬਨਾ ਹੈ ਕਿ ਇਹ ਜੀਵਨ-ਜਾਚ ਕਿਸੇ ਸਮੂਹਿਕ ਹਿੱਤ ਲਈ ਪਹਿਰਾ ਦੇਣ ਦੀ ਥਾਂ ਨਿੱਜੀ ਹਿੱਤਾਂ ਨੂੰ ਪਹਿਲ ਦੇਣ ਵੱਲ ਉਲਾਰ ਹਨ। ਅਜੋਕੇ ਸਮੇਂ ਦੀਆਂ ਵਸਤੂ-ਸਥਿਤੀਆਂ ਵੀ ਕੁਝ ਅਜਿਹੀਆਂ ਹੀ ਹਨ।... ਕਹਾਣੀਆਂ ਦੀ ਬਿਰਤਾਂਤਕ ਸ਼ੈਲੀ ਬਾਰੇ ਪ੍ਰੋ. ਥਿੰਦ ਦੀ ਧਾਰਨਾ ਹੈ ਕਿ ਉ... ਉਸਦੀਆਂ ਬਹੁਤੀਆਂ ਕਹਾਣੀਆਂ ਵਿਚ ਉਸਦੇ ਪਾਤਰ ਸੱਚਮੁੱਚ ਸੁਪਨਿਆਂ ਵਿਚ ਗੁਆਚਦੇ ਹਨ। ਇਹ ਸੁਪਨੇ ਇਕ ਜੁਗਤ ਵਾਂਗ ਉਸ ਦੀ ਕਥਾ ਨੂੰ ਅੱਗੇ ਵੀ ਤੋਰਦੇ ਹਨ ਅਤੇ ਪਾਤਰਾਂ ਦੀ ਮਾਨਸਿਕਤਾ ਵੀ ਬਿਆਨਦੇ ਹਨ। ਬਹੁਪਰਤੀ ਯਥਾਰਥ ਨੂੰ ਪਕੜਨ ਲਈ ਉਹ 'ਸ਼ਬਦ' ਜਾਂ 'ਵਾਕ ਸੰਗਲੀ' ਦੀ ਜੁਗਤ ਨਾਲ ਖਿੱਲਰੀਆਂ ਲੜੀਆਂ ਦੇ ਸਿਰੇ ਇਕ ਦੂਜੇ ਨਾਲ ਇਉਂ ਕਲਾਕਾਰੀ ਨਾਲ ਜੋੜਦਾ ਹੈ ਕਿ ਕਿਤੇ ਟਾਂਕਾ ਲੱਗਾ ਰੜਕਦਾ ਹੀ ਨਹੀਂ।

**ਰਜਿੰਦਰਪਾਲ ਸਿੰਘ ਬਰਾੜ** : ਦੋਸਤੋ ! ਬਹਿਸ ਦਾ ਆਰੰਭ ਕਰਨੈ, ਇਕ ਤੇ ਮੈਨੂੰ ਇਹ ਗੱਲ ਲੱਗੀ ਕਿ ਜਦੋਂ ਅਸੀਂ ਕਹਿਨੇ ਐਂ ਕਿ ਜੀਵਨ-ਸ਼ੈਲੀ ਬਦਲ ਗਈ ਅਤੇ ਇਹ ਨਵੀਂ ਜੀਵਨ-ਸ਼ੈਲੀ ਦੀਆਂ ਕਹਾਣੀਐਂ ਤਾਂ ਮੈਨੂੰ ਲਗਦੈ ਕਿ ਸਾਡਾ ਜਿਹੜਾ ਸਾਰਾ ਸਾਹਿਤਕ ਦ੍ਰਿਸ਼ ਹੈਗਾ ਉਹ ਵੀ ਬਦਲਿਆ ਵਿਐ, ਜਿਹੜੇ ਸਮਾਗਮ ਐਂ ਉਹਨਾਂ ਦਾ ਵੀ ਜਿਹੜਾ ਰੰਗ-ਢੰਗ ਐ ਉਹ ਬਦਲਿਆ ਹੋਇਐ। ਜੇ ਅੱਜ ਤੋਂ 25 ਸਾਲ ਜਾਂ 30 ਸਾਲ ਪੁਰਾਣੇ ਸਾਹਿਤਕ ਸਮਾਗਮਾਂ ਦੀ ਗੱਲ ਕਰੀਏ ਤਾਂ ਆਮ ਕਰਕੇ ਸਮੁੱਚੀ ਕਹਾਣੀ ਤੇ ਸਮੁੱਚੇ ਨਾਵਲ ਤੇ ਜਾਂ ਨਾਵਲ ਦੇ ਸਮਾਜ ਨਾਲ ਸਬੰਧਾਂ ਤੇ ਗੱਲ ਹੁੰਦੀ ਸੀਗੀ, ਹੁਣ ਅਕਸਰ ਬਹੁਤੇ ਹਾਲਤਾਂ 'ਚ ਜੇ ਕਿਸੇ ਜਥੇਬੰਦੀ ਦਾ ਬਹੁਤਾ ਦਬਾਉ ਨਾ ਹੋਵੇ ਤਾਂ ਵਿਅਕਤੀਗਤ ਫੰਕਸ਼ਨ ਵਧੇਰੇ ਕੀਤੇ ਜਾਂਦੇ ਐ। ਭਾਵੇਂ ਇਹਨੂੰ ਇਹੋ ਜੀਆਂ ਗੱਲਾਂ ਦੇ ਥੱਲੇ ਅਸੀਂ ਲਪੇਟਦੇ ਐਂ ਕਿ ਨਵੀਂ ਕਿਤਾਬ ਆਈ ਐ, ਇਕ ਵੱਡੇ ਕਹਾਣੀਕਾਰ ਦੀ ਕਿਤਾਬ ਆਈ ਐ, ਉਹਨੂੰ ਜੀ ਆਇਆਂ ਕਹਿਣਾ ਬਣਦੈ, ਪਰ ਇਹ ਵੀ ਇਕ ਸਾਡਾ ਪੱਖ ਬਣ ਚੁੱਕਿਆ ਹੈਗਾ ਕਿ ਇਹ ਜਿਹੜਾ ਨਿੱਜਵਾਦ ਐ ਜਾਂ ਜਿਹੜੀਆਂ ਸਭਾਵਾਂ ਦੇ ਵਿਚ ਵੀ ਇਹ ਗੱਲ ਆ ਚੁੱਕੀ ਹੈਗੀ ਐ, ਚੰਗੀ ਐ ਜਾਂ ਮਾੜੀ ਐ, ਸਾਰਿਆਂ ਦੇ ਵਿਚਾਰਨ ਦਾ ਮੁੱਦੈ, ਕਿਉਂਕਿ ਏਸ ਸਾਰੇ ਦੇ ਵਿਚ ਅਸੀਂ ਸਾਰੇ ਹੀ ਭਾਗੀਦਾਰ ਆਂ। ਇਹ ਵਿਅਕਤੀਗਤਤਾ ਦਾ ਰੁਝਾਨ ਐ। ਜਿਹੜੇ ਬੋਲਣ ਵਾਲੇ ਬੰਦੇ ਬੋਲੇ ਉਨ੍ਹਾਂ ਵਿਚੋਂ ਇਕ ਕਹਾਣੀਕਾਰ ਦਾ ਨਾਂ ਪਤਾ ਨੀ ਕਿਵੇਂ ਪ੍ਰਸੰਗਵੱਸ ਆ ਗਿਆ। ਰੋਕਿਆ ਤਾਂ ਥਿੰਦ ਨੇ ਬਹੁਤ ਪਰ ਸ਼ਾਇਦ ਮੂੰਹੋਂ ਨਿਕਲ ਗਿਆ ਵੀਨਾ ਵਰਮਾ ਦਾ ਨਾਂ, ਨ੍ਹੀ ਦੂਜੇ ਕਿਸੇ ਕਹਾਣੀਕਾਰ ਦਾ ਨਾਂ ਨੀ ਆਉਂਦਾ, ਇਸ ਤੋਂ ਬਾਅਦ ਜਦੋਂ ਕਿਤੇ ਹੋਰ ਹੋਇਆ ਸਮਾਗਮ ਉਦੋਂ ਉਸ ਵਿਚ ਏਸ ਕਹਾਣੀਕਾਰ ਦਾ ਨਾਂ ਨ੍ਹੀ ਆਉਣਾ ਹੈਗਾ। ਇਹ ਕਿਉਂ ਸਾਡੀ ਵਿਅਕਤੀਗਤ ਕਾਰਵਾਈ ਬਣਦੀ ਜਾਂਦੀ ਹੈਗੀ ਐ, ਇਹ ਇਕ ਮੇਰੇ ਮਨ ਚ ਪ੍ਰਸ਼ਨ ਹੈਗੈ। ਇਹਦੇ ਤੋਂ ਵੀ ਬਹਿਸ ਛੇੜੀ ਜਾ ਸਕਦੀ ਹੈਗੀ ਐ। ਜਦੋਂ ਅਸੀਂ ਏਥੇ ਆਣ ਲੱਗੇ ਤਾਂ ਜਿਵੇਂ ਪ੍ਰਬੰਧਕਾਂ ਨੂੰ ਫਿਕਰ ਹੁੰਦੈ ਤੇ ਉਹ ਵਾਰ ਵਾਰ ਕਹਿ ਰਹੇ ਸੀ ਕਿ ਕਿਥੇ ਕੁ ਪਹੁੰਚਗੇ, ਅਸਲ ਵਿਚ ਥੋੜ੍ਹਾ ਜਿਹਾ ਅੱਗੇ ਟ੍ਰੈਫਿਕ ਅੜ ਗਿਆ ਤੇ ਟ੍ਰੈਫਿਕ ਦੇ ਅੱਗੇ ਟਰੱਕ ਵੱਡਾ ਸੀਗਾ, ਮੈਂ ਕਿਹਾ ਬਈ ਆਉਣੇ ਆਂ, ਆਉਣੇ ਆਂ, ਜੇ ਵਰਿਆਮ ਸੰਧੂ ਮਾੜਾ ਜਿਹਾ ਰਾਹ ਦੇਊਗਾ ਤਾਂ। ਤੇ ਮੈਨੂੰ ਨਾਲ ਦੇ ਕਹਿੰਦੇ ਮਾੜਾ ਜਿਹਾ ਪਾਸੇ ਦੀ ਕਰਕੇ ਕਾਰ ਕੱਢ ਲੈ, ਮੈਂ ਕਿਹਾ ਨਈਂ ਏਧਰ ਦੀ ਵੀ ਨ੍ਹੀ ਨਿਕਲ ਸਕਦੇ, ਇਕ ਬਰੋਬਰ ਟਰੱਕ ਹੋਰ ਲੱਗਿਆ ਆਉਂਦਾ ਸੀ, ਮੈਂ ਕਿਹਾ ਪ੍ਰੇਮ ਪ੍ਰਕਾਸ਼ ਲੰਘਿਐ ਜਾਂਦੈ। ਮੈਂ ਕਿਹਾ ਹਾਲਤ ਥੋੜ੍ਹੀ ਜੀ ਮਾੜੀ ਐ, ਪਰ ਜਿਵੇਂ ਚੌਥੀ ਪੀੜ੍ਹੀ ਵਾਲੇ ਲੰਘੇ ਨੇ ਉਵੇਂ ਕੁਛ ਕਰਾਂਗੇ ਆਪਾਂ ਵੀ। ਤੇ ਮੈਂ ਪਾਸੇ ਝਾਤ ਮਾਰੀ, ਦੋ ਤਿੰਨ ਮੋਟਰਸਾਈਕਲਾਂ ਆਲੇ ਤਾਂ ਲੰਘਗੇ, ਪਰ ਬਹੁਤੇ ਟਰੱਕਾਂ ਦੇ ਪਿੱਛੇ ਲਾਕੇ ਘੱਟੋ ਘੱਟ ਮੈਥੋਂ ਕਾਰ ਨ੍ਹੀ ਲੰਘੀ। ਤੇ ਮੈਂ ਫਸਿਆ ਜਾ ਮਹਿਸੂਸ ਕਰਿਆ। ਹੁਣ ਇਹ ਸਥਿਤੀ ਅਸਲ ਦੇ ਵਿਚ ਕੀ ਐ ? ਕਿ ਇਹ ਜਿਹੜੇ ਰੂਪਕ ਐ, ਇਹ ਕੋਈ ਰੂਪਕ ਐਵੇਂ ਨ੍ਹੀ, ਅਜੇ ਵੀ ਜਿਹੜੀ ਸਾਡੀ ਪੰਜਾਬੀ ਦੀ ਬਹੁਤੀ ਕਹਾਣੀ ਐ, ਉਹ ਜਾਂ ਤਾਂ ਕਿਸਾਨੀ ਦੇ ਦੁਆਲੇ ਘੁੰਮਦੀ ਐ, ਤੇ ਜਾਂ ਫਿਰ ਨੌਕਰੀ-ਪੇਸ਼ਾ ਲੋਕਾਂ ਦੁਆਲੇ। ਨੌਕਰੀ-ਪੇਸ਼ਾ ਦੇ ਵਿਚੋਂ ਵੀ ਮੁੱਖ ਰੂਪ 'ਚ ਮਾਸਟਰੀ ਦੇ ਦੁਆਲੇ ਘੁੰਮਦੀ ਐ। ਬਲਦੇਵ ਦੀਆਂ ਕਹਾਣੀਆਂ 'ਚ ਮਾਸਟਰ ਵੱਡੇ ਪ੍ਰੋਫ਼ੈਸਰ ਚ ਬਦਲ ਜਾਂਦੈ, ਪਰ ਕਹਾਣੀ ਇਹਤੋਂ ਬਾਹਰ ਨ੍ਹੀ ਬਹੁਤੀ ਜਾਂਦੀ। ਮੈਨੂੰ ਲਗਦੈ ਏਹ ਵੀ ਸਾਡੀ ਕਹਾਣੀ ਦਾ ਇਕ ਸੰਕਟ ਐ। ਐਹ ਜਿਹੜਾ ਕਾਰਨ ਹੈ ਕਿ ਕਿਸੇ ਸਮੇਂ ਸਾਡੇ ਕੋਲ ਕੁਛ ਹੋਰ ਵਰਾਇਟੀ ਵੀ ਸੀ, ਉਹ ਵਰਾਇਟੀ ਸੀਗੀ ਸ਼ਹਿਰਾਂ ਦੀ। ਜਿਹੜੇ ਬੰਦੇ ਸ਼ਹਿਰਾਂ ਵਿਚ ਈ ਜੰਮੇ-ਪਲੇ ਸੀ ਜਿਵੇਂ ਨਾਨਕ ਸਿੰਘ ਦੀ ਪੀੜ੍ਹੀ ਦੇ ਵਿਚੋਂ ਇਸ ਤਰ੍ਹਾਂ ਦੀਆਂ ਕਹਾਣੀਆਂ ਸਾਨੂੰ ਮਿਲ ਜਾਂਦੀਐਂ। ਪਰ ਉਹ



ਕਹਾਣੀਕਾਰ ਹੁਣ ਪੰਜਾਬੀ ਦੇ ਵਿਚ ਸ਼ਾਇਦ ਨਹੀਂ ਲਿਖਦੇ। ਸ਼ਾਇਦ ਅੰਗ੍ਰੇਜ਼ੀ 'ਚ ਲਿਖਦੇ ਹੋਣਗੇ ਜਾਂ ਹਿੰਦੀ ਚ ਲਿਖਦੇ ਹੋਣਗੇ, ਘੱਟੋ ਘੱਟ ਪੰਜਾਬੀ ਚ ਨ੍ਹੀ ਲਿਖਦੇ। ਅਸੀਂ ਬਹੁਤੇ ਓਥੇ ਸੀਮਤ ਹੋਏ ਵੇ ਆਂ। ਇਹ ਵੀ ਸਾਡੇ ਸਾਹਮਣੇ ਇਕ ਸਮੱਸਿਆ ਬਣੀ ਹੋਈ ਐ, ਤੇ ਮੈਨੂੰ ਲੱਗਿਆ ਕਿ ਪੰਜਾਬੀ ਕਹਾਣੀ ਦੇ ਵਿਚ ਉਨ੍ਹਾਂ ਵਿਅਕਤੀਆਂ ਦੀ ਵਧੇਰੇ ਪਛਾਣ ਬਣਦੀ ਐ ਜਾਂ ਵਧੇਰੇ ਉਹ ਪ੍ਰਵਾਨੇ ਜਾਂਦੇ ਐ, ਜਦੋਂ ਉਹ ਦੋ ਮੁੱਖ ਸ੍ਰੋਤਾਂ ਪਾਸੇ ਜਾਂਦੇ ਐ। ਮੈਨੂੰ ਯਾਦ ਆ ਰਿਹਾ ਸੀ ਕਿ ਜੇ ਡਾ. ਜਸਵਿੰਦਰ ਸਿੰਘ ਦੰਗਾ-ਪੀੜ੍ਹਤਾਂ ਬਾਰੇ ਲਿਖਦੇ ਐ ਤਾਂ ਉਹ ਵੱਖਰੇ ਕਿਸਮ ਦਾ ਇਕ ਚਰਿੱਤਰ ਐ, ਜੇ ਗੁਰਪਾਲ ਲਿੱਟ 'ਗਿਰਝਾਂ' ਕਹਾਣੀ ਲਿਖਦੈ ਤਾਂ ਉਹ ਇਕ ਵੱਖਰੇ ਕਿਸਮ ਦੇ ਪੰਜਾਬ ਦੇ ਇਕ ਖਾਸ ਮਾਹੌਲ ਨੂੰ ਪਕੜਦੈ, ਏਸੇ ਤਰ੍ਹਾਂ ਜੇ ਪ੍ਰਵਾਸੀ ਕਹਾਣੀਆਂ ਲਿਖਦੇ ਐ ਜਾਂ ਦਲਿਤ ਜਾਂ ਨਾਰੀ-ਚੇਤਨਾ ਦੀਆਂ ਕਹਾਣੀਆਂ ਲਿਖੀਆਂ ਜਾਂਦੀਐਂ ਤਾਂ ਉਹ ਥੋੜ੍ਹੀਆਂ ਜਿਹੀਆਂ ਪਰੰਪਰਕ ਵਿਸ਼ਿਆਂ ਤੋਂ ਪਾਸੇ ਜਾਂਦੀਐਂ, ਪਰ ਜਿਹੜਾ ਸਾਡਾ ਵੱਡਾ ਅਨੁਭਵ ਉਹਦੇ ਵਿਚ ਈ ਅਸੀਂ ਬਹੁਤੀਆਂ ਕਹਾਣੀਆਂ ਲਿਖਦੇ ਐਂ, ਤੇ ਬਲਦੇਵ ਐ ਜਿਹੜਾ ਉਹ ਉਸ ਵੱਡੇ ਅਨੁਭਵ ਦੇ ਵਿਚ ਈ ਐ ਜਾਂ ਉਹਦੇ ਕੋਲ ਕਿਸਾਨੀ ਦਾ ਅਨੁਭਵ ਐ ਜਾਂ ਉਹਦੇ ਕੋਲੇ ਸ਼ਹਿਰੀ ਨੌਕਰੀ-ਪੇਸ਼ੇ ਵਾਲੇ ਬੰਦੇ ਦਾ ਅਨੁਭਵ ਐ, ਕਹਾਣੀਆਂ ਉਹਦੇ ਦੁਆਲੇ ਜਿਆਦਾ ਘੁੰਮਦੀਐਂ। ਕੀ ਸਾਡੇ ਅਨੁਭਵ ਦੇ ਸੰਕਟ ਦੀ ਕੋਈ ਸਮੱਸਿਆ ਨ੍ਹੀ ਕਿ ਜਿਹੜਾ ਸਾਡਾ ਅਨੁਭਵ ਐ ਉਹ ਬੜੇ ਸੀਮਤ ਦਾਇਰੇ ਦੇ ਵਿਚ ਈ ਐ ? ਜਿਥੋਂ ਤੱਕ ਬਲਦੇਵ ਦੀ ਗੱਲ ਹੈਗੀ ਐ ਕਿ ਉਹਨੂੰ ਪੰਜਾਬੀ ਕਹਾਣੀ ਦੀ ਬਹੁਤ ਜਿਆਦਾ ਜਾਣਕਾਰੀ ਐ। ਉਹਦੀ ਜਾਣਕਾਰੀ ਦਾ ਮੈਂ ਏਨਾ ਕੁ ਕਾਇਲ ਆਂ ਕਿ ਇਕ ਤਰ੍ਹਾਂ ਉਹਨੂੰ ਪੰਜਾਬੀ ਕਹਾਣੀ ਦਾ ਐਨਸਾਈਕਲੋਪੀਡੀਆ ਕਿਹਾ ਜਾ ਸਕਦੈ, ਕਿ ਕਦੋਂ ਵੀ ਫੋਨ ਤੇ ਕਿਸੇ ਵੀ ਕਹਾਣੀ ਬਾਰੇ ਕੋਈ ਵੀ ਰਾਏ ਉਨ੍ਹਾਂ ਤੋਂ ਪੁੱਛ ਲਓ ਕਿ ਇਹ ਕਹਾਣੀਕਾਰ ਹੈਗਾ ਜਾਂ ਨਹੀਂ, ਇਹਦੀਆਂ ਕਿੰਨੀਆਂ ਕਹਾਣੀਐਂ, ਕਿੰਨੀਆਂ ਕਿਤਾਬੈਂ, ਕਿੰਨੀਆਂ ਛਪੀਐਂ, ਉਹਦੇ ਕੋਲੇ ਬਹੁਤ ਜਿਆਦਾ ਇਹ ਜਾਣਕਾਰੀ ਐ। ਮੈਨੂੰ ਲਗਦੈ ਕਿ ਉਹ ਇਤਿਹਾਸਕਾਰ ਵੀ ਬਹੁਤ ਵਧੀਐ ਕਿ ਕਹਾਣੀਆਂ ਨੂੰ ਕਾਲਕ੍ਰਮ ਦੇ ਵਿਚ ਟਿਕਾਉਣਾ, ਉਹ ਵੀ ਉਹਦੀ ਬਹੁਤ ਵਧੀਆ ਗੱਲ ਹੈਗੀ, ਖੋਜੀ ਵੀ ਐ, ਤੇ ਉਹ ਪੰਜਾਬੀ ਕਹਾਣੀ ਦਾ ਆਲੋਚਕ ਵੀ ਐ। ਹੁਣ ਓਸ ਤੋਂ ਅੱਗੇ ਉਹ ਕਹਾਣੀਕਾਰ ਐ, ਤੇ ਕਹਾਣੀਕਾਰ ਜਦੋਂ ਏਨਾ ਸੁਚੇਤ ਬੰਦਾ ਬਣਕੇ ਕਹਾਣੀ ਲਿਖਦੈ ਤਾਂ ਉਹਦੇ ਮਨ ਦੇ ਵਿਚ ਰਹਿੰਦੈ ਕਿ ਮੈਂ ਐਹ ਵੀ ਗੱਲ ਵੀ ਜ਼ਰੂਰ ਕਰਨੀ ਐ ਤੇ ਅਗਾਂਹ ਕਹਾਣੀ ਦਾ ਨਾਂ ਵੀ ਪੂਰਾ ਰੱਖਣੈ, ਉਹ ਵੀ ਮੀਨਿੰਗਫੁੱਲ ਹੋਣਾ ਚਾਹੀਦੈ, ਪਾਤਰਾਂ ਦੇ ਨਾਂ ਉਹ ਵੀ ਮੀਨਿੰਗਫੁੱਲ ਹੋਣੇ ਚਾਹੀਦੇ ਐ, ਬਲਦੇਵ ਬਹੁਤ ਸੁਚੇਤ ਹੋ ਕੇ ਉਹ ਕਹਾਣੀਆਂ ਲਿਖਦੈ। ਭਾਵਾਂ ਮੇਰੇ ਨਾਲ ਹਾਸੇ 'ਚ ਏਹੋ ਜਿਹੀਆਂ ਗੱਲਾਂ ਕਰਦਾ ਰਹਿੰਦੈ ਕਿ ਐਵੇਂ ਮੈਂ ਤਾਂ ਕੱਚੇ ਪਕੌੜੇ ਤਲ ਕੇ ਰੱਖੇ ਹੋਏ ਐ, ਏਦਾਂ ਦੀਆਂ ਗੱਲਾਂ ਭੂਮਿਕਾ ਵਿਚ ਕਰ ਦਿੰਦੈ, ਪਰ ਅਸਲ ਵਿਚ ਕੀ ਹੈਗੈ ਕਿ ਬਹੁਤ ਜਿਆਦਾ ਉਹ ਸੁਚੇਤਤਾ ਉਹਦੇ ਵਿਚ ਹੈਗੀ ਐ। ਉਹ ਮੈਨੂੰ ਥੋੜ੍ਹੀ ਜਿਹੀ ਇਸ ਕਰਕੇ ਸਮੱਸਿਆ ਬਣਦੀ ਜਾਪਦੀਐ ਕਿ ਇਹ ਸੁਚੇਤਤਾ ਕੀਹਦੇ ਪੱਖ ਵਿਚ ਐ ? ਜਾਂ ਜਿਹੜੀ ਉਹ ਸੁਚੇਤਤਾ ਐ ਉਹ ਕਿਸ ਦਿਸ਼ਾ ਵੱਲ ਲੈ ਕੇ ਜਾਂਦੀ ਐ ? ਉਸ ਚ ਮੈਨੂੰ ਥੋੜ੍ਹੀ ਜਿਹੀ ਇਸ ਗੱਲ ਨਾਲ ਸਹਿਮਤੀ ਲੱਗੀ, ਜਿਵੇਂ ਥਿੰਦ ਨੇ ਆਪਣੇ ਪਰਚੇ ਦੇ ਵਿਚ ਬੜਾ ਵਿਸਥਾਰ ਨਾਲ ਦੱਸਿਐ, ਕਿ ਕਿਵੇਂ ਜਿਹੜਾ ਸਾਡਾ ਸਮਾਜਕ ਯਥਾਰਥ ਬਦਲ ਗਿਐ, ਉਸ ਸਮਾਜਕ ਯਥਾਰਥ ਦੇ ਵਿਚ ਜਿਹੜੀ ਵੱਡੀ ਗੱਲ ਹੋਈਵੀ ਐ ਕਿ ਬੰਦਾ ਖਪਤ ਸਭਿਆਚਾਰ ਦੇ ਵਿਚ ਫਸਦਾ ਹੈਗੈ। ਉਹਨੂੰ ਕਾਰਪੋਰੇਟ ਜਗਤ ਫਸਾ ਲੈਂਦੈ ਤਾਂ ਬੰਦੇ ਨਾਲ ਹਮਦਰਦੀ ਜਾਗਦੀ ਹੈਗੀ ਐ। ਕੀ ਬੰਦਾ ਕੁਝ ਵੀ ਨਹੀਂ ਕਰ ਸਕਦਾ ? ਜਿਹੜਾ ਚਿੱਤਰ ਬਹੁਤੀਆਂ ਕਹਾਣੀਆਂ 'ਚ ਉਭਰਦੈ ਕਿ ਚਾਹੇ ਉਹ 'ਅਰਧ ਕੁੰਭ' ਦੇ ਵਿਚ ਹੋਵੇ ਚਾਹੇ ਉਹ 'ਆਈਸਕ੍ਰੀਮ' ਦੇ ਵਿਚ ਹੋਵੇ ਉਹ ਏਦੈਂ ਕਿ ਬੰਦਾ ਇਕ ਔਰਤ ਪਿੱਛੇ ਲ਼ਾਲ਼ਾਂ ਜੀਆਂ ਸਿੱਟਦਾ ਦਿਸਦੈ। ਕੀ ਕਾਮਨਾ ਦਾ ਜਿਹੜਾ ਏਹ ਰੂਪ ਹੈਗੈ, ਏਸ ਨੂੰ ਏਸ ਪੱਧਰ ਤੇ ਪਹੁੰਚਾ ਦੇਣਾ ਕਿ ਓਸ ਪਾਤਰ ਦੇ ਪ੍ਰਤੀ ਸੁਚੇਤ ਹੋ ਕੇ ਹਮਦਰਦੀ ਪੈਦਾ ਕਰਨੀ, ਕੀ ਇਹ ਤਾਂ ਨਈਂ ਕਿ ਇਹ ਵੀ ਇਕ ਵਿਚਾਰਧਾਰਾ ਹੈਗੀ ? ਤੇ ਏਸ ਤਰ੍ਹਾਂ ਲਗਦੈ ਕਿ ਪੰਜਾਬ ਦੀ ਜਿਹੜੀ ਏਸ ਵੇਲੇ ਖਾਊ-ਪੀਊ ਮੱਧ-ਸ਼੍ਰੇਣੀ ਹੈਗੀਆ, ਓਸ ਦਾ ਜਿਹੜਾ ਖੁਦ ਦਾ ਵਿਅਕਤੀਗਤ ਚਰਿੱਤਰ ਹੈਗਾ ਉਹ ਅਜਿਹੀਆਂ ਇੱਛਾਵਾਂ ਨੂੰ, ਅਜਿਹੀਆਂ ਕਾਰਵਾਈਆਂ ਨੂੰ, ਖੁਦ ਜਾਇਜ਼ਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਵਿਚ ਐ। ਤੇ ਇਹ ਜਿਹੜੀਆਂ ਕਹਾਣੀਆਂ ਨੇ ਉਹ ਏਹਨੂੰ ਜਾਇਜ਼ਤਾ ਪ੍ਰਦਾਨ ਕਰ ਰਹੀਆਂ ਹੈਗੀਆਂ। ਏਹ ਜਿਹੜੀ ਜਾਇਜ਼ਤਾ ਪ੍ਰਦਾਨ ਕਰ

ਰਹੀਐਂ ਕਿਤੇ ਕਿਤੇ ਏਦਾਂ ਵੀ ਲਗਦੈ ਕਿ ਜਿਵੇਂ ਫਿਲਮਾਂ ਵਾਲੇ ਵੀ ਕਰਦੇ ਐ। ਫਿਲਮਾਂ ਦੇ ਤੁਰੇ ਤੁਰੇ ਜਾਂਦੇ ਸੀਨ ਹੁੰਦੇ ਐ, ਪਰ ਉਨ੍ਹਾਂ ਸੀਨਾਂ ਦੇ ਵਿਚ ਕੀ ਹੁੰਦੈ ਕਿ ਕਿਤੇ ਇਕ ਵਿਅਕਤੀ ਐ, ਉਹ ਜਿਥੇ ਖੜਾ ਹੁੰਦੈ ਉਹਦੇ ਪਿੱਛੇ ਵੱਡਾ ਸਾਰਾ ਕੋਕਾ ਕੋਲਾ ਦਾ ਬੋਰਡ ਲੱਗਿਆ ਹੁੰਦੈ, ਪਹਿਲਾਂ ਇਹ ਗੱਲ ਲੁਕਵੇਂ-ਛੁਪਵੇਂ ਰੂਪ 'ਚ ਸੀ ਪਰ ਹੁਣ ਫਿਲਮਾਂ ਵਾਲੇ ਡਾਇਰੈਕਟਰ ਇਹ ਮੰਨਣ ਲੱਗ ਪਏ ਕਿ ਅਸੀਂ ਉਨ੍ਹਾਂ ਕੰਪਨੀਆਂ ਤੋਂ ਪੈਸੇ ਲੈਨੇ ਐਂ, ਉਨ੍ਹਾਂ ਕੰਪਨੀਆਂ ਦੀ ਮਸ਼ਹੂਰੀ ਕਰਨ ਖਾਤਰ ਜਦੋਂ ਅਸੀਂ ਪਾਤਰ ਨੂੰ ਖੜ੍ਹਾਉਣੈ, ਉਹਦੇ ਪਿੱਛੇ ਕੋਕਾ ਕੋਲਾ ਦਾ ਬੋਰਡ ਲਾ ਦਿੰਨੇ ਆਂ। ਤੇ ਮੈਨੂੰ ਲਗਦਾ ਸੀ ਕਿ ਜਿਹੜੇ ਪੰਜਾਬੀ ਦੇ ਕਹਾਣੀਕਾਰ ਤੇ ਪੰਜਾਬੀ ਦੇ ਲੇਖਕ ਐ ਉਹ ਅਜਿਹਾ ਨਹੀਂ ਕਰਦੇ, ਘੱਟੋ ਘੱਟ ਸੁਚੇਤ ਤੌਰ ਤੇ ਪੈਸੇ ਨਹੀਂ ਲੈਂਦੇ ਪਰ ਅਚੇਤ ਤੌਰ ਤੇ ਮੈਨੂੰ ਏਦਾਂ ਲੱਗਿਆ ਕਿ ਜਿਵੇਂ ਕਹਾਣੀ 'ਅਰਧ ਕੁੰਭ' 'ਚ ਔਰਬਿਟ ਬੱਸ ਦੀ ਮਸ਼ਹੂਰੀ ਹੁੰਦੀ ਹੈਗੀਐ, ਕੁਛ ਏਸ ਕਿਸਮ ਦਾ ਚਿੱਤਰ ਉਸ ਵਿਚ ਉਭਰਦੈ ਹੈਗੈ। ਹੋ ਸਕਦੈ ਜਿਹੜੀਆਂ ਮਨੁੱਖ ਦੀਆਂ ਲਾਲਸਾਵਾਂ ਜਾਂ ਜਿਹੜੀ ਤਬਦੀਲੀ ਪੰਜਾਬ ਦੇ ਵਿਚ ਆ ਰਹੀ ਐ, ਪ੍ਰਾਈਵੇਟ ਸੈਕਟਰ ਦਾ ਜਿਹੜਾ ਹਾਵੀ ਹੋ ਜਾਣਾ ਹੈ ਉਹਨੂੰ ਕਹਾਣੀ ਰਾਹੀਂ ਦਰਸਾਉਣਾ ਹੋਵੇ। ਪਰ ਲਗਦਾ ਕੁਝ ਕੁਝ ਇਉਂ ਸੀ ਕਿ ਜਿਵੇਂ ਉਹਦੀ ਮਸ਼ਹੂਰੀ ਹੋ ਰਹੀ ਐ ਕਿ ਰੋਡਵੇਜ ਦੀਆਂ ਬੱਸਾਂ ਤਾਂ ਪੈਂਚਰ ਈ ਰਹਿਣੀਐਂ, ਔਰਬਿਟ ਦਾ ਮਤਲਬ ਕਿ ਰਾਹ ਵਿਚ ਮੋਬਾਇਲ ਹੋਣਗੇ। ਔਰਬਿਟ ਵਾਲੇ ਦੂਸਰੀਆਂ ਬੱਸਾਂ ਵਾਲਿਆਂ ਨੂੰ ਕਿਵੇਂ ਕੁੱਟਦੇ ਨੇ, ਉਹ ਦ੍ਰਿਸ਼ ਚਿੱਤਰ ਇਹਨੂੰ ਕਿਤੇ ਨ੍ਹੀ ਦਿਖੇ ਸਾਡੇ ਕਹਾਣੀਕਾਰ ਵੀਰ ਨੂੰ। ਤੇ ਉਹ ਮੈਨੂੰ ਲੱਗਿਆ ਕਿ ਇਕ ਤਰ੍ਹਾਂ ਦਾ ਵਿਸ਼ੇਸ਼ ਕਿਸਮ ਦਾ ਜਿਹੜਾ ਮੋਹ ਹੈਗਾ ਵਿਸ਼ੇਸ਼ ਯਥਾਰਥ ਨਾਲ ਉਹ ਦਰਸਾਇਆ ਜਾਂਦੈ। ਏਥੇ ਮੈਨੂੰ ਏਸ ਤਰ੍ਹਾਂ ਲੱਗਿਆ ਕਿ ਕਹਾਣੀਕਾਰ ਲਈ ਜਰੂਰੀ ਨਈਂ ਕਿ ਜਿਹੜੀਆਂ ਘਟਨਾਵਾਂ ਵਾਪਰੀਆਂ ਹੋਣ ਉਹ ਘਟਨਾਵਾਂ ਨੂੰ ਓਵੇਂ ਈ ਦੱਸੇ। ਬਹੁਤ ਕੁਛ ਉਹਦੇ ਵਿਚ ਉਹਨੇ ਆਪਣੇ ਵੱਲੋਂ ਪਾਉਣਾ ਹੁੰਦੈ। ਕਹਾਣੀ ਦੇ ਵਿਚ ਜਿਹੜੀਆਂ ਉਹ ਸੰਭਾਵਨਾਵਾਂ ਪਈਐਂ ਉਹਨਾਂ ਸੰਭਾਵਨਾਵਾਂ ਨੂੰ ਮੋੜਾ ਕਿਸ ਪਾਸੇ ਵੱਲ ਦੇਣੈਂ ? ਮੈਨੂੰ ਲਗਦੈ ਕਿ ਜਦੋਂ ਕਹਾਣੀ ਨੂੰ ਵਿਸਤਾਰਦੈ ਤੇ ਜਦੋਂ ਕਹਾਣੀ ਨੂੰ ਜੋੜਦੈ, ਜਦੋਂ ਕਹਾਣੀ ਨੂੰ ਬਲਦੇਵ ਨੇ ਕਿਸੇ ਸਿੱਟੇ ਤੇ ਪਹੁੰਚਾਉਣਾ ਹੋਵੇ ਤਾਂ ਉਹ ਸਿੱਟੇ ਤੇ ਏਸ ਢੰਗ ਨਾਲ ਪਹੁੰਚਾਉਂਦੈ ਕਿ ਜਿਹੜਾ ਬੰਦੇ ਨੂੰ ਨਿਸ਼ਕਿਰਿਆ ਕਰਦੈ, ਸੰਘਰਸ਼ ਤੋਂ ਉਹਨੂੰ ਭਜਾਉਂਦੈ, ਹਮਦਰਦੀ ਅਜਿਹੇ ਪਾਤਰ ਨਾਲ ਜੋੜਦੈ ਕਿ ਜਿਹੜਾ ਸਸਤੀਆਂ ਤੇ ਤੁਰੰਤ ਅਸਰ ਕਰਨ ਵਾਲੀਆਂ ਸਕੀਮਾਂ ਪਿੱਛੇ ਲੱਗਣ ਵਾਲਾ ਹੁੰਦੈ। ਇਉਂ ਮੈਨੂੰ ਲਗਦੈ ਏਹਨੂੰ ਅਸੀਂ ਦੋਸਤੀ ਦੀ ਭਾਵਨਾ 'ਚੋਂ ਜਾਂ ਆਪਣੇ ਆਪ ਕਿਉਂਕਿ ਅਸੀਂ ਖ਼ੁਦ ਉਸੇ ਖਾਊ-ਪੀਊ ਮੱਧਵਰਗ ਦੇ ਮੈਂਬਰ ਆਂ, ਓਸ ਨੂੰ ਬਰੀ ਕਰਨ ਖਾਤਰ, ਭਾਵਾਂ ਅਸੀਂ ਕਹਿ ਦੀਏ ਕਿ ਉਹ ਅਜੋਕੇ ਮਨੁੱਖ ਦਾ ਅੰਦਰਲਾ ਆਪਾ ਦਿਖਾਉਂਦੈ, ਪਰ ਏਦਾਂ ਲਗਦੈ ਕਿ ਜਿਵੇਂ ਉਹਨੂੰ ਜਾਇਜ਼ਤਾ ਪ੍ਰਦਾਨ ਕੀਤੀ ਜਾ ਰਹੀ ਹੁੰਦੀ ਐ। ਮੈਨੂੰ ਲਗਦੈ ਕਿ ਇਹ ਸੋਚਣ ਦਾ ਵਿਸ਼ੈ। ਧੰਨਵਾਦ !

**ਪ੍ਰੋ. ਸੁਰਜੀਤ ਸਿੰਘ** : ਇਕ ਦੋ ਗੱਲਾਂ ਜਿਹੜੀਆਂ ਮੇਰੇ ਮਨ 'ਚ ਨੇ, ਇਨ੍ਹਾਂ ਕਹਾਣੀਆਂ ਨੂੰ ਸਮਝਣ ਦਾ ਮੇਰਾ ਆਪਣਾ ਜ਼ਾਵੀਆ ਹੈ ਉਸ ਤੋਂ ਕੁਛ ਗੱਲਾਂ ਕਰੂੰਗਾ।

ਟਾਈਟਲ ਜਿਹੜਾ ਹੈਗਾ 'ਆਪਣੇ ਆਪਣੇ ਕਾਰਗਿਲ' ਜਿਸਨੂੰ ਅਸੀਂ ਆਪਣੇ ਆਪਣੇ ਯੁੱਧ ਦੇ ਅਰਥਾਂ ਦੇ ਵਿਚ ਲਿਆ ਹੈ, ਫੇਰ ਇਹਦਾ ਲੇਖ ਸਿਰਲੇਖ ਆਪਣੇ ਆਪਣੇ ਯੁੱਧ ਬਲਦੇਵ ਧਾਲੀਵਾਲ ਨੇ ਕਿਉਂ ਨ੍ਹੀ ਰੱਖਿਆ ? ਜਾਂ ਯੁੱਧ ਤੋਂ ਬਿਨਾਂ ਕਾਰਗਿਲ ਨਾਲ ਲੱਗੇ ਸ਼ਬਦਾਂ ਆਪਣੇ ਆਪਣੇ ਦੇ ਵੱਖਰੇ ਅਰਥ ਬਣਦੇ ਨੇ ਕਿ ਨਹੀਂ ਬਣਦੇ ? ਤਾਂ ਸਾਨੂੰ ਜਾਣਨਾ ਪਊਗਾ ਓਸ ਕਾਰਗਿਲ ਦੇ ਬਾਰੇ ਵਿਚ ਜਿਹੜਾ ਸੱਚੀਂ-ਮੁੱਚੀਂ ਵਾਪਰਿਆ ਸੀ, ਜਿਸ ਬਾਰੇ ਸੋਚਵਾਨਾਂ ਦੀ ਸਮਝ ਇਹ ਬਣੀ ਸੀ ਕਿ ਇਕ ਤਰ੍ਹਾਂ ਦਾ ਇਹ ਇੰਮਪਰੋਵਾਈਜ਼ਡ ਯੁੱਧ ਸੀਗਾ। ਵਾਸਤਵ ਦੇ ਵਿਚ ਜਿਹੜਾ ਯੁੱਧ ਦਾ ਬਣਿਆ ਹੋਇਆ ਅਕਸ ਸਾਡੇ ਮਨਾਂ ਦੇ ਵਿਚ ਹੈ ਜਾਂ ਰਾਸ਼ਟਰਵਾਦੀ ਕਿਸਮ ਦੇ ਲੋਕਾਂ ਦੇ ਵਿਚ ਹੁੰਦੈ ਜਾਂ ਕਹੀਏ ਕਿ ਮੇਰੇ ਤੋਂ ਪੁਰਾਣੀਆਂ ਤੇ ਮੇਰੇ ਤੱਕ ਦੀ ਜਿਹੜੀ ਪੀੜ੍ਹੀ ਐ ਓਸ ਦੇ ਮਨਾਂ ਦੇ ਵਿਚ ਇਹ ਬਣਦੈ ਕਿ ਸਾਡੇ ਰਾਸ਼ਟਰ ਦੀਆਂ ਹੱਦਾਂ ਨੂੰ ਖਤਰੈ ਤੇ ਉਹਨਾਂ ਦੀ ਰੱਖਿਆ ਵਾਸਤੇ ਕੋਈ ਰਾਸ਼ਟਰ ਲੜਾਈ ਲੜ ਰਿਹਾ ਹੁੰਦੈ, ਉਹ ਯੁੱਧ ਹੁੰਦੈ। ਪਰ ਜਦੋਂ ਯੁੱਧ ਦੀ ਇਮਪਰੋਵਾਈਜੇਸ਼ਨ ਹੋਣੀ ਸ਼ੁਰੂ ਹੋ ਜਾਂਦੀ ਐ, ਯੁੱਧ ਦੀ ਘਾੜਤ ਹੋਣੀ ਸ਼ੁਰੂ ਹੋ ਜਾਂਦੀ ਐ, ਤਾਂ ਉਹ ਚੀਜ਼ ਬਿਲਕੁਲ ਈ ਵੱਖਰੇ ਤਰ੍ਹਾਂ ਦੀ ਬਣ ਜਾਂਦੀ ਐ। ਜਦੋਂ ਕਿ ਸਾਨੂੰ ਇਸ ਗੱਲ ਦਾ ਲੱਗਭਗ ਸਾਰੇ ਲੋਕਾਂ ਨੂੰ ਪਤਾ ਹੋਊਗਾ ਕਿ ਕਿੰਨਾਂ ਸਥਿਤੀਆਂ ਦੇ ਵਿਚ



ਕਾਰਗਿਲ ਵਾਪਰਿਆ ਤੇ ਉਹਦੀ ਪੂਰੀ ਰਾਜਸੀ ਆਰਥਿਕਤਾ ਕੀ ਸੀ, ਇਹਦੇ ਬਾਰੇ ਬਹੁਤ ਸਾਰੇ ਤੱਥ ਹੁਣ ਤੱਕ ਬਾਹਰ ਆ ਚੁੱਕੇ ਨੇ ਕਿ ਕਿਵੇਂ ਸਟੇਟ ਬਹੁਤ ਸਾਰੇ ਬੁਨਿਆਦੀ ਮੁੱਦਿਆਂ ਨੂੰ ਦਰਕਿਨਾਰ ਕਰਨ ਦੇ ਵਾਸਤੇ ਇਕ ਯੁੱਧ ਕਰੀਏਟ ਕਰਦੀ ਐ ਤੇ ਓਸ ਯੁੱਧ ਦੇ ਰਾਹੀਂ ਲੋਕਾਂ ਨੂੰ ਝੁਠਲਾਉਂਦੀ ਐ। ਓਸ ਸਿਲਸਿਲੇ ਦੇ ਵਿਚ ਉਸ ਨੂੰ ਇਕ ਬੁਨਿਆਦੀ ਮੁੱਦਾ ਬਣਾ ਦਿੰਦੀ ਐ ਕਿ ਤੁਸੀਂ ਬਾਕੀ ਗੱਲਾਂ ਛੱਡੋ, ਜਿਹੜਾ ਕਾਰਗਿਲ ਦਾ ਯੁੱਧ ਲੜਿਆ ਜਾ ਰਿਹੈ ਉਹਦੇ ਬਾਰੇ ਸੋਚੋ, ਕਿਉਂਕਿ ਅੰਤਰਰਾਸ਼ਟਰੀ ਪੱਧਰ ਦੇ ਉਪਰ ਥੋਡੀ ਹੋਂਦ ਤੇ ਹੋਣੀ ਦਾ ਸਭ ਤੋਂ ਕੇਂਦਰੀ ਤੇ ਬੁਨਿਆਦੀ ਮਸਲਾ ਉਹ ਯੁੱਧ ਐ। ਤਾਂ ਮੈਨੂੰ ਲਗਦਾ ਬਈ ਵਾਕੰਸ਼ ਆਪਣੇ ਆਪਣੇ ਕਾਰਗਿਲ ਨੂੰ ਇਕ ਇੰਮਪਰੋਵਾਈਜ਼ਡ ਯੁੱਧ ਦੇ ਅਰਥਾਂ ਵਿਚ ਲੈਣਾ ਚਾਹੀਦਾ ਹੈ ਕਿਉਂਕਿ ਏਹਤੋਂ ਬਚ ਨ੍ਹੀ ਸਕਦੇ, ਨਹੀਂ ਤਾਂ ਬਲਦੇਵ ਇਹਨੂੰ ਕਾਰਗਿਲ ਦੀ ਥਾਂ ਯੁੱਧ ਸ਼ਬਦ ਹੀ ਵਰਤਦਾ। ਕਾਰਗਿਲ ਸ਼ਬਦ ਵਰਤਿਆ ਹੈ ਤਾਂ ਲਾਜ਼ਮੀ ਤੌਰ ਤੇ ਇਸ ਨੂੰ ਇਨ੍ਹਾਂ ਅਰਥਾਂ 'ਚ ਲਿਆ ਜਾ ਸਕਦਾ ਹੈ। ਹੁਣ ਏਹ ਇੰਮਪਰੋਵਾਈਜ਼ਡ ਯੁੱਧ ਕਿਹੜੇ ਨੇ ? ਇਸ ਵੱਲ ਰਜਿੰਦਰਪਾਲ ਹੋਰਾਂ ਇਸ਼ਾਰਾ ਕੀਤਾ ਕਿ ਜਿਹੜੀ ਮੱਧ-ਸ਼੍ਰੇਣੀ ਆਂ ਉਹ, ਉਹਦਾ ਕੁਛ ਆਪਣਾ ਕਿਰਦਾਰ ਐ, ਓਸ ਕਿਰਦਾਰ ਦੇ ਸਾਰੇ ਈ ਅਸੀਂ ਥੋੜ੍ਹੇ-ਬਹੁਤੇ ਮਾਲਕ ਆਂ, ਪਰ ਅਸੀਂ ਆਪਣੇ ਆਪ ਨੂੰ ਵੱਖਰਾ ਏਸ ਕਰਕੇ ਸਮਝ ਲੈਨੇ ਆਂ ਕਿਉਂਕਿ ਅਸੀਂ ਓਸ ਕਿਰਦਾਰ ਦੇ ਉਪਰ ਆਪ ਈ ਸਵਾਲ ਕਰ ਲੈਨੇ ਆਂ ਅਤੇ ਓਸ ਕਿਰਦਾਰ ਦੇ ਬਹੁਤ ਸਾਰੇ ਪਹਿਲੂਆਂ ਨੂੰ ਆਪ ਈ ਰੱਦ ਕਰਦੇ ਆਂ। ਕੋਸ਼ਿਸ਼ ਕਰਦੇ ਆਂ ਕਿ ਉਨ੍ਹਾਂ ਚੀਜ਼ਾਂ ਤੋਂ ਉਪਰ ਉਠ ਕੇ, ਜੀਹਨੂੰ ਅਸੀਂ ਮਾਰਕਸਵਾਦੀ ਸ਼ਬਦਾਵਲੀ ਵਿਚ ਡੀ-ਕਲਾਸ ਹੋਣਾ ਕਹਿੰਦੇ ਰਹੇ ਆਂ, ਓਸ ਤਰ੍ਹਾਂ ਦੀ ਕਿਸੇ ਅਵਸਥਾ ਨੂੰ ਪ੍ਰਾਪਤ ਕਰ ਸਕੀਏ। ਪਰ ਏਹ ਸਾਰਾ ਕੁਛ ਹੋਣ ਦੇ ਬਾਵਜੂਦ ਜਿਹੜੀ ਸਾਡੀ ਆਪਣੀ ਜਮਾਤੀ ਪੁਜ਼ੀਸ਼ਨ ਐ, ਜਮਾਤੀ ਸਥਿਤੀ ਐ, ਜਮਾਤੀ ਜੜ੍ਹਾਂ ਨੇ, ਉਨ੍ਹਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਉਹ ਮੱਧਵਰਗ ਓਹੀ ਕਲਾਸ ਐ ਜਿਸਦੇ ਕੋਲ ਅੱਜ ਦੇ ਦਿਨ ਸਮੁੱਚੇ ਸਾਹਿਤਕ ਜਗਤ ਦੇ ਵਿਚ ਕੇਂਦਰੀ ਸੱਤਾ ਐ। ਸਾਡੀ ਸਾਰੀ ਅਕੈਡੈਮਿਕ ਇਸ ਕੋਲ ਹੈ। ਜੇ ਥੋੜ੍ਹੇ-ਬਹੁਤ ਇਸ ਤੋਂ ਥੱਲੜੀਆਂ ਜਮਾਤਾਂ ਦੇ ਵੀ ਸਾਹਿਤਕਾਰ ਹੋਣਗੇ ਤਾਂ ਉਨ੍ਹਾਂ ਨੂੰ ਉਠਣ ਕੌਣ ਦਿੰਦੈ ਤੇ ਉਨ੍ਹਾਂ ਦੀਆਂ ਕਿਤਾਬਾਂ ਬਾਰੇ ਗੋਸ਼ਟੀਆਂ ਵੀ ਨ੍ਹੀ ਹੁੰਦੀਆਂ। ਇਹ ਸਾਨੂੰ ਸਭ ਨੂੰ ਪਤੈ, ਅਸੀਂ ਆਪ ਈ ਨ੍ਹੀ ਕਰਦੇ। ਅਸੀਂ ਉਨ੍ਹਾਂ ਦੀ ਗੱਲ ਵੀ ਨ੍ਹੀ ਕਰਦੇ। ਸ਼ਾਇਦ ਸਾਡੇ ਜਿਹੜੇ ਮਿਆਰ ਨੇ ਸਾਹਿਤਕਤਾ ਦੇ ਉਨ੍ਹਾਂ ਦੇ ਮੁਤਾਬਕ ਵੀ ਅਸੀਂ ਉਨ੍ਹਾਂ ਨੂੰ ਓਸ ਪੱਧਰ ਦਾ ਨਹੀਂ ਮੰਨਦੇ। ਤੇ ਜ਼ਾਹਿਰ ਐ ਕਿ ਬਲਦੇਵ ਜਿਹੜਾ ਹੈਗਾ ਉਹ ਉਸ ਜਮਾਤ ਦਾ ਪ੍ਰਤੀਨਿਧ ਵੀ ਹੋਊਗਾ, ਪਰ ਕੀ ਓਸ ਨੂੰ ਸਿਰਫ ਇਸ ਵਜ੍ਹਾ ਕਰਕੇ ਰੱਦ ਕਰ ਦੇਈਏ ? ਉਹਦੇ ਕੋਲ ਰਸਤੇ ਕੀ ਨੇ। ਇਹ ਜਮਾਤ ਕੀ ਕੀ ਕਰ ਸਕਦੀ ਐ, ਇਹ ਡੀ-ਕਲਾਸ ਹੋਣ ਵੱਲ ਨੂੰ ਕਿੰਨਾ ਕੁ ਜਾ ਸਕਦੀ ਐ ? ਜਾਂ ਜਿਵੇਂ ਰਜਿੰਦਰਪਾਲ ਨੇ ਕਿਹਾ ਸਚਿਆ ਕਿੰਨਾ ਕੁ ਸਕਦੀ ਐ ? ਓਸ ਦਾ ਇਉਂ ਸਚਿਆਉਣਾ ਦਾਰਸ਼ਨਿਕ ਤੌਰ ਤੇ ਅਤੇ ਰਾਜਨੀਤਕ ਤੌਰ ਤੇ ਕਿੰਨਾ ਕੁ ਸਾਰਥਕ ਐ ? ਇਹ ਸਵਾਲ ਖੜ੍ਹਾ ਹੋ ਜਾਂਦੈ, ਅਸੀਂ ਇਹ ਤਾਂ ਨਹੀਂ ਕਹਿ ਸਕਦੇ ਏਸ ਸਾਰੀ ਜਮਾਤ ਨੂੰ ਕੱਢਕੇ ਬਾਹਰ ਮਾਰੀਏ, ਕਿਉਂਕਿ ਜਿਹੜੀ ਹੁਣ ਤੱਕ ਦੀ ਸਮਝਦਾਰੀ ਐ ਕਿ ਹੁਣ ਤੱਕ ਜਿਹੜੀਆਂ ਲੜਾਈਆਂ ਲੜੀਆਂ ਨੇ ਜਾਂ ਘੱਟੋ ਘੱਟ ਆਧੁਨਿਕ ਯੁੱਗ ਦੇ ਵਿਚ ਏਸੇ ਈ ਕਲਾਸ ਨੇ ਪ੍ਰੋਗਰੈਸਿਵ ਰੋਲ ਅਦਾ ਕੀਤੈ। ਹੁਣ ਏਹ ਗੱਲ ਖੁਲ੍ਹਦੀ ਖੁਲ੍ਹਦੀ ਮੇਰੇ ਸਾਹਮਣੇ ਆ ਜਾਂਦੀ ਐ, ਗੱਲ ਹੈ ਓਸ ਕਹਾਣੀ ਦੀ ਜਿਹੜੀ ਬਲਦੇਵ ਦੀ ਕਹਾਣੀ ਦੀ ਪ੍ਰਸੰਸਾਂ ਹੋ ਰਹੀ ਐ, 'ਕੀੜੀਆਂ ਦੀ ਮੌਤ' ਕਹਾਣੀ ਦੇ ਅਖੀਰ ਵਾਲੇ ਫਿਕਰੇ ਨੂੰ ਵੇਖੋ, ਕਹਾਣੀ ਦਾ ਨਾਮ ਤਾਂ ਐ 'ਕੀੜੀਆਂ ਦੀ ਮੌਤ' ਪਰ ਕਹਾਣੀ ਖਤਮ ਹੁੰਦੀ ਐ ਵਾਕ ਦੀ ਮੌਤ ਤੇ। ਇਹ ਵਾਕ ਤੇ ਕੀੜੀਆਂ ਦੀ ਜਿਹੜੀ ਮਿਊਟੇਸ਼ਨ ਬਣਾਈ ਐ, ਇਹਦਾ ਕੀ ਅਰਥ ਬਣਦੈ ? ਕਹਾਣੀ ਵਿਚ ਖ਼ੂਬਸੂਰਤੀ ਵੀ ਇਹੀ ਐ ਕਿ ਕੋਈ ਇਕ ਅਰਥ ਦੇਣ ਦੀ ਬਜਾਏ ਕਈ ਸਾਰੇ ਅਰਥ ਕੀੜੀਆਂ ਦਿੰਦੀਆਂ ਨੇ। ਪਰੰਤੂ ਅਖੀਰ ਵਿਚ ਜਿਥੇ ਕਹਾਣੀ ਖਤਮ ਹੁੰਦੀ ਐ, ਉਥੇ ਲਗਦੈ ਕਿ ਸਮੂਹਿਕ ਸੰਘਰਸ਼ ਦੀਆਂ ਜਿਹੜੀਆਂ ਸੰਭਾਵਨਾਵਾਂ ਹੁਣ ਤੱਕ ਲਗਦੀਆਂ ਰਹੀਆਂ ਨੇ, ਉਨ੍ਹਾਂ ਦੀ ਮੌਤ ਹੋਈ ਐ। ਪਰ ਇਕ ਬਾਤ ਹੋਰ ਵੀ ਐ, ਜੇ ਆਪਾਂ ਕਵਿਤਾ ਦਾ ਥੋੜ੍ਹਾ ਜਿਹਾ ਹਵਾਲਾ ਲੈ ਲਈਏ, ਦੋ ਤਰ੍ਹਾਂ ਦੇ ਹਵਾਲੇ ਮਿਲਦੇ ਨੇ, ਇਕ ਤਾਂ ਸੁਰਜੀਤ ਪਾਤਰ ਦੀ ਕਵਿਤਾ ਦਾ ਹਵਾਲਾ ਐ ਕਿ ਭਟਕਦੇ ਅੱਖਰੋ ਆਓ ਕਿ ਸ਼ਬਦ ਬਣੋ, ਸ਼ਬਦੋਂ ਵਾਕ ਬਣੋ, ਵਾਕੋਂ ਬਿਨਾਂ ਗੁਜ਼ਾਰਾ ਨਹੀਂ। ਇਸ ਤਰ੍ਹਾਂ ਮੇਰਾ ਕਹਿਣਾ ਇਹ ਐ ਕਿ ਸਮੂਹਿਕਤਾ ਇਹ ਐ, ਕਿ ਸਮੂਹਿਕਤਾ ਤੋਂ ਬਿਨਾਂ ਜਿਸ ਤਰ੍ਹਾਂ ਦਾ ਅਸੀਂ

ਸਮਾਜ ਲੈ ਕੇ ਆਉਣਾ ਚਾਹੁੰਨੇ ਆਂ ਓਸ ਦੀ ਸਿਰਜਣਾ ਨਹੀਂ ਹੋ ਸਕਦੀ। ਪਰ ਵਾਕ ਦਾ ਇਕ ਰੈਫਰੈਂਸ ਜਸਵੰਤ ਦੀਦ ਦੀ ਕਵਿਤਾ ਦੇ ਵਿਚ ਮਿਲਦੈ, ਜਿਹਦੇ ਵਿਚ ਉਹ ਕਹਿੰਦੈ ਕਿ ਮੈਂ ਇਕ ਅਜਿਹਾ ਸ਼ਬਦ ਆਂ ਕਿ ਵਾਕ ਦੇ ਵਿਚ ਮੇਰਾ ਦਮ ਘੁੱਟ ਰਿਹੈ। ਵਾਕ ਦੇ ਵਿਚ ਉਹਦਾ ਦਮ ਘੁੱਟ ਰਿਹੈ ਤੇ ਉਹ ਉਸਤੋਂ ਮੁਕਤ ਹੋਣਾ ਚਾਹੁੰਦੈ ਪਰ ਇਹ ਪਤੈ ਕਿ ਮੁਕਤ ਹੋ ਕੇ ਉਸਦੀ ਹੋਂਦ ਵੀ ਕੋਈ ਨ੍ਹੀ ਐ। ਹੁਣ ਇਹ ਕਿਹੜਾ ਵਾਕ ਐ ? ਇਕ ਵਾਕ ਐ ਸਾਂਝ ਦਾ ਜਿਸਦੇ ਵਿਚ ਸੰਗਠਿਤ ਹੋਣਾ ਜ਼ਰੂਰੀ ਐ, ਇਕ ਵਾਕ ਐ ਜਿਸ ਦੇ ਸੰਗਠਨ ਦੇ ਦਰਮਿਆਨ ਬੰਦੇ ਦਾ ਸਾਹ ਘੁਟਦੈ ਤੇ ਗੁਲਾਮੀ ਮਹਿਸੂਸ ਹੁੰਦੀ ਐ। ਮੈਨੂੰ ਲਗਦੈ ਕਿ ਇਹ ਦੋ ਤਰ੍ਹਾਂ ਦੇ ਵਾਕ ਦੀਆਂ ਕੋਨੋਟੇਸ਼ਨਜ਼ ਇਹਨਾਂ ਕਹਾਣੀਆਂ ਦੇ ਵਿਚ ਵੀ ਮੌਜੂਦ ਨੇ। ਇਕ ਤਾਂ ਜਿਹੜੀਆਂ ਸਮੂਹਿਕ ਸੰਘਰਸ਼ ਦੇ ਉਪਰ ਸਵਾਲ ਖੜ੍ਹੇ ਕਰਦੀਆਂ ਨੇ ਕਿ ਉਹ ਕਿੰਨਾ ਤੇ ਕਿਸ ਦਿਸ਼ਾ ਦੇ ਵਿਚ ਜਾ ਰਿਹੈ, ਦੂਜਾ ਜਿਸ ਚੀਜ਼ ਨੂੰ ਅਸੀਂ ਅਕਸਰ ਭੁੱਲ ਜਾਨੇ ਆਂ, ਜਾਂ ਕਈ ਵਾਰ ਪ੍ਰੋਗਰੈਸਿਵ ਹੋਣ ਦੇ ਓਸ ਸਿਲਸਿਲੇ ਨੂੰ ਸਿਖਰ ਤੱਕ ਲੈ ਕੇ ਜਾਣ ਲਈ ਇਹ ਭੁੱਲ ਜਾਨੇ ਆਂ ਕਿ ਜਿਹੜੀ ਕਲਚਰ ਦੀ ਆਪਣੀ ਸੱਤਾ ਹੈਗੀ ਐ, ਓਸ ਨੂੰ ਅਸੀਂ ਕਹਿੰਨੇ ਐਂ ਕਿ ਇਹ ਤਾਂ ਠੀਕ ਐ ਐਵੇਂ ਈ ਰਹਿਣ ਦਿਓ, ਸਿਰਫ ਰਾਜਨੀਤੀ ਬਦਲ ਜਾਵੇ, ਆਰਥਿਕ ਪ੍ਰਬੰਧ ਬਦਲ ਜਾਵੇ, ਹੋਰ ਸਭ ਕੁਝ ਬਦਲ ਜਾਵੇ, ਪਰ ਸਾਡੇ ਰਿਸ਼ਤੇ-ਨਾਤੇ, ਸਾਡਾ ਕਲਚਰ, ਵਿਰਾਸਤ ਦੇ ਵਿਚ ਜੋ ਕੁਛ ਸਾਨੂੰ ਪ੍ਰਾਪਤ ਹੋਇਆ, ਉਹ ਨਾ ਬਦਲੇ। ਉਹਦੇ ਵਿਚ ਕੋਈ ਤੋੜ-ਭੰਨ ਨਾ ਹੋਵੇ, ਨੈਤਿਕਤਾ ਵੀ ਸਾਡੀ ਪੁਰਾਣੀ ਹੀ ਰਹੇ। ਹੁਣ ਤੱਕ ਸਾਨੂੰ ਇਹਨਾਂ ਵਿਚਾਰਾਂ ਨਾਲ ਜੂਝਦਿਆਂ ਹੋਇਆਂ ਇਹ ਗੱਲ ਸਮਝ ਨ੍ਹੀ ਆਈ ਕਿ ਦੋਵੇਂ ਗੱਲਾਂ ਕਿਵੇਂ ਵਾਪਰ ਸਕਦੀਆਂ ਨੇ। ਕਿ ਸਾਡੀ ਵਿਰਾਸਤ ਤਾਂ ਉਹੀ ਰਹੂਗੀ, ਨੈਤਿਕ ਪੈਮਾਨੇ ਵੀ ਉਹੀ ਰਹਿਣਗੇ, ਰਿਸ਼ਤੇ-ਨਾਤੇ ਵੀ ਉਹੀ ਰਹਿਣਗੇ, ਪਰ ਊਂ ਕ੍ਰਾਂਤੀ ਹੋ-ਜੂਗੀ, ਊਂ ਇਨਕਲਾਬ ਆਜੂਗਾ, ਮੈਨੂੰ ਇਹ ਗੱਲ ਘੱਟੋ ਘੱਟ ਸਮਝ ਨ੍ਹੀ ਆਉਂਦੀ। ਮੈਨੂੰ ਲਗਦੈ ਕਿ ਓਦੋਂ ਇਹਦੇ ਵਿਚ ਵੀ ਓਵੇਂ ਈ ਟੁੱਟ-ਭੱਜ ਵਾਪਰੂਗੀ। ਜਦੋਂ ਰਾਜਸੀ ਤੌਰ ਤੇ ਅਸੀਂ ਕਲਪਨਾ ਕਰਦੇ ਆਂ ਤਾਂ ਸਾਨੂੰ ਪਤਾ ਹੁੰਦੈ ਕਿ ਉਹ ਚੀਜਾਂ ਕਰੀਏਟ ਨਹੀਂ ਹੋਈਆਂ ਹੋਈਆਂ ਪਰ ਜਦੋਂ ਅਸੀਂ ਲਿਖ ਰਹੇ ਹੁੰਨੇ ਆਂ, ਜਦੋਂ ਸੋਚ ਰਹੇ ਹੁੰਨੇ ਆਂ, ਜਦੋਂ ਲੜ ਵੀ ਰਹੇ ਹੁੰਨੇ ਆਂ, ਅਸੀਂ ਆਪਣੇ ਤਰੀਕੇ ਨਾਲ ਇਕ ਕਾਲਪਨਿਕ ਸੰਸਾਰ ਕਰੀਏਟ ਕਰ ਲੈਨੇ ਆਂ ਕਿ ਆਹ ਸਾਡਾ ਇਕ ਆਰਥਿਕ ਸਿਸਟਮ ਹੋਊਗਾ, ਆਹ ਸਾਡਾ ਰਾਜਨੀਤਕ ਸਿਸਟਮ ਹੋਊਗਾ, ਓਸ ਕਲਪਨਾ ਨੂੰ ਅਸੀਂ ਸੱਚ ਸਮਝ ਕੇ ਜਿਉਣ ਦੀ ਕੋਸ਼ਿਸ਼ ਕਰਦੇ ਆਂ, ਜਿਹੜਾ ਕਿ ਸਾਹਿਤਕਾਰਾਂ ਦਾ ਵੀ ਮੁੱਖ ਸੰਕਟ ਹੁੰਦੈ। ਮੈਨੂੰ ਇਸ ਤਰ੍ਹਾਂ ਦੀ ਕ੍ਰਾਂਤੀ ਦੀ ਸਮਝ ਨਹੀਂ ਪਈ, ਮੈਨੂੰ ਲਗਦੈ ਕਿ ਉਥੇ ਉਹ ਰਿਸ਼ਤੇ ਵੀ ਟੁੱਟਣਗੇ, ਤੇ ਰਿਸ਼ਤਿਆਂ ਦੇ ਵਿਚ ਟੁੱਟ-ਭੱਜ ਹੋਣ ਤੋਂ ਬਾਅਦ ਜਿਹੜੀ ਇਕ ਨਵੇਂ ਤਰ੍ਹਾਂ ਦੀ ਰਿਸ਼ਤਿਆਂ ਦੀ ਵਿਆਕਰਣ ਐ, ਉਹ ਬਣੂੰਗੀ। ਇਹ ਵਾਕ ਜਿਸਦੇ ਵੱਲ ਕਹਾਣੀ 'ਕੀੜੀਆਂ ਦੀ ਮੌਤ' ਸੰਕੇਤ ਕਰਦੀ ਹੈ, ਵੀ ਟੁੱਟੂਗਾ, ਜਿਸ ਵਾਕ ਦੇ ਵਿਚ ਦਮ ਘੁਟਦਾ ਪਿਐ। ਤੇ ਇਹ ਕਹਾਣੀਆਂ ਮੈਨੂੰ ਲਗਦੈ ਕਿ ਇਕ ਵਾਕ ਦੇ ਟੁੱਟਣ ਤੇ ਨਵੇਂ ਦੇ ਪੂਰੀ ਤਰ੍ਹਾਂ ਨਾਲ ਨਾ ਬਣਨ ਦੀਆਂ ਕਹਾਣੀਆਂ ਨੇ। 'ਕੀੜੀਆਂ ਦੀ ਮੌਤ' ਜਿਹੜੀ ਕਹਾਣੀ ਐ, ਜਾਂ 'ਕਾਰਗਿਲ' ਦੀਆਂ ਵੀ ਕੁਝ ਅਰਥ ਸੰਭਾਵਨਾਵਾਂ ਏਸ ਦਿਸ਼ਾ ਵੱਲ ਜਾਂਦੀਆਂ ਨੇ। ਜਦੋਂ ਪਿੰਡ ਦੇ ਵੱਲ ਨੂੰ ਧੂੰਆਂ ਆ ਰਿਹੈ, ਪਹਿਲਾਂ ਜੁਗਿੰਦਰ ਦੀ ਮੌਤ ਦਾ ਧੂੰਆਂ ਵੀ ਪਿੰਡ ਵੱਲ ਆਇਆ ਸੀ, ਤੇ ਹੁਣ ਰਣਬੀਰ ਦੀ ਮੌਤ ਦਾ ਧੂੰਆਂ ਵੀ ਪਿੰਡ ਵੱਲ ਆ ਰਿਹੈ। ਤਾਂ ਇਹ ਏਸ ਲਿਹਾਜ ਨਾਲ ਆਪਣੇ ਆਪ 'ਚ ਮੈਨੂੰ ਲਗਦੈ ਕਿ 'ਆਈਸਕ੍ਰੀਮ' ਵਰਗੀਆਂ ਜਿਹੜੀਆਂ ਨਿੱਜੀ ਚਾਹਤਾਂ ਦੀਆਂ ਕਹਾਣੀਆਂ ਨੇ ਉਨ੍ਹਾਂ ਨੂੰ ਵੀ ਇਹ ਗੱਲ ਜੋੜ ਦਿੰਦੀ ਐ, ਪਹਿਲੀ ਕਹਾਣੀ 'ਕੀੜੀਆਂ ਦੀ ਮੌਤ' ਦੇ ਨਾਲ। ਮੈਨੂੰ ਲਗਦੈ ਜ਼ਰੂਰ ਏਸ ਗੱਲ ਨੂੰ ਲੈ ਲੈਣਾ ਚਾਹੀਦੈ ਕਿ ਰਿਸ਼ਤਿਆਂ ਦੀ ਟੁੱਟ-ਭੱਜ ਦਾ ਜਿਹੜਾ ਪ੍ਰੋਸੈਸ ਐ, ਪ੍ਰਕਿਰਿਆ ਹੈਗੀਐ, ਕਾਮੁਕਤਾ ਦੀ ਚਾਹਤ ਐ ਜਿਹੜੀ ਬੰਦੇ ਦੀ ਜਾਂ ਜਿਹਨੂੰ ਅਸੀਂ ਸਰੀਰਕ ਸੁਖ ਤੇ ਸਵਾਰਥ ਦੀ ਗੱਲ ਕਹਿ ਰਹੇ ਆਂ, ਉਨ੍ਹਾਂ ਕਹਾਣੀਆਂ ਦੇ ਵਿਚ ਮੱਧਸ਼੍ਰੇਣਿਕ ਬੰਦੇ ਦੀ ਉਹ ਤੜਪ ਪ੍ਰਗਟ ਹੋ ਰਹੀ ਐ, ਜਿਹੜਾ ਕਿ ਓਸ ਪਰੰਪਰਕ ਸਮਾਜ-ਰੂਪੀ ਵਾਕ ਦੇ ਅੰਦਰ ਛਟਪਟਾ ਰਿਹੈ, ਉਹ ਉਸਤੋਂ ਮੁਕਤ ਹੋਣਾ ਚਾਹੁੰਦੈ, ਸਭਿਆਚਾਰ ਦੀ ਸੱਤਾ ਜਿਹੜੀ ਹੈਗੀਐ ਉਸਦੇ ਵਿਚ ਉਹ ਤਿਲਮਿਲਾ ਰਿਹੈ। ਉਸਨੂੰ ਪਤਾ ਨਹੀਂ ਕਿ ਉਹਨੇ ਅਗਲੇ ਕਿਸ ਰਸਤੇ ਉਪਰ ਪੈਣੈਂ।



ਮੱਧ ਸ਼੍ਰੇਣਿਕ ਬੰਦੇ ਦੀ ਜਿਹੜੀ ਇਸ ਤਰ੍ਹਾਂ ਦੀ ਸੁਜੱਗਤਾ ਹੈਗੀਐ ਉਹਦੇ ਦੋ ਪਾਸਾਰ ਹੋ ਸਕਦੇ ਨੇ। ਇਕ ਤਾਂ ਜਿਸਨੂੰ ਅਸੀਂ ਕਾਰਪੋਰੇਟੀ ਸੰਸਾਰ ਨਾਲ ਜੋੜ ਲੈਨੇ ਆਂ। ਉਹ ਜਿਹੜਾ ਖਪਤ ਸਭਿਆਚਾਰ ਨਾਲ ਜੁੜਿਆ ਹੋਇਆ ਬੰਦਾ, ਭਾਵੇਂ ਸੁਖਪਾਲ ਦੀ ਉਸ ਗੱਲ ਨਾਲ ਮੈਂ ਪੂਰੀ ਤਰ੍ਹਾਂ ਸਹਿਮਤ ਨਹੀਂ ਕਿ ਬਲਦੇਵ ਦੀਆਂ ਕਹਾਣੀਆਂ ਕਾਰਪੋਰੇਟੀ ਜਗਤ ਵਰਤਾਰੇ ਬਾਰੇ ਹਨ। ਕਾਰਪੋਰੇਟੀ ਸੰਸਾਰ ਇਨ੍ਹਾਂ ਕਹਾਣੀਆਂ ਦੇ ਵਿਚ ਨਾ ਤਾਂ ਵਸਤੂ ਬਣਦੈ, ਨਾ ਕਾਰਪੋਰੇਟੀ ਸੰਸਾਰ ਇਸਦਾ ਅਨੁਭਵ ਬਣਦੈ। ਕਾਰਪੋਰੇਟੀ ਸੰਸਾਰ ਬਲਦੇਵ ਧਾਲੀਵਾਲ ਦੀ ਦ੍ਰਿਸ਼ਟੀ ਨੂੰ ਪ੍ਰਭਾਵਤ ਕਰਨ ਵਾਲੀ ਚੀਜ਼ ਜ਼ਰੂਰ ਹੈਗਾ ਏਨਾਂ ਕਹਾਣੀਆਂ 'ਚ। ਜਾਂ ਕਾਰਪੋਰੇਟੀ ਸੰਸਾਰ ਉਸ ਸਮੁੱਚੀ ਵਸਤੂ-ਦ੍ਰਿਸ਼ਟੀ ਜਿਸਤੋਂ ਬਲਦੇਵ ਧਾਲੀਵਾਲ ਆਪਣੀ ਸਮਝਦਾਰੀ ਲੈ ਰਿਹੈ, ਵਿਚ ਮੌਜੂਦ ਹੈ। ਪਰ ਜੇ ਆਪਾਂ ਕਹੀਏ ਕਿ ਸਲੂਜਾ ਕਾਰਪੋਰੇਟੀ ਸੰਸਾਰ ਦਾ ਏਜੰਟ ਐ, ਉਹ ਨਹੀਂ ਹੈਗਾ। ਉਹ ਤਾਂ ਆਮ ਟਾਈਪਿਸਟ ਐ, ਬੜੇ ਸਾਧਾਰਨ ਜੇ ਪੱਧਰ ਦਾ, ਠੀਕ ਐ ਕਿ ਉਹ ਓਸ ਡਾਇਰੈਕਸ਼ਨ 'ਚ ਜਾ ਰਿਹੈ। ਨਾ ਕਹਾਣੀ 'ਮਸਾਜ' ਦੀ ਉਹ ਔਰਤ ਜਿਹੜੀ ਕੰਮ ਕਰਦੀ ਐ ਬਿਊਟੀ ਪਾਰਲਰ ਦੇ ਵਿਚ, ਇਹ ਸਾਰੀਆਂ ਚੀਜ਼ਾਂ ਸਾਡੇ ਸਹਿਜ-ਸੁਭਾਵਕ ਅਨੁਭਵ ਦਾ ਬੜੇ ਦੇਰ ਤੋਂ ਹਿੱਸਾ ਨੇ। ਪਰ ਉਹ ਕਾਰਪੋਰੇਟੀ ਸੰਸਾਰ ਜਿਹੜਾ ਬਲਦੇਵ ਧਾਲੀਵਾਲ ਦੀ ਦ੍ਰਿਸ਼ਟੀ ਨੂੰ ਪ੍ਰਭਾਵਿਤ ਕਰ ਰਿਹੈ, ਓਸ ਦੇ ਵੀ ਜਿਹੜੇ ਮੈਂ ਦੋ ਪਾਸਾਰਾਂ ਦੀ ਗੱਲ ਕਰਨ ਲੱਗਾ ਸੀ, ਉਹ ਇਹ ਐ ਕਿ ਜਿਹੜੇ ਸਾਡੇ ਕੋਈ ਵੀ ਕਾਰਜ ਨੇ, ਖਾਸ ਕਰ ਮਿਡਲ ਕਲਾਸ ਦੇ, ਉਹ ਇਸ ਦਿਸ਼ਾ ਵਿਚ ਵੀ ਭੁਗਤ ਸਕਦੇ ਨੇ।ਉਹ ਸਾਡੀ ਸਭਿਆਚਾਰਕ ਸੱਤਾ ਦੀਆਂ ਕੁਝ ਚੀਜ਼ਾਂ ਦੇ ਉਪਰ ਪ੍ਰਸ਼ਨ-ਚਿੰਨ੍ਹ ਲਾ ਦਿੰਦੇ ਹਨ ਅਤੇ ਦੁਬਾਰਾ ਸੋਚਣ ਲਈ ਮਜਬੂਰ ਕਰਦੇ ਹਨ ਕਿ ਸਾਨੂੰ ਰਿਸ਼ਤਿਆਂ ਨੂੰ ਦੁਬਾਰਾ ਤੋਂ ਪਰਿਭਾਸ਼ਤ ਕਰਨ ਦੀ ਲੋੜ ਹੈਗੀ ਐ ਕਿ ਨਹੀਂ ਹੈਗੀ। ਹੋ ਸਕਦਾ ਹੈ ਅਜਿਹੀਆਂ ਕਹਾਣੀਆਂ ਸਾਨੂੰ ਇਕ ਸਹੀ ਦਿਸ਼ਾ ਦੇ ਵਿਚ, ਭਵਿਖਆਤਮਕ ਦਿਸ਼ਾ ਦੇ ਵਿਚ, ਰਿਸ਼ਤਿਆਂ ਨੂੰ ਡਿਫਾਈਨ ਕਰਨ ਦੀ ਪ੍ਰੋਸੈਸ ਦੇ ਵਿਚ ਪਾ ਦੇਣ। ਇਕ ਪਾਸਾਰ ਇਹ ਐ ਕਿ ਸੰਸਾਰ ਉਨ੍ਹਾਂ ਨੂੰ ਵਰਤ ਲਵੇ। ਜਿਵੇਂ ਲੋਕ ਗੀਤਾਂ ਦੇ ਬਾਰੇ ਹੋ ਰਿਹੈ ਕਿ ਪੰਜਾਬ ਦੇ ਵਿਚ ਬਹੁਤ ਸਾਰੇ ਗੀਤ ਗਾਏ ਜਾ ਰਹੇ ਨੇ ਪਰ ਉਨ੍ਹਾਂ ਦਾ ਵਿਸ਼ਲੇਸ਼ਣ ਅਜੇ ਹੋਣੈ। ਜਿਹੜਾ ਪਾਪੂਲਰ ਮੀਡੀਆ ਹੈਗਾ, ਓਸ ਮੀਡੀਏ ਦੇ ਵਿਚ ਪੰਜਾਬੀ ਬੰਦੇ ਦੀ ਕਿਹੜੀ ਸੰਵੇਦਨਾ, ਕਿਹੜੀ ਪੀੜ, ਕਿਹੜੇ ਸੁਪਨੇ, ਉਸ 'ਚ ਕੀ ਸਮੋਇਆ ਹੋਇਆ ? ਲਾਜ਼ਮੀ ਤੌਰ ਤੇ ਕੁਛ ਨਾ ਕੁਛ ਤਾਂ ਸਮੋਇਆ ਹੋਊਗਾ ਜਿਹੜਾ ਏਨੇ ਵੱਡੇ ਪੱਧਰ ਤੇ ਉਹ ਵਿਕ ਰਹੇ ਨੇ, ਏਨੀ ਵੱਡੇ ਪੱਧਰ ਤੇ ਗਾਏ ਜਾ ਰਹੇ ਨੇ, ਲੋਕ ਧੜਾ-ਧੜ ਗਾਇਕ ਬਣ ਰਹੇ ਨੇ, ਸੁਣ ਰਹੇ ਨੇ, ਹਰ ਇਕ ਬੰਦਾ ਈ ਕੁਛ ਗਾ ਰਿਹੈ। ਛੋਟੇ ਬੱਚੇ ਤੋਂ ਲੈ ਕੇ ਜਵਾਨੀ ਦੇ ਦਿਨਾਂ ਚ ਪ੍ਰਵੇਸ਼ ਕਰਨ ਵਾਲੇ ਜਾਂ ਅਧਖੜ ਹੋਣ ਵਾਲੇ ਨੇ, ਉਹ ਸਾਰੇ ਉਨ੍ਹਾਂ ਦੀ ਪੂਰੀ ਗ੍ਰਿਫਤ ਦੇ ਵਿਚ ਨੇ। ਕੁਝ ਕੁ ਬੰਦੇ ਉਨਾਂ ਤੇ ਰੋਂਦੇ ਹੋਣਗੇ, ਕੁਰਲਾਉਂਦੇ ਹੋਣਗੇ, ਥੋੜ੍ਹਾ ਜਿਹਾ ਔਖੇ-ਭਾਰੇ ਹੁੰਦੇ ਹੋਣਗੇ, ਪਰ ਇਹ ਵਾਪਰ ਰਿਹੈ। ਲਾਜ਼ਮੀ ਤੌਰ ਤੇ ਪੰਜਾਬੀ ਬੰਦੇ ਦੀ ਹਕੀਕਤ ਉਨ੍ਹਾਂ ਦੇ ਵਿਚ ਹੈਗੀ ਐ। ਨਹੀਂ ਹੈਗੀ ਤਾਂ ਇਹ ਸਾਰਾ ਕੁਛ ਕਿਉਂ ਏਸ ਪੱਧਰ ਤੇ ਚਲਦਾ ਪਿਐ ? ਇਹ ਵੱਖਰੀ ਗੱਲ ਐ ਕਿ ਉਨ੍ਹਾਂ ਦੀਆਂ ਪੀੜ੍ਹਾਂ ਤੇ ਦਰਦ ਸੱਚੇ ਨੇ, ਪਰ ਉਹ ਸਾਰਾ ਕੁਛ ਵਰਤਿਆ ਜਾ ਰਿਹੈ ਅਲਟੀਮੇਟਲੀ ਓਸ ਸਾਰੀ ਮਾਰਕੀਟ ਦੇ ਵਿਚ ਜਿਸਨੂੰ ਅਸੀਂ ਖਪਤ ਸਭਿਆਚਾਰ ਕਹਿੰਨੇ ਆਂ। ਮੈਨੂੰ ਲਗਦਾ ਕਿ ਕਹਾਣੀਆਂ, ਕਹਾਣੀਆਂ ਦੇ ਮੁੱਖ ਪਾਤਰ ਜਾਂ ਜਿਹੜੇ ਇਸ ਤਰ੍ਹਾਂ ਦੇ ਮੱਧਸ਼੍ਰੇਣਿਕ ਜੜ੍ਹਾਂ ਵਾਲੇ ਪੰਜਾਬੀ ਸਾਹਿਤਕਾਰ ਨੇ ਜਿਹੜੇ ਰਿਸ਼ਤਿਆਂ ਦੀ ਟੁੱਟਦੀ ਹੋਈ ਵਿਆਕਰਨ ਨੂੰ ਪੇਸ਼ ਕਰ ਰਹੇ ਨੇ, ਉਹ ਵਿਆਕਰਨ ਹੋ ਸਕਦੈ ਵਰਤੀ ਜਾ ਰਹੀ ਹੋਵੇ, ਉਸ ਤਰ੍ਹਾਂ ਦੇ ਖਪਤ ਸਭਿਆਚਾਰ ਦੇ ਹਿਸਾਬ ਦੇ ਨਾਲ, ਪਰ ਨਾਲ ਦੀ ਨਾਲ ਉਸ ਵਿਆਕਰਨ ਦੇ ਟੁੱਟਣ ਨਾਲ ਇਕ ਸਵਾਲ ਜ਼ਰੂਰ ਖੜ੍ਹਾ ਹੁੰਦੈ ਕਿ ਸਾਨੂੰ ਇਨ੍ਹਾਂ ਰਿਸ਼ਤਿਆਂ ਨੂੰ ਦੁਬਾਰਾ ਤੋਂ ਰੀਡਿਫਾਈਨ ਕਰਨ ਦੀ ਲੋੜ ਐ।

**ਡਾ. ਗੁਰਪਾਲ ਸਿੰਘ ਸੰਧੂ :** ਜਦੋਂ ਬਲਦੇਵ ਹਰੀਸ਼ ਕੋਲੇ ਪਹੁੰਚਿਆ ਤਾਂ ਮੈਂ ਉਸਨੂੰ ਆਖਿਆ ਕਿ ਕੁਛ ਕਰਨਾ ਈ ਐ ਤਾਂ 'ਓਪਰੀ ਹਵਾ' ਕਹਾਣੀ-ਸੰਗ੍ਰਹਿ ਛਾਪ। ਕਿਸੇ ਪ੍ਰਸੰਗ ਦੇ ਵਿਚ ਇਸ ਬਾਰੇ ਗੱਲ ਨ੍ਹੀ ਚਲੀ ਪਰ ਮੈਂ ਆਪਣੀ ਮੱਤ ਮੁਤਾਬਕ ਬਲਦੇਵ ਨੂੰ ਵੀ ਸੁਜੈਸਟ ਕੀਤਾ ਕਿ 'ਆਪਣੇ ਆਪਣੇ ਕਾਰਗਿਲ' ਨਾਂ ਬਹੁਤ ਅੱਛੈ, ਏਹਨੇ ਵੀ ਇੰਜ ਸੋਚ ਲਿਆ। ਉਹਦੇ ਨਾਲ ਗੱਲ ਕਰਨ ਵੇਲੇ ਮੇਰੇ ਮਨ 'ਚ ਇਹ ਸੀ ਕਿ ਜਿਹੜਾ ਕਾਰਗਿਲ ਐ ਉਹਨੂੰ ਕਸ਼ਮੀਰ ਆਲ਼ੇ ਬੋਲਦੇ ਐ ਤਾਂ ਕਰਗਿਲ ਬੋਲਦੇ ਐ, ਕਾਰਗਿਲ ਕਦੇ ਨ੍ਹੀ ਇਸਨੂੰ ਕਿਹਾ ਜਾਂਦਾ। ਤੇ

ਅਸੀਂ ਓਸ ਸਥਾਨ ਦਾ ਹੀ ਸੰਚਾਰ ਕਰਨ ਲਈ ਆਪਣੇ ਕੋਲੋਂ ਲਫਜ਼ ਵਰਤਿਆ ਬਣਾਇਆ ਕਾਰਗਿਲ, ਸ਼ਾਇਦ ਅੰਗ੍ਰੇਜ਼ੀ ਦੇ ਰੈਫਰੈਂਸ ਨਾਲ। ਏਸ ਕਰਕੇ ਜੋ ਸਾਡਾ ਓਸ ਲਈ ਕੌਨਸੈਪਟ ਐ ਸੁਰਜੀਤ ਨੇ ਗੱਲ ਦੀ ਵਿਆਖਿਆ ਕੀਤੀ ਐ ਕਿ ਕਾਰਗਿਲ ਦੀ ਲੜਾਈ ਹਕੀਕਤ ਆ, ਉਹਦੀ ਹਕੀਕਤ ਨੂੰ ਧਿਆਨ ਚ ਰੱਖਕੇ ਜਿਹੜੀ ਅਸੀਂ ਉਹਦੀ ਸਿੰਬਲ ਦੇ ਤੌਰ ਤੇ ਕੰਨਸਟ੍ਰਕਸ਼ਨ ਕਰਨੀ ਐ ਉਹ ਅਹਿਮ ਹੋਊਗੀ। ਏਸ ਲਈ 'ਆਪਣੇ ਆਪਣੇ ਕਾਰਗਿਲ' ਏਸ ਕਿਤਾਬ ਦਾ ਜਿਹੜਾ ਟਾਈਟਲ ਹੈ ਉਸਦਾ ਮਤਲਬ ਐ ਜਿਹੜਾ ਸਾਡੇ ਮਨ ਦੇ ਵਿਚ ਕਾਰਗਿਲ ਦਾ ਕੌਨਸੈਪਟ ਐ, ਉਸ ਯੁੱਧ ਦੇ ਵਿਚ ਜਿੱਤ ਸ਼ਾਮਲ ਨ੍ਹੀ, ਉਹਨੂੰ ਵਿਜੈ ਦਿਵਸ ਵਜੋਂ ਮਨਾਉਂਦੀ ਐ ਗੌਰਮਿੰਟ ਆਫ ਇੰਡੀਆ। ਸਾਰਾ ਹਿੰਦੋਸਤਾਨ ਵਿਜੈ ਦਿਵਸ ਕਹਿੰਦੈ। ਤੇ ਅਸੀਂ ਕਹਿੰਨੇ ਐਂ ਕਿ ਕਾਰਗਿਲ ਦੇ ਵਿਚ ਮਰੇ ਜੋਗਿੰਦਰ ਸਿੰਘ ਦੇ ਸਿਵੇ ਤੋਂ ਉਠਿਆ ਹੋਇਆ ਧੂੰਆਂ ਸਾਡੇ ਪਿੰਡ ਵੱਲ ਆ ਰਿਹੈ। ਏਸ ਹਿਸਾਬ ਨਾਲ ਉਹ ਕਾਰਗਿਲ ਭਾਵਆਤਮਕ ਤੌਰ ਤੇ ਸਾਨੂੰ ਵੱਖਰਾ ਮਹਿਸੂਸ ਹੁੰਦਾ ਹੈ। ਸਾਡੇ ਆਪਣੇ ਕਿਸਮ ਦੇ ਕਾਰਗਿਲ ਐ, ਜਿਵੇਂ 'ਆਈਸਕ੍ਰੀਮ' ਦੇ ਵਿਚ ਇਕ ਇਮੋਸ਼ਨਲ ਕਾਰਗਿਲ ਵੀ ਹੈਗਾ। ਸਬਜੈਕਟ ਦੀ ਕੰਨਸਟ੍ਰਕਸ਼ਨ ਦੀ ਨੋਸ਼ਨ ਜਿਹੜੀ ਤੁਹਾਡੇ ਸਾਹਮਣੇ ਲੈ ਕੇ ਆਂਦੀ ਐ ਬਲਕਾਰ ਨੇ, ਤੇ ਸੁਖਪਾਲ ਨੇ ਜਿਹੜੀ ਕਾਰਪੋਰੇਟ ਸਿਸਟਮ ਦੇ ਰੈਫਰੈਂਸ ਨਾਲ ਗੱਲ ਕੀਤੀ ਐ, ਇਹ ਸੱਚ ਹੈ ਕਿ ਜਿਸ ਵਰਤਾਰੇ ਦੀ ਏਹ ਗੱਲ ਕਰ ਰਹੇ ਐ, ਉਹ ਦੋਨੋਂ ਵਰਤਾਰੇ ਈ ਅਹਿਮ ਐ। ਏਸ ਲਈ ਉਹਨਾਂ ਵਰਤਾਰਿਆਂ ਦੇ ਲਿਹਾਜ਼ ਨਾਲ ਈ ਅਸੀਂ ਸਮਕਾਲੀ ਪੰਜਾਬੀ ਕਹਾਣੀ ਨੂੰ ਦੇਖ ਸਕਦੇ ਆਂ। ਹੁਣ ਜਦੋਂ ਉਨ੍ਹਾਂ ਨੇ ਸਬਜੈਕਟ ਦੀ ਗੱਲ ਕੀਤੀ ਐ, ਤਾਂ ਸਬਜੈਕਟ ਦੇ ਰੈਫਰੈਂਸ ਨੇ, ਜਿਵੇਂ ਪਾਵਰ ਨੌਲੇਜ ਦੀ ਕੋਆਰਡੀਨੇਸ਼ਨ ਦੇ ਵਿਚ। ਪਾਵਰ ਵੀ ਜਨਰੇਟਡ ਐ ਤੇ ਨੌਲੇਜ ਵੀ ਜਨਰੇਟਡ ਐ। ਇਤਫਾਕਨ ਪਾਵਰ ਤੇ ਨੌਲੇਜ ਨੂੰ ਜਨਰੇਟ ਕਰਨ ਵਾਲ਼ੇ ਵੀ ਅਸੀਂ ਬੰਦੇ ਈ ਆਂ ਜਿਵੇਂ ਮੱਧ-ਸ਼੍ਰੇਣਿਕ ਬੰਦਾ। ਹੁਣ ਹਕੀਕੀ ਤੌਰ ਤੇ ਮੱਧ-ਸ਼੍ਰੇਣਿਕ ਬੰਦਾ ਤਾਂ ਇਸ ਨੂੰ ਪ੍ਰੈਕਟਿਸ ਚ ਲਿਆਉਣ ਵਾਲਾ ਬੰਦੈ, ਚਲਾਉਣ ਵਾਲ਼ਾ ਤਾਂ ਏਹ ਹੈ ਨ੍ਹੀ। ਏਸ ਕਰਕੇ ਜੇਕਰ ਆਪਾਂ ਇਹ ਮੰਨਕੇ ਚੱਲੀਏ ਕਿ ਏਸ ਪਾਵਰ ਨੌਲੇਜ ਨੂੰ ਅਸੀਂ ਐਕਸਰਸਾਈਜ਼ ਕਰਨ ਵਾਲੇ ਈ ਬੰਦੇ ਹੈਗੇ ਆਂ, ਆਖ ਲੋ ਸਰਗਰਮ ਰੱਖਣ ਵਾਲੇ ਬੰਦੇ ਆਂ, ਤਾਂ ਜਿਹੜੀ ਓਹ ਸਰਗਰਮ ਰੱਖਣ ਵਾਲੇ ਬੰਦੇ ਦੀ ਹੋਣੀ ਹੋ ਸਕਦੀ ਐ ਓਹ ਏਹਨਾਂ ਕਹਾਣੀਆਂ ਦੇ ਵਿਚ ਬਹੁਤ ਖ਼ੂਬਸੂਰਤੀ ਦੇ ਨਾਲ ਪੇਸ਼ ਕੀਤੀ ਗਈ ਐ। ਪਰੰਤੂ ਪਾਵਰ ਨੌਲੇਜ ਦੀ, ਓਸ ਨੂੰ ਜਨਰੇਟ ਕਰਨ ਵਾਲੇ ਜਾਂ ਓਹਨੂੰ ਚਲਾਉਣ ਵਾਲੇ ਜਾਂ ਉਹਦਾ ਮੁੱਢ ਬੰਨਣ ਵਾਲਿਆਂ ਦਾ ਜਿਹੜਾ ਅਸਲੀ ਪ੍ਰਬੰਧ ਐ, ਉਹ ਪ੍ਰਬੰਧ ਕਿਵੇਂ ਥੱਲੇ ਤੱਕ ਆਉਂਦੈ, ਜੇਕਰ ਅਸੀਂ ਓਸ ਪੱਖ ਵੱਲ ਆਈਏ, ਤਾਂ ਸਾਨੂੰ ਏਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਇਕ ਵਿਸ਼ੇਸ਼ ਲੜੀ ਵਿਚ ਬੱਝੀਆਂ ਨਜ਼ਰ ਆਉਣਗੀਆਂ। ਜੇ ਏਸ ਕੰਨਸਟ੍ਰਕਸ਼ਨ ਦੇ ਇਤਿਹਾਸਕ ਪ੍ਰਸੰਗ ਵੱਲ ਵੀ ਅਸੀਂ ਦੇਖੀਏ ਤਾਂ ਜਿਹੜੀਆਂ 'ਓਪਰੀ ਹਵਾ' ਦੇ ਵਿਚ ਕਹਾਣੀਆਂ ਸੀਗੀਆਂ, ਭਾਵੇਂ ਓਸ ਨੂੰ ਅਸੀਂ ਪੇਂਡੂ ਯਥਾਰਥ ਦੀਆਂ ਕਹਾਣੀਆਂ ਕਹਿੰਦੇ ਸੀ, ਪਰ ਉਹ ਪੇਂਡੂ ਯਥਾਰਥ ਦੀ ਤਹਿ ਤੱਕ ਪਹੁੰਚ ਸਕਦੀਆਂ ਸੀ, ਤੇ ਪਹੁੰਚਦੀਆਂ ਰਹੀਐਂ, ਪਰੰਤੂ ਏਸ ਕਹਾਣੀ-ਸੰਗ੍ਰਹਿ ਦੇ ਵਿਚ ਇਹ ਲਿਮੀਟੇਸ਼ਨ ਰਹਿੰਦੀ ਐ ਕਿ ਜੇਕਰ ਅਸੀਂ ਪਾਵਰ ਨੌਲੇਜ ਦੇ ਏਸ ਪ੍ਰਸੰਗ ਵਿਚ ਵੇਖੀਏ ਤਾਂ ਜਿਹੜੇ ਪ੍ਰਬੰਧ ਚਲਾਉਣ ਵਾਲੇ ਸਾਹਮਣੇ ਕਰਿੰਦੇ ਹੈਗੇ ਐ, ਕਰਿੰਦਿਆਂ ਦੇ ਯਥਾਰਥ ਨੂੰ ਦੇਖਣ ਦੀ ਗੱਲ ਕਰੀਏ ਤਾਂ ਏਹ ਕਹਾਣੀਆਂ ਬਿਲਕੁਲ ਵਾਸਤਵਿਕ ਨੇ, ਪਰੰਤੂ ਜੇਕਰ ਓਸ ਪ੍ਰਬੰਧ ਦੀ ਸਮੁੱਚਤਾ ਨੂੰ ਲਵਾਂਗੇ ਤਾਂ ਓਹਦੇ ਵਿਚ ਇਹ ਲਿਮੀਟੇਸ਼ਨ ਆਏਗੀ। ਜਿਸ ਤਰ੍ਹਾਂ ਫਾਰ ਐਗਜ਼ਾਂਪਲ ਇਹ ਐ ਕਿ 'ਕੀੜੀਆਂ ਦੀ ਮੌਤ' ਦੀ ਕਹਾਣੀ ਆ, ਵਧੀਆ ਕਹਾਣੀ ਐ, ਪਰੰਤੂ ਕੀੜੀਆਂ ਦੀ ਮੌਤ ਉਸ ਪ੍ਰਕਾਰ ਦਾ ਮੈਟਾਫੋਰ ਨਹੀਂ ਬਣਦੀ, ਜਿਸ ਕਿਸਮ ਦਾ ਕਾਰਗਿਲ ਦੇ ਵਿਚ ਕਾਰਗਿਲ ਬਣ ਰਹੀ ਐ। ਏਸੇ ਲਿਹਾਜ਼ ਨਾਲ 'ਆਈਸਕ੍ਰੀਮ' ਦੇ ਵਿਚ ਵੀ ਦੇਖ ਸਕਦੇ ਆਂ। ਇਕ ਵਰਤਾਰੇ ਦੀ ਪੇਸ਼ਕਾਰੀ ਦੇ ਵਿਚ ਇਹ ਕਹਾਣੀ ਬਹੁਤ ਅਹਿਮ ਐ। ਏਸ ਦੀ ਪੇਸ਼ਕਾਰੀ ਦੀ ਜਿਹੜੀ ਜੁਗਤ ਐ ਉਹ ਵੀ ਕਮਾਲ ਦੀ ਐਂ। ਪਰੰਤੂ ਉਨ੍ਹਾਂ ਸਾਰੀਆਂ ਦੇ ਪਿੱਛੇ ਧੁਰ ਮੁੱਢ ਦੇ ਵਿਚ ਵੀ ਇਹੀ ਸਮੱਸਿਆ ਪਈ ਐ। ਬਲਦੇਵ ਧਾਲੀਵਾਲ ਵਿਚ ਕਪੈਸਿਟੀ ਹੈਗੀ ਐ, ਜਿੰਨਾ ਏਹਦੇ ਵਿਚ ਪੁਟੈਂਸ਼ਲ ਐ, ਓਸ ਪੁਟੈਂਸ਼ਲ ਨੂੰ ਫੁੱਲ ਐਕਸਰਸਾਈਜ਼ ਕਰਕੇ ਲਿਖਣ ਦੀ ਕੋਸ਼ਿਸ਼ ਕਰਦਾ ਤਾਂ ਏਹਦੇ ਵਿਚ ਕੁਝ ਇਕ ਕਹਾਣੀਆਂ ਜਿਆਦਾ ਅਹਿਮ ਬਣ ਜਾਂਦੀਆਂ ਜਿਵੇਂ ਕਿ 'ਕਾਰਗਿਲ'।



ਸਿਮੀਲਰਲੀ ਕਾਰਪੋਰੇਟ ਦੀ ਨੋਸ਼ਨ ਐ, ਉਹ ਤਾਂ ਬੰਦੇ ਨੂੰ ਜਿਸ ਲਿਹਾਜ਼ ਨਾਲ ਕੰਸਟ੍ਰਕਟ ਕਰਦੈ ਉਸੇ ਲਿਹਾਜ਼ ਨਾਲ ਉਸਦੀ ਸੰਵੇਦਨਾ ਬਣਦੀ ਹੈ। ਉਹ ਜਿਵੇਂ ਰਜਿੰਦਰਪਾਲ ਨੇ ਥੋੜੇ ਸਾਹਮਣੇ ਬੜੀ ਵਧੀਆ ਗੱਲ ਕੀਤੀ ਐ, ਮੈਨੂੰ ਵੀ ਇਹ ਪੜ੍ਹਦੇ ਨੂੰ ਮਹਿਸੂਸ ਹੋਇਆ ਸੀ ਕਿ ਜਿੰਨੇ ਵਾਰੀ ਇਹਨੇ ਉਹਦੇ ਵਿਚ ਗੋਪਾਲ ਸਵੀਟਸ ਦਾ ਨਾਂ ਵਰਤਿਐ, ਜਾ ਕੇ ਉਨ੍ਹਾਂ ਨੂੰ ਕਹੇ ਤਾਂ ਸਹੀ ਕਿ ਮੇਰੀ ਕਿਤਾਬ ਦੇ ਵਿਚ ਮੈਂ ਗੋਪਾਲ ਸਵੀਟਸ ਦਾ ਨਾਂ ਪੰਜ ਵਾਰੀ ਵਰਤ ਰਿਹਾਂ, ਉਹ ਇਹਦੀ ਕਿਤਾਬ ਛਾਪਣ ਜਿੰਨੇ ਪੈਸੇ ਦੇ ਦਿੰਦੇ। ਜੇਕਰ ਇਹਨੇ ਲਏ ਹੁੰਦੇ ਤਾਂ ਇਹ ਚੰਡੀਗੜ੍ਹ ਫੰਕਸ਼ਨ ਹੁੰਦਾ ਜਾਂ ਪਟਿਆਲੇ ਹੁੰਦਾ। ਇਹ ਗੋਪਾਲ ਸਵੀਟਸ ਵਾਲੇ ਈ ਕਰਾਉਂਦੇ। ਜਿਸ ਹਿਸਾਬ ਨਾਲ ਅਸੀਂ ਇਨ੍ਹਾਂ ਕਹਾਣੀਆਂ ਦੀ ਪੜ੍ਹਤ ਤਿਆਰ ਕਰ ਰਹੇ ਆਂ, ਉਸ ਹਿਸਾਬ ਨਾਲ ਇਹ ਗੱਲ ਬਿਲਕੁਲ ਦੋਫਾੜ ਰਹਿ ਚੁੱਕੀ ਐ ਕਿ ਇਹ ਕਹਾਣੀਆਂ ਇਕ ਪੱਧਰ ਤੋਂ ਅੱਗੇ ਤੱਕ ਜਾਣ ਦੇ ਸਮਰੱਥ ਨਹੀਂ ਹੋ ਸਕੀਆਂ।

ਤੀਸਰੀ ਜਿਹੜੀ ਅਹਿਮ ਗੱਲ ਹੋਰ ਐ, ਉਹ ਹੈਗੀ ਮੌਤ ਦੀ ਗੱਲ। ਜਿਵੇਂ ਲੇਖਕ ਕਹਿੰਦੈ ਕਿ ਅਚਾਨਕ ਮੌਤ ਧੁੱਸ ਦੇ ਕੇ ਕਹਾਣੀਆਂ 'ਚ ਵੜਗੀ। ਕਿਉਂਕਿ ਮੌਤ ਇਹਨਾਂ ਗੱਲਾਂ ਦੇ ਵਿਚ ਆ ਈ ਰਹੀ ਐ, ਜਿਵੇਂ ਆਪਾਂ ਸਮਕਾਲੀ ਪੰਜਾਬੀ ਗਲਪ ਦੀ ਗੱਲ ਕਰਾਂਗੇ ਤਾਂ ਉਹਦੇ ਵਿਚ ਇਕ ਤੋਂ ਵੱਧ ਵਾਰ ਮੌਤ ਦਾ ਮੈਟਾਫੋਰ ਆ ਰਿਹੈ। ਜੇ ਅਸੀਂ ਨਾਵਲ ਦੇ ਵਿਚ ਵੀ ਦੇਖੀਏ ਤਾਂ 'ਨਰੰਜਣ ਮਸਾਲਚੀ' ਵੀ ਏਸੇ ਏਗੀਏ ਦੇ ਵਿਚ ਲਿਖਿਆ ਗਿਆ ਨਾਵਲ ਹੈ। ਸ਼ੁਰੂ ਈ ਉਹ ਮੌਤ ਤੋਂ ਹੋ ਰਿਹੈ। 'ਕਥਾ ਕਹੋ ਉਰਵਸ਼ੀ' ਮੌਤ ਦਾ ਵੱਡਾ ਮੈਟਾਫਰ ਐ। ਜਿਹੜੀ ਮੌਤ ਦੀ ਸਿਮੀਔਟਿਕਸ ਐ, ਫਾਰ ਐਗਜ਼ਾਂਪਲ ਓਸ ਨੂੰ ਦੇਖੀਏ ਤਾਂ ਏਹਦੇ ਵਿਚ 'ਆਈਸਕ੍ਰੀਮ' ਐ ਉਹ ਵੀ ਮੌਤ ਦੀ ਕਹਾਣੀ ਐ। ਓਸ ਭਾਵਨਾ ਦੀ ਮੌਤ ਦੀ ਕਹਾਣੀ ਐ, ਜੀਹਦੇ ਕਰਕੇ ਉਹ ਪਹੁੰਚ ਨਹੀਂ ਰਿਹਾ। ਜਾਂ ਇਕ ਮਨੁੱਖ ਦੀ ਉਹ ਸਮਰੱਥਾ ਜਿਹੜੀ ਨੂੰ ਉਹ ਮੈਟੀਰੀਅਲਾਈਜ਼ ਕਰਨਾ ਚਾਹ ਰਿਹਾ ਸੀ ਜਾਂ ਉਹਨੇ ਇਨਕਲਾਬ ਲਿਆਉਣਾ ਸੀਗਾ, ਉਹ ਇਨਕਲਾਬ ਲਿਆਉਣ ਦੀ ਭਾਵਨਾ ਦੀ ਮੌਤ ਐ, ਕਿਉਂਕਿ ਹੁਣ ਜਿਹੜਾ ਯੂਨੀਅਨ ਦਾ ਪ੍ਰਧਾਨ ਐ ਉਹ ਟੈਕਟਿਕਸ ਵੱਧ ਵਰਤ ਰਿਹਾ ਹੈਗੈ, ਤੇ ਓਸ ਕਿਸਮ ਦੀ ਇਨਕਲਾਬੀ ਮੂਵਮੈਂਟ ਨਹੀਂ ਪੈਦਾ ਕਰ ਰਿਹਾ। ਇਸ ਲਈ ਇਹ ਮੌਤ ਦੀ ਸੀਮੀਆਟਿਕਸ ਨੂੰ ਇਨਬਿਲਟ ਕਰਨ ਵਾਲੀਆਂ ਕਹਾਣੀਆਂ ਹੈਗੀਆਂ, ਉਹ ਇਹਨਾਂ ਦਾ ਇਕ ਤਾਰਕਿਕ ਪੱਖ ਹੈ। ਅਸੀਂ ਜੇ ਕਹਾਣੀ ਨੂੰ ਸ਼ਬਦਾਰਥੀ ਅੰਦਾਜ਼ 'ਚ ਪੜ੍ਹਾਂਗੇ ਤਾਂ ਕਹਾਣੀ ਦੇ ਸੀਮਤ ਅਰਥ ਨਿਕਲਦੇ ਐ ਪਰੰਤੂ ਜੇਕਰ ਅਸੀਂ ਏਸ ਨੂੰ ਸੰਕੇਤਾਰਥੀ ਜਾਂ ਲੱਖਣਾਰਥੀ ਪੱਧਰ ਤੇ ਪੜ੍ਹਨ ਦੀ ਕੋਸ਼ਿਸ਼ ਕਰਾਂਗੇ ਤਾਂ ਕਹਾਣੀ ਇਸ ਤੋਂ ਕਿਤੇ ਵੱਧ ਇਹ ਗੱਲ ਕਰਨ ਦੀ ਕੋਸ਼ਿਸ਼ ਕਰਦੀ ਐ। ਜਿਸ ਤਰ੍ਹਾਂ ਕਿ ਕਾਰਗਿਲ ਦੇ ਰੈਫਰੈਂਸ ਦੇ ਨਾਲ ਵੱਡੀ ਗੱਲ ਨਿਕਲਦੀ ਐ, ਪਰ ਦੂਸਰੀਆਂ ਕਹਾਣੀਆਂ ਨੂੰ ਜੇਕਰ ਅਸੀਂ ਇਉਂ ਇੰਟ੍ਰਪ੍ਰੈਟ ਕਰਨ ਦੀ ਕੋਸ਼ਿਸ਼ ਕਰੀਏ ਤਾਂ ਕੁਛ ਹੈਜ਼ੀਟੇਸ਼ਨ ਹੋਊਗੀ, ਫੇਰ ਵੀ ਮੈਂ ਬਲਦੇਵ ਧਾਲੀਵਾਲ ਨੂੰ ਏਸ ਗੱਲ ਦੀ ਮੁਬਾਰਕਬਾਦ ਦਿੰਨੈਂ ਕਿ ਏਸ ਨੇ ਬਹੁਤ ਵਧੀਆ ਕਹਾਣੀਆਂ ਲਿਖੀਆਂ। 'ਕਾਰਗਿਲ' ਵਰਗੀਆਂ ਵਧੀਆ ਵਧੀਆ ਕਹਾਣੀਆਂ ਲਿਖੇ, ਇਹਦੇ ਵਿਚ ਕਪੈਸਿਟੀ ਐ।

**ਗੁਰਪਾਲ ਲਿੱਟ** : ਮੇਰਾ ਇਕ ਇਹ ਵਿਚਾਰ ਪੱਕਾ ਹੁੰਦਾ ਜਾ ਰਿਹਾ ਕਿ ਜਿਹੜੇ ਬੰਦੇ ਕਹਾਣੀ ਵੀ ਲਿਖਦੇ ਨੇ, ਵਧੀਆ ਲਿਖਦੇ ਨੇ, ਤੇ ਵਧੀਆ ਆਲੋਚਕ ਵੀ ਨੇ ਕਹਾਣੀ ਦੇ ਖੇਤਰ 'ਚ, ਉਨ੍ਹਾਂ ਦੀਆਂ ਕਹਾਣੀਆਂ 'ਚੋਂ ਕੁਛ ਫੜ੍ਹਨ ਲਈ ਰਜਿੰਦਰਪਾਲ ਵਰਗੀ ਤਿੱਖੀ ਸੋਚ ਚਾਹੀਦੀ ਐ। ਇਕੋ ਸਵਾਲ ਮੇਰੀ ਸੋਚ ਵਿਚ ਬੜੀ ਸ਼ਿੱਦਤ ਨਾਲ ਆ ਰਿਹੈ ਰਜਿੰਦਰਪਾਲ ਜੀ ਹੋਰਾਂ ਵਾਂਗ ਕਿ ਕਿਸਾਨੀ ਤੇ ਮਾਸਟਰੀ ਤੋਂ ਗਾਹਾਂ ਜਾਂ ਪ੍ਰੋਫੈਸਰੀ ਤੋਂ ਗਾਹਾਂ ਕਹਾਣੀ ਕਿਉਂ ਨ੍ਹੀ ਤੁਰਦੀ ? ਉਹਦੀ ਰਮਜ਼ ਦੇ ਵਿਚ ਇਹ ਗੱਲ ਵੀ ਬੈਠੀ ਐ ਕਿ ਜਿਹੜੇ ਲਿਖਣ ਵਾਲੇ ਨੇ ਉਹ ਵੀ ਬਹੁਤੇ ਓਸ ਅਦਾਰੇ 'ਚੋਂ ਨੇ। ਉਨ੍ਹਾਂ ਦੇ ਆਰਥਕ ਸਟੇਟਸ ਉਨ੍ਹਾਂ ਨੂੰ ਇਕ ਸਾਧਾਰਨ ਮਨੁੱਖ ਨਾਲੋਂ ਤੋੜ ਰਹੇ ਨੇ। ਯੂਨੀਵਰਸਿਟੀ ਕੈਂਪਸ ਵਿਚ ਬੈਠਾ ਬੰਦਾ...! ਪਿਛਲੇ ਵਾਰ ਵਰਿਆਮ ਸੰਧੂ ਜੀ ਨੂੰ ਸਵਾਲ ਕੀਤਾ ਸੀ ਕਿ ਪੱਚੀ ਵਰ੍ਹੇ ਪਿੰਡ ਪਹਿਲਾਂ 'ਚੋਂ ਆਉਣ ਤੋਂ ਬਾਅਦ ਵੀ ਤੁਸੀਂ ਸ਼ਹਿਰੀ ਮਾਨਸਿਕਤਾ ਦੀ ਇਕ ਵੀ ਕਹਾਣੀ ਕਿਉਂ ਨਹੀਂ ਲਿਖ ਸਕੇ। ਤਾਂ ਹਾਸੇ 'ਚ ਉਨ੍ਹਾਂ ਜਵਾਬ ਦੇ-ਤਾ ਸੀ ਕਿ ਉਨ੍ਹਾਂ ਕਹਾਣੀਆਂ ਲਈ ਪ੍ਰੇਮ ਪ੍ਰਕਾਸ਼ ਹੈ ਲਿਖਣੇ ਆਲਾ। ਫੇਰ ਓਹਨੇ ਬੜਾ ਇਮਾਨਦਾਰ ਜਵਾਬ ਦਿੱਤਾ ਸੀ ਕਿ ਮੈਂ ਕਨਫੈਸ ਕਰਦਾਂ ਕਿ ਮੈਂ ਸ਼ਹਿਰ ਦੀ ਮਾਨਸਿਕਤਾ ਨੂੰ ਫੜ੍ਹ ਨਹੀਂ ਸਕਿਆ। ਬਲਦੇਵ ਨੇ ਭੂਮਿਕਾ ਵਿਚ ਬੜੀ ਈਮਾਨਦਾਰੀ ਨਾਲ

ਇਹ ਗੱਲ ਕਨਫੈਸ ਕੀਤੀ ਕਿ ਇਹ ਜਿਹੜੇ ਨਵੇਂ ਵਰਤਾਰੇ ਜਿਹੜੇ ਚੱਲ ਰਹੇ ਨੇ, ਬਈ ਮੈਨੂੰ ਲਗਦਾ ਮੇਰੇ ਅੰਦਰ ਪੂਰੀ ਤਰ੍ਹਾਂ ਦੀ ਸਮਰਥਾ ਨ੍ਹੀ ਹੈ ਇਨ੍ਹਾਂ ਨੂੰ ਸਮਝਣ ਸਕਣ ਦੀ, ਕੁਛ ਏਸ ਤਰ੍ਹਾਂ ਦੀ ਗੱਲ ਇਨ੍ਹਾਂ ਨੇ ਲਿਖੀ ਐ। ਤੇ ਮੈਂ ਏਸ ਗੱਲ ਦਾ ਕਾਇਲ ਵੀ ਹੋਇਆ ਹਾਂ। ਕਿਉਂਕਿ ਮੈਨੂੰ ਕਹਾਣੀਆਂ ਦੇ ਬਹੁਤ ਪ੍ਰਭਾਵਸ਼ਾਲੀ ਹੋਣ ਤੋਂ ਬਾਅਦ ਵੀ ਕੁਛ ਕਹਾਣੀਆਂ 'ਚ ਲਗਦੈ ਓਸ ਤਰ੍ਹਾਂ ਦੀ ਗੱਲ ਨਹੀਂ ਬਣੀ। ਭੋਗਣ ਦੇ ਯੁਗ ਨੂੰ ਜੋ ਅੱਜ ਦਾ ਮਨੁੱਖ ਤੁਰ ਰਿਹਾ, 'ਮਸਾਜ਼' ਉਹਦੀ ਇਕ ਅੱਛੀ ਮਿਸਾਲ ਐ। ਤੇ ਕਾਲਪਨਿਕ ਭਵਿੱਖ ਨਾਲ ਜੋੜਕੇ ਓਸਨੂੰ ਹੋਰ ਵੀ ਅਹਿਮ ਬਣਾਤਾ। ਪਰ ਜਦ ਮੈਂ ਸਮੁੱਚੀ ਕਹਾਣੀ ਪੜ੍ਹੀ ਤਾਂ ਮੈਨੂੰ ਲੱਗਿਆ ਕਿ ਜਿਹੜੀ ਕਹਾਣੀ ਉਹ ਸ਼ੁਰੂ ਕਰਦਾ ਹੈ, ਜਿਹੜਾ ਪਹਿਲਾ ਇਕ ਪੋਰਸ਼ਨ ਐ, ਉਹ ਕਹਾਣੀ ਦੇ ਮੂਲ ਪਿੰਡੇ ਨਾਲੋਂ ਵੱਖਰਾ ਖੜ੍ਹੈ। ਇਕ ਬੁੱਢਾ ਪਕੌੜੇ ਮੰਗ ਰਿਹਾ, ਨੂੰਹ ਮਸ਼ਕਰੀ ਜੀ ਕਰ ਜਾਂਦੀ ਐ, ਉਹ ਇਕਦਮ ਵੱਖਰਾ ਹੈਗਾ। ਫੇਰ ਉਹ ਜਿਹੜੀ ਸਾਰੀ ਸਕੀਮ ਐ ਜਿਥੇ ਉਹ ਜਿਸਮਾਂ ਬਾਰੇ ਬਹੁਤ ਕੁਛ ਜਾਣਨਾ ਚਾਹੁੰਦਾ ਹੈ। ਕਹਾਣੀਕਾਰ ਆਪਣੇ ਤੌਰ ਤੇ ਕਈ ਵਾਰ ਕਹਿੰਦਾ ਹੁੰਦਾ ਹੈ ਕਿ ਸ਼ਬਦ ਢਕ ਕੇ ਕਹੇ ਨੇ ਪਰ ਉਹ ਪਲਚ ਪਲਚ ਵਰਗੇ ਸ਼ਬਦ ਉਦੋਂ ਵੀ ਅਜੀਬ ਲਗਦੇ ਨੇ। ਹੁਣ ਓਸ ਵਰਤਾਰੇ ਨੂੰ ਭੋਗ ਰਿਹਾ ਬੰਦਾ ਸ਼ਾਹੀ ਐਕਸੀਅਨ ਦੀ ਵਾਈਫ ਦੇ ਸਰੀਰ ਦੇ ਸਾਰੇ ਅੰਗਾਂ ਨੂੰ ਜਾਣਨਾ ਚਾਹੁੰਦਾ ਹੈ ਆਪਣੀ ਪਤਨੀ ਦੇ ਰਾਹੀਂ। ਤੇ ਫੇਰ ਇਕ ਘਟਨਾ ਵਾਪਰ ਜਾਂਦੀ ਐ ਜਦ ਉਹ ਲੇਟ ਆਉਂਦੀ ਐ, ਓਥੇ ਮੈਨੂੰ ਲੱਗਿਆ ਕਿ ਕੁਛ ਗੈਪ ਜਿਹਾ ਹੈ। ਉਹ ਫੋਨ ਕਰਦਾ ਬਈ ਆਈ ਨੀ, ਉਥੇ ਅੱਗਿਉਂ ਇਕ ਬੜੀ ਸਹਿਜ ਜਿਹੀ ਆਵਾਜ ਆਉਂਦੀ ਐ ਕਿ ਉਹ ਤਾਂ ਟਾਈਮ ਤੇ ਚਲੀ ਗਈ ਘਰ ਨੂੰ, ਛਾਪਾ ਓਥੇ ਪੈ ਰਿਹਾ। ਖਬਰ ਓਸ ਥਾਂ ਬਣ ਰਹੀ ਐ, ਉਹ ਪੀ ਰਿਹਾ ਦਾਰੂ। ਉਹ ਉਹਨੂੰ ਗੁੱਤੋਂ ਫੜਕੇ ਬਾਹਰ ਕੱਢ ਦਿੰਦੈ। ਕਹਾਣੀ ਫੇਰ ਪਿੱਛੇ ਆ ਜਾਂਦੀ ਐ, ਉਦੋਂ ਦਲੀਲ ਕੀ ਦਿੰਦੈ ਲੇਖਕ ਕਿ ਉਹਨੇ ਆਪਣੀ ਵਾਈਫ ਆਪਣੇ ਮੁੰਡੇ ਦੇ ਜਵਾਨ ਹੋਏ ਤੇ ਵਾਪਸ ਲਿਆਂਦੀ ਸੀ। ਜਦੋਂ ਥੋੜ੍ਹਾ ਜਿਹਾ ਉਡਾਰ ਹੋ ਗਿਆ ਸੀ, ਆਪਣੀ ਮਾਂ ਨੂੰ ਵਾਪਸ ਲਿਆਇਆ ਸੀ ਤਾਂ ਸਵੀਕਾਰ ਕਰ ਲਿਆ ਸੀ। ਓਸ ਘਟਨਾ ਨੂੰ ਤੇ ਅੱਜ ਮਿਨੀਮਮ ਵੀਹ ਵਰ੍ਹੇ ਲੰਘ ਗਏ ਨੇ, ਪੰਦਰਾਂ ਤੋਂ ਵੀਹ ਵਰ੍ਹੇ, ਉਹ ਘਟਨਾ ਉਹਦੇ ਅੱਜ ਹਾਰਟ ਅਟੈਕ ਦਾ ਕਾਰਨ ਬਣਦੀ ਐ ਕਿਉਂਕਿ ਜੇ ਪਹਿਲਾਂ ਈ ਹਾਰਟ ਅਟੈਕ ਹੋਇਆ ਹੁੰਦਾ, ਸਰੀਰ ਆਪਣੇ ਤੌਰ ਤੇ ਫੇਰ ਡਿਵੈਲਪ ਕਰ ਜਾਂਦੇ ਨੇ, ਸਰੀਰ ਫੇਰ ਓਸ ਧਾਰ ਤੇ ਚੱਲ ਪੈਂਦੇ ਨੇ। ਇਹ ਦਸ ਵਰ੍ਹਿਆਂ ਬਾਦ ਹਾਰਟ ਅਟੈਕ ਦੀ ਗੱਲ ਵਰਤੀ, ਮੇਰੇ ਸਮਝ ਨ੍ਹੀ ਆਇਆ ਹੈ। ਅਸੀਂ ਆਪਣੀਆਂ ਔਰਤਾਂ ਦੇ, ਆਪਣੀਆਂ ਪਤਨੀਆਂ ਦੇ ਸੰਤਾਪ ਇਹ ਸਭ ਸੁਣੇ ਨੇ ਕਿ ਸਾਰੀ ਉਮਰ ਈ ਮੈਂ ਤੇਰੀਆਂ ਗਲਤੀਆਂ ਮਾਫ ਕਰਦੀ ਜਾਵਾਂ। ਸਾਰੀ ਉਮਰ ਏ ਮੈਂ ਤੈਨੂੰ ਝੱਲਦੀ ਜਾਵਾਂ। ਜਦ ਵੀ ਕੋਈ ਚੋਰੀ ਫੜ੍ਹੀ ਜਾਂਦੀ ਐ, ਬਹੁਤੀਆਂ ਚੋਰੀਆਂ ਫੜ੍ਹੀਆਂ ਨ੍ਹੀ ਜਾਂਦੀਆਂ। ਇਹੀ ਹੁੰਦਾ ਕਿ ਸਾਰੀ ਉਮਰ ਈ ਇਹੀ ਕੁਛ ਹੋਣਾ। ਪਰ ਫੇਰ ਵੀ ਨਿਵ ਜਾਂਦੀ ਐ ਕਿਉਂਕਿ ਅਸੀਂ ਮੀਆਂ-ਬੀਵੀ ਇਕ ਦੂਜੇ ਦੇ ਜਿਉਣ ਨਾਲ ਜਿਉਣ ਦੇ ਆਦੀ ਹੋ ਚੁੱਕੇ ਹੁੰਦੇ ਆਂ। ਉਹ ਆਦੀ ਹੋਣਾ ਓਸ ਔਰਤ ਨੂੰ ਵਾਪਸ ਲੈ ਆਉਂਦਾ ਤਾਂ ਗੱਲ ਜਿਆਦਾ ਸਾਰਥਕ ਲੱਗਣੀ ਸੀ, ਸੋ ਮੈਨੂੰ ਲੱਗਿਆ ਇਹ ਇਕ ਐਸੀ ਕਹਾਣੀ ਐ ਜਿਸ ਵਿਚ ਕਾਫੀ ਸਾਰੇ ਇਸ ਤਰ੍ਹਾਂ ਦੇ ਝੋਲ ਨੇ। ਇਕ ਕਹਾਣੀ ਬਹੁਤ ਧਿਆਨ ਮੰਗਦੀ ਸੀ ਬਲਦੇਵ ਦਾ ਜੀਹਦਾ ਜ਼ਿਕਰ ਨ੍ਹੀ ਏਥੇ ਹੋਇਆ, ਉਹ ਐ ਅਮੀਰਜ਼ਾਦਾ। ਅਮੀਰਜ਼ਾਦਾ ਵਾਕਿਆ ਈ ਮਾਸਟਰੀ ਤੇ ਕਿਸਾਨੀ ਤੋਂ ਬਾਹਰਲੀ ਕਹਾਣੀ ਐ। ਜੇ ਕਿਤੇ ਮੈਨੂੰ ਲਗਦੈ ਓਸ ਕਹਾਣੀ ਤੇ ਕਹਾਣੀਕਾਰ ਦੇ ਤੌਰ ਤੇ ਮਿਹਨਤ ਕੀਤੀ ਹੁੰਦੀ ਅਤੇ ਜੇ ਕਿਤੇ ਉਹ ਕੋਟ ਦਿਖ ਜਾਂਦਾ ਦੋ ਚਾਰ ਵਾਰ ਕਹਾਣੀ 'ਚ ਤਾਂ ਉਹ ਸੱਚਮੁੱਚ ਬਹੁਤ ਵੱਡੀ ਕਹਾਣੀ ਬਣਦੀ ਸੀਗੀ। ਕਿਉਂਕਿ ਕੋਟ ਕਹਾਣੀ 'ਚ ਦਿਖਿਆ ਨ੍ਹੀ ਹੈ ਏਸ ਲਈ ਉਹ ਜਿਹੜਾ ਇਕ ਦਰਦ ਪੈਦਾ ਹੋਣਾ ਚਾਹੀਦਾ ਸੀ ਜਾਂ ਟੀਚਰ ਦੇ ਅੱਖਾਂ 'ਚ ਹੰਝੂ ਆਉਣ ਵਰਗਾ ਕੁਛ ਐ, ਉਹ ਕਹਾਣੀ 'ਚ ਨ੍ਹੀ ਪੈਦਾ ਹੋ ਸਕਿਆ। ਸੋ ਉਨ੍ਹਾਂ ਚੀਜ਼ਾਂ ਤੇ ਜੇ ਕਿਤੇ ਥੋੜ੍ਹੀ ਜਿਹੀ ਮਿਹਨਤ ਕੀਤੀ ਹੁੰਦੀ ਸ਼ਾਇਦ ਇਹ ਕਹਾਣੀ-ਸੰਗ੍ਰਹਿ ਦੀ ਇਕ ਬਹੁਤ ਮਹੱਤਵਪੂਰਨ ਕਹਾਣੀ ਬਣਨੀ ਸੀ। ਕਾਰਗਿਲ ਖੂਬਸੂਰਤ ਕਹਾਣੀ ਐ ਤੇ ਉਹ ਕਿਸਾਨੀ ਪਰਿਵਾਰ ਦੀ ਮੌਤ ਬਾਰੇ ਪੜ੍ਹਨ ਤੋਂ ਬਾਅਦ ਮੈਨੂੰ ਲੱਗਿਆ ਜਿਵੇਂ ਵਰਤਾਰਾ ਤਾਂ ਖੁਦਕਸ਼ੀ ਦਾ ਈ ਬਣਦੈ ਪਰ ਲੇਖਕ ਨੇ ਉਨ੍ਹਾਂ ਕਾਰਨਾਂ ਤੋਂ ਵੱਖਰਾ ਕਾਰਨ ਚੱਕਿਆ ਐ, ਨਿਭਾਇਆ ਵੀ ਐ। ਏਸੇ ਤਰ੍ਹਾਂ 'ਕੀੜੀਆਂ ਦੀ ਮੌਤ' ਬਾਰੇ ਜਿਹੜਾ ਰਜਿੰਦਰ ਜੀ ਨੇ ਇਕ ਬਹੁਤ ਅਹਿਮ ਨੁਕਤਾ ਉਠਾਇਆ ਸੀ ਕਿ ਕੀ ਜਿਹੜੀਆਂ ਸਾਡੀਆਂ ਮੂਵਮੈਂਟਸ ਨੇ ਇਨ੍ਹਾਂ ਦਾ ਇਹੀ ਰੂਪ ਬਣਦਾ ਜਾ ਰਿਹਾ



ਹੈ ? ਤੇ ਇਹ ਅੱਜ ਦੇ ਯੁੱਗ ਦੇ ਵਿਚ ਸੱਚ ਵੀ ਬਣਦਾ ਜਾ ਰਿਹਾ ਹੈ ਕਿ ਜਦੋਂ ਕਿਤੇ ਆਰਥਿਕ ਸਹੂਲਤ ਲਈ ਮੂਵਮੈਂਟ ਲੜੀ ਜਾਊਗੀ, ਚਾਹੇ ਪ੍ਰੋਫੈਸਰਾਂ ਦੇ ਉਥੇ ਲੜੀ ਜਾਵੇ ਜੀਹਦੇ 'ਚ ਸਾਰਿਆਂ ਦੇ ਇਕਨੌਮਿਕ ਹਿੱਤ ਹੋਣਗੇ, ਓਥੇ ਜੋਸ਼ ਹੋਰ ਹੋਊਗਾ, ਜੇ ਕਿਸੇ ਇਕ ਬੰਦੇ ਲਈ ਕੇਸ ਨੂੰ ਲੈ ਕੇ ਲੜਾਂਗੇ, ਤਾਂ ਜੋਸ਼ ਓਸੇ ਤਰ੍ਹਾਂ ਖੁੰਢੇ ਹੁੰਦੇ ਚਲੇ ਜਾਣਗੇ ਕਿ ਸਾਡੀਆਂ ਇਨ੍ਹਾਂ ਮੂਵਮੈਂਟਸ ਦੀ ਨਿਰਾਰਥਕਤਾ ਉਥੇ ਉਭਰ ਕੇ ਸਾਹਮਣੇ ਆ ਜਾਊਗੀ।

**ਡਾ. ਸੁਰਜੀਤ ਸਿੰਘ ਧਾਲੀਵਾਲ :** ਇਕ ਪਾਠਕ ਦ੍ਰਿਸ਼ਟੀ ਜੋ ਮੈਂ ਇਹਨਾਂ ਕਹਾਣੀਆਂ ਨੂੰ ਪੜ੍ਹਦਿਆਂ, ਮਾਣਦਿਆਂ ਮਹਿਸੂਸ ਕੀਤੀ ਹੈ, ਉਹ ਸਾਂਝੀ ਕਰਨ ਦੀ ਕੋਸ਼ਿਸ਼ ਕਰਦਾ ਹਾਂ। ਹੋ ਸਕਦਾ ਮੇਰੀ ਦ੍ਰਿਸ਼ਟੀ ਅੱਜ ਦੀ ਚਰਚਾ ਵਿਚ ਕੁਵੇਲੇ ਦਾ ਰਾਗ ਲੱਗੇ ਜਾਂ ਪੰਜਾਬੀ ਅਖੌਤਾਂ ਵਾਂਗ ਜਲੇਬੀਆਂ 'ਚ ਗੰਢਾ ਲੱਗੇ। ਇਹਨਾਂ ਕਹਾਣੀਆਂ ਦੇ ਵਿਚ ਡਾ. ਬਲਦੇਵ ਧਾਲੀਵਾਲ ਹੋਰਾਂ ਦਾ ਜੋ ਮੈਨੂੰ ਲੱਗਿਆ ਕਿ ਇਤਿਹਾਸਕ, ਮਿਥਿਹਾਸਕ ਤੇ ਸਭਿਆਚਾਰਕ ਹਵਾਲੇ ਬੜੀ ਸੂਖਮਤਾ ਨਾਲ, ਇਕ ਖਾਸ ਤਰ੍ਹਾਂ ਦੀ ਟੱਚ ਦੇ ਕੇ ਬੜੀ ਵਧੀਆ ਢੰਗ ਨਾਲ ਵਰਤੇ ਨੇ। ਬਿਆਨ ਬੜਾ ਸੂਖਮ ਐ। ਜਿਸ ਤਰ੍ਹਾਂ 'ਕੀੜੀਆਂ ਦੀ ਮੌਤ' ਦੇ ਵਿਚ ਜਦੋਂ ਪਾਤਰ ਦੀ ਟਰਮੀਨੇਸ਼ਨ ਦਾ ਓਸ ਪਾਤਰ ਨੂੰ ਪਤਾ ਲਗਦੈ ਤਾਂ ਇਕ ਛੋਟਾ ਜਿਹਾ ਬੋਲ ਉਹ ਬੋਲਦਾ ਉਓ ਮਾਈ ਗੌਡ , ਤੇ ਨਾਲ ਈ ਇਕ ਬਿਆਨ ਆ ਇਹ ਉਸਦੀ ਦਰੋਪਤੀ ਪੁਕਾਰ ਸੀ। ਦੇਖੋ ਤੁਸੀਂ ਮਿਥਿਹਾਸ ਨੂੰ ਕਿਸ ਤਰ੍ਹਾਂ ਉਨ੍ਹਾਂ ਦੇ ਨਾਲ ਕੋਰਿਲੇਟ ਕੀਤਾ, ਛੋਟਾ ਜਿਹਾ ਇਕ ਬਿਆਨ ਕਿੱਡੇ ਵੱਡੇ ਸੰਸਾਰ ਨਾਲ ਸਾਡੀ ਸਾਂਝ ਪਵਾਉਂਦੈ। ਏਸੇ ਤਰ੍ਹਾਂ ਈ ਕਹਾਣੀ ਕਾਰਗਿਲ ਦੇ ਵਿਚ ਜਿਹੜਾ ਪਾਤਰ ਹੈ ਰਣਬੀਰ ਉਹ ਜਦੋਂ ਪਾਣੀ ਦੀ ਟੈਂਕੀ ਦਾ ਕੁਨੈਕਸ਼ਨ ਨਾ ਮਿਲਨ ਤੇ ਕਲਰਕ ਨਾਲ ਲੜ ਕੇ ਸਲੂਜੇ ਦੇ ਰਾਹੀਂ ਇਕ ਚਿੱਠੀ ਉਪਰਲੇ ਅਫਸਰਾਂ ਨੂੰ ਪਾਉਂਦਾ, ਉਹਨੂੰ ਖਾਬ ਆ ਰਿਹਾ ਕਿ ਐਸ.ਡੀ.ਓ., ਸਰਪੰਚ ਤੇ ਇਕ ਦੋ ਹੋਰ ਮੋਹਤਬਰ ਬੰਦਿਆਂ ਨਾਲ ਉਹ ਕਲਰਕ ਉਹਤੋਂ ਮਾਫੀ ਮੰਗਣ ਆ ਰਿਹਾ। ਏਥੇ ਇਕ ਗੱਲ ਆਉਂਦੀ ਐ ਕਿ ਰਣਬੀਰ ਦੇ ਚਿਹਰੇ ਤੇ ਇਕ 'ਅਕਬਰੀ ਮੁਸਕਾਨ' ਫੈਲ ਗਈ। ਇਹ ਇਕ ਇਤਿਹਾਸਕ ਹਵਾਲਾ ਹੈ। ਏਸੇ ਤਰ੍ਹਾਂ ਈ ਜਦੋਂ ਉਹ ਭਰਤੀ ਵੇਲੇ ਇਗਨੋਰ ਕੀਤਾ ਜਾਂਦਾ ਹੈ ਤਾਂ ਹਵਾਲਾ ਆਉਂਦਾ ਹੈ ਜਿਵੇਂ ਇਕ ਸਬਜੀਆਂ ਦੀ ਰੇਹੜੀ ਵਾਲਾ ਹੈ ਜੋ ਘੱਟ ਕੀਮਤ ਵਾਲੇ ਗਲੇ-ਸੜੇ ਟਮਾਟਰਾਂ ਦੀ ਵੱਖਰੀ ਢੇਰੀ ਲਾ ਦਿੰਦਾ ਹੈ। ਇਹ ਹਵਾਲੇ ਬੜੀ ਬਰੀਕੀ ਨਾਲ, ਸੂਖਮਤਾ ਨਾਲ ਆਏ ਨੇ। ਏਸੇ ਤਰ੍ਹਾਂ ਈ ਚੁੱਪ ਦਾ ਜ਼ਿਕਰ ਕੀਤਾ ਇਹਨਾਂ ਨੇ, ਕਈ ਥਾਵਾਂ ਤੇ ਚੁੱਪ ਨੂੰ ਵੀ ਕਈ ਤਰ੍ਹਾਂ ਬਿਆਨਿਆ ਹੈ। ਜਿਸ ਤਰ੍ਹਾਂ ਐਕਸੀਡੈਂਟ ਦਾ ਸੀਨ ਬਣਦਾ ਐ 'ਆਈਸਕ੍ਰੀਮ' ਕਹਾਣੀ ਦੇ ਵਿਚ ਤਾਂ ਉਹ ਕਹਿੰਦੇ ਨੇ ਓਥੇ ਮਾਹੌਲ ਵਿਚ ਇਕ ਡਰਾਉਣੀ ਚੁੱਪ ਫੈਲ ਗਈ ਜਾਂ ਮਾਤਮੀ ਚੁੱਪ ਫੈਲ ਗਈ ਜਾਂ ਬੋਝਲ ਜਿਹੀ ਚੁੱਪ ਫੈਲ ਗਈ। ਇਸ ਤਰ੍ਹਾਂ ਦੇ ਬੜੇ ਸੂਖਮ ਬਿਆਨ ਮਾਨਣ ਵਾਲੇ ਤੇ ਸਮਝਣ ਵਾਲੇ ਲੱਗੇ। ਦੂਸਰਾ ਜੋ ਨਜ਼ਰੀਆ ਮੈਂ ਮਹਿਸੂਸ ਕਰਦਾ ਹਾਂ ਉਸਦਾ ਸਬੰਧ ਇਨਸਾਨ ਦੇ ਭ੍ਰਮ ਨਾਲ ਹੈ। ਤੋਤੇ ਪਕੜਨ ਵਾਲੇ ਤੋਤੇ ਕਿਸ ਤਰ੍ਹਾਂ ਪਕੜਦੇ ਨੇ ? ਤੇ ਜਿਹੜੇ ਮੌਂਕੀ ਜਾਂ ਬਾਂਦਰ ਪਕੜਨ ਵਾਲੇ ਨੇ ਉਹ ਕਿੱਦਾਂ ਪਕੜਦੇ ਨੇ ? ਮੈਂ ਕੁਛ ਕਹਾਣੀਆਂ ਦੇ ਪ੍ਰਸੰਗ 'ਚ ਇਸ ਤਰ੍ਹਾਂ ਵੇਖਿਆ ਕਿ ਜੋ ਸਾਡੇ 'ਚ ਪੰਜ ਵਕਾਰਾਂ ਵਾਲੀ ਗੱਲ ਆ, ਇਹੀ ਹੁੰਦਾ ਕਿ ਜਿਹੜੇ ਕਹਾਣੀਆਂ ਦੇ ਪਾਤਰ ਨੇ ਉਹ ਕਿਤੇ ਲੋਭ 'ਚ ਫਸਦੇ ਨੇ, ਕਿਤੇ ਮੋਹ 'ਚ ਫਸਦੇ ਨੇ, ਕਿਤੇ ਹੰਕਾਰ 'ਚ ਫਸਦੇ ਨੇ, ਕਿਤੇ ਕ੍ਰੋਧ 'ਚ ਫਸਦੇ ਨੇ, ਤੇ ਬਾਕੀ ਚੀਜ਼ਾਂ ਉਹਤੋਂ ਬਾਅਦ 'ਚ ਆਉਂਦੀਆਂ ਨੇ। ਜਿਸ ਤਰ੍ਹਾਂ ਕਹਾਣੀ ਹੈ 'ਆਈਸਕ੍ਰੀਮ', ਜਿਹੜਾ ਪਾਤਰ ਐ, ਕਾਮ ਉਹਦੇ ਦੁਆਲੇ ਪਸਰਿਆ ਹੋਇਆ। ਪਰਿਵਾਰਕ ਰਿਸ਼ਤਿਆਂ ਨੂੰ ਇਨਸਾਫ ਨਾਲ ਨਿਭਾਉਣਾ ਜਾਂ ਨਾ ਨਿਭਾਉਣਾ ਉਹਦੇ ਕਾਮ ਦੇ ਕਰਕੇ ਈ ਐ। ਕਿਉਂਕਿ ਉਹ ਕਈ ਵਾਰੀ ਕਹਿੰਦਾ ਕਿ ਬਰਫ ਦੇ ਗੋਹੜੇ ਵਰਗੀ ਲੜਕੀ, ਕਹਿੰਦਾ ਕਿ ਜੇ ਮੈਂ ਓਹਦੇ ਤੱਕ ਅਪਰੋਚ ਨਾ ਕੀਤਾ ਤਾਂ ਕੋਈ ਹੋਰ ਕਰ ਲਊ। ਫੇਰ ਜਦੋਂ ਚਾਹ ਕੇ ਵੀ ਇਹ ਪਾਤਰ ਉਹਨੂੰ ਮਿਲਣ ਨ੍ਹੀ ਜਾ ਸਕਦਾ, ਤਾਂ ਫੇਰ ਵੀ ਓਸ ਦੀ ਨਜ਼ਰ ਜਿਹੜੀ ਹੈਗੀਆ ਉਹ ਆਪਣੀ ਪਤਨੀ, ਜਦੋਂ ਉਹ ਇਕ ਡਾਇਨਿੰਗ ਟੇਬਲ ਵਾਲੀ ਚਾਦਰ ਵਿਛਾ ਕੇ ਖਾਣਾ ਪਰੋਸ ਰਹੀ ਐ, ਦੇ ਜਿਸਮ ਤੇ ਜਾਂਦੀ ਆ, ਉਹ ਭੁੱਲ ਜਾਂਦਾ ਕਿ ਉਹ ਪਿੱਛੇ ਨਾ ਪ੍ਰੇਮਿਕਾ ਨਾਲ ਕੋਈ ਵਾਅਦਾ ਵੀ ਕਰਕੇ ਆਇਆ ਜਾਂ ਨਹੀਂ, ਉਹ ਪਤਨੀ ਦੇ ਜਿਸਮ ਨੂੰ ਫੇਰ ਮਾਨਣ ਲੱਗ ਜਾਂਦਾ। ਉਹਦੇ ਦਿਮਾਗ ਦੇ ਸੈਂਟਰ 'ਚ ਕਾਮ ਐ। ਇਕ ਏਥੇ ਕਾਮ ਤੇ ਮੋਹ ਆਪੋ ਆਪਣੀ ਥਾਂ ਬਦਲਦੇ ਐ, ਕਿਉਂਕਿ ਇਕ ਪਾਸੇ ਉਹ ਕਾਮ 'ਚ ਐ, ਉਹ ਪ੍ਰੇਮਿਕਾ ਕੋਲ ਜਾਣਾ ਚਾਹੁੰਦਾ, ਪਰ ਦੂਜੇ ਪਾਸੇ ਉਹ ਮੋਹ 'ਚ ਆ, ਆਪਣੇ ਬੱਚਿਆਂ ਦੇ, ਉਹ ਪਾਤਰ ਓਧਰੋਂ

ਇਕ ਵਾਰ ਕਾਮ ਨੂੰ ਇਗਨੋਰ ਕਰਦਾ, ਦੂਸਰੇ ਪਾਸੇ ਮੋਹ 'ਚ ਫਸ ਜਾਂਦਾ। ਉਹ ਦਵੰਦ 'ਚ ਰਹਿੰਦੈ ਕਾਮ ਤੇ ਮੋਹ ਦੇ, ਏਸੇ ਚੱਕਰ 'ਚ ਉਹ ਐਕਸੀਡੈਂਟ ਵੀ ਕਰਨ ਲਗਦੈ। ਕਾਰਗਿਲ ਕਹਾਣੀ ਦੇ ਵਿਚ ਜਿਹੜਾ ਰਣਬੀਰ ਆ ਉਹ ਵੀ ਕ੍ਰੋਧ ਦੀ ਪਕੜ 'ਚ ਐ, ਲੋਭ ਦੀ ਪਕੜ 'ਚ ਐ, ਕਿਉਂਕਿ ਜਦੋਂ ਉਹ ਘਰੋਂ ਜਾਂਦਾ, ਤਾਂ ਘਰਦਿਆਂ ਨੂੰ ਖਤਰਾ ਰਹਿੰਦਾ ਕਿਸੇ ਨਾਲ ਲੜ ਕੇ ਨਾ ਆ ਜੇ,ਤਾਂ ਏਹ ਚੀਜ਼ਾਂ ਜਿਸ ਬੰਦੇ ਤੇ ਵਾਪਰਦੀਆਂ ਨੇ ਉਨ੍ਹਾਂ ਬਾਰੇ ਮੈਂ ਕਹਿ ਸਕਦਾਂ ਕਿ ਉਹ ਆਪ ਤਾਂ ਡੁਬਦੇ ਨੇ, ਨਾਲ ਦਿਆਂ ਨੂੰ ਵੀ ਡੋਬਦੇ ਨੇ, ਜਾਂ ਦੂਸਰਿਆਂ ਦੀ ਕੋਈ ਪ੍ਰਵਾਹ ਨਹੀਂ ਕਰਦੇ ਜਾਂ ਆਪਾਂ ਕਹਿੰਨੇ ਆਂ ਓਸ ਵਹਾਅ ਦੇ ਵਿਚ ਉਹ ਅੰਨ੍ਹੇ ਹੋ ਚੁੱਕੇ ਹੁੰਦੇ ਨੇ। ਜਿਹੜਾ ਇਹ ਰਣਬੀਰ ਆ, ਉਹਦੇ ਘਰਦਿਆਂ ਦਾ ਜੀਣਾ ਨਰਕ ਬਣ ਜਾਂਦਾ। ਜਦੋਂ ਉਹ ਬਾਹਰ ਜਾਂਦਾ ਕ੍ਰੋਧ ਦੀ ਪਕੜ 'ਚ ਹੁੰਦਾ ਆ, ਤਾਂ ਘਰਦਿਆਂ ਨੂੰ ਲਗਦਾ ਕਿਸੇ ਨਾਲ ਲੜ ਕੇ ਨਾ ਆ ਜੇ, ਜਦੋਂ ਉਹ ਘਰੇ ਆ ਜਾਂਦਾ, ਘਰਦਿਆਂ ਨੂੰ ਡਰ ਰਹਿੰਦਾ ਕਿਤੇ ਇਹ ਲੜ ਨਾ ਪਵੇ। ਫੇਰ ਚੀਜ਼ਾਂ ਥਾਂ ਬਦਲਦੀਆਂ ਨੇ, ਉਹੀ ਲੋਭ ਦੇ ਵਿਚ ਫਸਦਾ, ਲੋਭ ਉਹਦਾ ਕੀ ਐ ਕਿ ਉਹ ਆਪਣੀ ਏਸ ਹਾਲਤ ਦੇ ਵਿਚੋਂ ਜਿਆਦਾ ਅਮੀਰ ਬਣੇ, ਦੂਸਰਿਆਂ ਨਾਲ ਕੰਪੈਰੇਜਿਨ ਕਰੇ, ਜਿਹੜੇ ਜੋਗਿੰਦਰ ਸਿੰਘ ਵਰਗੇ ਫੌਜੀਆਂ ਦੇ ਖਾਨਦਾਨ ਨੇ, ਉਨ੍ਹਾਂ ਵਰਗਾ ਉਚਾ ਹੋਵੇ, ਇਹ ਚੀਜਾਂ ਸੋਚਦੈ। ਤਾਂ ਤੀਸਰੀ ਜਿਹੜੀ ਗੱਲ ਹੈਗੀਐ, ਮੋਹ 'ਚ ਵੀ ਆਉਂਦੈ ਉਹ। ਕਿਉਂਕਿ ਜਦੋਂ ਉਹ ਪਹਿਲਾਂ ਸੂਸਾਈਡ ਕਰਨ ਦੀ ਕੋਸ਼ਿਸ਼ ਕਰਦੈ ਓਥੇ ਉਹਨੂੰ ਬੱਚੇ ਚੇਤੇ ਆਉਂਦੇ ਨੇ, ਕਿ ਜੇ ਮੈਂ ਮਰ ਗਿਆ ਤਾਂ ਮੇਰੀਆਂ ਜਵਾਨ ਧੀਆਂ ਪਿੱਛੋਂ ਰੁਲ ਜਾਣਗੀਆਂ। ਉਹ ਘਰੇ ਆ ਕੇ ਉਨ੍ਹਾਂ ਨੂੰ ਮਾਰ ਦਿੰਦੈ। ਤਾਂ ਏਥੇ ਇਕ ਗੱਲ ਵੱਖਰੀ ਜਿਹੜੀ ਇਹ ਨਜ਼ਰ ਆਉਂਦੀ ਆ ਕਿ ਮੋਹ ਦੇ ਵਿਚ ਇਨਸਾਨ ਕਿਸੇ ਨੂੰ ਜਿਉਂਦਾ ਈ ਨਹੀਂ ਰੱਖਦਾ, ਕਈ ਵਾਰੀ ਮਾਰ ਵੀ ਦਿੰਦਾ। ਜਿਸ ਵੇਲੇ ਚੁਰਾਸੀ 'ਚ ਦਿੱਲੀ ਦੇ ਵਿਚ ਕਤਲੋਗਾਰਤ ਹੋ ਰਹੀ ਸੀ, ਤਾਂ ਉਥੇ ਇਕ ਪਰਿਵਾਰ ਦੇ ਮੁਖੀ ਨੇ ਆਪਣੀਆਂ ਦੋਵਾਂ ਬੇਟੀਆਂ ਨੂੰ ਕਿਹਾ, ਬਈ ਜੇ ਤੁਹਾਨੂੰ ਲੱਗੇ ਆਪਣੇ ਦਰਵਾਜੇ ਏਦਾਂ ਟੁੱਟਣ ਲੱਗੇ ਨੇ ਤਾਂ ਤੁਸੀਂ ਆਪਣੀ ਉਪਰਲੀ ਛੱਤ ਤੋਂ ਥੱਲੇ ਛਾਲ ਮਾਰ ਦਿਉ। ਛਾਲ ਏਸ ਤਰ੍ਹਾਂ ਮਾਰਨੀ ਐ ਕਿ ਤੁਹਾਡਾ ਸਿਰ ਥੱਲੇ ਹੋਵੇ। ਮਤਲਬ ਏਦਾਂ ਨਾ ਹੋਵੇ ਕਿ ਤੁਸੀਂ ਬਚ ਜਾਓਂ। ਤਾਂ ਇਹ ਜਿਹੜਾ ਪਾਤਰ ਆ ਕਾਰਗਿਲ ਵਾਲਾ ਰਣਬੀਰ ਉਹ ਵੀ ਏਸੇ ਤਰ੍ਹਾਂ ਈ ਕਰਦਾ। ਉਹਦੇ ਵਿਚ ਥੋੜ੍ਹਾ ਥੋੜ੍ਹਾ ਹੰਕਾਰ ਵੀ ਭਾਰੂ ਹੁੰਦਾ ਐ। ਜਦੋਂ ਉਹ ਆਪਣੇ ਘਰ ਬੈਠਾ ਟੀ.ਵੀ. ਦੇ ਅੱਗੇ ਉਹ ਆਪਣੀ ਵਿਸਕੀ ਦੀਆਂ ਚੁਸਕੀਆਂ ਲੈ ਰਿਹਾ, ਤਾਂ ਗੁਆਂਢਣ ਆ ਕੇ ਉਹਨੂੰ ਪੁੱਛਦੀ ਆ, ਬਈ ਸਾਨੂੰ ਵੀ ਕੋਈ ਗਿੱਦੜਸਿੰਙੀ ਦੱਸ ਦੇ ਅਮੀਰ ਹੋਣ ਦੀ, ਤਾਂ ਉਹ ਨਿੰਮਾ ਜਿਹਾ ਮੁਸਕਾਉਂਦਾ, ਇਕ ਜੇਤੂ ਜਿਹੇ ਅੰਦਾਜ਼ 'ਚ, ਤੇ ਚੁੱਪ ਕਰਕੇ ਅੰਦਰ ਚਲਿਆ ਜਾਂਦਾ ਐ।

**ਸ੍ਰੀ ਗੁਰਪ੍ਰੀਤ ਖੰਨਾ** : ਕਹਾਣੀਆਂ ਬਾਰੇ ਪੜ੍ਹੇ ਗਏ ਪਰਚੇ ਵਧੇਰੇ ਕਰਕੇ ਪ੍ਰਸੰਸਾਤਮਕ ਤੇ ਵਿਆਖਿਆਤਮਕ ਰਹੇ ਨੇ, ਭਾਵੇਂ ਵਿਸ਼ਲੇਸ਼ਣ ਕਹਾਣੀਆਂ ਦੀਆਂ ਵੱਖਰੀਆਂ ਵੱਖਰੀਆਂ ਤੰਦਾਂ ਨੂੰ ਉਘੇੜਨ ਦੇ ਪੱਖੋਂ ਸਫਲ ਮੰਨਿਆ ਜਾ ਸਕਦੈ। ਪਰ ਇਕ ਜਿਹੜੀ ਕਮਜ਼ੋਰੀ ਮੈਂ ਪਰਚਿਆਂ ਵਿਚ ਮਹਿਸੂਸ ਕੀਤੀ ਐ, ਉਹ ਏਹ ਐ ਕਿ ਬਈ ਪਰਚਾ ਪੜ੍ਹਨ ਵਾਲੇ ਵਿਦਵਾਨ ਸੱਜਣ ਨਰਮਾਈ ਵਰਤਦੇ ਆਂ, ਕਹਾਣੀਆਂ ਤੇ ਕਹਾਣੀਕਾਰਾਂ ਪ੍ਰਤੀ। ਕਹਾਣੀਕਾਰ ਨੇ ਜਦੋਂ ਕਹਾਣੀਆਂ ਦੀ ਸਿਰਜਣਾ ਕਰ ਦਿੱਤੀ ਓਸਤੋਂ ਪਹਿਲਾਂ ਉਹਦੀ ਸੁਤੰਤਰਤਾ ਸੀ ਬਈ ਉਹ ਕੀ ਲਿਖਦੈ, ਤੇ ਜਿਹੜੇ ਸਮਾਜਕ ਜਾਂ ਵਿਅਕਤੀਗਤ ਸਰੋਕਾਰ ਹੈਗੇ ਨੇ, ਉਨ੍ਹਾਂ ਨਾਲ ਕਿਵੇਂ ਨਿਬੜਦੈ। ਪਰ ਜਦੋਂ ਕਹਾਣੀ ਲਿਖ ਦਿੱਤੀ ਅਤੇ ਪਾਠਕਾਂ ਦੇ ਹੱਥਾਂ 'ਚ ਆ ਗਈ, ਹੁਣ ਇਹ ਉਨ੍ਹਾਂ ਦਾ ਸਰੋਕਾਰ ਤੇ ਉਨ੍ਹਾਂ ਦੀ ਸੁਤੰਤਰਤੈ ਕਿ ਉਹ ਉਨ੍ਹਾਂ ਨੂੰ ਕਿਵੇਂ ਲੈਣ।

ਪਰਚਿਆਂ 'ਚ ਜਿਵੇਂ ਕਿ ਕਿਹਾ ਗਿਐ ਉਹਦੇ ਨਾਲ ਮੇਰੀ ਸਹਿਮਤੀ ਨਹੀਂ ਐ, ਇਹ ਕਾਰਪੋਰੇਟੀ ਸੰਸਾਰ, ਜਿਹੜਾ ਸਾਨੂੰ ਓਸ ਤਰ੍ਹਾਂ ਸੋਚਣ ਲਈ ਮਜਬੂਰ ਕਰਦੈ, ਜਿਵੇਂ 'ਮਸਾਜ਼' ਕਹਾਣੀ ਦੇ ਪਾਤਰ ਸੋਚਦੇ ਐਂ, ਜਿਵੇਂ ਰਣਬੀਰ ਸੋਚਦੈ, ਉਨ੍ਹਾਂ ਨੂੰ ਕਹਾਣੀਆਂ ਬਰੀ ਕਰਦੀਆਂ ਨੇ। ਕਾਰਪੋਰੇਟ ਜਗਤ ਦਾ ਜੋ ਰੋਲ ਐ ਓਸ ਤੱਕ ਨ੍ਹੀ ਪਹੁੰਚਦੀਆਂ, ਜਿਥੋਂ ਰਣਬੀਰ ਦੇ ਹਿੱਕ ਵਿਚ ਉਪਭੋਗਤਾ ਦਾ ਤੀਰ ਵੱਜਿਐ, ਜਿਸ ਕਮਾਣ 'ਚੋਂ ਚਲ ਕੇ ਆਇਐ ਉਹ ਤੇ ਜਿਹੜੇ ਬੰਦੇ ਨੇ ਉਹ ਕਮਾਣ ਫੜ੍ਹੀ ਹੋਈ ਐ, ਜਿਹੜੀਆਂ ਧਿਰਾਂ ਨੇ ਫੜ੍ਹੀ ਹੋਈ ਐ, ਜਿਹੜੀਆਂ ਜਮਾਤਾਂ ਨੇ ਫੜੀ ਹੋਈ ਐ, ਓਥੇ ਤੱਕ ਕਾਰਗਿਲ ਜਾਂ ਹੋਰ ਇਸ ਕਿਸਮ ਦੀਆਂ ਉਪਭੋਗਤਾ ਬਿਰਤੀ ਨੂੰ ਪੇਸ਼ ਕਰਦੀਆਂ ਕਹਾਣੀਆਂ ਉਹਨੂੰ ਪਕੜ ਨ੍ਹੀ ਪਾਉਂਦੀਆਂ, ਤੇ ਇਹਦੀ ਮੈਨੂੰ ਮਜਬੂਰੀ ਨ੍ਹੀ ਸਮਝ



ਆਈ ਬਈ ਕੀ ਰਹੀ ਐ ਕਿ ਕਹਾਣੀਕਾਰ ਉਥੇ ਤੱਕ ਕਿਉਂ ਨਹੀਂ ਪਹੁੰਚ ਪਾਉਂਦੇ ? ਤੇ ਕੁੱਲ ਮਿਲਾ ਕੇ ਸਾਰੀ ਜਿਹੜੀ ਜੁੰਮੇਵਾਰੀ ਐ ਉਹ ਪਾਤਰਾਂ ਦੀ ਸੋਚਣ ਦੀ ਵਿਧੀ ਉਤੇ ਸੁੱਟੀ ਗਈ ਐ ਬਈ ਉਹ ਐਂ ਸੋਚਦੇ ਨੇ। ਕਿਸ ਪ੍ਰਭਾਵ ਕਰਕੇ ਸੋਚਦੇ ਨੇ ਏਹੇ ਗੱਲ ਉਸਦਾ ਪ੍ਰਗਟਾਵਾ, ਉਹਦੇ ਪ੍ਰਮਾਣ ਤੱਥਾਂ ਦੇ ਰੂਪ ਵਿਚ ਕਿਤੇ ਕਹਾਣੀਆਂ 'ਚ ਦੇਖਣ ਨੂੰ ਨਹੀਂ ਮਿਲਦੇ। 'ਕਾਰਗਿਲ' ਦੇ ਵਿਚ ਸਾਹਮਣੇ ਆਉਂਦੈ ਕਾਰਨ ਬਈ ਉਹ ਜਿਹੜਾ ਸਲੂਜਾ ਹੈਗਾ ਉਹ ਕਹਿੰਦਾ ਬਈ ਆਪਾਂ ਕਲਰਕ ਨੂੰ ਐਂ ਢਾਉਣਾ। ਤੇ ਰਣਬੀਰ ਨੂੰ ਜਚ ਗਈ ਤੇ ਓਸ ਤੋਂ ਬਾਅਦ ਰਣਬੀਰ ਦਾ ਪਾਤਰ ਐ ਜਿਹੜਾ ਉਹ ਕਰਜ਼ਿਆਂ ਦੇ ਲੈਣ ਦੇ ਰਾਹ ਤੁਰ ਪੈਂਦੈ। ਹੁਣ ਉਹ ਕਰਜ਼ੇ ਜਿਹੜੇ ਹੈਗੇ ਨੇ, ਉਹ ਵਿਸ਼ੇਸ਼ ਸਮਾਜਕ ਵਿਵਸਥਾ ਦੀ ਸੋਚੀ-ਸਮਝੀ ਨੀਤੀ ਦੇ ਤਹਿਤ ਗਰਾਸ ਰੂਟ ਲੈਵਲ ਤੱਕ ਪਹੁੰਚਾਏ ਜਾ ਰਹੇ ਨੇ। ਏਸ ਕਿਸਮ ਦੀ ਕੋਈ ਗੱਲ ਜਿਹੜੀ ਹੈਗੀ ਐ, ਵੈਸੇ ਤਾਂ ਪਹਿਲਾਂ ਮੈਂ ਕਹਿ ਚੁੱਕਿਐਂ ਬਈ ਸੁਤੰਤਰਤਾ ਹੁੰਦੀ ਐ ਕਿ ਕਹਾਣੀਕਾਰ ਨੇ ਕਿਸ ਤਰ੍ਹਾਂ ਲੈਣੈ ਉਨ੍ਹਾਂ ਸਾਰੀਆਂ ਗੱਲਾਂ ਨੂੰ, ਉਹ ਜ਼ਰੂਰੀ ਨਹੀਂ ਹਰ ਗੱਲ ਦਾ ਕਾਰਨ ਸਪੱਸ਼ਟ ਕਰ ਸਕੇ। ਜਿਹੜੀ ਉਪਭੋਗੀ ਮਾਨਸਿਕਤੈ, ਉਹਦਾ ਵੀ ਕੀ ਰੂਪ ਪੇਸ਼ ਕੀਤਾ ਗਿਐ, ਉਹ ਕਹਾਣੀਆਂ ਵਿਚ ਇਸ ਤਰ੍ਹਾਂ ਆਇਐ ਬਈ ਜਿਵੇਂ ਉਨ੍ਹਾਂ ਦਾ ਕਿਸੇ ਭਵਿੱਖੀ ਸੰਵੇਦਨਾ ਨਾਲ ਬਾਅਲਾ ਰੌਲ਼ਾ ਨ੍ਹੀ ਹੈਗਾ, ਸਗੋਂ ਭਵਿੱਖੀ ਸੰਵੇਦਨਾ ਦੇ ਰੂਪ ਦੇ ਵਿਚ ਉਹੀ ਖੁਦ ਆਪਣੇ ਆਪ ਦੇ ਵਿਚ ਜਿੱਤਦੀ ਹੋਈ ਦਿਖਾਈ ਗਈ ਐ ਥਾਂ ਥਾਂ ਤੇ, ਜਿਵੇਂ ਛੋਟੀ ਕਹਾਣੀ ਐ 'ਗੁਰ', ਉਹਦੇ ਵਿਚ ਜਿਹੜਾ ਮਾਰਕਸਵਾਦੀ ਐ ਉਹ ਸਰਮਾਏਦਾਰੀ ਦੇ ਗੁਰਾਂ ਨੂੰ ਲਿਖਣ ਵਾਲਾ ਜਿਹੜਾ ਪਾਤਰ ਐ, ਉਹ ਲਗਾਤਾਰ ਪੰਦਰਾਂ ਸਾਲ ਮਿਹਨਤ ਕਰਕੇ ਇਕ ਲਿਖਤ ਲਿਖਦੈ ਤੇ ਪ੍ਰਕਾਸ਼ਕ ਨੂੰ ਸੌਂਪਦੈ, ਤਾਂ ਪ੍ਰਕਾਸ਼ਕ ਉਹਨੂੰ ਇਹ ਗੁਰ ਦੇ ਦਿੰਦੈ ਬਈ ਆਹ ਸਾਰੇ ਜਿਹੜੇ ਗੁਰ ਲਿਖੇ ਨੇ, ਪੂੰਜੀਵਾਦ ਜਿਵੇਂ ਕਰਦੈ ਉਹਦੇ ਬਾਰੇ ਤਾਂ ਤੂੰ ਕੁਛ ਬੜੀਆਂ ਵਧੀਆ ਵਿਧੀਆਂ ਦੱਸ ਦਿੱਤੀਆਂ ਹੋਈਆਂ ਨੇ, ਇਹਨਾਂ ਵਿਧੀਆਂ ਨੂੰ ਖੁਦ ਅਪਣਾ ਕੇ ਤੂੰ ਕਮਾ ਖੱਟ। ਤੇ ਸਮਝ ਨ੍ਹੀ ਆਉਂਦੀ ਕਿ ਪੰਦਰਾਂ ਸਾਲ ਮਿਹਨਤ ਕਰਕੇ ਮਾਰਕਸਵਾਦ ਦੇ ਗੁਰਾਂ ਦੇ ਉਤੇ ਇਕ ਬੰਦਾ ਕਿਤਾਬ ਲਿਖਦੈ ਪਰ ਅਚਾਨਕ ਇਕ ਪ੍ਰਕਾਸ਼ਕ ਦੀ ਦੋ ਮਿੰਟ ਵਿਚ ਕਹੀ ਹੋਈ ਗੱਲ ਨੂੰ ਸਵੀਕਾਰ ਕਰਕੇ, ਬਿਨਾਂ ਕੋਈ ਰਜਿਸਟੈਂਸ ਦਿਖਾਇਆਂ, ਬਦਲ ਜਾਂਦੈ, ਤੇ ਓਸ ਤੋਂ ਬਾਅਦ ਜਿਹੜੇ ਉਹ ਗੁਰ ਨੇ ਉਨ੍ਹਾਂ ਨੂੰ ਵੇਚਣ ਬਾਰੇ ਵੀ ਸੋਚਣ ਲੱਗ ਜਾਂਦੈ। ਜਿਹੜੀਆਂ ਪੂੰਜੀਵਾਦੀ ਉਪਭੋਗਤਾਵਾਦੀ ਰੁਚੀਆਂ ਨੇ, ਉਨ੍ਹਾਂ ਦੇ ਰਾਹੀਂ ਆਪਣੇ ਸਰਵਾਈਵਲ ਦੀਆਂ ਗੱਲਾਂ ਸੋਚਣ ਲੱਗ ਜਾਂਦੈ, ਤੇ ਉਹਦੇ ਅੰਦਰ ਗੁੱਸੇ ਦੀ ਲਹਿਰ ਜਿਹੜੀ ਹੈਗੀ ਸੀ ਉਹ ਖੁਸ਼ੀ ਦਾ ਸੂਰਜ ਬਣਕੇ ਚੜ੍ਹਨ ਲੱਗ ਜਾਂਦੀ ਐ। ਇਹ ਕਿਵੇਂ ਹੋਇਐ ? ਇਹ ਮੈਨੂੰ ਨ੍ਹੀ ਸਮਝ ਆਉਂਦੀ ਬਈ ਇਸ ਤੋਂ ਬਾਦ ਉਹ ਤੱਥ ਕਿਹੜਾ ਬਿਲਟ ਕਰਦੇ ਆ ਉਨ੍ਹਾਂ ਕਹਾਣੀਆਂ ਵਿਚ। ਉਪਭੋਗੀ ਮਾਨਸਿਕਤਾ ਵੀ ਇਹਨਾਂ ਕਹਾਣੀਆਂ ਵਿਚ ਜਿਹੜੀ ਪੇਸ਼ ਹੋਈ ਐ, ਉਹ ਕਿਸੇ ਭਵਿੱਖੀ ਸੰਵੇਦਨਾ ਨਾਲ ਨ੍ਹੀ ਟਕਰਾਉਂਦੀ ਸਗੋਂ ਜਿਹੜੀ ਸੰਵੇਦਨਾ ਹੈ ਜਗੀਰੂ ਸੋਚ ਵਾਲੀ ਐ ਜੀਹਦੇ ਪ੍ਰਤੀਨਿਧ ਦੇ ਤੌਰ ਤੇ ਬਚਿੰਤ ਕੌਰ 'ਕਾਰਗਿਲ' ਕਹਾਣੀ ਵਿਚ ਖੜੀ ਐ ਤੇ 'ਮਸਾਜ' ਕਹਾਣੀ ਦੇ ਵਿਚ ਓਮ ਪ੍ਰਕਾਸ਼ ਦੀ ਮਾਂ ਖੜ੍ਹੀ ਐ। ਏਸ 'ਚ ਕੋਈ ਸ਼ੱਕ ਨ੍ਹੀ ਕਿ ਉਹ ਵੀ ਰਜਿਸਟੈਂਸ ਵਾਲੀ ਆਪਣੀ ਮਾਨਸਿਕਤਾ ਨੂੰ ਪੇਸ਼ ਕਰਦੀ ਹੈ। ਉਹ ਕਹਿੰਦੀ ਐ ਬਈ ਜਾ ਵੇ ਕੜਮਿਆ ਢਿੱਡ ਦਿਆ ਸਕਿਆ, ਬਈ ਨਿਆਣੇ ਜਿਹੜੇ ਹੈਗੇ ਨੇ ਉਹ ਕੋਈ ਸਾਡੇ ਨਾਲੋਂ ਵੱਖ ਹੁੰਦੇ ਨੇ। ਤੇ ਸਾਡਾ ਜਿਉਣਾ ਸਾਡੇ ਨਿਆਣਿਆਂ ਦੇ ਜੀਉਣ ਨਾਲੋਂ ਕੋਈ ਵੱਖਰਾ, ਏਸ ਕਿਸਮ ਦੀ ਗੱਲ ਐ ਉਹੋ। ਤੇ ਉਹ ਜਿਹੜੀ ਸਾਦਾ ਜ਼ਿੰਦਗੀ ਉਹਨੇ ਜਿਉਣੀ ਹੁੰਦੀ ਐ ਉਸ ਜ਼ਿੰਦਗੀ ਦੀਆਂ ਮਿਸਾਲਾਂ ਦੇ ਕੇ ਉਹ ਓਮ ਪ੍ਰਕਾਸ਼ ਸ਼ਾਹੀ ਦੀ ਉਪਭੋਗੀ ਮਾਨਸਿਕਤਾ ਦੇ ਖਿਲਾਫ਼ ਇਕ ਤਰਕ ਖੜ੍ਹਾ ਕਰਦੀ ਐ। ਖੂਬਸੂਰਤ ਤਰਕ ਐ, ਏਸ 'ਚ ਕੋਈ ਸ਼ੱਕ ਨ੍ਹੀ। ਉਹ ਰਜਿਸਟੈਂਸ ਵਿਖਾਉਂਦੀ ਐ, ਏਹ ਵੀ ਕੋਈ ਸ਼ੱਕ ਨਹੀਂ। ਵਾਸਤਵਿਕਤੈ ਏਹ ਸਾਡੀ। ਪਰ ਏਸ ਗੱਲ ਦੇ ਵਾਸਤੇ ਮੈਂ ਜਰੂਰ ਜ਼ੋਰ ਦੇਣਾ ਚਾਹੂੰਗਾ ਕਿ ਜੇਕਰ ਉਪਭੋਗੀ ਮਾਨਸਿਕਤਾ ਦਾ ਟਕਰਾਉ ਕਿਸੇ ਭਵਿੱਖੀ ਸੰਵੇਦਨਾ ਨਾਲ ਹੁੰਦਾ ਦਿਖਾਇਆ ਗਿਆ ਹੁੰਦਾ ਇਨ੍ਹਾਂ ਕਹਾਣੀਆਂ ਦੇ ਵਿਚ ਤਾਂ ਵਧੇਰੇ ਸਾਰਥਿਕ ਹੋਣਾ ਸੀ। ਵੈਸੇ ਉਂ ਏਹ ਐਂ ਵੀ ਨ੍ਹੀ ਕਿ ਮੈਂ ਹੁਣ ਏਸ ਪੱਖੋਂ ਉਨ੍ਹਾਂ ਕਹਾਣੀਆਂ ਦੇ ਵਿਚ ਕਮਜ਼ੋਰੀ ਦੀ ਗੱਲ ਕਹਾਂ। ਇਹ ਗੱਲ ਮੈਂ ਸਪੱਸ਼ਟ ਕਰਦਾਂ ਕਿ ਮੇਰੇ ਹਿਸਾਬ ਦੇ ਨਾਲ ਏਹ ਕਹਾਣੀਆਂ ਜਿਹੜਾ ਸਾਰਾ ਤੱਥ-ਸੰਗ੍ਰਹਿ ਪੇਸ਼ ਕਰਦੀਆਂ ਨੇ, ਇਸ ਪੱਖੋਂ ਬਹੁਤ ਸਫਲ ਨੇ। ਜਿਹੜੀ ਸਾਡੇ ਉਪਭੋਗੀ ਕਿਸਮ ਦੀ ਮਾਨਸਿਕਤਾ ਵਾਲੇ ਲੋਕਾਂ ਦੀ ਨਿੱਜੀ ਜ਼ਿੰਦਗੀ ਹੈ, ਉਸਦੀਆਂ ਜਿਹੜੀਆਂ ਤੰਦਾਂ

ਬਰੀਕ ਤੋਂ ਬਰੀਕ ਪਕੜ ਕੇ ਪੇਸ਼ ਕੀਤੀਆਂ ਗਈਆਂ ਨੇ। ਪਰੰਤੂ ਦਿਸ਼ਾ ਜਿਹੜੀ ਹੈਗੀ ਐ ਇਨ੍ਹਾਂ ਕਹਾਣੀਆਂ ਦੀ ਉਹ ਬੜੀ ਪ੍ਰਸ਼ਨ ਕਰਨ ਯੋਗ ਐ।

'ਕੀੜੀਆਂ ਦੀ ਮੌਤ' ਕਹਾਣੀ ਦੇ ਵਿਚ ਪ੍ਰਤੀਕ ਵਰਤਿਆ ਗਿਐ, ਮੈਟਾਫਰ ਕੀੜੀਆਂ ਦਾ ਆਪਣਾ ਹੈਗਾ ਜਿਹੜਾ, ਪੈਰੇਲਲ ਇਕ ਕਹਾਣੀ ਬਿਲਟ ਕੀਤੀ ਹੋਈ ਐ, ਇਕ ਪਾਸੇ ਜਿਹੜੇ ਉਹ ਕਾਲਜ ਦੀ ਯੂਨੀਅਨ ਵਾਲੇ ਹੈਗੇ ਨੇ ਉਨ੍ਹਾਂ ਦੀ ਫੌਜ ਐ, ਤੇ ਉਨ੍ਹਾਂ ਦੇ ਵਿਚਕਾਰ ਯਾਨੀ ਕਿਸੇ ਕਿਸਮ ਦਾ ਜਿਹੜਾ ਤਾਲਮੇਲ ਹੈਗਾ ਉਹ ਮੈਨੂੰ ਕਿਤੇ ਸਪੱਸ਼ਟ ਹੁੰਦਾ ਨ੍ਹੀ ਲੱਗਿਆ। ਆਪਾਂ ਪ੍ਰਤੀਕਾਂ ਦੇ ਰਾਹ ਪੈਨੇ ਆਂ, ਪ੍ਰਤੀਕਾਂ ਦੀ ਵਰਤੋਂ ਰਾਹੀਂ ਆਪਾਂ ਵਾਸਤਵਿਕਤਾ ਦੇ ਜੋ ਤੱਥ ਨੇ ਉਨ੍ਹਾਂ ਨੂੰ ਪੇਸ਼ ਕਰਨ ਦੀ ਰੁਚੀ ਹੈਗੀ ਐ। ਉਹ ਹੁਣ ਮੈਨੂੰ ਐਂ ਲਗਦੈ ਬਈ ਪ੍ਰਤੀਕਾਂ ਦੀ ਵਰਤੋਂ ਏਸ ਕਰਕੇ ਸਾਡੇ 'ਚ ਜਿਆਦਾ ਵਿਕਸਤ ਹੋਈ ਹੋਈ ਐ ਕਿ ਬਈ ਸਾਡੀ ਵਾਸਤਵਿਕਤਾ ਦੀਆਂ ਅੰਦਰਲੀਆਂ ਸੰਭਾਵਨਾਵਾਂ ਤੇ ਪਕੜ ਘੱਟ ਹੁੰਦੀ ਐ, ਤੇ ਅਸੀਂ ਪ੍ਰਤੀਕਾਂ ਦੀ ਝੋਲੀ ਜਾ ਵੜਦੇ ਆਂ। ਤੇ ਅੱਛਾ ਇਕ ਇਹ ਗੱਲ ਐ ਕਿ ਪ੍ਰਤੀਕਾਂ ਦੇ ਸਬੰਧ ਵਿਚ ਬੜਾ ਸਪੱਸ਼ਟ ਸਾਡੇ ਕੋਲ਼ੇ ਅਨੁਭਵ ਐ। ਕੀੜੀਆਂ ਦੀ ਫੌਜ ਦੇ ਵੇਰਵੇ ਵਾਚਣਯੋਗ ਨੇ ਇਹਦੇ ਸਬੰਧ ਵਿਚ, ਜਿਵੇਂ ਉਹ ਐਕਟ ਕਰਦੀਆਂ ਨੇ ਉਹ ਵੇਰਵੇ ਬਹੁਤ ਹੀ ਜਿਆਦਾ ਵਿਚਾਰ ਉਤੇਜਿਤ ਲਗਦੇ ਨੇ ਤੇ ਝੰਜੋੜਦੇ ਨੇ ਕਿ ਉਹ ਕਿਵੇਂ ਹਰ ਮਸਲੇ ਨੂੰ ਸਮੂਹਿਕ ਢੰਗ ਨਾਲ ਨਜਿੱਠਦੀਆਂ ਨੇ। ਮੈਨੂੰ ਏਸ ਗੱਲੋਂ ਵੈਸੇ ਬੜੀ ਪਸੰਦ ਆਈ ਸਾਰੀ ਕਹਾਣੀ। ਉਹ ਆਰਥਿਕਤਾਵਾਦੀ ਨੀਤੀਆਂ ਨੇ ਜਿਹੜੀਆਂ ਸਾਡੀਆਂ ਯੂਨੀਅਨਾਂ ਦੀਆਂ, ਜਥੇਬੰਦੀਆਂ ਦੀਆਂ, ਉਨ੍ਹਾਂ ਨੂੰ ਕਹਾਣੀ ਸਿੱਧੇ ਤੌਰ ਤੇ ਪੇਸ਼ ਕਰਦੀ ਐ। ਤੇ ਉਹ ਆਰਥਿਕਤਾਵਾਦੀ ਨੀਤੀਆਂ ਦੇ ਤਹਿਤ ਜਿਸ ਤਰ੍ਹਾਂ ਯੂਨੀਅਨਾਂ ਖ਼ੁਦਕਸ਼ੀ ਕਰ ਰਹੀਆਂ ਨੇ ਤੇ ਰਣਨੀਤਕ ਬਣਨ ਲਈ ਬੱਸ ਲੱਗੀਆਂ ਹੋਈਆਂ ਨੇ ਉਹ ਚਿੰਤਾਜਨਕ ਹੈ। ਪਰ ਇਕ ਗੱਲ ਜਿਹੜੀ ਹੈਗੀ ਐ ਕਿ ਬਈ ਉਹ ਯੂਨੀਅਨ ਦੀ ਨਿਕੰਮੀ ਫੌਜ ਦਾ ਪੈਰੇਲਲ ਜਿਹੜਾ ਨਾਲ ਸਿਰਜਣਾ ਚਾਹੀਦਾ ਸੀ, ਉਹ ਨਹੀਂ ਬਣ ਪਾਇਆ। ਇਸ ਕਿਸਮ ਦਾ ਸੰਘਰਸ਼ੀ ਰੂਪ ਕੀੜੀਆਂ ਦੀ ਫੌਜ ਦਾ ਹੈਗਾ। 'ਕੀੜੀਆਂ ਦੀ ਮੌਤ' ਵਾਲੀ ਕਹਾਣੀ ਦਾ ਜਿਹੜਾ ਟਾਈਟਲ ਐ ਉਹਦੇ ਮੁਤਾਬਕ ਲਾਸਟ ਵਿਚ ਵੈਸੇ ਤਾਂ ਵਾਕ ਦੀ ਮੌਤ ਉਤੇ ਬਿਰਤਾਂਤ ਖਤਮ ਕੀਤਾ ਗਿਐ, ਪਰ ਇਕ ਗੈਬਰਥ ਸ਼ਬਦ ਵੀ ਵਰਤਿਆ ਗਿਆ, ਸਭ ਤੋਂ ਵੱਡਾ ਮਸਲਾ ਬਣਾ ਕੇ। ਜੇਕਰ ਉਹ ਟਾਈਟਲ ਰੱਖ ਦਿੱਤਾ ਜਾਂਦਾ, ਮੇਰਾ ਖਿਆਲ ਐ ਬਈ ਸ਼ਾਇਦ ਕਹਾਣੀਕਾਰ ਨੇ ਸੋਚਿਆ ਵੀ ਹੋਊਗਾ ਬਈ ਇਹ ਟਾਈਟਲ ਰੱਖ ਦਿੱਤਾ ਜਾਵੇ। ਮੇਰੇ ਖਿਆਲ ਦੇ ਵਿਚ ਇਸ ਨਾਲ ਕਹਾਣੀ ਦਾ ਸੰਦੇਸ਼ ਵਧੇਰੇ ਸਪੱਸ਼ਟ ਹੁੰਦਾ ਕਿ ਬਈ ਐਸ ਤਰ੍ਹਾਂ ਦੇ ਨਾਲ ਜਿਹੜੀਆਂ ਰਣਨੀਤਕ ਯੁੱਧਾਂ ਦੇ ਵਿਚ ਜਿੱਤਾਂ ਦੀ ਪ੍ਰਾਪਤੀ ਦੇ ਲਈ ਜੋ ਨਾਂਹਵਾਦੀ ਸਰਗਰਮੀਆਂ ਜਥੇਬੰਦੀਆਂ ਕਰਦੀਆਂ ਨੇ, ਉਹ ਲਗਦੀਆਂ ਤਾਂ ਏਸ ਤਰ੍ਹਾਂ ਨੇ ਕਿ ਜਿਵੇਂ ਗੈਬਰਥ ਹੋਗੀ ਉਨ੍ਹਾਂ ਜਥੇਬੰਦੀਆਂ ਦੀ ਪਰੰਤੂ ਹੈ ਅਸਲ 'ਚ ਉਹ ਕੀੜੀਆਂ ਦੀ ਮੌਤ ਵਰਗੀ ਗੱਲ ਐ।

ਮੁਖਤਿਆਰ ਸਿੰਘ : ਇਕ ਗੱਲੋਂ ਮੈਂ ਧਾਲੀਵਾਲ ਨੂੰ ਮੁਬਾਰਕ ਦੇਣਾ ਚਾਹੁੰਨਾਂ, ਇਨ੍ਹਾਂ ਦੀ ਜਿਹੜੀ ਬੋਲੀ ਤੇ ਸ਼ੈਲੀ ਐ ਉਹ ਏਸ ਤਰ੍ਹੈਂ ਬਈ ਜਿਵੇਂ ਇਹ ਘੋਟ ਘੋਟ ਕੇ, ਮਟਕਾ ਮਟਕਾ ਕੇ ਬੋਲਦੇ ਨੇ, ਉਸੇ ਤਰ੍ਹਾਂ ਹੀ ਲਿਖਦੇ ਨੇ। ਇਹ ਕਹਾਣੀਆਂ ਇਸੇ ਕਰਕੇ ਮੈਨੂੰ ਬਹੁਤ ਵਧੀਆ ਲਗਦੀਐਂ। ਹਰ ਕਹਾਣੀ ਜਿਹੜੀ ਆਉਂਦੀ ਐ ਇਹਨਾਂ ਦੀ ਉਹ ਪੜ੍ਹੀ ਜਾਂਦੀ ਐ।

ਅਜਮੇਰ ਸਿੱਧੂ : ਜਿਵੇਂ ਡਾ. ਰਜਿੰਦਰਪਾਲ ਨੇ ਕਿਹਾ ਸੀ ਕਿ ਧਾਲੀਵਾਲ ਦੀਆਂ ਕਹਾਣੀਆਂ ਦੋ ਜਮਾਤਾਂ ਨੂੰ ਲੈਂਦੀਆਂ ਨੇ, ਇਕ ਮਾਸਟਰ ਕਲਾਸ ਪੜ੍ਹੀ-ਲਿਖੀ ਕਲਾਸ ਐ, ਦੂਸਰੀ ਕਿਸਾਨੀ। ਪਰੰਤੂ ਜੇ ਅਸੀਂ ਇਨ੍ਹਾਂ ਦੋਨਾਂ ਦਾ ਸਬੰਧ ਦੇਖੀਏ ਤਾਂ ਕਿਸਾਨੀ ਕਰ ਰਹੀ ਐ ਆਤਮ-ਹੱਤਿਆ, ਜਿਹੜੀ ਮਾਸਟਰ ਕਲਾਸ ਐ, ਉਹ ਜੀਹਨੂੰ ਅਸੀਂ ਅੱਯਾਸ਼ੀ ਵੱਲ ਨੂੰ ਤੁਰ ਰਹੀ ਕਹੀਏ ਤਾਂ ਅਤਿਕਥਨੀ ਨਹੀਂ। ਉਹਦੀ ਸਮਾਜਿਕ ਜੁੰਮੇਵਾਰੀ ਬਣਦੀ ਐ ਕਿ ਜੋ ਆਤਮ-ਹੱਤਿਆ ਕਰ ਰਹੀ ਜਮਾਤ ਐ, ਜਾਂ ਜੋ ਸੰਕਟ 'ਚ ਫਸੇ ਲੋਕ ਨੇ, ਉਨ੍ਹਾਂ ਦੇ ਸੰਕਟ ਦਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ, ਪਰ ਇਸ ਦੀ ਬਜਾਏ ਉਹ ਆਪਣੇ ਨਿੱਜੀ ਸੰਕਟਾਂ ਦੇ ਵਿਚ ਘਿਰ ਰਹੀ ਐ। ਇਨ੍ਹਾਂ ਸਮੱਸਿਆਵਾਂ ਨੂੰ ਸਮਝਣ ਦੇ ਲਈ ਡਾ. ਬਲਕਾਰ ਸਿੰਘ ਨੇ ਸ਼ਬਦ ਵਰਤਿਆ ਸੀਗਾ ਪਾਵਰ ਨੌਲੇਜ। ਜੇ ਅਸੀਂ ਓਸ ਪਾਵਰ ਨੌਲੇਜ ਜਾਂ ਪਾਵਰ ਸਟ੍ਰਕਚਰ 'ਚ ਦੇਖੀਏ ਤਾਂ ਸਾਡੇ ਉਪਰ ਸੰਕਟ ਬਹੁਤ ਵੱਡੇ ਨੇ,



ਪਰ ਸਾਡੇ ਕੋਲ਼ੇ ਪਾਵਰ ਕੋਈ ਨਹੀਂ ਐ। ਜਿਹੜਾ ਪੰਜਾਬ ਐ ਜਾਂ ਪੰਜਾਬ ਦੇ ਲੋਕ ਨੇ ਜਾਂ ਖਾਸ ਕਰ ਛੋਟੀ ਕਿਸਾਨੀ ਐ, ਇਹ ਪਾਵਰ ਦੀ ਜੰਗ ਹਾਰ ਚੁੱਕੀ ਐ। ਉਹ ਜੰਗ ਜਿਹੜੀ ਸਾਡੇ ਲੋਕਾਂ ਨੇ ਪਿੰਡਿਆਂ ਦੇ ਉਤੇ ਹੰਢਾਈ ਐ, ਉਹ ਜੰਗ ਹਾਰਨ ਤੋਂ ਬਾਅਦ ਪ੍ਰਭਾਵ ਏਹ ਪਿਆ ਕਿ ਸਾਡੇ ਸਾਹਿਤਕਾਰਾਂ ਦੀ ਸਾਹਿਤਕ ਲਿਖਤਾਂ ਦਾ ਮੌਤ ਇਕ ਅਹਿਮ ਵਿਸ਼ਾ ਬਣ ਚੁੱਕੀ ਐ। ਬਲਦੇਵ ਧਾਲੀਵਾਲ ਆਪਣੀ ਭੂਮਿਕਾ ਦੇ ਵਿਚ ਵੀ ਕਹਿੰਦੇ ਨੇ ਕਿ ਕਹਾਣੀਆਂ ਵਿਚ ਮੌਤ ਵਾਰ ਵਾਰ ਆਈ ਐ। ਪਿੰਡ ਵਿਚ ਮੌਤ ਦਾ ਆਉਣਾ ਪ੍ਰਤੀਕ ਰੂਪ ਵਿਚ ਕਿਸਾਨੀ ਦਾ ਸੰਕਟ ਐ। 'ਕਾਰਗਿਲ' ਕਹਾਣੀ ਪੜ੍ਹੀਏ ਤਾਂ ਸਾਨੂੰ ਲਗਦੈ ਕੱਲਾ ਆਰਥਿਕ ਸੰਕਟ ਐ। ਗੱਲ 'ਕੱਲੀ ਫਰਿੱਜ ਖਰੀਦਣ ਦੀ ਨ੍ਹੀ ਐ, ਗੱਲ 'ਕੱਲੀ ਸਲੂਜੇ ਦੁਆਰਾ ਲੁੱਟ ਦੀ ਨ੍ਹੀ ਐ, ਕਿਸਾਨੀ ਦਾ ਏਸ ਤੋਂ ਵੀ ਵੱਡਾ ਸੰਕਟ ਐ। ਅਸਲ ਵਿਚ ਏਹ ਸਾਡੇ ਸਭਿਆਚਾਰ ਦਾ ਸੰਕਟ ਵੀ ਐ। ਸਾਡੀ ਜਿਹੜੀ ਟੁੱਟ-ਭੱਜ ਐ, ਅਸੀਂ ਸਾਰਾ ਕੁਝ ਤੋੜ ਤਾਂ ਲਿਐ, ਟੁੱਟ ਚੁੱਕਿਐ, ਪਰ ਜਿਹੜਾ ਨਵਾਂ ਕੁਛ ਬਣਾਉਣੈ, ਉਹ ਅਸੀਂ ਬਣਾਉਣ ਦੇ ਸਮਰੱਥ ਨਹੀਂ ਐਂ, ਕਿਉਂਕਿ ਸਾਡੇ ਕੋਲ਼ੇ ਪਾਵਰ ਨਹੀਂ ਐ। ਓਸ ਪਾਵਰ ਸਟ੍ਰਕਚਰ ਦੇ ਵਿਚ ਜੇ ਅਸੀਂ ਪੰਜਾਬ ਦੀ ਗੱਲ ਕਰਦੇ ਆਂ, ਜਾਂ ਕਾਰਪੋਰੇਟ ਸੈਕਟਰ ਦੀ ਗੱਲ ਜਿਵੇਂ ਡਾ. ਸੁਖਪਾਲ ਨੇ ਕੀਤੀ, ਗਲੋਬਲਾਈਜ਼ੇਸ਼ਨ ਦੇ ਵਿਚ ਜਿਹੜੀਆਂ ਨੇਸ਼ਨਜ਼ ਨੇ ਉਹ ਆਪਣੀ ਪਾਵਰ ਮੁਤਾਬਕ ਪਾਰਟੀਸੀਪੇਟ ਕਰਦੀਆਂ ਨੇ। ਇੰਡੀਅਨ ਸਟੇਟ ਉਹਦੇ ਵਿਚ ਕੀ ਮਹੱਤਵ ਰਖਦੀ ਹੈ ਅਤੇ ਅੱਗੋਂ ਜਿਹੜੇ ਪੰਜਾਬ ਦੇ ਲੋਕ ਨੇ ਉਨ੍ਹਾਂ ਦੀ ਕਿੱਥੇ ਪੁਜ਼ੀਸ਼ਨ ਐ ? ਅਸੀਂ ਪਾਵਰ ਪੱਖੋਂ ਬਹੁਤ ਮਨਫੀ ਆਂ, ਸੰਕਟ ਦੇ ਵਿਚ ਘਿਰੇ ਹੋਏ ਆਂ। ਇਸ ਸੰਕਟ ਦਾ ਹੱਲ ਲੱਭਣ ਦੇ ਲਈ ਜਿਹੜੀ ਏਥੇ ਚਰਚਾ ਹੋਈ ਐ, ਏਸ ਗੱਲ ਦੇ ਲਈ ਬਲਦੇਵ ਧਾਲੀਵਾਲ ਦੀਆਂ ਕਹਾਣੀਆਂ ਮਾਧਿਅਮ ਬਣੀਆਂ ਹਨ। ਇਸ ਲਈ ਏਦਾਂ ਦੇ ਸਮਾਗਮ ਹੋਣੇ ਚਾਹੀਦੇ ਨੇ।

ਸ੍ਰੀ ਭੋਲਾ ਸਿੰਘ ਸੰਘੇੜਾ : ਸਾਡੇ ਸਾਰਿਆਂ ਲਈ ਇਕ ਸੋਚਣ ਆਲਾ ਸਵਾਲ ਐ ਜਿਹੜਾ ਪ੍ਰੈਕਟੀਕਲ ਜ਼ਿੰਦਗੀ ਦੇ ਵਿਚੋਂ ਮੈਨੂੰ ਮਹਿਸੂਸ ਹੋਇਆ, ਇਥੇ ਵਿਧਾ ਦੀ ਗੱਲ ਚੱਲੀ ਸੀ, ਵਿਧੀ ਦੀ ਗੱਲ ਚੱਲੀ ਸੀ, ਕਹਾਣੀ ਦੇ ਵਿਚ ਕਹਾਣੀ-ਜੁਗਤਾਂ ਦੀ ਗੱਲ ਉਠਾਈ ਸੀ, ਜਿਵੇਂ ਕਾਰਗਿਲ ਦੇ ਵਿਚ ਜਿਹੜੀ ਵਿਧੀ ਅਪਣਾਈ ਐ, ਉਹਦੀ ਬਹੁਤ ਪ੍ਰਸ਼ੰਸਾ ਵੀ ਹੋਈ ਐ, ਮੈਨੂੰ ਕਹਾਣੀ ਦੁਬਾਰਾ ਪੜ੍ਹਨੀ ਪਈ, ਇਹ ਕਹਾਣੀਆਂ ਸ਼ਾਇਦ ਇਕ ਬੈਠਕ ਦੇ ਵਿਚ ਪੜ੍ਹਨ ਵਾਲੀਆਂ ਨਹੀਂ ਹੈਗੀਆਂ, ਇਨ੍ਹਾਂ ਨੂੰ ਵਾਰ ਵਾਰ ਪੜ੍ਹਨਾ ਪੈਂਦੈ। ਪਰ ਇਕ ਸਵਾਲ ਆ ਜਾਂਦੈ ਜਿਹੜਾ ਪ੍ਰੈਕਟੀਕਲ ਜ਼ਿੰਦਗੀ 'ਚੋਂ ਆਇਆ ਹੈ ਕਿ ਜਿਹੜਾ ਸਾਡਾ ਪਾਠਕ ਵਰਗ ਐ ਉਸਦੀ ਕੀ ਸਥਿਤੀ ਐ ? ਅਸੀਂ ਜਦੋਂ ਪਾਠਕ ਸ਼ਬਦ ਵਰਤਦੇ ਆਂ, ਕਈ ਵਾਰੀ ਅਸੀਂ ਇਹ ਅਰਥ ਲੈ ਲੈਨੇ ਆਂ ਕਿ ਸਾਰੇ ਈ ਪਾਠਕ ਇਕੋ ਐ। ਪਰ ਸਾਡੇ ਪਾਠਕ ਵਰਗ ਦੇ ਆਪਾਂ ਜਾਣਦੇ ਆਂ ਕਿ ਵੱਖੋ ਵੱਖ ਲੈਵਲ ਨੇ। ਹੇਠਲੇ ਲੈਵਲ ਦਾ ਜਿਹੜਾ ਸਾਧਾਰਨ ਪਾਠਕ ਐ, ਜਿਹੜਾ ਅਖਬਾਰ ਪੜ੍ਹਦੈ, ਅਖਬਾਰ ਦੇ ਵਿਚ ਕਹਾਣੀ ਪੜ੍ਹਦੈ, ਉਹ ਕਹਿੰਦੈ ਕਿ ਜੋ ਕੁਝ ਲਿਖਿਐ ਗਿਐ ਕਹਾਣੀ ਦੇ ਵਿਚ ਉਹ ਇਸ ਤਰ੍ਹਾਂ ਵਾਪਰ ਗਿਆ ਹੋਵੇਗਾ, ਉਹ ਮੰਨ ਲੈਂਦੈ। ਦੂਸਰਾ ਪਾਠਕ ਹੋਰ ਸੁਚੇਤ ਹੁੰਦੈ, ਉਹ ਕਹਿੰਦੈ ਜੇ ਐਂ ਹੋ ਜਾਂਦਾ ਤਾਂ ਕਹਾਣੀ ਵਧੀਆ ਬਣ ਜਾਂਦੀ, ਤੀਸਰਾ ਕਹਿੰਦੈ ਕਿ ਐਂ ਨ੍ਹੀ ਹੋ ਸਕਦਾ। ਇਸ ਤਰ੍ਹਾਂ ਉਪਰ ਲੈਵਲ ਉਠਦਾ ਉਠਦਾ ਸਾਡੇ ਆਲੋਚਕ ਦੇ ਆਲੋਚਕਾਂ ਤੱਕ ਆ ਜਾਂਦਾ ਹੈਗਾ। ਅਸੀਂ ਕਹਾਣੀ ਦੀ ਵਿਧੀ ਵਿਚ ਜੋ ਤਜਰਬੇ ਕਰ ਰਹੇ ਆਂ, ਕਿਤੇ ਕਵਿਤਾ ਆਲੀ ਸਮੱਸਿਆ ਤਾਂ ਨ੍ਹੀ ਕਹਾਣੀ ਦੇ ਸੰਚਾਰ ਵਿਚ ਵੀ ਆ ਰਹੀ ਧਾਲੀਵਾਲ ਦੀ ਕਹਾਣੀ ਵਿਧੀ ਵਿਚ ਤਜਰਬੇ ਵੀ ਹੁੰਦੇ ਹਨ ਪਰ ਸੰਚਾਰ ਦੀ ਸਮੱਸਿਆ ਵੀ ਨਹੀਂ ਆਉਂਦੀ।

ਬਲਦੇਵ ਸਿੰਘ ਧਾਲੀਵਾਲ : ਮੈਂ ਧੰਨਵਾਦ ਵਾਸਤੇ ਈ ਆਂ ਖੜ੍ਹਾ ਹੋਇਆਂ। ਮੈਂ ਬਿਲਕੁਲ ਸੱਚੇ ਮਨ ਦੀ ਗੱਲ ਦੱਸਦੈਂ, ਜਿਵੇਂ ਕਹਾਣੀਆਂ 'ਚ ਤਾਂ ਬਹੁਤ ਕੁਛ ਰਲ਼ਾਇਆ ਹੁੰਦੈ, ਹੁਣ ਜੇ ਮੈਂ ਵਾਰਤਕ ਦੇ ਵਿਚ ਗੱਲ ਕਰ ਰਿਹੈਂ ਏਹਦੇ 'ਚ ਕੁਛ ਨ੍ਹੀ ਰਲਾਇਆ। ਤੇ ਮੈਂ ਜੇ ਬਿਲਕੁਲ ਸੱਚੀ ਗੱਲ ਕਰਾਂ ਤਾਂ ਭਾਵੇਂ ਕੋਈ ਅਗੇਂਸਟ ਬੋਲਦਾ, ਜਾਂ ਹੱਕ 'ਚ ਬੋਲਦੈ, ਇਹਦੇ ਨਾਲ ਮੇਰੇ ਅੰਦਰ ਬਿਲਕੁਲ, ਸੱਚਮੁਚ ਬਹੁਤੀ ਕੁਛ ਹਿੱਲਜੁੱਲ ਓਸ ਤਰ੍ਹਾਂ ਦੀ ਨਹੀਂ ਹੁੰਦੀ। ਕਿਉਂ ? ਕਿਉਂਕਿ ਐਂ ਲਗਦੈ ਕਿ ਮੈਂ ਕਹਾਣੀ ਲਿਖਣ ਵੇਲੇ ਜਿੰਨਾ ਕੁ ਜੋਰ ਮੇਰੇ 'ਚ ਹੁੰਦੈ, ਜੀਹਨੂੰ ਕਹਿੰਦੇ ਪੂਛ ਆਲ਼ਾ ਜੋਰ, ਉਹ ਸਾਰਾ ਲਾ ਚੁੱਕਿਆ ਹੁੰਦੈਂ, ਮੈਨੂੰ ਲਗਦਾ ਏਦੋਂ ਜਿਆਦਾ ਏਹ ਬੰਦਾ ਕੁਛ ਨ੍ਹੀ ਕਰ ਸਕਦਾ, ਇਹ ਚੰਗੀ ਬਣ ਗਈ ਜਾਂ ਮਾੜੀ ਬਣ ਗਈ, ਇਹ ਬੱਸ ਹੁਣ ਫਾਈਨਲ ਆ, ਏਸ ਤਰ੍ਹਾਂ ਜਿਵੇਂ ਲਿੱਟ ਸਾਹਿਬ

ਕਹਿ ਰਹੇ ਸੀ ਕਿ ਬਈ 'ਅਮੀਰਜ਼ਾਦਾ' 'ਚ ਮੈਂ ਹੋਰ ਕੁਛ ਪਾ ਦਿੰਦਾ, ਉਹ ਤਾਂ ਜਿਵੇਂ ਸੱਚੀ ਗੱਲ ਕਹਿਣ ਵਾਸਤੇ ਹੁਣ ਮੈਂ ਖੜ੍ਹਾ ਹੋਇਆਂ ਉਹ ਤਾਂ ਸੱਚਮੁੱਚ ਮੈਂ ਰੇਡੀਓ ਵਾਸਤੇ ਪੰਜ ਮਿੰਟ ਦੀ ਕਹਾਣੀ ਲਿਖੀ ਸੀ, ਅਮਰਜੀਤ ਵੜੈਚ ਹੋਰੀਂ ਜਾਣਦੇ ਨੇ, ਉਹਦੇ 'ਚ ਮੈਂ ਹੋਰ ਥੋੜ੍ਹਾ ਜਾ ਕੁਛ ਪਾਇਆ ਵੀ ਫੇਰ ਵੀ ਉਹ ਏਡੀ ਕੁ ਈ, ਯਾਨੀ ਕਿ ਏਸ ਕਿਸਮ ਦੀ ਏਡੀ ਕੁ ਵਧੀਆ ਈ ਬਣੀ। ਮੈਨੂੰ ਐਂ ਲਗਦੈ ਪਾਤਰ ਸਾਹਿਬ ਨੇ ਇਕ ਬਿਲਕੁਲ ਮੇਰੇ ਮਨ ਦੀ ਗੱਲ ਕੀਤੀ, ਮੈਨੂੰ ਸਭ ਤੋਂ ਪਸੰਦ ਉਹ ਗੱਲ ਹੈਗੀ ਐ ਕਿ ਆਪੇ ਈ ਆਪਣਾ ਲੇਖਾ-ਜੋਖਾ ਕਰਨਾ। ਸਮਾਜ ਬਾਰੇ ਓਸ ਕਿਸਮ ਦਾ ਮੈਨੂੰ ਬਹੁਤਾ ਬਿਲਕੁਲ ਈ ਨ੍ਹੀ ਪਤਾ। ਇਹ ਤਾਂ ਕਿਸਾਨੀ ਬਾਰੇ, ਕਹਿੰਦੇ ਐ ਜਾਂ ਅਧਿਆਪਕ ਵਰਗ ਬਾਰੇ, ਉਨ੍ਹਾਂ ਬਾਰੇ ਵੀ ਮੈਂ ਨ੍ਹੀ ਦਾਅਵਾ ਕਰਦਾ ਕਿ ਮੈਨੂੰ ਉਹਨਾਂ ਬਾਰੇ ਕੁਛ ਪਤੈ। ਮੈਨੂੰ ਤਾਂ ਹਮੇਸ਼ਾ ਈ ਇਹ ਭੰਬਲਭੂਸਾ ਪਿਆ ਰਹਿੰਦੈ ਕਿ ਮੈਨੂੰ ਆਪ ਦੇ ਬਾਰੇ ਈ ਨ੍ਹੀ ਪਤਾ ਬਹੁਤ ਸਾਰਾ ਕੁਛ।

ਤੇ ਮੇਰੀਆਂ ਕਹਾਣੀਆਂ ਬਾਰੇ ਜੇ ਕੋਈ ਸੂਤਰਾਂ 'ਚ ਬੰਨ੍ਹ ਕੇ ਸਮਝਾਉਣ ਵਾਲੀ ਗੱਲ ਕੀਤੀ ਤਾਂ ਉਹ ਡਾ. ਜਸਵਿੰਦਰ ਸਿੰਘ ਹੋਰਾਂ ਨੇ ਕੀਤੀ ਸੀਗੀ, 'ਓਪਰੀ ਹਵਾ' ਦੀ ਭੂਮਿਕਾ ਲਿਖੀ ਸੀ ਏਹਨਾਂ ਨੇ। ਤੇ ਇਹਨਾਂ ਨੇ ਉਹਦੇ 'ਚ ਕਿਹਾ ਸੀਗਾ ਕਿ ਬਈ ਮੈਂ ਯਥਾਰਥਵਾਦੀ ਕਿਸਮ ਦਾ ਕਹਾਣੀਕਾਰ ਆਂ। ਮੈਂ ਹੁਣ ਭੂਮਿਕਾ 'ਚ ਕਿਸੇ ਤੋਂ ਨ੍ਹੀ ਲਿਖਵਾਈ, ਆਪ ਲਿਖੀ ਅਤੇ ਉਹਦੇ 'ਚ ਵੀ ਮੈਂ ਗੱਲ ਮੰਨ ਲਈ ਕਿ ਮੈਂ ਯਥਾਰਥਵਾਦੀ ਕਹਾਣੀਕਾਰ ਆਂ। ਪਤੈ ਕਿਉਂ ? ਇਹ ਨਹੀਂ ਕਿ ਮੈਨੂੰ ਆਲੇ-ਦੁਆਲੇ ਦੇ ਯਥਾਰਥ ਦੀ ਪੂਰੀ ਸਮਝ ਐ, ਮੈਨੂੰ ਜਿਹੜਾ ਮਾੜਾ-ਮੋਟਾ ਪਤੈ ਉਹ ਮੇਰੇ ਪਿੰਡੇ ਦਾ ਯਥਾਰਥ ਐ, ਜੀਹਨੂੰ ਮੈਂ ਸਮਝਣ ਦਾ ਯਤਨ ਕਰਦਾ ਰਹਿਨਾਂ। ਤਾਂ ਬਹੁਤੀਆਂ ਕਹਾਣੀਆਂ, ਜੇ ਤੁਸੀਂ ਮਾੜਾ-ਮੋਟਾ ਈ ਉਹਨਾਂ ਨੂੰ ਮੇਰੇ ਨਾਲ ਰਲਾ ਕੇ ਦੇਖੋਂਗੇ ਤਾਂ ਮੈਨੂੰ ਇਉਂ ਲਗਦਾ ਹੁੰਦੈ ਕਿ ਮੈਂ ਨਾ ਆਪ ਦੀ ਕਹਾਣੀ ਲਿਖੀ ਜਾ ਰਿਹਾਂ। ਸੱਚਮੁੱਚ ਕਿਸੇ ਨਾ ਕਿਸੇ ਰੂਪ ਦੇ ਵਿਚ ਆਪ ਦੀ ਕਹਾਣੀ ਲਿਖੀ ਜਾ ਰਿਹਾਂ ਮੈਂ। ਤੇ ਪਾਤਰ ਵਜੋਂ ਕਦੇ ਮੈਂ ਭਾਵੇਂ ਪੰਜਾਹ ਸਾਲ ਦਾ ਬੰਦਾ ਹੋਵਾਂ, ਚਾਹੇ ਉਹਦੇ 'ਚ ਵੀਹ ਸਾਲ ਦਾ ਬੰਦਾ ਹੋਵਾਂ, ਚਾਹੇ ਸੱਤਰ ਸਾਲ ਦਾ ਬੰਦਾ ਹੋਵਾਂ, ਏਨੀ ਕੁ ਇਮੈਜੀਨੇਸ਼ਨ ਉਨ੍ਹਾਂ ਦੇ ਵਿਚ ਪੂਰਾ ਜੋਰ ਲਾ ਕੇ ਪਾਈ ਜਾਂਦੀ ਐ। ਡਾ. ਰਾਜਿੰਦਰ ਪਾਲ ਗਵਾਹ ਹੈ ਕਿ ਕਹਾਣੀ 'ਅਰਧ-ਕੁੰਭ' ਦੇ ਯਥਾਰਥ ਵਿਚ ਮੈਂ ਮਸਾਂ ਹੀ ਕਲਪਨਾ ਨਾਲ ਕੁਝ ਓਹਲਾ ਸਿਰਜਿਆ ਹੈ। ਆਪਣੀ ਪਛਾਣ ਨੂੰ ਬੇਪਛਾਣ ਕਰਨ ਲਈ ਕਲਾਤਮਕ ਓਹਲਾ ਮੈਂ ਬੜੀ ਮੁਸ਼ਕਲ ਨਾਲ ਕਰਦਾ ਹਾਂ। ਏਸੇ ਪ੍ਰਸੰਗ ਵਿਚ ਮੈਨੂੰ ਸ਼ਾਇਰ ਸੁਰਜੀਤ ਪਾਤਰ ਚੰਗਾ ਲਗਦੈ, ਉਹ ਬੰਦੇ ਦੀ ਪ੍ਰਮਾਣਿਕਤਾ ਨੂੰ ਫੜ੍ਹਨ ਦਾ ਯਤਨ ਕਰਦੈ। ਜਿਹੋ ਜੇ ਅਸੀਂ ਹਾਂ, ਜਿਹੋ ਜਿਹਾ ਮੈਂ ਹਾਂ। ਜੇ ਮੇਰਾ ਸੱਚੀਂਮੁੱਚੀਂ ਜੀਅ ਇਉਂ ਈ ਕਰਦੈ ਇਨ੍ਹਾਂ ਚੀਜਾਂ ਨੂੰ, ਚੀਜਾਂ ਕੱਠੀਆਂ ਕਰਨ ਨੂੰ, ਓਸੇ ਤਰ੍ਹਾਂ ਜਿਉਣ ਨੂੰ, ਓਸ ਤਰ੍ਹਾਂ ਈ ਖਾਣ-ਪੀਣ ਨੂੰ, ਓਸ ਤਰ੍ਹਾਂ ਦੇ ਜੀਵਨ ਜਿਉਣ ਨੂੰ, ਜਿਵੇਂ ਲੋਕ ਕਹਿੰਦੇ ਐ ਬਈ ਮੈਂ ਬਾਹਰ ਸੈਰਾਂ ਤੇ ਚੜ੍ਹਿਆ ਰਹਿੰਨੈ, ਜਾਂ ਏਧਰ-ਓਧਰ ਏਸ ਤਰ੍ਹਾਂ ਸਾਰਾ ਕੁਛ ਕਰਨ ਨੂੰ, ਤਾਂ ਮੈਨੂੰ ਲਗਦੈ ਕਿ ਬਈ, ਬਾਕੀ ਸਾਰਿਆਂ ਦਾ ਸ਼ਾਇਦ ਇਉਂ ਨਹੀਂ ਕਰਦਾ ਹੋਊਗਾ। ਘੱਟੋ ਘੱਟ ਮੈਂ ਵੀ ਤਾਂ ਕਿਸੇ ਵਰਗ ਦਾ ਪ੍ਰਤੀਨਿਧ ਹਾਂ ਈ ਆਂ, ਪੰਜਾਬ ਦੇ ਕਿਸੇ ਵਰਗ ਦਾ ਨੁਮਾਇੰਦਾ। ਮੇਰੇ ਵਾਂਗੂੰ ਸੋਚਣ ਆਲੇ ਵੀ ਕੁਛ ਲੋਕ ਹੋਣਗੇ, ਔਰ ਮੈਨੂੰ ਏਸ ਗੱਲ ਨਾਲ ਇਉਂ ਵੀ ਲਗਦੇ ਕਿ ਥੋੜ੍ਹੇ ਨ੍ਹੀ ਬਹੁਤੇ ਹੁੰਦੇ ਜਾਂਦੇ ਐ ਪੰਜਾਬ 'ਚ ਮੇਰੇ ਵਾਂਗ ਸੋਚਣ ਆਲੇ। ਤੇ ਮੈਂ ਓਸ ਪ੍ਰਮਾਣਿਕ ਬੰਦੇ ਨੂੰ ਈ ਬਸ ਸਮਝਣ ਦਾ ਯਤਨ ਕਰ ਰਿਹਾਂ। ਡਾ. ਜਸਵਿੰਦਰ ਹੋਰੀਂ ਕਹਿ ਰਹੇ ਸੀਗੇ ਬਈ ਜਿਹੜੀ ਮੈਂ ਮੌਤ ਵਾਲੀ ਗੱਲ ਕਹਿ ਰਿਹਾਂ, ਇਹ ਕਹਿੰਦੇ ਕਿ ਬਈ ਉਮਰ ਨਾਲ ਵੀ ਆ ਜਾਂਦੀ ਐ, ਹੋ ਸਕਦੈ ਸੱਚੀਂਮੁੱਚੀਂ ਇਹੀ ਗੱਲ ਹੋਵੇ ਮੇਰੀਆਂ ਕਹਾਣੀਆਂ 'ਚ ਮੌਤ ਦਾ ਜ਼ਿਕਰ ਵਧਦੀ ਉਮਰ ਨਾਲ ਆ ਗਿਆ ਹੋਵੇ। ਮੈਂ ਕਹਾਣੀ ਸੁਚੇਤ ਹੋ ਕੇ ਲਿਖਦਾ ਹਾਂ ਪਰ ਬਹੁਤਾ ਵੱਡਾ ਮੀਨਿੰਗ ਕੱਢਣ ਵਾਸਤੇ ਨ੍ਹੀ ਕਹਾਣੀ ਲਿਖਦਾ। 'ਆਈਸਕ੍ਰੀਮ' ਦਾ ਮੇਰੇ ਮਨ 'ਚ ਜਸਟ ਏਨਾ ਆਈਡੀਆ ਸੀ ਕਿ ਬੰਦਾ ਪੂਰਾ ਰੱਜਿਆ ਹੁੰਦੈ ਵਿਆਹ ਦੇ ਵਿਚ। ਆਫਰਿਆ ਹੁੰਦੈ, ਡਕਾਰ ਆਈ ਜਾਂਦੇ ਐ ਤੇ ਫੇਰ ਵੀ ਕਿਉਂ ਖਾਈ ਜਾਂਦੈ ਆਈਸਕ੍ਰੀਮ। ਬੱਸ ਇੰਨਾ ਆਈਡੀਆ ਸੀ ਜਸਟ ਏਹੋ। ਬਈ ਆਈਸਕ੍ਰੀਮ ਭੁੱਖ ਲੱਗੀ ਤੇ ਨ੍ਹੀ ਖਾਈ ਜਾਂਦੀ। ਜਦੋਂ ਸਾਨੂੰ ਭੁੱਖ ਲੱਗੀ ਹੋਵੇ ਉਦੋਂ ਅਸੀਂ ਕਦੀ ਨ੍ਹੀ ਆਈਸਕ੍ਰੀਮ ਖਾਣ ਜਾਂਦੇ, ਹੋਟਲ ਤੇ ਰੋਟੀ ਖਾਣ ਜਾਨੇ ਆਂ। ਔਰ ਰਿਸ਼ਤਿਆਂ ਦੇ ਪ੍ਰਸੰਗ ਵਿਚ ਏਹ ਵੀ ਸੱਚ ਐ ਕਿੰਨੇ ਹੀ ਲੋਕ ਖਾ ਰਹੇ ਐ ਏਸ ਕਿਸਮ ਨਾਲ ਆਈਸਕ੍ਰੀਮ। ਮੈਂ ਜੀਵਨ ਦੇ ਵਿਚ ਵੀ ਏਡਾ ਸਮਾਜ ਸੁਧਾਰਕ ਹੈ ਨ੍ਹੀ ਗਾ, ਰਚਨਾਵਾਂ ਦੇ ਵਿਚ ਵੀ ਨ੍ਹੀ। ਅਗਲੀਆਂ ਕਹਾਣੀਆਂ ਵੀ




ਜਿਹੜੀਆਂ ਆਉਣਗੀਆਂ, ਮੇਰਾ ਖਿਆਲ ਐ ਉਹ ਏਸ ਕਿਸਮ ਦੀਆਂ ਈ ਆਉਣਗੀਆਂ ਕਿ ਮੈਂ ਕੀ ਆਂ ? ਬਸ। ਮਿਹਰਬਾਨੀ।

**ਡਾ. ਸੁਰਜੀਤ ਪਾਤਰ** : ਜਸਵਿੰਦਰ ਸਿੰਘ ਹੁਰਾਂ ਦਾ ਭਾਸ਼ਣ ਸੁਣ ਕੇ ਮੈਨੂੰ ਏਦਾਂ ਲੱਗਾ ਉਹ ਕਹਾਣੀ ਦੀ ਗੱਲ ਕਰਦੇ ਕਰਦੇ, ਸਾਹਿਤ ਦੀ ਗੱਲ ਕਰਦੇ ਕਰਦੇ, ਇਸਨੂੰ ਕਿਤੇ ਦੂਰ ਸਾਡੇ ਮਨਾਂ ਅੰਦਰ ਲੈ ਗਏ, ਜਿਥੇ ਹਰੇਕ ਦਾ ਆਪਣਾ ਇਕ ਕਾਰਗਿਲ ਚੱਲ ਰਿਹਾ ਹੈ ਹਰ ਮਨ ਵਿਚ ਕਾਰਗਿਲ ਚਲਦਾ ਹੀ ਤਾਂ ਰਹਿੰਦਾ ਹੈ। ਸੋ ਬਲਦੇਵ ਧਾਲੀਵਾਲ ਨਾਲ ਮੈਨੂੰ ਅੱਛੇ ਦੋਸਤ ਦੇ ਤੌਰ ਤੇ ਵੀ ਪਿਆਰ ਹੈ। ਇਹਦੀਆਂ ਗੱਲਾਂ ਬਾਤਾਂ ਨਾਲ ਇਹਦੇ ਮਿਲਣ-ਗਿਲਣ ਨਾਲ ਵੀ। ਸੋ ਮੈਂ ਸਾਰੀਆਂ ਕਹਾਣੀਆਂ ਕੱਲ੍ਹ ਰਾਤ ਹੀ ਪੜ੍ਹੀਆਂ ਔਰ ਵੈਸੇ ਬੋਲਣ ਲਈ ਬੰਦੇ ਨੂੰ ਚਾਹੀਦਾ ਦੋ ਤਿੰਨ ਵਾਰ ਕਹਾਣੀਆਂ ਪੜ੍ਹੀਆਂ ਹੋਣ। ਲੇਕਿਨ ਮੈਂ ਜਿੰਨਾ ਵੀ ਸੋਚਿਐ ਜੋ ਮੇਰੇ ਖੰਡਿਤ ਵਿਚਾਰ ਹਨ, ਕੁਝ ਮੈਂ ਨੋਟ ਕੀਤੀਆਂ ਗੱਲਾਂ, ਮੈਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ। ਸੋ ਮੈਨੂੰ ਜਿਹੜੀਆਂ ਕਹਾਣੀਆਂ ਬਹੁਤ ਚੰਗੀਆਂ ਲੱਗੀਆਂ, ਜਿਵੇਂ 'ਕੀੜੀਆਂ ਦੀ ਮੌਤ' ਸਭ ਤੋਂ ਵਧੀਆ ਲੱਗੀ ਔਰ ਫੇਰ ਕਾਫੀ ਫਰਕ ਨਾਲ ਜਿਹੜੀ ਕਹਾਣੀ ਨੂੰ ਮੈਂ ਸੈਕਿੰਡ ਸਮਝਿਆ ਉਹ ਮੈਨੂੰ 'ਕਾਰਗਿਲ' ਲੱਗੀ। ਤੀਸਰੀ ਮੈਨੂੰ ਲੱਗੀ 'ਅਰਧ ਕੁੰਭ', ਔਰ ਫੇਰ 'ਅਮਲਤਾਸ਼', 'ਅਮੀਰਜ਼ਾਦਾ'। ਇਸ ਤਰ੍ਹਾਂ ਇਹ ਕਹਾਣੀਆਂ ਮੈਨੂੰ ਏਸੇ ਤਰਤੀਬ ਵਿਚ ਜਾਂ ਥੋੜ੍ਹੇ-ਬਹੁਤੇ ਫਰਕ ਨਾਲ ਚੰਗੀਆਂ ਲੱਗੀਆਂ। 'ਕੀੜੀਆਂ ਦੀ ਮੌਤ' ਮੈਨੂੰ ਬਹੁਤ ਗਹਿਰੀ ਇਸ ਪੱਖੋਂ ਲੱਗੀ ਕਿ ਇਹ ਸਾਡੇ ਮਨ ਤੇ ਬਹੁਤ ਜਿਆਦਾ ਬਹੁਤ ਗਹਿਰੇ ਪ੍ਰਸ਼ਨ ਜਗਾਉਣ ਵਾਲੀ ਕਹਾਣੀ ਹੈ। ਜਿਸ ਤਰ੍ਹਾਂ ਕਿਸੇ ਨੇ ਕਿਹਾ ਸੀ, ਅਸੀਂ ਹੀ ਕਿਤਾਬ ਨੂੰ ਨਹੀਂ ਪੜ੍ਹਦੇ, ਕਿਤਾਬ ਵੀ ਸਾਨੂੰ ਪੜ੍ਹਦੀ ਹੈ। ਇਸ ਦਾ ਮਤਲਬ ਹੈ ਜਦੋਂ ਅਸੀਂ ਕਿਤਾਬ ਪੜ੍ਹਦੇ ਹਾਂ ਜਾਂ ਕਹਾਣੀ ਪੜ੍ਹਦੇ ਹਾਂ ਤਾਂ ਤੁਹਾਡੇ ਅੰਦਰ ਕੀ ਜਾਗਦਾ ਐ ? ਤੁਸੀਂ ਉਸ ਕਹਾਣੀ ਦੀ ਰੋਸ਼ਨੀ ਵਿਚ ਆਪਣੇ ਆਪ ਨੂੰ ਕਿਵੇਂ ਪੜ੍ਹਨ ਲਗਦੇ ਹੋ ਜਾਂ ਉਸ ਕਵਿਤਾ ਦੀ ਲੋਅ ਵਿਚ ਆਪਣਾ ਜੀਵਨ ਕਿਵੇਂ ਪੜ੍ਹਨਾ ਸ਼ੁਰੂ ਕਰਦੇ ਹੋ ਤੇ ਆਪਣੇ ਆਪ ਨੂੰ ਕਿਵੇਂ ਵੇਖਣ ਲਗਦੇ ਹੋ ? ਸੋ ਇਸ ਪੱਖੋਂ ਮੈਂ ਤਾਂ ਕਹਿੰਦਾ ਹੁੰਨੈ, ਜਿਸਨੂੰ ਅਸੀਂ ਸਿਮਰਨ ਵੀ ਕਹਿੰਦੇ ਹਾਂ, ਅਧਿਆਤਮਕ ਲੋਕ ਸਮਝਦੇ ਨੇ ਕਿ ਸਾਹਿਤ ਜਾਂ ਉਚਾ ਸਾਹਿਤ, ਉਚੀ ਕਵਿਤਾ ਉਹ ਵੀ ਆਪਣੇ ਆਪ ਵਿਚ ਇਕ ਸਿਮਰਨ ਮੰਨਨ ਔਰ ਚਿੰਤਨ ਐ ਕਿ ਜਿਸਨੂੰ ਪੜ੍ਹਕੇ ਅਸੀਂ ਬਹੁਤ ਕੁਝ ਸਿਮਰਦੇ ਹਾਂ, ਬਹੁਤ ਕੁਸ਼ ਨੂੰ ਜ਼ਿੰਦਗੀ 'ਚ ਯਾਦ ਕਰਦੇ ਹਾਂ, ਕਾਇਨਾਤ ਨੂੰ ਯਾਦ ਕਰਦੇ ਹਾਂ ਫੇਰ ਉਹਦੀ ਰੋਸ਼ਨੀ 'ਚ ਆਪਣੇ ਆਪੇ ਦਾ, ਜ਼ਿੰਦਗੀ ਦਾ, ਸਭ ਦਾ ਮੰਥਨ ਕਰਦੇ ਹਾਂ। ਇਹੀ ਉਚੇ ਸਾਹਿਤ ਦੀ ਨਿਸ਼ਾਨੀ ਹੈ ਕਿ ਉਹ ਸਾਨੂੰ ਇਕ ਐਸੀ ਥਾਂ ਲੈ ਜਾਂਦੈ ਜਿਥੇ ਸਾਨੂੰ ਕੁਠਾਲੀ 'ਚ ਪਾਉਂਦੈ ਕਿ ਅਸੀਂ ਆਪਣੇ ਆਪ ਨੂੰ ਆਪਣੇ ਆਪ ਦੀ ਪੁਨਰ-ਸਿਰਜਣਾ ਕਰਦੇ ਹਾਂ। ਔਰ ਆਪਣੇ ਖੋਟਾਂ ਨੂੰ ਆਪਣੇ ਤੋਂ ਅਲੱਗ ਕਰਨ ਦੀ ਕੋਸ਼ਿਸ਼ ਕਰਦੇ ਹਾਂ ਜਿਹੜਾ ਸਾਹਿਤ, ਜਿਸ ਤਰ੍ਹਾਂ ਜਸਵਿੰਦਰ ਹੋਰਾਂ ਕਿਹਾ ਕਿ ਬਈ ਜੋ ਅੱਜ ਟੀ.ਵੀ. ਸਾਡੇ ਵਿਚ ਇਹੋ ਜਿਹਾ ਬੰਦਾ ਜਗਾ ਰਹੀ ਐ ਕਿ ਜਿਹੜਾ ਬੰਦਾ ਕਨਜ਼ੂਮਰ ਹੋਵੇ, ਜਿਹੜਾ ਖਰੀਦਦਾਰ ਹੋਵੇ, ਜਿਹੜਾ ਕਿ ਜੋ ਇਕ ਬੰਦੇ ਦੀ ਪਰਿਭਾਸ਼ਾ ਵੱਡੇ ਬੰਦਿਆਂ ਨੇ ਸਿਰਜੀ, ਜੋ ਸਾਹਿਤ ਔਰ ਫਲਸਫੇ ਨੇ ਇਕ ਬੰਦੇ ਦੀ ਪਰਿਭਾਸ਼ਾ ਸਿਰਜੀ ਉਸ ਤੋਂ ਕਿਤੇ ਹੇਠਾਂ ਡਿਗਿਆ ਰਵ੍ਹੇ, ਉਸਤੋਂ ਹੇਠਾਂ ਉਤਰ ਜਾਵੇ। ਸਾਹਿਤ ਹੀ ਇਕ ਤਰ੍ਹਾਂ ਦਾ ਸਾਧਨ ਯਾਨੀ ਉਹ ਬੰਦੇ ਦੀ ਮੁਕਤੀ ਲਈ। ਜਿਸ ਤਰ੍ਹਾਂ ਕੀੜੀਆਂ ਦੀ ਜੋ ਮੌਤ ਐ, ਉਹਦੇ ਵਿਚ ਮੈਨੂੰ ਲੱਗਾ ਹਰ ਸ਼ਖਸ ਆਪਣੀ ਸਰਵਾਈਵਲ ਲਈ ਲੜ ਰਿਹਾ ਕੀੜੀਆਂ ਆਪਣੀ ਸਰਵਾਈਵਲ ਲਈ ਲੜ ਰਹੀਆਂ, ਬੰਦਾ ਆਪਣੀ ਸਰਵਾਈਵਲ ਲਈ ਲੜ ਰਿਹਾ, ਯਾਨੀ ਜਿਹੜਾ ਜਿਥੇ ਕਿਤੇ ਵੀ ਬੈਠੈ ਉਹ ਆਪਣੀ ਸਰਵਾਈਵਲ ਲਈ, ਆਪਣੇ ਆਪ ਨੂੰ ਬਚਾਉਣ ਲਈ ਲੜ ਰਿਹਾ। ਸੋ ਜਿਹੜਾ ਜੀਵਾਂ ਦਾ ਸੰਸਾਰ ਐ ਉਥੇ ਤਾਂ ਇਹ ਐ ਕਿ ਉਨ੍ਹਾਂ ਦੀ ਯੁਗਾਂ ਯੁਗਾਂ ਤੋਂ ਇਹੀ ਆਪਣੇ ਆਪ ਨੂੰ, ਆਪਣੀ ਜਾਨ ਨੂੰ ਬਚਾਉਣ ਦੀ ਲੜਾਈ ਐ। ਲੇਕਿਨ ਬੰਦੇ ਦੀ ਸਰਵਾਈਵਲ ਜਿਹੜੀ ਐ ਉਹਦਾ ਸਵਾਲ ਬਿਲਕੁਲ ਇਹਤੋਂ ਵੱਖਰੈ ਕਿ ਬੰਦਾ ਕਈ ਵਾਰੀ ਆਪਣੇ ਆਪ ਨੂੰ ਬਚਾਉਣ ਲਈ ਮਰ ਵੀ ਜਾਂਦੈ। ਐਸੀ ਕੀ ਚੀਜ ਸੀ ਜਿਹਨੂੰ ਬਚਾਉਣ ਲਈ ਕੋਈ ਸ਼ਹੀਦ ਹੋ ਜਾਂਦੈ ? ਉਹਦੀ ਸਰਵਾਈਵਲ ਦੀ ਲੜਾਈ ਤਾਂ ਏਹੀ ਐ ਪਰ ਉਹ ਸਰਵਾਈਵਲ ਕਿਸ ਕਿਸਮ ਦੀ ਐ ? ਪਰ ਉਹ ਸਰਵਾਈਵਲ ਉਹ ਨਹੀਂ ਜਿਹੜੀ ਜਾਗਰੂਕ ਸੰਸਾਰ ਅਤੇ ਦੂਸਰੇ ਪਸ਼ੂ ਸੰਸਾਰ 'ਚ ਚੱਲ ਰਹੀ ਹੈ, ਬੰਦੇ ਦੀ ਲੜਾਈ ਇਹ ਐ ਕਿ ਜਿਹੜੀ ਸ਼ਹਾਦਤ ਐ ਜਾਂ ਖੁਦਕਸ਼ੀ ਵੀ ਐ,

ਉਹਨੂੰ ਵੀ ਮੈਂ ਏਦਾਂ ਲੈਨਾਂ ਕਿ ਸ਼ਾਇਦ ਉਹ ਉਹਨੂੰ ਬਾਇਓਲੋਜੀਕਲੀ ਨਹੀਂ ਮਾਰ ਰਿਹਾ, ਜੋ ਉਹਦੇ ਅੰਦਰ ਇਕ ਸ਼ਾਬਦਿਕ ਸੰਸਾਰ ਸੀ, ਜੋ ਉਹਦੇ ਅੰਦਰ ਇਕ ਚੇਤਨਾ ਸੀ ਉਹਨੇ ਉਹਨੂੰ ਮਾਰਿਆ। ਜੋ ਸਾਹਿਤ ਐ ਕਿ ਜਦੋਂ ਬੰਦਾ ਡਾਵਾਂਡੋਲ ਹੁੰਦਾ, ਜਦੋਂ ਬੰਦੇ ਲਈ ਚੁਆਇਸ ਦੇ ਪਲ ਆਉਂਦੇ ਐ, ਚੋਣ ਦੇ ਪਲ ਆਉਂਦੇ ਐ ਕਿ ਮੈਂ ਕੀ ਚੁਣਾਂ ਤਾਂ ਓਸ ਵੇਲੇ ਕੀ ਚੀਜ਼ਾਂ ਨੇ ਜੋ ਉਹਦੀ ਮੱਦਦ ਕਰਦੀਆਂ ਨੇ। ਸੋ ਮੈਂ ਇਕ ਸ਼ੇਅਰ ਕਿਹਾ ਸੀ, 'ਫ਼ਕੀਰਾਂ ਦੇ ਸੁਖਨ, ਕੁਛ ਯਾਰ, ਕੁਛ ਤਾਰੀਖ ਦੇ ਮੰਜ਼ਰ, ਜਦੋਂ ਮੈਂ ਜ਼ਖ਼ਮ ਖਾ ਲੈਨਾਂ ਮੇਰੀ ਖਾਤਰ ਪਨਾਹ ਬਣਦੇ ਕਿ ਜਦੋਂ ਵੀ ਮੈਂ ਆਹਤ ਹੁੰਨੈ, ਇਹ ਤਿੰਨ ਚੀਜਾਂ ਮੇਰੀ ਪਨਾਹ ਬਣਦੀਆਂ, ਫ਼ਕੀਰਾਂ ਦੇ ਸੁਖਨ ਮਤਲਬ ਕੋਈ ਵੀ ਜੋ ਉਚਾ ਲਿਟਰੇਚਰ ਐ ਉਹਨੂੰ ਮੈਂ ਫਕੀਰਾਂ ਦਾ ਸੁਖਨ ਹੀ ਕਹਿਨੈ, ਗੁਰਬਾਣੀ ਜਾਂ ਸੂਫੀਆਂ ਦੇ ਬੋਲ ਨੇ ਜਾਂ ਇਨਕਲਾਬੀਆਂ ਦੇ ਬੋਲ ਨੇ, ਉਹ ਸਾਰੇ, ਉਨਾਂ ਦੇ ਸੁਖਨ ਔਰ ਕੁਛ ਯਾਰ ਕੁਛ ਲੋਗ ਏਸ ਜਹਾਨ 'ਚ ਏਦਾਂ ਦੇ ਹੁੰਦੇ ਐ ਜੋ ਤੁਹਾਡੇ ਏਨਾ ਨੇੜੇ ਹੁੰਦੇ ਐ ਜਿਨਾਂ ਨੂੰ ਤੁਸੀਂ ਆਪਣੇ ਯਾਰ ਕਹਿ ਸਕਦੇ ਓਂ। ਉਹ ਕਿਸੇ ਲਈ ਲੋਕਾਂ ਦਾ ਪ੍ਰਤੀਕ ਹੋ ਸਕਦੇ ਐ, ਕਿਸੇ ਲਈ ਆਪਣੀ ਇਕ ਨਿੱਜੀ ਸਰਕਲ ਜਿਨਾਂ ਨੂੰ ਉਹ ਆਪਣਾ ਆਸਰਾ ਸਮਝਦੈ। ਔਰ ਤੀਜਾ ਮੈਂ ਕਹਿੰਨਾਂ ਕਿ ਤਾਰੀਖ ਦੇ ਮੰਜ਼ਰ, ਇਤਿਹਾਸ ਦੇ ਮੰਜ਼ਰ, ਜਦੋਂ ਬੰਦਾ ਯਾਨੀ ਉਦਾਸ ਹੁੰਦੈ ਤਾਂ ਉਹ ਆਪਣੇ ਵਰਗੇ ਬੰਦੇ ਲੱਭਦੈ ਕਿਤੋਂ, ਜੇ ਉਹਨੂੰ ਅਖਬਾਰ 'ਚੋਂ ਨਾ ਲੱਭਣ ਫੇਰ ਉਹ ਸਾਹਿਤ 'ਚੋਂ ਲੱਭਦਾ, ਸਾਹਿਤ 'ਚੋਂ ਨਾ ਲੱਭਣ ਫੇਰ ਉਹ ਇਤਿਹਾਸ 'ਚੋਂ ਲੱਭਦਾ, ਇਤਿਹਾਸ 'ਚੋਂ ਨਾ ਲੱਭਣ ਫੇਰ ਉਹ ਮਿਥਿਹਾਸ ਚੋਂ ਲੱਭਦਾ ਕਿ ਉਸਨੂੰ ਕਿਸੇ ਸਹਾਰੇ ਦੀ ਲੋੜ ਹੁੰਦੀ ਐ। ਜਦੋਂ ਉਸਨੂੰ ਕੋਈ ਸਹਾਰਾ ਨਾ ਮਿਲੇ ਫੇਰ ਉਹ ਸ਼ਾਇਦ ਖੁਦਕਸ਼ੀ ਕਰਦੈ। ਬੰਦੇ ਕੋਲ ਇਕ ਅਖੀਰੀ ਸਹਾਰਾ ਹੁੰਦਾ ਕਿ ਬੰਦਾ ਕਹਿੰਦਾ ਹਾਂ ਇਕ ਦਰਗਾਹ ਹੈ ਜਿਥੇ ਸਾਰਿਆਂ ਦੇ ਫੈਸਲੇ ਹੋਣੇ ਐ। ਉਹ ਦਰਗਾਹ ਇਤਿਹਾਸ ਹੋ ਸਕਦੀ ਐ, ਕਿਸੇ ਲਈ ਉਹ ਦਰਗਾਹ ਅਧਿਆਤਮਕ ਸੰਸਾਰ ਹੋ ਸਕਦੀ ਐ, ਕਿਸੇ ਲਈ ਉਹ ਦਰਗਾਹ ਪਿੰਡ ਦੀ ਸੱਥ ਈ ਹੋ ਸਕਦੀ ਐ, ਕਿ ਜਿਥੇ ਗੱਲਾਂ ਹੁੰਦੀਆਂ ਕਿ ਐਹ ਬੰਦੇ ਨੇ ਬਹੁਤ ਅੱਛਾ ਕੀਤਾ ਕਿ ਕਦਰਾਂ-ਕੀਮਤਾਂ ਲਈ ਜਾਂ ਅੱਛਾਈ ਲਈ ਜਾਂ ਜਿਵੇਂ ਬਲਦੇਵ ਨੇ ਮਿਲਖੀ ਮਾਅਰਕਾ ਗੱਲਾਂ ਲਈ, ਮਿਲਖੀ ਦਾ ਕਰੈਕਟਰ ਲਿਆਂਦਾ ਕਿ ਇਹ ਸਾਡੇ ਯੁਗ 'ਚ ਉਹ ਦਰਗਾਹ ਖਤਮ ਹੋ ਗਈ, ਸਾਡੇ ਮਨਾਂ 'ਚੋਂ ਕਿ ਅਸੀਂ ਸਾਰੇ ਇਕ-ਦੂਜੇ ਦੇ ਲਈ ਜੋ ਸਹਾਰੇ, ਭਾਵਕ ਸਹਾਰੇ ਹੋਣੇ ਚਾਹੀਦੇ ਸੀ, ਕਿਸੇ ਬੰਦੇ ਲਈ ਬੰਦੇ ਦੇ, ਉਹ ਭਾਵੁਕ ਸਹਾਰੇ ਖਤਮ ਹੋ ਗਏ ਕਿ ਸਾਡਾ ਯਕੀਨ ਨਹੀਂ ਰਿਹਾ ਜਾਂ ਕਿ ਸਾਨੂੰ ਯਕੀਨ ਦਾ ਜੋ ਯਥਾਰਥ ਸੀ ਓਸ ਯਥਾਰਥ ਨੇ ਸਾਡੇ ਮਨਾਂ ਵਿਚ ਇਕ ਫਾਲਸ ਚੇਤਨਾ ਭਰਤੀ ਕਿ ਅਸੀਂ ਉਸ ਸਾਰੇ ਕੁਛ ਤੋਂ ਦੂਰ ਚਲੇ ਗਏ। ਔਰ ਉਹ ਸਾਡੇ ਸਭ ਤੋਂ ਵੱਡੇ ਮਸਲਿਆਂ ਦਾ ਕਾਰਨ ਹੈ ਯਾਨੀ ਸਦੀਆਂ ਤੋਂ ਮਨੁੱਖ ਦੇ ਸਰੋਕਾਰ ਉਹੀ ਨੇ, ਮਨੁੱਖ ਦੀਆਂ ਤ੍ਰਿਸ਼ਨਾਵਾਂ ਉਹੀ ਨੇ, ਉਹਦੀਆਂ ਤ੍ਰਿਪਤੀਆਂ ਵੀ ਉਹੀ ਨੇ, ਜਿਵੇਂ ਮੈਂ ਕਹਾਂ ਕਿ ਹਰ ਬੰਦਾ ਕੁਛ ਸੁਰਾਂ ਦਾ ਸਾਜ਼ ਐ। ਮੈਂ ਇਹਨੂੰ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਵੀ ਕਹਿ ਲਾਂ ਜਾਂ ਇਹਦੇ 'ਚ ਮੈਂ ਐਡ ਕਰ ਲਾਂ ਕਿ ਸਾਡੇ ਮਨ 'ਚ ਇਕ ਕਰੁਣਾ ਵੀ ਹੈ, ਸਾਡੇ ਮਨ ਵਿਚ ਇਕ ਜਸਟਿਸ ਦੀ ਸੈਂਸ ਵੀ ਐ ਕਿ ਤੁਸੀਂ ਦੁਨੀਆਂ 'ਚ ਕਿਤੇ ਵੀ ਚਲੇ ਜਾਓ, ਤੁਸੀਂ ਕਿਸੇ ਯੁਗ ਵਿਚ ਪਿੱਛੇ ਚਲੇ ਜਾਓ ਤਾਂ ਤੁਹਾਨੂੰ ਬੰਦੇ ਉਹਨਾਂ ਈ ਸੁਰਾਂ ਦੇ ਸਾਜ ਲਗਦੇ ਐ ਕਿ ਉਹ ਉਹਨਾਂ ਕੁਝ ਖਾਸ ਸੁਰਾਂ ਦੇ ਬਣੇ ਹੋਏ ਸਾਜ਼ ਐ। ਉਹਨਾਂ ਸੁਰਾਂ ਦੇ ਕਰਕੇ ਹੀ ਸਾਡੀ ਪੋਇਟਰੀ, ਯੁਗਾਂ ਯੁਗਾਂ ਦੀ ਪੋਇਟਰੀ ਵੀ ਹੁਣ ਸਾਨੂੰ ਟੁੰਬ ਜਾਂਦੀ ਐ, ਅਜੇ ਵੀ ਬੁੱਲ੍ਹੇ ਸ਼ਾਹ ਸਾਨੂੰ ਟੁੰਬ ਜਾਂਦਾ ਜਾਂ ਸਪੈਨਿਸ਼ ਪੋਇਟ ਨਰੂਦਾ ਸਾਨੂੰ ਇਥੇ ਬੈਠਿਆਂ ਵੀ ਟੁੰਬ ਜਾਂਦੈ। ਸੋ ਮਸਲੇ ਇਹ ਹੋ ਗਏ ਕਿ ਜਿਹੜਾ ਯਥਾਰਥ ਸੀ, ਉਸ ਯਥਾਰਥ ਦੀ ਜਿਹੜੀ ਕਰੂਰਤਾ ਸੀ, ਉਸ ਕਰੂਰਤਾ ਦੀ ਜੋ ਇੰਟਰਪ੍ਰੇਟੇਸ਼ਨ ਸੀ, ਉਸ ਇੰਟਰਪ੍ਰੇਟੇਸ਼ਨ ਦੇ ਵਿਚ ਅਸੀਂ ਯਥਾਰਥ ਤੋਂ ਵੀ ਵੱਧ ਜੋ ਉਹਦੀ ਵਿਆਖਿਆ ਕੀਤੀ ਹੁੰਦੀ ਐ, ਉਹ ਬੰਦਿਆਂ ਨੂੰ ਜਿਆਦਾ ਮਾਰਦੀ ਐ। ਕਿ ਜੋ ਕਵੀ ਜਾਂ ਕਹਾਣੀਕਾਰ ਜਾਂ ਜੋ ਫਲਸਫੇ ਵਾਲੇ ਲੋਕ ਨੇ ਉਹ ਹਮੇਸ਼ਾ ਇਹ ਕਰਦੇ ਨੇ ਜਿਵੇਂ ਕਿਸੇ ਵੇਲੇ ਸਾਹਿਰ ਨੇ ਕਿਹਾ ਕਿ ਦੁਨੀਆਂ ਨੇ ਤਜ਼ਰਬਾਤੋਂ ਕੀ ਸ਼ਕਲ ਮੇਂ ਜੋ ਕੁਛ ਮੁਝੇ ਦਿਆ ਥਾ, ਲੌਟਾ ਰਹਾ ਹੂੰ ਮੈਂ। ਮੈਂ ਕਹਿਨੈ ਨਹੀਂ, ਸਾਹਿਤਕਾਰ ਜੋ ਇਸ ਤਰ੍ਹਾਂ ਲੈਂਦੈ ਉਹ ਹੀ ਨਹੀਂ ਵਾਪਸ ਕਰਦਾ। ਸਾਹਿਤਕਾਰ ਮੈਂ ਕਹਿਨਾਂ, ਮੈਂ ਦਰਖਤ ਦਾ ਐਗਜਾਂਪਲ ਲੈਨਾਂ, ਉਹ ਰੁੱਖ ਵਾਂਗ ਐ, ਉਹ ਲੈਂਦਾ ਤਾਂ ਕਾਰਬਨਡਾਇਕਸਾਈਡ ਐ ਪਰ ਆਕਸੀਜਨ 'ਚ ਬਦਲਦੈ। ਸੋ ਇਸ ਤਰ੍ਹਾਂ ਕੋਈ ਵੀ ਕਹਾਣੀਕਾਰ, ਕੋਈ ਵੀ ਕਵੀ, ਜਿਹੜੇ ਯਥਾਰਥ ਨੂੰ ਲੈਂਦੈ, ਓਸ ਯਥਾਰਥ ਨੂੰ ਬਿਆਨ ਕਰਨ ਲੱਗਿਆਂ ਉਹਨੂੰ ਇਸ ਤਰ੍ਹਾਂ ਬਿਆਨ






ਕਰਦਾ ਕਿ ਉਸ ਨੂੰ ਉਹ ਆਖਰ ਇਕ ਊਰਜਾ ਵਿਚ ਬਦਲੇ। ਕਿ ਦੁੱਖ ਵੀ ਆਖਰ ਇਕ ਊਰਜਾ, ਦੁੱਖ ਵੀ ਆਖਰ ਇਕ ਸ਼ਕਤੀ ਵਿਚ ਬਦਲੇ। ਕਿਉਂਕਿ ਸਾਹਿਤ ਹੀ ਉਹ ਨੈਟ ਐ ਕਿ ਜਦੋਂ ਕਿਸੇ ਨੇ ਡਿਗਣਾ ਤਾਂ ਓਸ ਨੈੱਟ ਨੇ ਹੀ ਉਸ ਨੂੰ ਬੋਚਣਾ ਐ। ਹੁਣ ਤੱਕ ਬੰਦਿਆਂ ਨੂੰ ਜਿਹੜੀ ਚੀਜ ਬੋਚਦੀ ਆਈ ਐ, ਜਿਸ ਤਰ੍ਹਾਂ ਤੁਸੀਂ ਕਹਿ ਲੋ ਕਿ ਜੇ ਸੂਫੀਆਂ ਨੇ ਬੋਚਿਆ, ਗੁਰਬਾਣੀ ਨੇ ਬੋਚਿਆ ਤਾਂ ਉਹ ਇਕ ਸ਼ਬਦਾਂ ਦਾ, ਮੈਂ ਇਕ ਸਮਝਦਾਂ ਇਕ ਸਹਾਰਾ ਐ ਜੋ ਸਾਨੂੰ ਉਸ ਰਸਾਤਲ 'ਚ ਡਿੱਗਣ ਤੋਂ ਬੋਚਦੇ ਐ। ਸਾਨੂੰ ਇਕੱਲਾ ਨੀ ਹੋਣ ਦਿੰਦੇ, ਸਾਨੂੰ ਖ਼ੁਦਕਸ਼ੀ ਨਹੀਂ ਕਰਨ ਦਿੰਦੇ, ਤੁਹਾਨੂੰ ਗਲਤ ਲੋਕਾਂ ਨਾਲ ਸਮਝੌਤਾ ਨਹੀਂ ਕਰਨ ਦਿੰਦੇ। ਸੋ ਸਾਹਿਤ ਦਾ ਜੋ ਇਹ ਰੋਲ ਐ, ਇਹ ਰੋਲ ਮੈਂ ਸਮਝਦੈਂ ਕਿ ਇਹੀ ਸਾਹਿਤ ਦਾ ਸਭ ਤੋਂ ਉਤਮ ਰੋਲ ਐ। ਸੋ 'ਕੀੜੀਆਂ ਦੀ ਮੌਤ' ਨੂੰ ਪੜ੍ਹਦਿਆਂ ਵੀ ਮੇਰੇ ਮਨ 'ਚ ਬਹੁਤ ਕੁਝ ਪੈਦਾ ਹੋਇਆ। ਯਾਨੀ ਮੈਨੂੰ ਲੱਗਿਆ ਸ਼ਾਇਦ ਇਹ ਕਹਾਣੀ ਇਕ ਨਾਵਲਿਟ ਵੀ ਬਣ ਸਕਦੀ ਐ, ਇਹਦੇ ਵਿਚ ਫੈਲਾਅ ਦੇ ਜਾਂ ਇਹਦੇ ਵਿਚ ਹੋਰ ਵੀ ਬੁਣਤੀ ਦੇ ਮੈਨੂੰ ਬਹੁਤ ਸਾਰੇ ਆਸਾਰ ਨਜ਼ਰ ਆਏ ਕਿ ਮੈਂ ਇਹਨੂੰ ਪੜ੍ਹਦਿਆਂ ਖ਼ੁਦ ਕਵਿਤਾ ਲਿਖਣ ਵਰਗਾ ਹੋ ਗਿਆ ਕਿ ਯਾਨੀ ਉਦੋਂ ਮੈਨੂੰ ਇੰਨਾ ਮਹਿਸੂਸ ਹੋਇਆ ਕਿ ਕਿਸੇ ਮੇਰੀ ਚੀਜ ਨੂੰ ਜਾਂ ਗੱਲ ਨੂੰ ਹੀ ਕਿਥੋਂ ਤੱਕ ਡਿਸਕਸ ਕੀਤਾ ਜਾਂਦਾ ਹੈ। ਅਸੀਂ ਸਰਵਾਈਵਲ ਦੀਆਂ ਸ਼ੇਡ ਕਹਿ ਸਕਦੇ ਆਂ।ਦੂਸਰੀ ਮੈਨੂੰ ਜੋ 'ਕਾਰਗਿਲ' ਕਹਾਣੀ ਸੀ, ਉਹ ਮੈਨੂੰ ਉਹਦੇ ਬਿਆਨ ਕਰਕੇ, ਉਹਦੀ ਬੁਣਤੀ ਕਰਕੇ, ਬਹੁਤ ਅੱਛੀ ਲੱਗੀ ਕਿ ਉਹ ਯਾਨੀ ਕਲਾ ਪੱਖੋਂ ਵੀ, ਜਿਵੇਂ ਮੈਂ ਕਹਿ ਸਕਦਾਂ ਕਿ ਜਿਹੜਾ ਜੋ ਫਲੈਸ਼ ਬੈਕ ਹੈ ਉਹ ਬੜੇ ਆਰਟਿਸਟਿਕ ਤਰੀਕੇ ਨਾਲ ਵਰਤਿਆ ਗਿਆ। ਜਿਸ ਤਰ੍ਹਾਂ ਜਿਹੜੀ ਦੂਸਰੀ ਕਹਾਣੀ ਹੈ ਕਿ ਇਕ ਜਗ੍ਹਾ ਇਹ ਆਉਂਦੈ ਕਿ ਜਦੋਂ ਪਹਿਲੀ ਵਾਰੀ ਜੋ ਰਣਬੀਰ ਐ ਉਹ ਕਚਹਿਰੀਆਂ ਦੇ ਸਲੂਜਾ ਨੂੰ ਮਿਲ ਕੇ ਆਉਂਦਾ ਹੈ ਤੇ ਉਹ ਯਾਨੀ ਖੁਸ਼ ਐ ਤੇ ਉਹਦੀ ਵਾਈਫ ਵੀ ਖੁਸ਼ ਐ, ਬੱਚੇ ਵੀ ਖੁਸ਼ ਐਂ, ਜਦ ਬੱਚੇ ਉਹਦੇ ਉਪਰ ਖੇਡ ਰਹੇ ਐ, ਯਾਨੀ ਵਾਈਫ ਨੂੰ ਲਗਦਾ ਐ ਉਹਨੂੰ ਭਾਰ ਲੱਗ ਰਿਹਾ ਹੋਵੇਗਾ ਕਿ ਬੱਚੇ ਉਪਰ ਐਂ, ਤਾਂ ਉਥੋਂ ਫਲੈਸ਼ਬੈਕ ਜਾਂਦਾ ਕਿ ਉਹ ਕਹਿੰਦੇ ਦੇਖਿਓ ਕਿਤੇ ਬਹੁਤਾ ਭਾਰ ਨਾ ਪਾ ਦਿਓ। ਤੇ ਉਹ ਲਾਸ਼ ਤੇ ਲੱਕੜਾਂ ਪਾ ਰਹੇ ਐ। ਤੇ ਉਹ ਫਲੈਸ਼ਬੈਕ ਏਨਾ ਸਮਝ ਲੋ ਕਿ ਦਿਲ ਟੁੰਬਦੈਂ, ਤੁਸੀਂ ਕਿਸੇ ਫਿਲਮ ਵਾਂਗ ਉਸਨੂੰ ਦੇਖ ਸਕਦੇ ਐਂ। ਸੋ ਉਸ ਜਿਹੜੀ ਉਹ ਬੁਣਤੀ ਐ ਮੈਨੂੰ ਉਹ ਬਹੁਤ ਅੱਛੀ ਲੱਗੀ। ਸੋ ਉਂਜ ਵੀ ਜਿਸ ਤਰ੍ਹਾਂ ਜਸਵਿੰਦਰ ਨੇ ਕਿਹੈ ਕਿ ਭਾਸ਼ਾ ਦੀ ਵੀ, ਔਰ ਬੁਣਤੀ ਦੀ ਵੀ ਵਿਧੀ ਮੈਨੂੰ ਬਹੁਤ ਅੱਛੀ ਲੱਗੀ। ਔਰ ਬਹੁਤ ਜਗ੍ਹਾ ਤੇ ਮੈਨੂੰ ਚੰਗਾ ਲੱਗਾ ਜਿਵੇਂ ਕੁਛ ਐਕਸਪ੍ਰੈਸ਼ਨ ਐ, ਮੈਨੂੰ ਚੰਗਾ ਲੱਗਿਆ ਕਿ ਜਿਵੇਂ ਬਈ ਇਕ ਲਫਜ਼ ਐ ਤੰਗੀਆਂ ਤੁਰਸ਼ੀਆਂ ਦੇ ਜਾਏ ਜਾਂ ਸੁਪਨਿਆਂ ਦੀ ਪੈੜ ਦੱਬਦੇ, ਉਹ ਅੱਡੇ ਤੱਕ ਪਹੁੰਚ ਜਾਂਦੇ ਨੇ, ਮਤਲਬ ਸੁਪਨਿਆਂ ਦੀ ਪੈੜ ਦੱਬਦਿਆਂ ਪਹੁੰਚਣਾ, ਸੋ ਆਪਣੇ ਆਪ ਨੂੰ ਇਕ ਐਕਸਪ੍ਰੈਸ਼ਨ ਨਾਲ ਪੇਸ਼ ਕਰਨਾ ਜਾਂ ਇਕ ਮੈਂ ਨਾਸਤਿਕ ਦਾ ਟੀਕਾ ਭਰੀ ਬੈਠਾ ਸਾਂ। ਸੋ ਦੇਖੋ ਕੁਛ ਐਸੇ ਐਕਸਪ੍ਰੈਸ਼ਨ ਨੇ ਜਾਂ ਇਹ ਸੀ ਕਿ ਕਈ ਬੰਦੇ ਸਾਰਾ ਦਿਨ ਆਪਣੇ ਹੱਥ 'ਚ ਨਫੇ-ਨੁਕਸਾਨ ਦੀ ਤੱਕੜੀ ਫੜ੍ਹੀ ਰੱਖਦੇ ਐ, ਸੋ ਮੈਨੂੰ ਕਈ ਐਕਸਪ੍ਰੇਸ਼ਨ ਬੜੇ ਅੱਛੇ ਲੱਗੇ। ਔਰ ਦੂਜੀ ਮੈਨੂੰ ਇਹਦੀ ਜੋ ਭੂਮਿਕਾ ਸੀ, ਮੈਨੂੰ ਆਤਮ-ਪੜਚੋਲੀਏ ਲੋਕ ਬਹੁਤ ਚੰਗੇ ਲਗਦੇ ਐ। ਦੁਨੀਆਂ ਨੂੰ ਕੋਸਣ ਵਾਲੇ ਬਹੁਤ ਹੋਰ ਲੋਕ ਹੋ ਸਕਦੇ ਐ ਕਿ ਦੁਨੀਆਦਾਰੀ ਜਾਂ ਸਿਸਟਮ ਕੀ ਐ ? ਲੇਕਿਨ ਮੈਂ ਸਮਝਦੈਂ ਕਿ ਅਸੀਂ ਜੇਕਰ ਕਿਤੇ ਜਾ ਕੇ ਮਿਲਾਂਗੇ ਤਾਂ ਅਸੀਂ ਆਤਮ-ਪੜਚੋਲ ਕਰਦੇ ਕਰਦੇ ਈ ਮਿਲਾਂਗੇ। ਜਿਹੜੇ ਉਹ ਲੋਕ ਨੇ ਜੋ ਆਤਮ-ਪੜਚੋਲ ਨਹੀਂ ਕਰਦੇ ਜਾਂ ਆਪਣੇ ਆਪ ਨੂੰ ਸੁਧਾਰਨ ਤੋਂ ਬਿਨਾਂ ਹੀ ਦੁਨੀਆਂ ਨੂੰ ਸੁਧਾਰਨ ਤੁਰ ਪੈਂਦੇ ਐ, ਉਹ ਦੁਨੀਆਂ ਦਾ ਕੁਝ ਵਿਗਾੜ ਤਾਂ ਸਕਦੇ ਐ, ਸੁਧਾਰ ਨੀ ਸਕਦੇ। ਸੋ ਮੈਨੂੰ ਇਹਦੀਆਂ ਆਤਮ-ਪੜਚੋਲ ਵਾਲੀਆਂ ਗੱਲਾਂ ਵੀ ਬਹੁਤ ਅੱਛੀਆਂ ਲੱਗੀਆਂ।

ਔਰ ਤੀਸਰੀ ਜੋ 'ਅਰਧ-ਕੁੰਭ' ਕਹਾਣੀ ਹੈ, ਅਰਧ-ਕੁੰਭ ਕਹਾਣੀ ਵੀ ਬੜੀ ਵੱਖਰੀ ਕਹਾਣੀ ਐ, ਉਸ 'ਚ ਵੀ ਮੇਰਾ ਖਿਆਲ ਐ ਕਿ ਸਕੋਪ ਅਜੇ ਹੋਰ ਸੀ ਕਿ ਜੋ ਆਖਰੀ ਐਕਟ ਤੋਂ ਬਾਅਦ ਉਹਦੇ ਆਲੇ-ਦੁਆਲੇ ਬਹੁਤ ਸਾਰੇ ਸਵਾਲ ਜਾਂ ਐਥੀਕਲ ਮਸਲੇ, ਸੰਘਰਸ਼ ਜਾਂ ਸਦਾਚਾਰਕ ਸੰਘਰਸ਼ ਜੋ ਸਾਡੇ ਅੰਦਰ ਚਲਦਾ, ਉਹਨੂੰ ਫੈਲਾਉਣ ਦੀ ਗੁੰਜਾਇਸ਼ ਸੀ, ਉਸ ਕਹਾਣੀ ਨੇ ਮੇਰੇ ਮਨ 'ਚ ਬਹੁਤ ਗੱਲਾਂ ਜਗਾਈਆਂ।

# ਪੰਜਾਬੀ ਲੰਮੀ ਕਹਾਣੀ: ਰੂਪਾਕਾਰਕ ਵਿਸ਼ੇਸ਼ਤਾਈਆਂ/ ਕਮਲਜੀਤ ਕੌਰ

ਬਦਲਦੇ ਹੋਏ ਸਮੇਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਦੇ ਨਾਲ-ਨਾਲ ਕਹਾਣੀ ਨੇ ਆਪਣੇ ਅਸਤਿੱਤਵ ਨੂੰ ਵਿਸਤ੍ਰਿਤ ਕੀਤਾ ਹੈ। ਇਸੇ ਲਈ ਵਰਤਮਾਨ ਸਮੇਂ ਵਿੱਚ ਸ਼ਬਦ 'ਨਿੱਕੀ ਹੁਨਰੀ ਕਹਾਣੀ' ਦੇ ਨਾਲ ਨਾਲ ਸ਼ਬਦ 'ਲੰਮੀ ਕਹਾਣੀ' ਵੀ ਹੋਂਦ ਵਿੱਚ ਆ ਚੁੱਕਾ ਹੈ, ਜੋ ਹੈ ਤਾਂ ਕਹਾਣੀ ਹੀ ਪਰ ਸੰਰਚਨਾਤਮਕ ਕਲਾ-ਜੁਗਤਾਂ ਪੱਖੋਂ ਕਹਾਣੀ ਖੇਤਰ ਦੇ ਅੰਤਰਗਤ ਇਸ ਨੇ ਆਪਣੀ ਇੱਕ ਵੱਖਰੀ ਪਹਿਚਾਣ ਬਣਾ ਲਈ ਹੈ। ਲੰਮੀ ਕਹਾਣੀ ਨੂੰ ਅਜੋਕੇ ਸਮੇਂ ਵਿੱਚ ਵਿਦਵਾਨਾਂ ਵੱਲੋਂ ਨਵੀਂ ਕਹਾਣੀ ਜਾਂ ਲੰਮੀ ਨਿੱਕੀ ਕਹਾਣੀ ਨਾਵਾਂ ਨਾਲ ਵੀ ਮੁਖਾਤਿਬ ਕੀਤਾ ਜਾ ਰਿਹਾ ਹੈ। ਕਹਾਣੀਕਾਰ ਕਰਤਾਰ ਸਿੰਘ ਦੁੱਗਲ ਲੰਮੀ ਕਹਾਣੀ ਲਈ ਸ਼ਬਦ 'ਅ-ਕਹਾਣੀ' ਵਰਤਦਾ ਹੋਇਆ ਲੰਮੀ ਕਹਾਣੀ ਦੀ ਤੁਲਨਾ 'ਪਾਸ਼' ਤੇ ਸੰਤ ਸੰਧੂ ਜਿਹੇ ਕਵੀਆਂ ਦੀ ਕਵਿਤਾ ਨਾਲ ਕਰਦਾ ਹੋਇਆ ਕਹਿੰਦਾ ਹੈ ਕਿ ਜੇ ਕਿਸੇ ਨਵੇਂ ਕਹਾਣੀ ਲੇਖਕ ਕੋਲ ਇਹਨਾਂ ਦੋ ਪੰਜਾਬੀ ਦੇ ਕਵੀਆਂ ਦਾ ਤਜ਼ਰਬਾ ਹੈ, ਇਹਨਾਂ ਦਾ ਬਿਆਨ ਹੈ, ਉਹੀ ਆ-ਕਹਾਣੀ ਲਿਖ ਸਕਦੇ ਹਨ। ਜਦੋਂ ਕੋਈ ਕਹਾਣੀ ਕਹਾਣੀ ਦੇ ਤੌਰ 'ਤੇ ਅਸਫਲ ਹੁੰਦੀ ਹੈ, ਜਦੋਂ ਕੋਈ ਲੇਖਕ ਜਿਹੜੀ ਗੱਲ ਉਹ ਕਹਿਣੀ ਚਾਹੁੰਦਾ ਹੈ, ਕਹਿ ਨਹੀਂ ਸਕਦਾ, ਉਹਦੀ ਰਚਨਾ ਨੂੰ-ਅਕਾਣੀ ਦਾ ਨਿਰਾਦਰ ਕਰਨਾ ਹੈ।"[1] ਇੱਥੇ ਕਰਤਾਰ ਸਿੰਘ ਦੁੱਗਲ ਲੰਮੀ ਕਹਾਣੀ ਸੰਬੰਧੀ ਦੋ ਗੱਲਾਂ ਵੱਲ ਇਸ਼ਾਰਾ ਕਰਦਾ ਹੈ, ਇੱਕ ਤਾਂ ਕਹਾਣੀ ਲੇਖਕ ਵੱਲ ਦੂਜਾ ਲੰਮੀ ਕਹਾਣੀ ਦੇ ਸੁਭਾਅ/ ਸਰੂਪ / ਲੱਛਣ ਵੱਲ/ ਲੰਮੀ ਕਹਾਣੀ ਲੇਖਕ ਦਾ ਕਹਾਣੀ ਖੇਤਰ ਵਿੱਚ ਬੜਾ ਗੂੜ੍ਹਾ ਤੇ ਪਰਪੱਕ ਤਜ਼ਰਬਾ ਹੋਣਾ ਚਾਹੀਦਾ ਹੈ ਤੇ ਉਸਦਾ ਲੰਮੀ ਕਹਾਣੀ ਦੇ ਸਰੂਪ/ ਗੁਣ/ ਲੱਛਣ ਵੱਲ ਸੰਕੇਤ ਲੰਮੀ ਕਹਾਣੀ ਦੇ ਮਾਨਯੋਗ ਥਾਂ ਪ੍ਰਾਪਤ ਕਰ ਚੁੱਕੀ ਹੈ। ਕਹਾਣੀ ਦੇ ਇਸ ਨਵੇਂ ਰੂਪ ਸੰਬੰਧੀ ਡਾ. ਸਵਿੰਦਰ ਸਿੰਘ ਉੱਪਲ ਲਿਖਦੇ ਹਨ-

"ਜਦੋਂ ਕੋਈ ਵਿਸ਼ਾ ਜਾਂ ਪਾਤਰ ਨਿੱਕੀ ਕਹਾਣੀ ਦੇ ਘੇਰੇ ਵਿੱਚ ਆ ਸਕਣ ਤੋਂ ਵੱਡਾ ਹੋਵੇ, ਪਰ ਇਤਨਾ ਵੱਡਾ ਵੀ ਨਾ ਹੋਵੇ ਜੋ ਨਾਵਲ ਜਾਂ ਨਾਵਲਿਟ ਰਾਹੀਂ ਠੀਕ ਤਰ੍ਹਾਂ ਨਿਭਾਇਆ ਜਾ ਸਕੇ ਤਾਂ ਫਿਰ ਉਸਨੂੰ ਨਿੱਕੀ ਕਹਾਣੀ ਅਤੇ ਨਾਵਲਿਟ ਦੇ ਵਿਚਕਾਰਲੇ ਰੂਪ ਲੰਮੀ ਕਹਾਣੀ ਰਾਹੀਂ ਪੇਸ਼ ਕੀਤਾ ਜਾਂਦਾ ਹੈ।[2]

ਅੱਜ ਪਾਠਕ ਵਰਗ ਵਿੱਚ ਲੰਮੀ ਕਹਾਣੀ ਜਿੰਨਾ ਮਾਣ ਪ੍ਰਾਪਤ ਕਰ ਚੁੱਕੀ ਹੈ, ਉਸਦੇ ਮੁਕਾਬਲੇ ਇਸ ਦੀ ਪਰਿਭਾਸ਼ਾ ਪਰੰਪਰਕ ਜਿਹੀ ਪ੍ਰਤੀਤ ਹੁੰਦੀ ਹੈ ਕਿਉਂਕਿ ਲੰਮੀ ਕਹਾਣੀ ਵਿਚ ਵਿਸ਼ੇ ਨਾਲੋਂ ਵਿਸ਼ੇ ਦਾ ਨਿਭਾਅ ਜ਼ਿਆਦਾ ਅਹਿਮੀਅਤ ਰੱਖਦਾ ਹੈ ਤਾਂ ਹੀ ਲੰਮੀ ਕਹਾਣੀ ਲਿਖਣ ਵਾਲੇ ਇਹ ਦਾਅਵਾ ਕਰਦੇ ਹਨ ਕਿ "ਲੰਮੀ ਕਹਾਣੀ ਲਿਖਣਾ ਕੋਈ ਸਹਿਲ ਕਾਰਜ ਨਹੀਂ। ਵਗਦੀ ਹੋਈ ਨਦੀ ਦੇ ਐਨ ਵਿਚਕਾਰੋਂ ਸੋਹਣਾ ਤੇ ਖੁਸ਼ਬੂਦਾਰ ਫੁੱਲ ਚੁੱਕ ਕੇ ਲਿਆਉਣਾ ਹੈ ਪਰ ਨਦੀ ਦੇ ਵਿਚਕਾਰ ਜਾਣ ਵਾਲਾ ਜੇ ਚੰਗਾ ਤਾਰੂ ਨਹੀਂ ਤਾਂ ਉਸਦਾ ਵਿਚਕਾਰ ਹੀ ਦਮ ਟੁੱਟ ਜਾਣ ਦੀ ਸੰਭਾਵਨਾ ਹੁੰਦੀ ਹੈ। "[3] ਭਾਵ ਇਹ ਕਿ ਲੰਮੀ ਕਹਾਣੀ ਬਣਤਰ ਤੇ ਬੁਣਤਰ ਪੱਖੋਂ ਵਧੇਰੇ ਗੁੰਝਲਦਾਰ ਤੇ ਜਟਿਲ ਸੰਰਚਨਾ ਵਾਲੀ ਕਹਾਣੀ ਹੈ। ਲੰਮੀ ਕਹਾਣੀ ਉੱਪਰ ਤਾਂ ਸਾਡੇ ਮੁੱਢਲੇ ਕਹਾਣੀਕਾਰਾਂ ਨੇ ਵੀ ਹੱਥ ਅਜ਼ਮਾਇਆ ਸੀ ਪ੍ਰੰਤੂ ਉਹ ਕਹਾਣੀਆਂ ਲੰਮੀ ਕਹਾਣੀ ਸੰਰਚਨਾ ਪੱਖੋਂ ਲੰਮੀ ਕਹਾਣੀ ਦੀ ਕਸਵੱਟੀ ਉੱਤੇ ਪੂਰੀਆਂ ਨਹੀਂ ਉੱਤਰਦੀਆਂ। ਉਹਨਾਂ ਵਿੱਚੋਂ ਕਈ ਕਹਾਣੀਆਂ ਅਜਿਹੀਆਂ ਹਨ ਜਿਹਨਾਂ ਦੀ ਵਸਤੂ ਨਿੱਕੀ ਕਹਾਣੀ ਵਿੱਚ ਸਮਾਉਣ ਜੋਗੀ ਹੁੰਦੀ ਹੈ ਪ੍ਰੰਤੂ ਕਹਾਣੀਕਾਰ ਵੱਲੋਂ ਉਹਨਾਂ ਨੂੰ ਖਾਹ-ਮ-ਖਾਹ ਲਮਕਾਇਆ ਗਿਆ ਹੁੰਦਾ ਹੈ ਤੇ ਕਈ ਕਹਾਣੀ ਅਜਿਹੀਆਂ ਵੀ ਮਿਲਦੀਆਂ ਹਨ ਜਿਹੜੀਆਂ ਲੰਮੀ ਕਹਾਣੀ ਦੇ ਚੌਖਟੇ ਵਿੱਚ ਆਉਣ ਦੀ ਗੰਜਾਇਸ਼ ਰੱਖਦੀਆਂ ਹਨ ਪਰੰਤੂ ਉਹਨਾਂ ਨੂੰ ਨਿੱਕੀ ਕਹਾਣੀ ਦੀ ਪੱਧਰ ਤੱਕ ਹੀ ਰੱਖਿਆ ਜਾਂਦਾ ਰਿਹਾ ਹੈ। ਗੁਰਮੁੱਖ ਸਿੰਘ ਮੁਸਾਫ਼ਰ ਦੀ ਕਹਾਣੀ 'ਬਾਗੀ ਦੀ ਧੀ' ਇੱਕ ਅਜਿਹੀ ਹੀ ਕਹਾਣੀ ਹੈ ਜਿਸਨੂੰ ਵਸਤੂ ਪੱਧਰ 'ਤੇ ਫ਼ੈਲਾਇਆ ਜਾ ਸਕਦਾ ਸੀ ਪ੍ਰੰਤੂ ਫੈਲਾਇਆ ਨਹੀਂ ਗਿਆ। ਸੋ ਲੰਮੀ ਕਹਾਣੀ ਸਾਧਾਰਣ ਤੇ ਅਣਗੌਲੇ



ਮਨੁੱਖ ਦੀਆਂ ਉਲਝੀਆਂ ਹੋਈਆਂ ਜਟਿਲ ਪ੍ਰਸਥਿਤੀਆਂ ਤੇ ਮਾਨਸਿਕ ਸੰਤਾਪ ਹੰਢਾ ਰਹੇ ਵਿਅਕਤੀ ਦੇ ਤਨਾਓ 'ਚੋਂ ਉੱਪਜੀ ਕਹਾਣੀ ਹੈ ਜੋ ਮਨੁੱਖ ਦੀ ਮਾਨਸਿਕਤਾ ਤੇ ਤਨਾਓ ਨੂੰ ਨਿੱਕੀ ਕਹਾਣੀ ਦੇ ਮੁਕਾਬਲੇ ਵਧੇਰੇ ਤੀਖਣਤਾ ਤੇ ਵਿਸਤ੍ਰਿਤ ਰੂਪ ਵਿੱਚ ਚਿੱਤਰਦੀ ਹੈ, ਇਸੇ ਕਾਰਣ ਹੀ ਇਸਦਾ ਆਕਾਰ ਨਿੱਕੀ ਕਹਾਣੀ ਨਾਲੋਂ ਵਧੇਰੇ ਲੰਮੇਰਾ ਹੋ ਗਿਆ ਹੈ ਤੇ ਕਹਾਣੀ ਖੇਤਰ ਦੇ ਅੰਤਰਗਤ ਇਹ ਵੱਖਰੀ ਵਿਧਾ ਵਜੋਂ ਸਵੀਕਾਰੀ ਗਈ ਹੈ।

ਅਸਲ ਵਿਚ ਆਧੁਨਿਕ ਜੀਵਨ ਦੀਆਂ ਉਲਝੀਆਂ ਤੇ ਜਟਿਲ ਪ੍ਰਸਥਿਤੀਆਂ ਨੇ ਅਜੋਕੇ ਮਨੁੱਖ ਦੀ ਜੀਵਨ-ਸ਼ੈਲੀ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ ਸਗੋਂ ਕਲਾ ਤੇ ਹੋਰ ਸਾਹਿਤ ਰੂਪਾਂ ਵਿੱਚ ਵੀ ਮਹੱਤਵਪੂਰਨ ਪਰਿਵਰਤਨ ਲਿਆਂਦਾ ਹੈ। ਨਵੀਂ ਜੀਵਨ ਦ੍ਰਿਸ਼ਟੀ ਤੇ ਪ੍ਰਬੰਧਕੀ ਢਾਂਚੇ ਨੇ ਸਾਡੀਆਂ ਨੈਤਿਕ ਕਦਰਾਂ-ਕੀਮਤਾਂ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ, ਜਿਸ ਕਾਰਨ ਮਨੁੱਖੀ ਜੀਵਨ ਵਧੇਰੇ ਪੇਚੀਦਾ ਤੇ ਤਨਾਓ-ਗ੍ਰਸਤ ਹੋ ਗਿਆ ਹੈ, ਉਸਦਾ ਸੰਘਰਸ਼, ਸਰੀਰਕ ਪੱਧਰ 'ਤੇ ਨਾ ਹੋ ਕੇ ਮਾਨਸਿਕ ਪੱਧਰ 'ਤੇ ਹੈ। ਇਸ ਨਵੀਂ ਜੀਵਨ ਸ਼ੈਲੀ ਦੀਆਂ ਆਪਣੀਆਂ ਹੀ ਚਣੌਤੀਆਂ ਹਨ, ਸਮੱਸਿਆਵਾਂ ਹਨ, ਜਿਹੜੀਆਂ ਨਿੱਕੀ ਹੁਨਰੀ ਕਹਾਣੀ ਦੇ ਸੀਮਤ ਘੇਰੇ (ਰੂਪ ਤੇ ਆਕਾਰ) ਵਿੱਚ ਆਉਣੀਆਂ ਅਸੰਭਵ ਸਨ, ਜਿਸਦੇ ਪਰਿਣਾਮ ਵਜੋਂ ਲੰਮੀ ਕਹਾਣੀ ਹੋਂਦ ਵਿੱਚ ਆਈ, ਡਾ. ਅਤਰ ਸਿੰਘ ਹੁਰਾਂ ਅਨੁਸਾਰ-

"ਸਾਹਿਤ ਦਾ ਕੋਈ ਰੂਪ ਜਦੋਂ ਵਜੂਦ ਵਿੱਚ ਆ ਜਾਂਦਾ ਹੈ ਤਾਂ ਉਸਦਾ ਅਗਲਾ ਵਿਕਾਸ ਕਈ ਵਾਰੀ ਉਸਦੀ ਉੱਪਜ ਦੇ ਕਾਰਨਾਂ ਤੋਂ ਸੁਤੰਤਰ ਪ੍ਰੇਰਨਾਵਾਂ ਦੇ ਅਧੀਨ ਕਈ ਰੂਪਾਂ ਵਿੱਚ ਹੋ ਸਕਦਾ ਹੈ।"[4]

ਕਈ ਵਿਦਵਾਨਾਂ ਨੇ ਲੰਮੀ ਕਹਾਣੀ ਨੂੰ ਆਕਾਰ ਵਿੱਚ ਬੰਨਣ ਦੀ ਕੋਸ਼ਿਸ਼ ਕੀਤਾ ਹੈ ਪਰੰਤੂ ਫਿਰ ਆਪ ਹੀ ਉਸਨੂੰ ਰੱਦ ਕੀਤਾ ਹੈ ਕਿਉਂਕਿ ਲੰਮੀ ਕਹਾਣੀ ਵਿੱਚ ਕੇਵਲ ਕਹਾਣੀ ਦੀ ਲੰਬਾਈ ਨਹੀਂ ਪਰਖੀ ਜਾਂਦੀ ਸਗੋਂ ਇਹ ਗੱਲ ਵਧੇਰੇ ਮਹੱਤਵ ਰੱਖਦੀ ਹੈ ਕਿ ਲੇਖਕ ਨੇ ਵਿਸ਼ੇ ਨੂੰ ਕਿੰਨੀ ਕੁ ਡੂੰਘਾਈ ਵਿੱਚ ਜਾ ਕੇ ਪਕੜਿਆ ਹੈ। ਅੱਜ ਦੀ ਕਹਾਣੀ ਬਿਰਤਾਂਤ ਦੀ ਥਾਂ ਸਥਿਤੀ ਕੇਂਦਰਿਤ ਹੋ ਗਈ ਹੈ, ਜੋ ਵਰਤਮਾਨ ਦੀ ਸਤਿਹ ਉੱਪਰ ਨਹੀਂ ਸਗੋਂ ਵਰਤਮਾਨ ਦੀ ਗਹਿਰਾਈ ਵਿੱਚ ਜਾ ਕੇ ਵਿਚਰਦੀ ਹੈ, ਤੇ ਗਹਿਰਾਈ ਘਟਨਾ ਵਿੱਚ ਨਹੀਂ ਉਸਦੇ ਮਨੋਪ੍ਰਭਾਵ ਵਿੱਚ ਹੈ। "[5] ਤੇ ਲੰਮੀ ਕਹਾਣੀ ਦੀ ਪਕੜ ਬਾਹਰੀ ਜਗਤ ਦੇ ਵਿਭਿੰਨ ਵਸਤੂਪ੍ਰਬੰਧ ਤੋਂ ਲੈ ਕੇ ਮਨ ਦੇ ਧੁਰ ਅੰਦਰ ਤੱਕ ਹੈ। ਇਸ ਵਿੱਚ ਮਨੁੱਖੀ ਜੀਵਨ ਅਤੇ ਭੌਤਿਕ ਜੀਵਨ ਦੀਆਂ ਕਈ ਵਾਸਤਵਿਕ ਸਮੱਸਿਆਵਾਂ ਦੀ ਸਵੇਂਦਪੂਰਨ ਤੇ ਤਨਾਓ-ਪੂਰਨ ਪੇਸ਼ਕਾਰੀ ਹੁੰਦੀ ਹੈ। ਵਰਿਆਮ ਸਿੰਘ ਸੰਧੂ ਦਾ ਲੰਮੀ ਕਹਾਣੀ ਬਾਰੇ ਕਹਿਣਾ ਹੈ ਕਿ ਇਹ ਕਹਾਣੀ ਨਾ ਤਾਂ ਪੁਰਾਣੀ ਕਹਾਣੀ ਵਾਂਗੂੰ ਸਰਪਟ ਘੋੜ ਦੌੜ ਹੈ ਤੇ ਨਾ ਨੱਕ ਦੀ ਸੇਧ ਵਿਚ ਦੌੜਦੀ ਹੈ ਸਗੋਂ ਇਸ ਕਹਾਣੀ ਵਿੱਚ ਕਹਾਣੀਕਾਰ ਚਾਰ-ਚੁਫੇਰੇ ਦੇਖ ਕੇ ਚਲਦਾ ਹੈ। "[6] ਇੱਥੇ ਵਰਿਆਮ ਸਿੰਘ ਸੰਧੂ ਦਾ ਚਾਰ-ਚੁਫੇਰੇ ਦੇਖਣ ਤੋਂ ਭਾਵ ਇਹ ਹੈ ਕਿ ਮਨੁੱਖ ਦੇ ਅਮਲਾਂ/ ਨਿੱਤ ਦੇ ਕਾਰ-ਵਿਹਾਰਾਂ ਕਰਕੇ ਉਸਦੇ ਆਸ-ਪਾਸ ਕਿੰਨਾ ਹੀ ਕੁਝ ਚੰਗਾ ਮਾੜਾ ਨਿਰੰਤਰ ਵਾਪਰਦਾ ਰਹਿੰਦਾ ਹੈ ਜੋ ਕਈ ਪ੍ਰਕਾਰ ਦੀਆਂ ਜਟਿਲ ਪ੍ਰਸਥਿਤੀਆਂ ਨੂੰ ਜਨਮ ਦਿੰਦਾ ਹੈ ਤੇ ਲੰਮੀ ਕਹਾਣੀ ਇਹਨਾਂ ਪ੍ਰਸਥਿਤੀਆਂ ਨੂੰ ਆਪਣੀ ਪਕੜ ਵਿੱਚ ਲੈਂਦੀ ਹੈ ਤੇ ਦੂਸਰੀ ਗੱਲ ਇਹ ਕਿ ਲੰਮੀ ਕਹਾਣੀ ਦਾ ਰਚੈਤਾ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਅਨੇਕ ਸਮੱਸਿਆਵਾਂ ਨੂੰ ਅੰਤਰ-ਸੰਬੰਧਿਤ ਰੂਪ ਵਿੱਚ ਅਜੋਕੇ ਸਮੇਂ ਵਿੱਚ ਇਸ ਖੂਬਸੂਰਤੀ ਤੇ ਬੇਬਾਕੀ ਨਾਲ ਉਲੀਕਦਾ ਹੈ ਕਿ ਇਹ ਲੰਮੀ ਕਹਾਣੀ ਇਕਹਿਰੀ ਬਣਤਰ ਵਾਲੀ ਨਾ ਰਹਿ ਕੇ ਪਹਿਲਾਂ ਨਾਲੋਂ ਵਧੇਰੇ ਜਟਿਲ, ਬਹੁ-ਪਰਤੀ ਤੇ ਬਹੁ ਪਾਸਾਰੀ ਹੋ ਗਈ ਹੈ ਤੇ ਜਦੋਂ ਕਿਸੇ ਲੰਮੀ ਕਹਾਣੀ ਦੇ ਸੰਰਚਨਾਤਮਕ ਪੱਖ ਨੂੰ ਸਮਝਣਾ ਹੁੰਦਾ ਹੈ ਤਾਂ ਕਹਾਣੀ ਦੇ ਇਹਨਾਂ ਬਹੁ-ਪਰਤੀ ਪਾਸਾਰਾਂ ਨੂੰ ਹੀ ਸਮਝਿਆ ਜਾਂਦਾ ਹੈ। ਸੰਤ ਸਿੰਘ ਸੇਖੋਂ ਨੇ ਆਧੁਨਿਕ ਛੋਟੀ ਕਹਾਣੀ ਨੂੰ ਯੂਨਾਨੀ ਨਾਟਕ ਵਾਂਗ ਇੱਕ ਇਕਾਗਰ ਜਿਹੀ ਵਸਤੂ ਮੰਨਿਆ ਹੈ, ਜਿਸ ਵਿੱਚ ਸਮੇਂ, ਸਥਾਨ ਅਤੇ ਕਾਰਜ ਦੀ ਏਕਤਾ ਨੂੰ ਮੁੱਖ ਰੱਖਦੇ ਹੋਏ ਕਿਸੇ ਅਰਥ ਭਰਪੂਰ, ਭਾਵਮਈ, ਅਥਵਾ ਸਾਪਰਦੱਖ ਘਟਨਾ ਦਾ ਸੰਖੇਪ ਵਰਨਣ ਗੱਦ ਰੂਪ ਵਿਚ ਹੁੰਦਾ ਹੈ।"[7] ਪਰੰਤੂ ਲੰਮੀ ਕਹਾਣੀ ਦੇ ਸੰਰਚਨਾਤਮਕ ਪੈਟਰਨ ਵਿੱਚ ਇਹ ਗੱਲ ਭਲੀ-ਭਾਂਤ ਸਪਸ਼ਟ ਹੁੰਦੀ ਹੈ ਕਿ ਇਸ ਵਿੱਚ ਸਮੇਂ ਤੇ ਸਥਾਨ ਦੀ ਏਕਤਾ ਕਾਇਮ ਨਹੀਂ ਰਹਿੰਦੀ ਕਿਉਂਕਿ ਇਸ ਵਿੱਚ ਯਥਾਰਥ ਦਾ ਕੇਵਲ

ਇੱਕ ਰੂਪ ਨਹੀਂ ਸਗੋਂ ਵੱਖ-ਵੱਖ ਸੰਦਰਭਾਂ ਦੀ ਆਪਸੀ ਟੱਕਰ 'ਚੋਂ ਕਈ ਰੂਪਾਂ ਤੇ ਪਹਿਲੂਆਂ ਨੂੰ ਉਭਾਰਿਆ ਗਿਆ ਹੁੰਦਾ ਹੈ ਜਿਸ ਕਾਰਣ ਇਹ ਕਹਾਣੀ ਇਕਾਗਰਤਾ ਦੇ ਲੱਛਣ ਨੂੰ ਤੋੜਦੀ ਹੈ। ਇਸੇ ਗੱਲ ਨੂੰ ਡਾ. ਸੁਤਿੰਦਰ ਸਿੰਘ ਨੂਰ ਫਰਾਂਜ ਕਾਫ਼ਕਾ ਦੀ ਕਹਾਣੀ "ਮੈਟਾ ਮਾਰਫ਼ਸਿਸ' ਦੇ ਸੰਦਰਭ ਵਿੱਚ ਪ੍ਰਗਟ ਕਰਦਾ ਹੈ। ਉਸ ਅਨੁਸਾਰ,

"ਵਿਕ੍ਰਿਤੀ ਦੀ ਘੁੱਟਣ ਜਿਉਂ-ਜਿਉਂ ਵੱਧਦੀ ਜਾਂਦੀ ਹੈ ਉਹ ਕਹਾਣੀ ਪ੍ਰਤੀਕਾਤਮਕ ਤੌਰ 'ਤੇ ਅੰਦਰੋਂ ਓਨੀ ਵਿਸਤ੍ਰਿਤ ਜਟਿਲ ਤੇ ਡੂੰਘੀ ਹੋ ਜਾਂਦੀ ਹੈ। ਸਥਾਪਨਾ ਦਾ ਦਮਨ, ਭੈ, ਤ੍ਰਾਸਦ ਰੂਪ ਸਾਨੂੰ ਓਨਾਂ ਹੀ ਆਪਣੀ ਪਕੜ ਤੇ ਜਕੜ ਵਿੱਚ ਲੈਂਦਾ ਜਾਂਦਾ ਹੈ। ਕਹਾਣੀ ਇੰਨੀ ਸਮਰੱਥ ਹੋ ਜਾਂਦੀ ਹੈ ਕਿ ਪ੍ਰਸ਼ਨ ਕੇਵਲ ਉਹਨਾਂ ਸਥਿਤੀਆਂ ਦਾ ਵਿਸ਼ੇਸ਼ ਇੱਕ ਸਮਾਜ ਜਾਂ ਕਾਲ ਵਿੱਚ ਨਹੀਂ ਰਹਿ ਜਾਂਦਾ ਸਗੋਂ ਕਿਸੇ ਵੀ ਕਾਲ ਵਿੱਚ ਉਹੋ ਜਿਹੀਆਂ ਸਥਿਤੀਆਂ ਕਿਸੇ ਵੀ ਸਮਾਜ ਵਿੱਚ ਇਹ ਪ੍ਰਸ਼ਨ ਬਣ ਜਾਂਦਾ ਹੈ।" [8]

ਡਾ. ਸੁਤਿੰਦਰ ਸਿੰਘ ਨੂਰ ਦੀਆਂ ਲੰਮੀ ਕਹਾਣੀ ਸੰਬੰਧੀ ਉਪਰੋਕਤ ਪਰਿਭਾਸ਼ਾਵਾਂ ਤੋਂ ਲੰਮੀ ਕਹਾਣੀ ਸੰਬੰਧੀ ਚਾਰ ਨੁਕਤੇ ਪ੍ਰਾਪਤ ਹੁੰਦੇ ਹਨ। ਪਹਿਲਾ ਇਹ ਕਿ ਲੰਮੀ ਕਹਾਣੀ, ਕਹਾਣੀ ਵਿਧਾ ਦੇ 'ਇੱਕੋ ਭਾਵ ਬਿੰਦੂ' ਤੇ ਉਸਰੀ ਹੋਈ ਕਿਰਤ' ਦੇ ਗੁਣ ਨੂੰ ਸਾਂਭ ਕੇ ਰੱਖਦੀ ਹੈ। ਦੂਸਰੀ ਗੱਲ ਕਿ ਇਹ ਨਿੱਕੀ ਹੁਨਰੀ ਕਹਾਣੀ ਵਾਲੇ ਇਕਹਿਰੀ ਬਣਤਰ ਵਾਲ ਰੂਪ ਨੂੰ ਤੋੜ ਕੇ ਦੋਹਰੇ ਤੀਹਰੇ ਬਣਤਰ ਵਾਲੇ ਰੂਪ ਦੀ ਰਚਨਾ ਕਰਦੀ ਹੈ, ਜਿਸ ਨਾਲ ਕਹਾਣੀ ਬਹੁ-ਪਰਤੀ ਤੇ ਬਹੁ-ਪਸਾਰੀ ਹੁੰਦੀ ਹੈ ਤੇ ਕਹਾਣੀ ਦੀ ਅੰਦਰੂਨੀ ਤੇ ਬਾਹਰੀ ਬਣਤਰ ਵਿਸਤ੍ਰਿਤ ਅਕਾਰ ਵਾਲੀ ਬਣਦੀ ਹੈ। ਤੀਜੀ ਗੱਲ ਜਿਹੜੀ ਇਸਨੂੰ ਅੰਦਰੋਂ ਵਿਸਤ੍ਰਿਤ ਕਰਦੀ ਹੈ, ਉਹ ਹੈ-ਤ੍ਰਾਸਦੀ ਦਾ ਪ੍ਰਚੰਡ ਰੂਪ ਜੋ ਕਿ ਜੀਵਨ ਦੀਆਂ ਜਟਿਲ ਪ੍ਰਸਥਿਤੀਆਂ ਦੇ ਟਾਕਰਵੇਂ ਰੂਪ ਵਿੱਚ ਸਾਮ੍ਹਣੇ ਆਉਂਦਾ ਹੈ। ਇੱਥੇ ਲੰਮੀ ਕਹਾਣੀ ਦੀ ਸਰੰਚਨਾ ਦੀ ਪਛਾਣ ਕਰਦਿਆਂ ਇੱਕ ਇਹ ਵੀ ਮਹੱਤਵਪੂਰਨ ਗੱਲ ਸਾਮ੍ਹਣੇ ਆਉਂਦੀ ਹੈ ਕਿ ਜੀਵਨ ਦੇ ਵਿਭਿੰਨ ਸਮਾਜਿਕ, ਰਾਜਨੀਤਿਕ, ਆਰਥਿਕ ਤੇ ਧਾਰਮਿਕ ਪਹਿਲੂਆਂ ਨੂੰ ਇਕੋ ਸਮੇਂ ਆਪਣੇ ਕਲਾਵੇ ਵਿੱਚ ਲੈਣ ਕਾਰਨ ਇਹ ਦੇਸ਼ ਕਾਲ ਤੇ ਵਾਤਾਵਰਣ ਦੇ ਬੰਧਨ ਤੋਂ ਮੁਕਤ ਕਹਾਣੀ ਹੈ। ਇਸ ਵਿੱਚ ਕਥਾ ਕਿਸੇ ਸਾਧਾਰਣ ਕੜੀ ਵਿੱਚ ਪਰੋਈ ਹੋਈ ਨਹੀਂ ਹੁੰਦੀ ਸਗੋਂ ਕਥਾ ਵਿੱਚ ਖਾਸ ਤੌਰ 'ਤੇ ਘਟਨਾਵੀ ਕ੍ਰਮ / ਇਕਸਾਰਤਾ ਨੂੰ ਤੋੜਕੇ ਇੱਕ ਨਵਾਂ ਬਿਰਤਾਂਤ ਘੜ ਲਿਆ ਜਾਂਦਾ ਹੈ ਜਿਸ ਤੋਂ ਲੰਮੀ ਕਹਾਣੀ ਇੱਕ ਉਘੱੜ-ਦੁੱਘੜ ਰਚਨਾ ਪ੍ਰਤੀਤ ਹੁੰਦੀ ਹੈ ਪਰੰਤੂ ਕਈ ਪ੍ਰਸੰਗਾਂ ਦਾ ਇਕ ਸੰਗਠਿਤ ਰੂਪ ਹੋਣ ਕਾਰਣ ਇਹ ਖੰਡ ਉਲਟ ਲਗਦੇ ਹੋਏ ਵੀ ਅੰਦਰੋਂ ਕਿਸੇ ਨਾ ਕਿਸੇ ਸੰਦਰਭ, ਪਾਤਰ, ਭਾਵ, ਵਿਚਾਰ ਜਾਂ ਬਿੰਬ ਨਾਲ ਜੁੜੇ ਹੁੰਦੇ ਹਨ। ਅਜਿਹੀ ਹਾਲਤ ਵਿੱਚ ਕਹਾਣੀ ਕੇਂਦਰ ਤੋਂ ਵਿਕੇਂਦਰ ਅਤੇ ਵਿਕੇਂਦਰ ਤੋਂ ਕੇਂਦਰ ਵੱਲ ਲਗਾਤਾਰ ਆਪਣਾ ਸਫ਼ਰ ਜਾਰੀ ਰੱਖਦੀ ਹੈ। ਆਪਣੇ ਗੂੜ੍ਹ ਅਰਥਾਂ ਨੂੰ ਨਿਰੰਤਰ ਘੜਦੀ ਜਾਂਦੀ ਹੈ, ਛੱਡਦੀ ਜਾਂਦੀ ਹੈ ਤੇ ਉਹਨਾਂ ਛੱਡੇ ਹੋਏ ਅਰਥਾਂ ਨੂੰ ਮੁੜ ਗਤੀ ਪ੍ਰਦਾਨ ਕਰਦੀ ਹੈ ਜਿਸ ਨਾਲ ਕਹਾਣੀ ਦੇ ਕੇਂਦਰੀ ਨੁਕਤੇ ਨੂੰ ਗਹਿਰਾਈ ਮਿਲਦੀ ਹੈ। ਡਾ. ਗੁਰਲਾਲ ਸਿੰਘ ਅਜਿਹੀ ਲੰਮੀ ਕਹਾਣੀ ਨੂੰ ਦਾਇਰਾਗਤ ਸੰਰਚਨਾ ਵਾਲੀ ਕਹਾਣੀ ਕਹਿੰਦੇ ਹਨ। ਉਹਨਾਂ ਅਨੁਸਾਰ ਇਸ ਕਹਾਣੀ ਵਿੱਚ ਇੱਕ ਮੂਲ ਕਹਾਣੀ ਤੰਦ ਬਿਰਤਾਂਤਕ ਵਰਤਮਾਨ ਦੀ ਹੁੰਦੀ ਹੈ ਜਿਸਦੇ ਵਿੱਚੋਂ ਭੂਤਕਾਲ ਨੂੰ ਦੇਖਿਆ ਜਾਂਦਾ ਹੈ, ਇੱਥੇ ਹੀ ਲੇਖਕ ਕਹਾਣੀ ਦੇ ਥੀਮ ਨੂੰ ਲੋੜ ਮੁਤਾਬਿਕ ਵਿਸਤਾਰ ਦੇ ਸਕਦਾ ਹੈ। ਇਸ ਦਾਇਰਾਗਤ ਕਹਾਣੀ ਵਿੱਚ ਵਿਸਥਾਰ ਦਾ ਇੱਕ ਰੂਪ ਮੂਲ ਕਹਾਣੀ ਨਾਲ ਕਈ ਉਪਕਥਾਵਾਂ ਦਾ ਆ ਜਾਣਾ ਹੈ। ਉਪਕਥਾ ਆਪਣੇ ਅੱਗੇ-ਪਿੱਛੇ ਦੀਆਂ ਘਟਨਾਵਾਂ ਤੋਂ ਆਪਣੇ ਨਿਖੇੜਵੇ ਲੱਛਣ ਕਰਕੇ ਵੱਖਰੀ ਦਿਸਦੀ ਹੁੰਦੀ ਹੈ ਪਰੰਤੂ ਇਹਨਾਂ ਦੀ ਪੇਸ਼ਕਾਰੀ ਦਾ ਵਿਵੇਕਪੂਰਨ ਅੰਦਾਜ਼ ਇਹਨਾਂ ਨੂੰ ਵੱਖਰੇ ਨਹੀਂ ਰਹਿਣ ਦਿੰਦਾ ਸਗੋਂ ਕੇਂਦਰੀ ਨੁਕਤੇ ਦੇ ਸੰਦਰਭ ਵਿੱਚ ਹੀ ਉਲੀਕਦਾ ਹੈ। (ਵਰਿਆਮ ਸਿੰਘ ਸੰਧੂ ਦੀਆਂ ਲੰਮੀਆਂ ਕਹਾਣੀਆਂ ਇਸੇ ਪੈਟਰਨ ਤੇ ਉੱਸਰੀਆਂ ਹਨ) ਦਾਇਰਾਗਤ ਕਹਾਣੀ ਵਿੱਚ ਵਿਸਥਾਰ ਦੀ ਦੂਸਰੀ ਜੁਗਤ ਦੁਹਰਾਓ ਜੁਗਤ ਜਾ ਵਰਣਨ ਕਰਦੇ ਦੱਸਦੇ ਹਨ ਕਿ ਇਸ ਜੁਗਤ ਨਾਲ ਕਹਾਣੀ ਵਿੱਚ ਕਿਸੇ ਘਟਨਾ ਦੀ ਬਾਰੰਬਾਰਤਾ ਵੱਧ ਜਾਂਦੀ ਹੈ। ਕੋਈ ਘਟਨਾ ਕਿੰਨੀ ਵਾਰੀ ਵਾਪਰਦੀ ਹੈ ਤੇ ਕਿੰਨੀ ਵਾਰੀ ਬਿਰਤਾਂਤੀ ਜਾਂਦੀ ਹੈ, ਇਹਨਾਂ ਦੇ ਪਰਸਪਰ ਸੰਬੰਧ ਬਰੰਬਾਰਤਾ ਨੂੰ ਦਰਸਾਉਂਦੇ ਹਨ। ਬਹੁਤੀਆਂ ਕਹਾਣੀਆਂ ਵਿੱਚ ਇੱਕ ਵਾਰ



ਵਾਪਰੀ ਘਟਨਾ ਇੱਕ ਵਾਰ ਦੱਸੀ ਜਾਂਦੀ ਹੈ। ਕਈ ਵਾਰ ਵਾਪਰੀ ਘਟਨਾ ਨੂੰ ਵੱਖਰੇ-ਵੱਖਰੇ ਪਰਿਪੇਖ ਜਾਂ ਪ੍ਰਯੋਜਨ ਹਿੱਤ ਇੱਕ ਤੋਂ ਵਧੀਕ ਵਾਰ ਦੱਸਿਆ ਜਾਏ ਤਾਂ ਕਹਾਣੀ ਵਿਸਥਾਰ ਗ੍ਰਹਿਣ ਕਰ ਸਕਦੀ ਹੈ। ਦੁਹਰਾਓ ਘਟਨਾਵਾਂ ਵਿੱਚ ਹੀ ਨਹੀਂ ਪਾਤਰਾਂ, ਵਿਚਾਰਾਂ, ਭਾਵਾਂ ਦੀ ਪੇਸ਼ਕਾਰੀ ਵਿੱਚ ਵੀ ਹੋ ਸਕਦਾ ਹੈ।[9] ਲੰਮੀ ਕਹਾਣੀ ਦੇ ਖੇਤਰ ਵਿੱਚ ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ 'ਮੁਕਤੀ-1, ਮੁਕਤੀ-2, ਸ਼ੋਲਡਰਬੈਗ ਆਦਿ ਇਸੇ ਰੁੱਖ ਹੀ (ਦੁਹਰਾਓ-ਜੁਗਤੀ) ਵਿਸਥਾਰ ਗ੍ਰਹਿਣ ਕਰਦੀਆਂ ਹਨ। ਲੰਮੀ ਕਹਾਣੀ ਵਿੱਚ ਵਿਸਥਾਰ ਲਿਆਉਣ ਲਈ ਸੰਕੇਤਕ ਤੇ ਪ੍ਰਤੀਕਾਤਮਕ ਸ਼ਬਦਾਵਲੀ ਵੀ ਇੱਕ ਜੁਗਤ ਵਜੋਂ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਸੰਕੇਤਕ ਤੇ ਪ੍ਰਤੀਕਾਤਮਕ ਬਿਰਤਾਂਤਕ ਇਕਾਈਆਂ ਮੁੱਖ ਕਥਾ ਨੂੰ ਗਹਿਰਾਈ ਪ੍ਰਦਾਨ ਕਰਨ ਲਈ ਦ੍ਰਿਸ਼ਟਾਂਤ ਰੂਪ ਵਿਚ ਆਈਆਂ ਹੁੰਦੀਆਂ ਹਨ। ਡਾ. ਜਸਵਿੰਦਰ ਸਿੰਘ ਦੀਆਂ ਕਹਾਣੀਆਂ ਵਿਸ਼ੇਸ਼ ਕਰ 'ਦੋਹਰੇ ਮਹਾਂਭਾਰਤ' ਵਿੱਚ ਇਹ ਜੁਗਤ ਸਪਸ਼ਟ ਨਜ਼ਰ ਆਉਂਦੀ ਹੈ।

ਲੰਮੀ ਕਹਾਣੀ ਦੀ ਸੰਰਚਨਾ ਵਿੱਚ ਇੱਕ ਪਾਸਾਰ ਇਹ ਵੀ ਸਾਮ੍ਹਣੇ ਆਉਂਦਾ ਹੈ ਕਿ ਇਸ ਕਹਾਣੀ ਵਿੱਚ ਛੋਟੇ-ਛੋਟੇ ਤਰਕ ਨਿਰੰਤਰ ਪੈਦਾ ਹੁੰਦੇ ਰਹਿੰਦੇ ਹਨ ਪਰ ਇੱਕ ਪੂਰਨ ਜਾਂ ਅਜਿਹੇ ਤਰਕ ਦੀ ਅਣਹੋਂਦ ਰਹਿੰਦੀ ਹੈ, ਜਿਸ ਕਾਰਣ ਪਾਠਕ ਲਈ ਸਥਿਤੀ ਦੀ ਨਿੱਜ-ਪਰਕ ਪਾਰਦਰਸ਼ਤਾ ਬਣਦੀ-ਵਿਗੜਦੀ ਰਹਿੰਦੀ ਹੈ। ਇਸੇ ਨਿੱਜ-ਪਰਕ ਪਾਰਦਰਸ਼ਤਾ ਵਿੱਚੋਂ ਹੀ ਪਾਠਕ ਜਾਂ ਆਲੋਚਕ ਲਈ ਬਹਿਸ ਦੀ ਸੰਭਾਵਨਾ ਵੱਧ ਤੋਂ ਵੱਧ ਬਣਦੀ ਹੈ। ਵਰਿਆਮ ਸਿੰਘ ਸੰਧੂ ਅਨੁਸਾਰ,

"ਨਿੱਕੀ ਹੁਨਰੀ ਕਹਾਣੀ ਦਾ ਇੱਕ ਸਿਖ਼ਰ ਹੁੰਦਾ ਸੀ ਤੇ ਨਾਲ ਹੀ ਅੰਤ ਪ੍ਰੰਤੂ ਲੰਮੀ ਕਹਾਣੀ ਚੋਂ ਕਈ ਉਪ ਬਿਰਤਾਂਤਾਂ ਦੇ ਕਈ ਉਪ-ਸਿਖਰ ਆਉਂਦੇ ਹਨ ਜੋ ਥੰਮ ਦੀ ਤਰ੍ਹਾਂ ਇੱਕਦਮ ਧਮਾਕਾ ਨਹੀਂ ਕਰਦੇ ਸਗੋਂ ਫੁਲਝੜੀ ਵਾਂਗ ਆਪਣੀ-ਆਪਣੀ ਥਾਂ ਅਰਥਾਂ ਦੀ ਇੱਕ ਲਿਸ਼ਕ ਦੇ ਕੇ ਸਥਿਤੀ ਨੂੰ ਸਪਸ਼ਟ ਕਰਦੇ ਹਨ।"[10]

ਇਹੀ ਕਾਰਣ ਹੈ ਕਿ ਇਸ ਕਹਾਣੀ ਨੂੰ ਖੁੱਲ੍ਹੇ ਅੰਤ ਵਾਲੀ ਕਹਾਣੀ ਦਾ ਨਾਂ ਵੀ ਦਿੱਤਾ ਗਿਆ ਹੈ। ਤੁਰਗਨੇਵ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਹੈ ਕਿ ਕਹਾਣੀ ਦਾ ਆਦਿ ਤੇ ਅੰਤ (ਪੋ-ਸੁਪਾਸਾਂ ਕਿਸਮ ਦਾ) ਹੋਣਾ ਹੀ ਨਹੀਂ ਚਾਹੀਦਾ ਕਿਉਂਕਿ ਇੱਥੇ ਹੀ ਕਹਾਣੀ ਗ਼ੈਰ-ਕੁਦਰਤੀ ਤੇ ਅਯਥਾਰਥਕ ਹੋ ਜਾਂਦੀ ਹੈ।[11] ਪ੍ਰੰਤੂ ਇੱਥੇ ਖੁੱਲ੍ਹੇ ਅੰਤ ਦਾ ਭਾਵ ਇਹ ਨਹੀਂ ਕਿ ਇਹ ਕੋਈ ਸੁਨੇਹਾ ਨਹੀਂ ਦਿੰਦੀ, ਸਗੋਂ ਇਹ ਕਹਾਣੀ ਆਪਣਾ ਸੁਨੇਹਾ ਚਿੰਨ੍ਹਮਈ ਰੂਪ ਵਿੱਚ ਇੱਕ ਇਸ਼ਾਰੇ ਰਾਹੀਂ ਦਿੰਦੀ ਹੈ। ਨਿਸ਼ਚਿਤ ਅੰਤਮ-ਪੱਖੀ ਅਤੇ ਬੰਦ ਸੁਨੇਹਾ ਦੇਣ ਦੀ ਬਜਾਇ ਇਹ ਆਧੁਨਿਕ ਜੀਵਨ ਦੇ ਬਦਲਵੇਂ ਤਰਕਾਂ ਨੂੰ ਸੰਕੇਤਕ ਰੂਪ ਵਿਚ ਦਰਸਾਉਂਦੀ ਹੈ। ਸਭ ਕੁਝ ਦਾ ਸਮੁੱਚਾ ਸਿੱਧਾ ਹੱਲ ਕਰਨ ਦੀ ਬਜਾਇ ਪਾਠਕ ਨੂੰ ਯਥਾਰਥ ਦੇ ਨੰਗੇ ਸੱਚ ਦੇ ਰੂ-ਬ-ਰੂ ਖਲਿਆਰ, ਸੰਭਵ ਭਵਿੱਖਮੁਖੀ ਸੰਕੇਤ ਹੀ ਕਰਦੀ ਹੈ।[12] ਜਿਵੇਂ ਕਿ ਵਰਿਆਮ ਸਿੰਘ ਸੰਧੂ ਦੀ ਕਹਾਣੀ "ਮੈਂ ਹੁਣ ਠੀਕ ਠਾਕ ਹਾਂ' ਵਿੱਚ ਟੌਮੀ ਕੁੱਤੇ ਦਾ ਚਰਿੱਤਰ ਤੇ ਮੌਤ ਜੋਗਿੰਦਰ ਸਿੰਘ ਅੰਦਰ ਵਰਤਮਾਨ ਦੀ ਧੂੜ ਵਿੱਚ ਦਫਨ ਅਣਖ ਨੂੰ ਮੁੜ ਤੋਂ ਸੁਰਜੀਤ ਕਰਦੀ ਹੈ। 'ਦੋਹਰੇ ਮਹਾਂਭਾਰਤ' ਕਹਾਣੀ ਵਿਚਲੇ ਪਾਤਰ 'ਗੱਜਣ ਸਿੰਘ ਦਾ 'ਸਿੰਘਾਂ' ਨਾਲ ਰਲਕੇ ਆਪਣੇ ਸਕੇ-ਸੰਬੰਧੀਆਂ ਅਤੇ ਬਿਰਾਦਰੀ ਪ੍ਰਤੀ ਅਮਾਨਵੀ ਵਿਹਾਰ ਅਤੇ ਸਿੰਘਾਂ ਹੱਥੋਂ ਹੀ ਆਪਣੀ ਬਰਬਾਦੀ ਦਾ ਮੰਜ਼ਰ ਗੁਆਚੀ ਸੰਸਕ੍ਰਿਤੀ ਅਤੇ ਸਭਿਆਚਾਰ 'ਚ ਮੁੜ ਵਾਪਸੀ ਦੀ ਬਾਤ ਪਾਉਂਦਾ ਹੈ। ਡਾ. ਟੀ. ਆਰ. ਵਿਨੋਦ ਇਸ ਨੂੰ 'ਦਸ਼ਾ ਤੋਂ ਦਸ਼ਾ' ਤੱਕ ਦਾ ਸਫ਼ਰ ਦੀ ਕਹਾਣੀ ਕਹਿੰਦੇ ਹਨ। ਉਹਨਾਂ ਅਨੁਸਾਰ ਇਹ ਕਹਾਣੀ ਪਾਠ ਅਤੇ ਪਾਠਕਾਂ ਵਿੱਚਕਾਰ ਭਾਵਾਤਮਕ ਏਕਤਾ ਹੀ ਕਾਇਮ ਨਹੀਂ ਹੋਣ ਦਿੰਦੀ। ਇਹ ਪਾਠ ਬਾਰੇ ਆਪ ਸੋਚਦੀ ਅਤੇ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ। ਇਹ ਸੋਚ ਹੀ ਹੈ ਜੋ ਸਥਿਤੀ ਦੀਆਂ ਲੁਕਵੀਆਂ ਸੰਭਾਵਨਾਵਾਂ ਉਜਾਗਰ ਕਰਕੇ ਪਾਠਕ ਨੂੰ ਬੇਕਰਾਰ ਕਰਦੀ ਹੈ। ਇਉਂ ਇਸ ਕਹਾਣੀ ਦੀ ਦਿਲਚਸਪੀ ਆਨੰਦ ਪ੍ਰਦਾਨ ਕਰਨ ਵਿੱਚ ਨਹੀਂ, ਬੇਚੈਨ ਕਰਨ ਵਿੱਚ ਹੈ।[13]

ਇਸ ਤੋਂ ਇਲਾਵਾ ਲੰਮੀ ਕਹਾਣੀ ਨਿੱਕੀ ਹੁਨਰੀ ਕਹਾਣੀ ਨਾਲੋਂ ਇਸ ਗੱਲੋਂ ਵੀ ਵੱਖਰੀ ਹੈ ਕਿ ਇਸਦੀ ਚਾਲ ਨਿੱਕੀ ਹੁਨਰੀ ਕਹਾਣੀ ਨਾਲੋਂ ਮੱਠੀ ਹੁੰਦੀ ਹੈ। ਇਹ ਸੂਟ ਵੱਟ ਕੇ ਆਪਣੇ ਨਿਸ਼ਾਨੇ ਵੱਲ ਨਹੀਂ

ਦੌੜਦੀ ਸਗੋਂ ਘਟਨਾਵਾਂ ਦੇ ਆਸ-ਪਾਸ ਦੀਆਂ ਪ੍ਰਸਥਿਤੀਆਂ ਨੂੰ ਨਾਲ ਲੈ ਕੇ ਚਲਦੀ ਹੈ। ਅਜੋਕਾ ਜੀਵਨ ਇੰਨਾ ਗੰਝਲਦਾਰ ਤੇ ਪੇਚੀਦਾ ਹੈ ਕਿ ਸਥਿਤੀਆਂ ਦੇ ਪਿੱਛੇ ਕਈ ਸਥਿਤੀਆਂ, ਸੁਭਾਅ ਦੇ ਪਿੱਛੇ ਕਈ ਸੁਭਾਅ / ਚਰਿੱਤਰ ਕਾਰਣ ਹੀ ਲੰਮੀ ਕਹਾਣੀ ਸਹਿਜ ਰੂਪ ਵਿਚ ਆਰੰਭ ਹੋ ਕੇ ਸਹਿਜ ਰੂਪ ਵਿੱਚ ਹੀ ਆਪਣੇ ਅੰਜ਼ਾਮ ਤੱਕ ਪਹੁੰਚਦੀ ਹੈ। ਜਟਿਲ ਤੇ ਗੁੰਝਲਦਾਰ ਜੀਵਨ ਦੇ ਯਥਾਰਥ ਨੂੰ ਪੇਸ਼ ਕਰਨ ਹਿੱਤ ਹੀ ਇਸ ਦੀ ਭਾਸ਼ਾ ਸ਼ੈਲੀ ਵੀ ਬੜੀ ਜਟਿਲ ਤੇ ਗੁੰਝਲਦਾਰ ਹੁੰਦੀ ਹੈ। ਕਹਾਣੀ ਵਿੱਚ ਪੇਸ਼ ਵਾਤਾਵਰਣ, ਦ੍ਰਿਸ਼, ਪ੍ਰਤੀਕ, ਵਿਥਾਂ, ਪਾਤਰਾਂ ਦੇ ਨਾਂ ਆਦਿ ਸਾਰੇ ਸੰਦ ਲੇਖਕ ਦੀ ਮੂਕ ਭਾਸ਼ਾ ਹੀ ਹੁੰਦੇ ਹਨ, ਜੋ ਕਹਾਣੀ ਵਿਚਲੇ ਅਰਥਾਂ ਨੂੰ ਗਹਿਰਾਈ ਦਿੰਦੇ ਹਨ ਅਤੇ ਕਹਾਣੀ ਨੂੰ ਅੰਦਰੋਂ ਵਿਸਤ੍ਰਿਤ ਤੇ ਗਹਿਨ ਬਣਾਉਣ ਵਿੱਚ ਮੱਦਦ ਕਰਦੇ ਹਨ।

ਲੰਮੀ ਕਹਾਣੀ ਦੇ ਸੰਬੰਧ ਵਿੱਚ ਅਸੀਂ ਉੱਪਰ ਜਿੰਨੀਆਂ ਵੀ ਗੱਲਾਂ ਕਰ ਆਏ ਹਾਂ, ਉਹ ਅੰਦਰੋਂ ਤਾਂ ਲੰਮੀ ਕਹਾਣੀ ਨੂੰ ਵਿਸਤ੍ਰਿਤ ਰੂਪ ਦਿੰਦੀਆਂ ਹੀ ਹਨ, ਆਕਾਰ ਪੱਖੋਂ ਵੀ ਇਸਨੂੰ ਨਿੱਕੀ ਹੁਨਰੀ ਕਹਾਣੀਆਂ ਨਾਲੋਂ ਨਿਖੇੜਦੀਆਂ ਹਨ, ਪ੍ਰੰਤੂ ਉੱਪਰਲੀ ਸਤਿਹ ਉੱਪਰ ਫ਼ੈਲਿਆ ਆਕਾਰ ਲੰਮੀ ਕਹਾਣੀ ਦੇ ਗੁਣ ਦੀ ਥਾਂ ਉਸਦੀ ਕਮਜ਼ੋਰੀ ਬਣ ਜਾਂਦਾ ਹੈ।

ਕੁਲ ਮਿਲਾ ਕੇ ਲੰਮੀ ਕਹਾਣੀ ਅੱਜ ਇੰਨੀ ਲੋਕਪ੍ਰਿਯ ਹੋ ਰਹੀ ਹੈ ਕਿ ਲਗਭਗ ਹਰ ਕਹਾਣੀਕਾਰ ਸੁਚੇਤ ਪੱਧਰ ਤੇ ਇਸ ਸਾਹਿਤਕ ਵਿਧਾ ਨੂੰ ਅਪਨਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਵਰਿਆਮ ਸੰਧੂ, ਪ੍ਰੇਮ ਪ੍ਰਕਾਸ਼, ਅਤਰਜੀਤ, ਗੁਰਪਾਲ ਲਿੱਟ, ਜਸਵਿੰਦਰ ਸਿੰਘ, ਬਲਵਿੰਦਰ ਸਿੰਘ ਗਰੇਵਾਲ, ਭਗਵੰਤ ਰਸੂਲਪੁਰੀ, ਅਜਮੇਰ ਸਿੱਧੂ, ਸਾਂਵਲ ਧਾਮੀ ਆਦਿ ਕਹਾਣੀਕਾਰ ਬੜੀ ਸਫ਼ਲਤਾ ਨਾਲ ਲੰਮੀ ਕਹਾਣੀ ਦੀ ਰਚਨਾ ਕਰ ਰਹੇ ਹਨ।

**ਹਵਾਲੇ ਤੇ ਟਿੱਪਣੀਆਂ-**


1. ਖੋਜ ਪਤ੍ਰਿਕਾ, ਗਲਪ ਵਿਸ਼ੇਸ਼ ਅੰਕ, ਪੰਨਾ-329

2. ਡਾ. ਸਵਿੰਦਰ ਸਿੰਘ ਉੱਪਲ, ਪੰਜਾਬੀ ਕਹਾਣੀ ਸਰੂਪ, ਸਿਧਾਂਤ ਤੇ ਵਿਕਾਸ, ਪੰਨਾ-97

3. ਵਰਿਆਮ ਸਿੰਘ ਸੰਧੂ (ਸੰਪਾ.) ਪੰਜਾਬੀ ਕਹਾਣੀ ਆਲੋਚਨਾ ਰੂਪ ਤੇ ਰੁਝਾਨ, ਪੰਨਾ-87

4. ਅਤਰ ਸਿੰਘ, 'ਨਿੱਕੀ ਕਹਾਣੀ ਤੇ ਮਨੁੱਖੀ ਅਨੁਭਵ', ਕਹਾਣੀ ਸਿਧਾਂਤ ਅਤੇ ਆਲੋਚਨਾ, ਪੰਨਾ-99

5. ਡਾ. ਹਰਿਭਜਨ ਸਿੰਘ, ਅਧਿਐਨ ਤੇ ਅਧਿਆਪਨ, ਪੰਨਾ-77

6. ਵਰਿਆਮ ਸਿੰਘ ਸੰਧੂ (ਸੰਪਾ.) ਪੰਜਾਬੀ ਕਹਾਣੀ ਆਲੋਚਨਾ, ਰੂਪ ਅਤੇ ਰੁਝਾਨ, ਪੰਨਾ-26

7. ਗੁਰਬਖਸ਼ ਸਿੰਘ ਫਰੈਂਕ, ਨਿੱਕੀ ਕਹਾਣੀ ਤੇ ਪਜਾਬੀ ਨਿੱਕੀ ਕਹਾਣੀ, ਪੰਨਾ-26

8. ਡਾ. ਸੁਤਿੰਦਰ ਸਿੰਘ ਨੂਰ, ਮਸਲਾ ਕਹਾਣੀ, ਮਿੰਨੀ ਕਹਾਣੀ, ਲੰਮੀ ਕਹਾਣੀ, ਨਾਵਲ, ਨਾਵਲਿਟ ਤੇ ਮਿੰਨੀ ਨਾਵਲ ਦਾ, ਪੰਜਾਬੀ ਟ੍ਰਿਬਿਊਨ, 1996 ਪੰਨਾ-5

9. ਡਾ. ਗੁਰਲਾਲ ਸਿੰਘ, ਕਹਾਣੀ ਦੇ ਵਿਸਥਾਰ ਤੇ ਅਕਾਰ ਦਾ ਮਸਲਾ, ਪ੍ਰਵਚਨ /ਅਪ੍ਰੈਲ-ਜੂਨ,2004, ਪੰਨਾ5

10. ਵਰਿਆਮ ਸਿੰਘ ਸੰਧੂ ਨਾਲ ਇੱਕ ਮੁਲਾਕਾਤ, ਮਿਤੀ 13 ਜੂਨ, 2004

11. ਸੁਜਾਨ ਸਿੰਘ, ਨਿੱਕੀ ਹੁਨਰੀ ਕਹਾਣੀ, ਨਿੱਕੀ ਹੁਨਰੀ ਕਹਾਣੀ ਦਾ ਸਿਧਾਂਤ (ਸੰਪਾ) ਡਾ. ਜੀਤ ਸਿੰਘ ਜੋਸ਼ੀ, ਪੰਨਾ-52

12. ਡਾ. ਸ. ਪ. ਸਿੰਘ ਅਤੇ ਡਾ. ਜਸਵਿੰਦਰ ਸਿੰਘ (ਸੰਪਾ।) ਕਥਾ ਲੋਕ ਭੂਮਿਕਾ, ਪੰਨਾ-11

13. ਡਾ. ਟੀ. ਆਰ. ਵਿਨੋਦ, ਕਹਾਣੀ ਰੂਪ ਰਚਨਾ, ਨਿੱਕੀ ਕਹਾਣੀ ਦਾ ਸਿਧਾਂਤ (ਸੰਪਾ.) ਡਾ. ਜੀਤ ਸਿੰਘ ਜੋਸ਼ੀ, ਪੰਨਾ-110



**ਪਤਾ- ਲੈਕਚਰਾਰ ਅਤੇ ਮੁੱਖੀ ਪੰਜਾਬੀ ਵਿਭਾਗ**

**ਮਾਤਾ ਸਾਹਿਬ ਕੌਰ ਗਰਲਜ਼ ਕਾਲਜ, ਤਲਵੰਡੀ ਸਾਬੋ (ਬਠਿੰਡਾ)**






# ਸਾਧਾਰਣ ਮਨੁੱਖ ਦੀ ਅਸਾਧਾਰਣ ਹੋਣੀ 'ਪਰਾਤੜੇ 'ਚ ਗੰਗਾ'


**- ਡਾ. ਜਸਵਿੰਦਰ ਕੌਰ ਬਿੰਦਰਾ**





ਰਾਜਿੰਦਰ ਸਿੰਘ ਦਾ ਇਹ ਨਾਵਲ 'ਪਰਾਤੜੇ ਵਿੱਚ ਗੰਗਾ' ਕੁਝ ਖਾਸ ਗੱਲਾਂ ਕਰਕੇ ਸਾਡਾ ਧਿਆਨ ਆਪਣੇ ਵੱਲ ਖਿਚਦਾ ਹੈ। ਇਸ ਵਿੱਚ ਦੋ ਪਰਸਪਰ ਵਿਰੋਧੀ ਗੱਲਾਂ ਨੂੰ ਇਕ-ਦੂਜੇ ਦੇ ਸਾਹਮਣੇ ਲਿਆਉਂਦਾ ਹੈ। ਜਿਵੇਂ ਅਮੀਰੀ ਦੇ ਸਾਹਮਣੇ ਗਰੀਬੀ, ਪਿਆਰ ਦੇ ਸਾਹਮਣੇ ਨਫਰਤ, ਜਤਿ-ਸਤਿ ਦੇ ਨਾਲ ਸਰੀਰਕ ਭੋਗ ਪ੍ਰਤੀ ਬੇਚੈਨੀ। ਉਂਜ ਤਾਂ ਅਕਸਰ ਸਾਹਿਤਕ ਰਚਨਾਵਾਂ ਵਿੱਚ ਅੰਤਰ ਵਿਰੋਧਾਂ ਤੇ ਪਰਸਪਰ ਵਿਰੋਧਾਂ ਨੂੰ ਜੁਗਤ ਦੇ ਤੌਰ ਤੇ ਵਰਤਿਆ ਜਾਂਦਾ ਹੈ, ਇਸ ਰਾਹੀਂ ਰਚਨਾ ਪੜ੍ਹਨਯੋਗ ਤੇ ਦਿਲਚਸਪ ਬਣਦੀ ਹੈ ਤੇ ਰਚਨਾਕਾਰ ਦੋ ਪਹਿਲੂਆਂ ਨੂੰ ਦਰਸਾ ਕੇ ਸਹੀ ਦੀ ਪਛਾਣ ਕਰਵਾਉਣ ਵਿੱਚ ਸੌਖਿਆ ਹੀ ਕਾਮਯਾਬ ਵੀ ਹੋ ਜਾਂਦਾ ਹੈ। ਦੋਵੇਂ ਇਕਦਮ ਉਲਟ ਸਥਿਤੀਆਂ ਹੋਣ ਜਾਂ ਭਾਵਨਾਵਾਂ, ਇਨ੍ਹਾਂ ਨੂੰ ਇਕੱਠਿਆਂ ਜਾਨਣ ਨਾਲ ਪਰਖ-ਪੜਚੋਲ ਕਈ ਪਹਿਲੂਆਂ ਤੋਂ ਕੀਤੀ ਜਾ ਸਕਦੀ ਹੈ, ਜਿਸ ਨਾਲ ਕਈ ਸਿੱਟੇ ਪ੍ਰਾਪਤ ਹੋ ਜਾਂਦੇ ਹਨ। ਪ੍ਰਸਤੁਤ ਨਾਵਲ ਵਿੱਚ ਵੀ ਨਾਵਲਕਾਰ ਜੀਣੀ (ਅੱਛਰੀ) ਦੇ ਜਨਮ ਵੇਲੇ ਤੇ ਵਿਆਹ ਤੋਂ ਪਹਿਲਾਂ ਚੰਗੀ ਖੁਸ਼ਹਾਲ ਸਥਿਤੀ ਦਾ ਬਿਆਨ ਕਰਦਾ ਹੈ। ਵਿਆਹ ਮਗਰੋ ਉਹੀ ਜੀਣੀ ਅੱਛਰੀ ਜਿਸ ਤਰ੍ਹਾਂ ਦੇ ਰੱਜੇ-ਰਜਾਏ ਘਰੋਂ ਪਿੱਛੋਂ ਆਉਂਦੀ ਹੈ, ਸਹੁਰੇ ਘਰ ਵੀ ਉਸੇ ਤਰ੍ਹਾਂ ਦੀ ਖੁਸ਼ਹਾਲੀ ਨਾਲ ਵਾਸਤਾ ਪੈਂਦਾ ਹੈ, ਪਰੰਤੂ ਪਤੀ ਦੀ ਮੌਤ ਮਗਰੋਂ ਉਹ ਖੁਸ਼ਹਾਲੀ ਤੰਗਹਾਲੀ ਵਿੱਚ ਬਦਲਦੇ-ਬਦਲਦੇ ਮੰਦਹਾਲੀ ਦੀ ਹਾਲਤ ਤਕ ਜਾ ਪਹੁੰਚਦੀ ਹੈ। ਆਪਣੀ ਜ਼ਿੰਦਗੀ ਦੇ ਖੂਬਸੂਰਤ, ਜਵਾਨੀ ਭਰੇ 26-27 ਸਾਲ ਉਹ ਸਖਤ ਮਿਹਨਤ ਕਰਦੇ ਵੀ ਮਸਾਂ ਖਾਣਯੋਗ ਹਾਸਿਲ ਕਰਕੇ ਹੀ ਲੰਘਾਉਂਦੀ ਹੈ। ਇੰਜ ਹੀ ਅਸੀਂ ਦੇਖਦੇ ਹਾਂ ਕਿ ਉਹ ਸੰਤ ਸਿੰਘ ਵਲੋਂ ਦਿਲਾਸਾ ਦੇਣ ਤੇ ਸਾਥ ਦਿੱਤੇ ਜਾਣ ਦੀ ਗੱਲ ਉਤੇ ਭਰੋਸਾ ਕਰਕੇ ਹਮੇਸ਼ਾ ਲਈ ਉਸ ਅੱਗੇ ਸਮਰਪਿਤ ਹੋ ਜਾਂਦੀ ਹੈ। ਭਰੋਸੇ ਤੇ ਸਾਥ ਦੇਣ ਦੇ ਇਵਜ਼ ਵਿੱਚ ਪਾਟੇ ਗਏ ਸਿਰਫ ਇਕ ਵਾਰ ਕਲਾਵੇ ਦੇ ਨਿੱਘ ਨੂੰ ਸਾਰੀ ਉਮਰ ਆਪਣੀ ਕੀਮਤੀ ਯਾਦ ਵਾਂਗ ਸਾਂਭ ਕੇ ਸੀਨੇ ਨਾਲ ਲਾਈ ਰਖਦੀ ਹੈ। ਹਾਲਾਂਕਿ ਸੰਤ ਸਿੰਘ ਵਲੋਂ ਸਾਥ ਨਾ ਨਿਭਾਏ ਜਾਣ ਬਾਰੇ ਸੋਚ ਸੋਚ ਕੇ ਅੱਛਰੀ ਉਸ ਨੂੰ ਅੰਤਾਂ ਦੀ ਨਫਰਤ ਵੀ ਕਰਦੀ ਹੈ, ਪਰੰਤੂ ਉਸ ਨਿੱਘ ਭਰੇ ਪਲ ਨੂੰ ਕਦੇ ਭੁੱਲਾ ਨਹੀਂ ਪਾਉਂਦੀ। ਉਹ ਇਕ ਥਾਂ ਕਹਿੰਦੀ ਵੀ ਹੈ ਕਿ ਸਾਰੀ ਉਮਰ ਦੀ ਐਨੀ ਨਫਰਤ ਵੀ ਕਲਾਵੇ ਦੇ ਉਸ ਨਿੱਘ ਨੂੰ ਭੁੱਲਾ ਨਹੀਂ ਸਕੀ।" ਜਿਸ ਨਾਲ ਨਫਰਤ ਕਰਦੀ ਹੈ, ਉਸੇ ਦੇ ਪੁੱਤਰ ਨੂੰ ਪਾਲ-ਪੋਸ ਕੇ ਵੱਡਾ ਕਰਦੀ ਹੈ ਤੇ ਉਸ ਨਾਲ ਐਨਾ ਮੋਹ-ਪਿਆਰ ਕਰਦੀ ਹੈ ਕਿ ਉਸ ਪੁੱਤਰ ਨੂੰ ਆਪਣਾ ਰੱਬ ਕਹਿੰਦੀ ਹੈ।

ਇਸੇ ਤਰ੍ਹਾਂ ਸੰਤ ਸਿੰਘ ਦੀ ਪਤਨੀ ਨੂੰ ਇਕ ਪਾਸੇ ਅੱਛਰੀ ਬਿਲਕੁਲ ਨਹੀਂ ਭਾਉਂਦੀ ਤੇ ਦੂਜੇ ਪਾਸੇ ਉਹ ਆਪਣੇ ਹੱਥੀ ਆਪਣੇ ਜੰਮੀ ਔਲਾਦ ਨੂੰ ਉਸ ਦੀ ਗੋਦੀ ਵਿੱਚ ਹਮੇਸ਼ਾ ਲਈ ਪਾ ਦੇਂਦੀ ਹੈ। ਸਭ ਤੋਂ ਵੱਡਾ ਵਿਰੋਧ ਸਾਨੂੰ ਅੱਛਰੀ ਦੀ ਜਤਿ-ਸਤਿ ਦੇ ਨਿਭਾ ਵੇਲੇ ਦੇਖਣ ਨੂੰ ਮਿਲਦਾ ਹੈ। ਉੱਨੀਂ ਸਾਲ ਦੀ ਚੜ੍ਹਦੀ ਜਵਾਨੀ ਦੀ ਉਮਰ ਵਿੱਚ ਵਿਧਵਾ ਹੋਣ ਵਾਲੀ ਅੱਛਰੀ ਅੰਤ ਤਕ ਆਪਣੇ ਜਤਿ-ਸਤਿ ਉਤੇ ਕਾਇਮ ਰਹਿੰਦੀ ਹੈ। ਪਰੰਤੂ ਬਾਅਦ ਵਿੱਚ ਉਮਰ ਬੀਤਣ ਦੇ ਨਾਲ ਉਸ ਦੇ ਮਨ ਵਿੱਚ ਸਰੀਰਕ ਇੱਛਾਵਾਂ ਨੂੰ ਲੈ ਕੇ ਕਈ ਵਿਚਾਰ ਆਉਣ ਲੱਗਦੇ ਹਨ। ਉਹ ਆਪ ਇਸ ਗੱਲ ਨੂੰ ਕਹਿੰਦੀ ਤੇ ਮੰਨਦੀ ਹੈ ਕਿ ਉਸ ਦੇ ਮਨ ਵਿੱਚ ਅਜਿਹੇ-ਅਜਿਹੇ ਖਿਆਲ ਆਉਂਦੇ ਹਨ ਕਿ ਉਹ ਸੋਚ-ਸੋਚ ਕੇ ਸ਼ਰਮਿੰਦਾ ਵੀ ਹੁੰਦੀ ਹੈ।

ਉਹ ਸਵੈ ਨੂੰ ਇਨ੍ਹਾਂ ਖਿਆਲਾਂ ਤੋਂ ਰੋਕਣਾ ਵੀ ਚਾਹੁੰਦੀ ਹੈ, ਪਰੰਤੂ ਬਾਗ਼ੀ ਮਨ ਉਸ ਦੇ ਕਹੇ ਉਤੇ ਨਹੀਂ ਚਲਦਾ। ਉਸ ਨੂੰ ਇਹ ਵੀ ਮਹਿਸੂਸ ਹੁੰਦਾ ਹੈ ਕਿ ਅਜਿਹੀ ਸਰੀਰਕ ਹਾਲਤ ਕਾਰਣ ਹੀ ਉਸ ਨੂੰ ਕਈ ਬਿਮਾਰੀਆਂ ਨੂੰ ਵੀ ਆ ਘੇਰਿਆ ਹੈ।

ਇਸ ਨਾਵਲ ਵਿੱਚ ਇਕ ਹੋਰ ਪਹਿਲੂ ਵੱਲ ਵੀ ਸਾਡਾ ਧਿਆਨ ਜਾਂਦਾ ਹੈ ਕਿ ਪੁੱਤਰ ਪ੍ਰਭਜਿੰਦਰ ਦੇ ਫੈਸਲੇ ਦੂਸਰੇ ਲੋਕ ਲੈਂਦੇ ਹਨ। ਪਹਿਲਾਂ ਤਾਂ ਉਸ ਦੇ ਜਨਮ ਦਾ ਫੈਸਲਾ ਵੀ ਇਸੇ ਕਰਕੇ ਕੀਤਾ ਜਾਂਦਾ ਹੈ ਤਾਂ ਕਿ ਉਸ ਨੂੰ ਜਨਮ ਮਗਰੋਂ ਅੱਛਰੀ ਦੀ ਸੁੰਨੀ ਗੋਦ ਵਿੱਚ ਪਾ ਦਿੱਤਾ ਜਾਏ। ਹਾਲਾਂਕਿ ਸੰਤ ਸਿੰਘ ਦੀ ਔਲਾਦ ਹੁੰਦੀ ਹੈ। ਉਹ ਹੋਰ ਕਿਸੇ ਬੱਚੇ ਦੇ ਜਨਮ ਨੂੰ ਕਿਸੇ ਯੋਜਨਾ ਅਧੀਨ ਨਹੀਂ ਲੈਂਦਾ, ਪਰੰਤੂ ਇਸ 'ਕਾਕੇ' ਨੂੰ ਦੁਨੀਆਂ ਵਿੱਚ ਲਿਆਉਣ ਦਾ ਫੈਸਲਾ ਵੀ ਜਿਵੇਂ ਸੋਚ-ਸਮਝ ਕੇ ਤੇ ਇਕ ਪਲਾਨ ਬਣਾ ਕੇ ਕੀਤਾ ਜਾਂਦਾ ਹੈ। ਉਮੀਦ ਲੱਗਣ ਤੇ ਹਰ ਵੇਲੇ ਪ੍ਰਭੂ ਅੱਗੇ ਇਸ ਗੱਲ ਲਈ ਅਰਦਾਸ ਕੀਤੀ ਜਾਂਦੀ ਹੈ ਕਿ ਆਉਣ ਵਾਲਾ ਬੱਚਾ ਮੁੰਡਾ ਹੀ ਹੋਵੇ। ਮੁੰਡੇ ਨੂੰ ਜਨਮ ਤੋਂ ਪਹਿਲਾਂ ਹੀ ਕਿਸੇ ਹੋਰ ਨੂੰ ਹਮੇਸ਼ਾਂ ਲਈ ਸੌਂਪ ਦੇਣ ਦਾ ਨਿਸ਼ਚਾ ਕਰ ਲਿਆ ਜਾਂਦਾ ਹੈ। ਇਕ ਵਾਰ ਦੇਣ ਮਗਰੋਂ ਫਿਰ ਕਦੇ ਪਰਤ ਕੇ ਵੀ ਉਸ ਵੱਲ ਤੱਕਿਆ ਨਹੀਂ ਜਾਂਦਾ। ਦੂਜੀ ਗੱਲ, ਉਸ ਨੂੰ ਅਸ਼ੀਰਵਾਦ ਵਜੋਂ ਵੀ ਤੇ ਪ੍ਰਣ ਵਜੋਂ ਵੀ ਉਸ ਤੋਂ ਇਹੀ ਵਚਨ ਲਿਆ ਜਾਂਦਾ ਹੈ ਕਿ ਉਹ ਆਪਣੀ ਪਾਲਨ ਪਾਂ ਅੱਛਰੀ ਦੀ ਸਦਾ ਸੇਵਾ ਕਰੇਗਾ। ਤੀਜੀ ਗੱਲ, ਉਸ ਦੀ ਪੜ੍ਹਾਈ ਪੂਰੀ ਹੋਣ ਤੋਂ ਪਹਿਲਾਂ, ਉਸ ਦੀ ਨੌਕਰੀ ਲੱਗ ਜਾਣ ਤੋਂ ਵੀ ਪਹਿਲਾਂ ਉਸ ਨੂੰ ਕਰਜੇ ਦੀ ਅਦਾਇਗੀ ਲਈ ਬੰਨ੍ਹ ਦਿੱਤਾ ਜਾਂਦਾ ਹੈ। ਪਹਿਲਾਂ ਭਣੇਵੀ ਦੇ ਵਿਆਹ ਵੇਲੇ ਦਿੱਤੇ ਗਏ ਨਾਨਕੀ ਛੱਕ ਦਾ ਕਰਜਾ, ਧਨ, ਰੁਪਏ ਉਸ ਦੇ ਪੜ੍ਹਦੇ ਹੀ ਉਸ ਦੇ ਜਿੰਮੇ ਲੱਗ ਜਾਂਦੇ ਹਨ ਕਿ ਜਦੋਂ ਉਹ ਨੌਕਰੀ ਕਰ ਕੇ ਕਮਾਏਗਾ ਤਾਂ ਪਹਿਲਾਂ ਇਹ ਕਰਜ਼ ਲਾਹੇਗਾ ਚੌਥੀ ਗੱਲ, ਉਸ ਦੀ ਪਹਿਲੀ ਨੌਕਰੀ ਦਾ ਫੈਸਲਾ ਵੀ ਕੋਈ ਹੋਰ ਕਰਦਾ ਹੈ। ਭਾਵੇਂ ਬਾਅਦ ਵਿੱਚ ਆਪਣੀ ਨੌਕਰੀ ਤੇ ਪੜ੍ਹਾਈ ਆਦਿ ਦੇ ਫੈਸਲੇ ਪ੍ਰਭਜਿੰਦਰ ਆਪ ਕਰਦਾ ਹੈ। ਪ੍ਰਭਜਿੰਦਰ ਪਿਉ ਦੇ ਹੁੰਦੇ ਹੋਏ ਵੀ ਸਦਾ ਪਿਤਾ ਹੀਣ ਰਹਿੰਦਾ ਹੈ। ਉਹ ਲੋੜ ਪੈਣ ਤੇ ਆਪਣੇ ਪਿਤਾ ਨੂੰ 'ਤਾਇਆ ਜੀ' ਕਹਿ ਕੇ ਸੱਦਦਾ ਹੈ। ਮੁੰਡੇ ਨੂੰ ਮਾਂ ਵਲੋਂ ਪਿਆਰ ਤਾਂ ਬਥੇਰਾ ਮਿਲਦਾ ਹੈ, ਪਰ ਗੱਲ ਗੱਲ ਉਤੇ ਡਾਂਟ ਫਟਕਾਰ ਤੇ ਮਾਰ-ਕੁਟਾਈ ਵੀ ਬਥੇਰੀ ਹੁੰਦੀ ਹੈ। ਉਸ ਦੀ ਕਿਸਮਤ ਦਾ ਫੈਸਲਾ ਦੂਜਿਆਂ ਵਲੋਂ ਬਹੁਤੇ ਹੁੰਦੇ ਹਨ।

ਇਸ ਨਾਵਲ ਦਾ ਮੂਲ ਕੇਂਦਰ ਇਕ ਵਿਧਵਾ ਇਸਤਰੀ ਹੈ। ਸਾਡੇ ਸਮਾਜ ਵਿੱਚ ਕਿਹਾ ਜਾਂਦਾ ਹੈ ਕਿ ਇਸਤਰੀ ਲਈ ਤਿੰਨ ਪੱਖ ਬਹੁਤ ਜ਼ਰੂਰੀ ਹੁੰਦੇ ਹਨ-ਪਿਤਾ, ਪਤੀ ਤੇ ਪੁੱਤਰ। ਕੋਈ ਇਸਤਰੀ ਹੋਵੇ, ਉਸ ਦੀ ਜ਼ਿੰਦਗੀ ਇਨ੍ਹਾਂ ਤਿੰਨਾਂ ਪੱਖਾ ਦੇ ਸਹਾਰੇ ਹੀ ਚਲਦੀ ਹੈ। ਬਚਪਨ ਵਿੱਚ ਪਿਤਾ, ਪਤੀ ਤੇ ਬੁਢਾਪੇ ਵੇਲੇ ਪੁੱਤਰ ਹੀ ਇਸਤਰੀ ਨੂੰ ਸਹਾਰਾ ਦੇਂਦੇ ਹਨ। ਪਰੰਤੂ ਇਸ ਨਾਵਲ ਵਿੱਚ ਅਸੀਂ ਦੇਖਦੇ ਹਾਂ ਕਿ ਪਿਤਾ ਤੇ ਪੁੱਤਰ ਦੇ ਕਾਲ ਵਿਚ ਉਹ ਇਸਤਰੀ ਸੁਖ ਭੋਗਦੀ ਪਰੰਤੂ ਪਤੀ ਦੀ ਮੌਤ ਨਾਲ ਉਸ ਦੇ ਹਿੱਸੇ ਦੇ ਸਾਰੇ ਸੁਖ ਹੀ ਉਸ ਤੋਂ ਰੁਸ ਜਾਂਦੇ ਹਨ। ਪਤੀ ਦੀ ਮੌਤ ਕਾਰਣ ਜੋ ਅਧੂਰਾਪਨ ਉਸ ਦੀ ਜ਼ਿੰਦਗੀ ਵਿੱਚ ਆਉਂਦਾ ਹੈ, ਉਹ ਫਿਰ ਕਦੇ ਭਰਨ ਨਹੀਂ ਹੁੰਦਾ। ਇਸ ਲਈ ਇਸਤਰੀ ਦੀ ਸੰਪੂਰਨਤਾ ਲਈ ਪਿਤਾ ਤੇ ਪੁੱਤਰ ਤੋਂ ਵੀ ਜ਼ਿਆਦਾ ਅਹਿਮੀਅਤ ਉਸਦੇ ਪਤੀ ਦੀ ਹੁੰਦੀ ਹੈ। ਪਤੀ ਦੇ ਨਾਲ ਹੀ ਉਹ ਮਾਂ ਬਣਨ ਦੀ ਸਾਰਥਕਤਾ ਪ੍ਰਾਪਤ ਕਰਦੀ ਹੈ। ਅੱਛਰੀ ਨੂੰ ਜਿਹੜੇ ਸਰੀਰਕ ਕਸ਼ਟ ਤੇ ਮਨ ਦੀ ਸੋਚਾਂ ਪਰੇਸ਼ਾਨ ਕਰਦੀਆਂ ਹਨ। ਉਹ ਪਤੀ ਦੇ ਅਭਾਵ ਕਾਰਣ ਹੁੰਦੀਆਂ ਹਨ। ਬੇਸ਼ਕ ਪਤੀ ਦੇ ਹੁੰਦਿਆਂ ਵੀ ਉਸ ਦੇ ਘਰ ਦੀ ਹਾਲਤ ਐਨੀ ਮਾੜੀ ਹੋ ਸਕਦੀ ਸੀ, ਪਰ ਉਸ ਦੇ ਨਾਲ ਵੀ ਉਸ ਦੇ ਤਨ ਮਨ ਦੀ ਹਾਲਤ ਨਹੀਂ ਵਿਗੜਦੀ ਸੀ, ਕਿਉਂਕਿ ਪਤੀ ਦੇ ਰੂਪ ਵਿੱਚ ਉਸ ਦਾ ਸਾਥੀ, ਉਸ ਦੇ ਬੱਚਿਆਂ ਦਾ ਬਾਪ ਉਸ ਨਾਲ ਹੁੰਦਾ। ਹੁਣ ਉਹ ਸਮਾਜ-ਬਿਰਾਦਰੀ ਤੋਂ ਜਿਵੇਂ ਇਕ ਤਰ੍ਹਾਂ ਨਾਲ ਕੱਟੀ ਰਹੀ, ਉਸ ਦਾ ਵੀ ਕਾਰਣ ਪਤੀ ਦਾ ਨਾ ਹੋਣਾ ਸੀ। ਇਸ ਲਈ ਪਿਤਾ ਤੇ ਪੁੱਤਰ ਇਸਤਰੀ ਨੂੰ ਭੌਤਿਕ ਪਦਾਰਥ ਤੇ ਤਸੱਲੀ ਦੇ ਸਕਦੇ ਹਨ, ਪਰੰਤੂ ਤਨ-ਮਨ ਦੀ ਸਾਂਝ ਉਹ ਸਿਰਫ਼ ਆਪਣੇ ਪਤੀ ਤੋਂ ਹੀ ਹਾਸਿਲ ਕਰ ਸਕਦੀ ਹੈ। ਪਤੀ ਬਗੈਰ ਸਭ ਕੁਝ ਹੁੰਦੇ ਹੋਏ ਵੀ ਉਹ ਆਪਣੇ ਆਪ ਨੂੰ ਅਧੂਰੀ ਸਮਝਦੀ ਹੈ।



ਅੱਛਰੀ ਦਾ ਜੀਵਨ-ਚੱਕਰ ਸਿਰਫ ਜਨਮ ਤੋਂ ਲੈ ਕੇ ਮੌਤ ਤਕ ਦੀ ਯਾਤ੍ਰਾ ਹੀ ਨਹੀਂ ਦਰਸਾਉਂਦਾ, ਬਲਕਿ ਉਸ ਦੇ ਜੀਵਨ ਵਿੱਚ ਆਉਂਦੇ ਉਤਾਰ-ਚੜ੍ਹਾਓ ਦੀ ਯਾਤ੍ਰਾ ਵੀ ਪੂਰੀ ਕਰਦਾ ਹੈ। ਅੱਛਰੀ ਦਾ ਚਰਿਤਰ ਚਿਤਰਣ ਇਸ ਤਰ੍ਹਾਂ ਕੀਤਾ ਗਿਆ ਹੈ ਕਿ ਉਹ ਵਿਕਾਸ ਦੇ ਦੌਰ 'ਚੋਂ ਲੰਘਦਾ ਹੈ। ਜਿਸ ਤਰ੍ਹਾਂ ਦੇ ਜੀਵਨ ਤੋਂ ਉਸ ਦਾ ਸਫ਼ਰ ਅਰੰਭ ਹੁੰਦਾ ਹੈ, ਉਹ ਸਥਿਤੀਆਂ ਇਕੋ ਜਿਹੀਆਂ ਨਹੀਂ ਰਹਿੰਦੀਆਂ ਸਗੋਂ ਬਦਲਦੀਆਂ ਰਹਿੰਦੀਆਂ ਹਨ। ਉਹ ਆਪਣੇ ਜੀਵਨ ਵਿੱਚ ਖੁਸ਼ਹਾਲੀ ਤੋਂ ਮੰਦਹਾਲੀ ਦੀ ਹਾਲਤ ਨੂੰ ਭੋਗਦੀ ਹੈ। ਲਾਡ-ਪਿਆਰ ਵਿੱਚ ਪਲੀ ਅੱਛਰੀ ਨੂੰ ਸਹੁਰੇ-ਘਰ ਕੁਝ ਅਰਸੇ ਲਈ ਚਾਅ-ਮਲਾਰ ਵੀ ਮਿਲਦੇ ਹਨ। ਪਰੰਤੂ ਪਤੀ ਦੀ ਡਿੱਗਦੀ ਸਿਹਤ ਤੇ ਫਿਰ ਮੌਤ ਹੋ ਜਾਣ ਮਗਰੋਂ ਵੀ ਉਹ ਹਿੰਮਤ ਨਹੀਂ ਹਾਰਦੀ। ਸ਼ੌਕਿਆ ਤੌਰ ਤੇ ਸਿੱਖਿਆ ਸਿਉਣ ਦਾ ਕੰਮ ਹੀ ਉਸ ਦੇ ਅਖੀਰ ਤਕ ਡੰਗ ਟਪਾਉਣ ਦਾ ਸਹਾਰਾ ਬਣਦਾ ਹੈ। ਉਹ ਦਿਨ-ਰਾਤ ਘਰ ਦੇ ਕੰਮ ਦੇ ਨਾਲ ਨਾਲ ਸਿਉਣ ਦਾ ਕੰਮ ਕਰ ਘਰ ਦੇ ਗੁਜ਼ਾਰੇ ਜੋਗੇ ਪੈਸੇ ਜਾਂ ਵਸਤਾਂ ਇਕਠੀਆਂ ਕਰਦੀ ਹੈ। ਇਹ ਸੰਭਵ ਸੀ ਕਿ ਐਨੇ ਲਾਡਾਂ ਨਾਲ ਪਲੀ ਜੀਣੀ ਅੱਛਰੀ ਸਖਤ ਮਿਹਨਤ ਕਰਨ ਤੋਂ ਕਤਰਾਉਂਦੀ ਜਾਂ ਘਬਰਾਉਂਦੀ , ਪਰੰਤੂ ਉਹ ਤਾਂ ਅਚਨਚੇਤ ਹੀ ਸਾਰੇ ਘਰ ਦੀ ਜ਼ਿੰਮੇਵਾਰੀ ਆਪਣੇ ਸਿਰ ਉਤੇ ਲੈ ਲੈਂਦੀ ਹੈ ਤੇ ਅਖੀਰ ਤਕ ਇਸ ਜ਼ਿੰਮੇਵਾਰੀ ਨੂੰ ਨਿਭਾਉਂਦੀ ਹੈ। ਅਤਿਅੰਤ ਮਾੜੀ ਹਾਲਤ ਵਿੱਚ ਵੀ ਕਦੇ ਉਸ ਨੂੰ ਕਿਸੇ ਅੱਗੇ ਹੱਥ ਅੱਡਦੇ ਅਸੀਂ ਨਹੀਂ ਦੇਖਦੇ।

ਦੂਜੇ ਪਾਸੇ ਉਸ ਦੇ ਮਿੱਠੇ ਸੁਭਾਅ ਵਿੱਚ ਬਦਲਾਓ ਆਉਂਦਾ ਜਾਂਦਾ ਹੈ। ਸਮਾਂ ਬੀਤਣ ਦੇ ਨਾਲ ਪਰਿਸਥਿਤੀਆਂ ਨੂੰ ਹੱਕ ਵਿੱਚ ਨਾ ਆਉਂਦੇ ਦੇਖ, ਉਸ ਦੀ ਮਿੱਠੀ ਬੋਲੀ ਕੁਰੱਖ਼ਤ ਹੋਣ ਲੱਗਦੀ ਹੈ। ਆਪਣੇ ਇਸ ਕੁਰੱਖਤ ਸੁਭਾਅ ਵਿੱਚ ਉਹ ਨਾ ਆਪਣੇ ਸਹੁਰੇ ਨੂੰ ਬਖਸ਼ਦੀ ਹੈ ਤੇ ਨਾ ਹੀ ਪੁੱਤਰ ਨੂੰ। ਸੰਤ ਸਿੰਘ ਨੂੰ ਤਾਂ ਸਾਰੀ ਜ਼ਿੰਦਗੀ ਹੀ ਮਾਫ ਨਹੀਂ ਕਰਦੀ। ਉਸ ਦੇ ਦਿੱਤੇ ਪੁੱਤਰ ਦੇ ਵਿਆਹ ਉਤੇ ਵੀ ਅੱਛਰੀ ਉਸ ਨੂੰ ਨਹੀਂ ਬੁਲਾਉਂਦੀ, ਸਗੋਂ ਕਹਿੰਦੀ ਹੈ ਕਿ ਉਸ ਦੇ ਲਾਹਕੇ ਉਸਨੂੰ ਮਾਰੀਏ ਭਾਵ ਸੰਤ ਸਿੰਘ ਦੀ ਬੇਵਫਾਈ ਦਾ ਬਦਲਾ ਲਿਆ ਹੈ।

ਉਸ ਦੇ ਬਦਲਦੇ ਸੁਭਾਅ ਦਾ ਇਕ ਪਹਿਲੂ ਹੋਰ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਭਰੀ ਜਵਾਨੀ ਦੀ ਉਮਰ ਵਿੱਚ ਉਹ ਸੱਸ-ਸਹੁਰੇ ਅੱਗੇ ਕਿਸੇ ਹੋਰ ਨਾਲ ਵਿਆਹ ਕਰਵਾਉਣ ਲਈ ਇਨਕਾਰ ਕਰ ਦੇਂਦੀ ਹੈ (ਸੰਤ ਸਿੰਘ ਦੇ ਮੁਕਰ ਜਾਣ ਬਾਅਦ) ਪਰ ਉਮਰ ਬੀਤਣ ਦੇ ਨਾਲ ਨਾਲ ਉਸ ਦੇ ਮਨ ਵਿੱਚ ਸਰੀਰਕ ਇੱਛਾਵਾਂ ਜਾਗ੍ਰਤ ਹੋਣ ਲੱਗਦੀਆਂ ਹਨ। ਇਕ ਦੋ ਵਾਰ ਕਿਸੇ ਚੀਜ਼ ਦੀ ਤੰਗੀ ਕਾਰਨ ਮੁੰਡੇ ਦੇ ਕਾਪੀ ਜਾਂ ਕੁਝ ਹੋਰ ਮੰਗਣ ਤੇ ਉਹ ਕਹਿੰਦੀ ਹੈ, " ਹੁਣ ਤੇਰੀ ਕਾਪੀ ਲਈ ਖਸਮ ਕਰਾਂ।' ਇਨ੍ਹਾਂ ਇਕ ਦੋ ਉਦਾਹਰਣਾਂ ਤੋਂ ਅਸੀਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਸ ਦੇ ਇਹੋ ਜਿਹੇ ਜਵਾਬਾਂ ਵਿੱਚ ਕਿੰਨੀ ਖਿੱਝ, ਕਿੰਨੀ ਤੜਪ ਸ਼ਾਮਿਲ ਹੈ। ਖਸਮ ਦੇ ਨਾਲ ਹੋਣ ਤੇ ਕਿਸੇ ਕਮੀ ਦਾ ਅਹਿਸਾਸ ਨਾ ਹੁੰਦਾ ਜਾਂ ਖਸਮ ਨਾਲ ਹੋਣ 'ਤੇ ਕਮੀ ਕਮੀ ਰਹਿੰਦੀ ਹੀ ਨਾ ਤੇ ਜੇ ਕਮੀ ਹੁੰਦੀ ਤਾਂ ਉਸ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਫਿਰ ਪਤੀ ਦੀ ਹੁੰਦੀ। ਇਸ ਦਾ ਕਾਰਣ ਇਹ ਹੈ ਕਿ ਜਿਉਂ ਜਿਉਂ ਉਸ ਦਾ ਇਕੱਲਾਪਨ ਵੱਧਦਾ ਜਾਂਦਾ ਹੈ, ਕਿਸੇ ਹਾਣੀ ਦੇ ਸਾਥ ਦੀ ਤੀਬਰਤਾ ਉਸ ਅੰਦਰ ਵਧਦੀ ਜਾਂਦੀ ਹੈ। ਇਸ ਲਈ ਉਹ ਆਪਣੇ ਨਨਾਣਵੀਏ ਸੁੰਦਰ ਸਿੰਘ ਉਤੇ ਹੌਲੀ-ਹੌਲੀ ਭਰੋਸਾ ਕਰਨ ਲੱਗਦੀ ਹੈ। ਭਰੋਸੇ ਦੇ ਨਾਲ ਉਸ ਦਾ ਸਾਥ ਵੀ ਅੱਛਰੀ ਨੂੰ ਚੰਗਾ ਲੱਗਣ ਲੱਗਦਾ ਹੈ। ਉਸ ਦੀਆਂ ਮਸ਼ਕਰੀਆਂ ਤੋਂ ਕਦੇ ਚਿੜ੍ਹਦੀ ਕਦੇ ਖੁਸ਼ ਹੁੰਦੀ, ਉਸ ਨੂੰ ਡਾਕਟਰ ਜਾਣ ਆਪਣੇ ਜਿਸਮ ਨੂੰ ਡਾਕਟਰੀ ਪਖੋਂ ਟੋਹਣ ਤੇ ਦਬਾਉਣ ਦੇਂਦੀ ਹੈ। ਇਕ ਵਾਰ ਚੱਕਰ ਖਾ ਕੇ ਡਿੱਗ ਪੈਣ 'ਤੇ ਜਦੋਂ ਸੁੰਦਰ ਸਿੰਘ ਉਸ ਨੂੰ ਪਲੰਘ ਉਤੇ ਲਿਟਾ ਕੇ ਦਬਾਉਂਦਾ-ਘੁੱਟਦਾ ਹੈ ਤਾਂ ਉਹ ਮਰਦ ਦੀ ਛੋਹ ਨਾਲ ਅਣਚੇਤਨ ਮਨ ਵਿੱਚ ਸ਼ਿਵ ਤੇ ਸ਼ਕਤੀ ਦੇ ਮਿਲਨ ਨੂੰ ਸਾਕਾਰ ਰੂਪ ਵਿੱਚ ਵੇਖਣ ਤੇ ਮਹਿਸੂਸ ਕਰਨ ਲੱਗਦੀ ਹੈ। ਇੰਜ ਉਸ ਦੇ ਮੂੰਹੋਂ ਆਪ ਮੁਹਾਰੇ ਨਿਕਲਣਾ ਹੁਣ ਖਸਮ ਕਰਾਂ ਜਾਂ ਇਸ ਤਰੀ ਮਰਦ ਦੇ ਆਪਸੀ ਸੰਬੰਧ ਨੂੰ ਇਸ ਸੰਸਾਰ ਦੀ ਉਤਪੱਤੀ ਵਜੋਂ ਤੇ ਸਾਰਥਕ ਰੂਪ ਵਿੱਚ ਦੇਖਣ ਇਹ ਦਰਸਾਉਂਦਾ ਹੈ ਕਿ ਇਕ ਜਵਾਨ ਵਿਧਵਾ ਆਪਣੇ ਤਨ ਨੂੰ ਹਰ ਵੇਲੇ ਕੰਮਾਂ ਵਿੱਚ ਡੁੱਬਾ ਕੇ ਆਪਣੇ ਵਲੋਂ ਅਵੇਸਲੇ ਹੋਣ ਦਾ ਭਰਮ ਤਾਂ ਪਾਲ ਸਕਦੀ ਹੈ ਪਰ ਮਨ ਨੂੰ ਬੇਕਾਬੂ ਹੋਣ ਤੋਂ ਨਹੀਂ ਰੋਕ ਸਕਦੀ। ਹਰ ਵੇਲੇ ਆਪਣੇ ਸੁਹਣੇ ਸਰੀਰ ਦੀ ਸੁੰਦਰਤਾ ਦੀ ਗੱਲ ਸੁਣ ਕੇ ਵੀ ਉਹ ਸੋਚਦੀ ਹੈ, ਕੀ ਕਰਾਂ ਇਸ ਸੁਹਣੇ ਸਰੀਰ ਦਾ ਜਿਸ ਬਲੰਗੂੜੇ ਜਿਹੇ

ਬੱਚੇ ਜੰਮੇ ਤੇ ਇਸ ਸੀਨੇ ਤੋਂ ਉਹ ਕਿਸੇ ਬੱਚੇ ਨੂੰ ਦੁੱਧ ਵੀ ਨਹੀਂ ਪਿਲਾ ਸਕੀ। ਸੰਸਕਾਰਾਂ ਵਿੱਚ ਬੱਝੇ ਹੋਣ ਕਾਰਣ ਉਹ ਇਸ ਕੁਦਰਤੀ ਵੇਗ ਵਿੱਚ ਵਹਿਣ ਤੋਂ ਡਰਦੀ ਰਹਿੰਦੀ ਹੈ।

ਪੁੱਤਰ ਦੇ ਨੌਕਰੀ ਲੱਗ ਜਾਣ ਤੇ ਹੱਥ ਸੁਖਾਲਾ ਹੋ ਜਾਣ ਤੇ ਉਸ ਦਾ ਤੌਰ ਤਰੀਕਾ ਬਦਲ ਜਾਂਦਾ ਹੈ ਤੇ ਉਹ ਕਿਧਰੇ ਵੀ ਜਾਣ ਲਈ ਟੈਕਸੀ ਦੀ ਮੰਗ ਕਰਨ ਲੱਗਦੀ ਹੈ ਤੇ ਰਿਸ਼ਤੇਦਾਰਾਂ ਵਿੱਚ ਵੀ ਚੰਗਾ ਵਰਤਣ ਵਰਤਾਉਣ ਲੱਗਦੀ ਹੈ। ਇਹ ਵੀ ਕਹਿ ਸਕਦੇ ਹਾਂ ਕਿ ਉਸ ਦੀ ਜੀਵਨ ਯਾਤ੍ਰਾਂ ਇਕ ਚੱਕਰ ਪੂਰੀ ਕਰਦੀ ਹੈ। ਖੁਸ਼ਹਾਲੀ ਤੋਂ ਅਰੰਭ ਤੋਂ ਹੋਇਆ ਜੀਵ ਨੇ ਅੰਤ ਵੇਲੇ ਵੀ ਖੁਸ਼ਹਾਲੀ ਮਾਣਦਾ ਹੈ। ਪਿਤਾ ਤੇ ਪੁੱਤਰ ਉਸ ਨੂੰ ਰਾਜ ਕਰਵਾਉਂਦੇ ਹਨ ਪਰ ਪਤੀ ਦੀ ਹੋਂਦ ਤੇ ਅਣਹੋਂਦ ਉਸ ਨੂੰ ਕੋਈ ਸੁੱਖ ਨਹੀਂ ਦੇ ਪਾਉਂਦੀ ਇਸ ਦੇ ਨਾਲ ਹੀ ਅਸੀਂ ਇਹ ਵੀ ਦੇਖਦੇ ਹਾਂ ਕਿ ਅੱਛਰੀ ਅਨਪੜ੍ਹ ਹੋਣ 'ਤੇ ਵੀ ਹਰ ਗੱਲ ਨੂੰ ਸੁਚੱਜੇ ਢੰਗ ਨਾਲ ਸਮਝ ਤੇ ਸਮਝਾ ਲੈਂਦੀ ਹੈ, ਭਾਵੇਂ ਉਹ ਘਰ ਦਾ ਕੰਮ, ਘਰੇਲੂ ਨੁਸਖੇ, ਔਰਤ ਮਰਦ ਦੇ ਆਪਸੀ ਸੰਬੰਧਾਂ ਬਾਬਤ ਜਾਂ ਫਿਰ ਆਪਣੇ ਦੁਖ ਤੇ ਬਿਰਹਾ ਨੂੰ ਆਪਣੇ ਹੀ ਗੀਤਾਂ ਵਿਚ ਢਾਲ ਕੇ ਗੁਣਗੁਣਾਉਣ ਆਦਿ ਉਸਦੇ ਚਰਿਤਰ ਵਿਕਾਸ ਨੂੰ ਪ੍ਰਗਟਾਉਂਦੇ ਹਨ।

ਨਾਵਲ ਮਾਂ-ਪੁੱਤ ਦੇ ਰਿਸ਼ਤੇ ਦੀ ਗੰਢ ਨੂੰ ਹੋਰ ਵੀ ਪੱਕਿਆ ਕਰਕੇ ਪੇਸ਼ ਕਰਦਾ ਹੈ। ਪੁੱਤਰ ਨਾਲ ਮਾਂ ਦਾ ਪਿਆਰ ਹੋਣਾ ਅਤਿ ਸੁਭਾਵਿਕ ਹੈ, ਪਰ ਇਸ ਪੁੱਤਰ ਪ੍ਰਤੀ ਮੋਹ ਦੇ ਕਈ ਹੋਰ ਕਾਰਣ ਵੀ ਸ਼ਾਮਿਲ ਹਨ-ਇਕ, ਇਹ ਉਸ ਦੀ ਨਿਰਾਸ, ਇਕਾਂਤ ਜਿੰਦਗੀ ਦਾ ਸਹਾਰਾ ਬਣਦਾ ਹੈ ਤੇ ਉਸ ਨਿਰਆਸਰੀ ਨੂੰ ਜੀਉਣ ਦਾ ਮਕਸਦ ਦੇਂਦਾ ਹੈ। ਦੂਸਰਾ, ਇਹ ਉਸ ਵਿਅਕਤੀ ਦੀ ਸੰਤਾਨ ਹੈ ਜਿਸ ਨੇ ਬੇਸ਼ੱਕ ਵਾਇਦਾ-ਖਿਲਾਫੀ ਕੀਤੀ ਮਗਰ ਉਸ ਨੂੰ ਇਕ ਵਾਰ ਕਲਾਵੇ ਦਾ ਨਿੱਘ ਦੇ ਕੇ ਆਪਣੇ ਹੋਏ ਤੇ ਭਰੋਸੇ ਦਾ ਯਕੀਨ ਦਿਵਾਇਆ ਸੀ। ਤੀਸਰਾ ਪਤੀ ਦੀ ਅਣਹੋਂਦ ਕਾਰਣ ਮਾਂ-ਪੁੱਤ ਦਾ ਇਕੱਠੇ ਲਿਪਟ ਕੇ ਸੌਣਾਂ ਇਕੱਠੇ ਨਹਾਉਣਾ ਤੇ ਕਿਤੇ ਵੀ ਗੱਲ ਵਿੱਚ ਕੋਈ ਓਹਲਾ ਜਾਂ ਲੁਕਾਓ ਨਾ ਰਖਣਾ ਇਸ ਗੱਲ ਦਾ ਪ੍ਰਤੀਕ ਹੈ ਕਿ ਉਸ ਪੁੱਤਰ ਵਿਚੋਂ ਅਚੇਤ ਤੌਰ ਤੇ ਉਹ ਮਰਦ ਦੀ ਹਿਰਸ ਨੂੰ ਪੂਰਿਆ ਹੁੰਦਿਆਂ ਦੇਖਦੀ ਹੈ। ਇਸੇ ਤਰ੍ਹਾਂ ਪੁੱਤਰ ਨੂੰ ਮਾਂ ਦੀ ਪ੍ਰਾਹੋਣੇ ਨਾਲ ਦੀ ਨੇੜਤਾ ਪਸੰਦ ਨਹੀਂ ਆਉਂਦੀ। ਇਕ ਵਾਰ ਕਮਰੇ ਵਿੱਚੋਂ ਬਾਹਰ ਭੇਜ ਦੇਣ ਤੇ ਉਹ ਮਾਂ ਨਾਲ ਬੇਹੱਦ ਨਾਰਾਜ਼ ਹੋ ਜਾਂਦਾ ਹੈ ਤੇ ਫਿਰ ਮਾਂ ਦੇ ਜਿਸਮ ਨੂੰ ਆਪ ਹੀ ਉਸ ਦੇ ਦੱਸੇ ਢੰਗ ਨਾਲ ਦੱਬਦਾ ਘੁੱਟਦਾ ਹੈ ਤਾਂ ਕਿ ਉਸਦੀ ਮਾਂ ਨੂੰ ਇੰਝ ਹੋਰ ਛੋਹ ਕੇ ਉਸ ਨੂੰ ਆਰਾਮ ਦਿਵਾਏ। ਚੜ੍ਹਦੀ ਜਵਾਨੀ ਦੀ ਉਮਰ ਵਿੱਚ ਉਹ ਹਰ ਕੁੜੀ ਤੇ ਔਰਤ ਵਿੱਚੋਂ ਮਾਂ ਨੂੰ ਹੀ ਵੇਖਣ ਦੀ ਕੋਸ਼ਿਸ਼ ਕਰਦਾ ਹੈ ਤੇ ਵਿਆਹ ਵੇਲੇ ਵੀ ਚਾਹੁੰਦਾ ਹੈ ਕਿ ਪਤਨੀ ਮਾਂ ਵਰਗੀ ਹੀ ਗੁਦਗੁਦੇ ਜਿਸਮ ਵਾਲੀ ਮਿਲੇ। ਮਾਂ-ਪੁੱਤਰ ਦਾ ਰਿਸ਼ਤਾ ਬੇਸ਼ੱਕ ਅਟੁੱਟ ਹੁੰਦਾ ਹੈ, ਪਰ ਉਮਰ ਤੇ ਰਿਸ਼ਤੇ ਦੀ ਗਰਿਮਾ ਦੇ ਨਾਲ-ਨਾਲ ਕੁਦਰਤੀ ਤੌਰ ਤੇ ਇਸਤਰੀ ਤੇ ਮਰਦ ਹੋਣ ਕਾਰਣ ਆਪਸੀ ਖਿਚ ਵੀ ਰਖਦੇ ਹਨ। ਇਹ ਖਿੱਚ ਪਿਆਰ ਤੇ ਮੋਹ ਦੀਆਂ ਤੰਦਾਂ ਵੀ ਹੋ ਸਕਦੀਆਂ ਹਨ। ਇਕ ਰਾਤ ਸੁੱਤੀ ਪਈ ਮਾਂ ਦੇ ਅੱਧ ਨੰਗੇ ਸਰੀਰ ਤੋਂ ਪੁੱਤਰ ਨੂੰ ਧਰਤੀ ਮਾਤਾ ਦੇ ਅਦਭੁੱਤ ਦਰਸ਼ਨ ਵੀ ਹੁੰਦੇ ਹਨ। ਜਿਵੇਂ ਈਡੀਪਸ ਗ੍ਰੰਥੀ ਵਾਂਗ ਇਹ ਮੰਨਿਆ ਜਾਂਦਾ ਹੈ ਕਿ ਧੀ ਦਾ ਪਿਉ ਨਾਲ ਤੇ ਪੁੱਤਰ ਦਾ ਮਾਂ ਨਾਲ ਰਿਸ਼ਤਾ ਵਧੇਰੇ ਗੂੜ੍ਹਾ ਹੁੰਦਾ ਹੈ।

ਸਾਰਾ ਨਾਵਲ ਜੀਵਨ-ਪ੍ਰਵਾਹ ਵਾਂਗ ਚਲਦਾ ਜਾਂਦਾ ਹੈ। ਇਹ ਸਰਲ, ਸਾਧਾਰਣ ਤੇ ਸਾਦਗੀ ਭਰੀ ਬਿਰਤਾਂਤਕ ਰਚਨਾ ਹੈ। ਨਾਵਲਕਾਰ ਹਰ ਪਾਤਰ ਨਾਲ ਇਨਸਾਫ਼ ਕਰਦਾ ਹੈ ਉਸ ਨੇ ਆਦਰਸ਼ਕ ਪਾਤਰ ਘੜਨ ਦੀ ਬਜਾਏ ਪਾਤਰਾਂ ਨੂੰ ਉਨ੍ਹਾਂ ਦੀ ਸਾਧਾਰਣਤਾ ਵਿੱਚ ਹੀ ਜਿਉਂਦੇ ਵਿਖਾਇਆ ਹੈ। ਇਸ ਸਾਧਾਰਣਤਾ ਵਿਚੋਂ ਹੀ ਅਕਸਰ ਅਸਾਧਾਰਣਤਾ ਵੇਖਣ ਨੂੰ ਮਿਲਦੀ ਹੈ ਜਿਵੇਂ ਇਸ ਨਾਵਲ ਵਿੱਚ ਵੀ ਅਸੀਂ ਦੇਖਦੇ ਹਾਂ। ਨਾਵਲ ਕਥਾ-ਰਸ ਨਾਲ ਭਰਪੂਰ ਹੈ, ਕਿਸੇ ਵੀ ਉਚੇਚ ਨੂੰ ਅਪਨਾਉਂਦਾ ਪ੍ਰਤੀਤ ਨਹੀਂ ਹੁੰਦਾ। ਅੱਛਰੀ ਭਾਰਤੀ ਸਮਾਜ ਤੇ ਪੰਜਾਬੀ ਸਭਿਆਚਾਰ ਦੀ ਪ੍ਰਤਿਨਿਧਤਾ ਕਰਦੀ ਹੈ। ਸਾਡਾ ਸਮਾਜ ਸਭਿਆਚਾਰਕ ਪਰਿਵੇਸ਼ ਅਜਿਹੀਆਂ ਇਸਤਰੀਆਂ ਨੂੰ ਪੂਰਾ ਮਾਣ-ਸਨਮਾਣ ਦੇਂਦਾ ਹੈ। ਜੇ ਕਦੇ ਇਕ ਵਾਰ ਵੀ ਅੱਛਰੀ ਆਪਣੇ ਜਤ ਸਤਿ ਤੋਂ ਡੋਲ ਜਾਂਦੀ ਤਾਂ ਸਮਾਜ-ਬਿਰਾਦਰੀ ਉਸ ਨੂੰ ਕਦੇ ਮਾਫ ਨਾ ਕਰਦੀ, ਪਰ ਸਾਹਿਤ ਉਸ ਦੇ ਡੋਲੇ ਜਾਣ ਨੂੰ ਵੀ ਕੁਦਰਤੀ ਵਰਤਾਰਾ ਸਮਝ ਉਸ ਨਾਲ ਇਨਸਾਫ ਕਰਦਾ। ਕਿਉਂਕਿ ਇਹ ਮਨੁੱਖ ਦੀ ਸਾਧਾਰਣਤਾ ਤੇ ਹੋਂਦ ਵਿੱਚ ਯਕੀਨ ਰਖਦਾ ਹੈ।



## ਖੁੱਲ੍ਹ ਜਾ ਸਿੰਮ-ਸਿੰਮ (ਸੁਰਿੰਦਰ ਨੀਰ)-ਡਾ. ਜਸਵਿੰਦਰ ਕੌਰ ਬਿੰਦਰਾ




ਇਕ ਲੰਮੇ ਅਰਸੇ ਮਗਰੋਂ ਸੁਰਿੰਦਰ ਨੀਰ ਦਾ ਨਵਾਂ ਕਹਾਣੀ ਸੰਗ੍ਰਹਿ 'ਖੁੱਲ੍ਹ ਜਾ ਸਿੰਮ ਸਿੰਮ' (ਚੇਤਨਾ ਪ੍ਰਕਾਸ਼ਨ, ਲੁਧਿਆਣਾ, ਮੁੱਲ 200 ਰੁਪਏ, ਪੰਨੇ-200) ਪਾਠਕਾਂ ਸਾਹਵੇਂ ਆਇਆ ਪੰਜਾਬੀ ਸਾਹਿਤ ਵਿੱਚ ਕਹਾਣੀਕਾਰਾਂ ਦੀ ਗਿਣਤੀ ਕਾਫੀ ਹੈ ਤੇ ਅੱਜ ਕੱਲ੍ਹ ਇਨ੍ਹਾਂ ਦੇ ਬਲਬੂਤੇ 'ਤੇ ਹੀ ਕਹਾਣੀ ਦੀ ਵਿਧਾ ਕਾਫੀ ਅੱਗੇ ਵੱਧਦੀ ਹੋਈ ਨਵੀਆਂ ਲੀਹਾਂ ਵਾਹ ਕੇ ਤੁਰਦੀ ਜਾਂਦੀ ਹੈ। ਪਰ ਇਸ ਦੇ ਨਾਲ ਹੀ ਇਸਤਰੀ ਕਹਾਣੀਕਾਰਾਂ ਦੀ ਗਿਣਤੀ ਕਾਫੀ ਘੱਟ ਹੈ। ਜੇ ਕਿਹਾ ਜਾਏ ਕਿ ਇਹ ਗਿਣਤੀ ਗਿਣਨਯੋਗ ਤਕ ਹੀ ਸੀਮਤ ਹੈ ਤਾਂ ਗਲਤ ਨਹੀਂ ਹੋਏਗਾ। ਇਸਤਰੀ ਦੀ ਕਵਿਤਾ ਨੂੰ ਜੇ ਉਨ੍ਹਾਂ ਦਾ 'ਰੁਦਨ' ਕਿਹਾ ਗਿਆ ਤਾਂ ਉਨ੍ਹਾਂ ਦੀ ਕਹਾਣੀ ਮਰਦ ਦੀ ਖਿਲਾਫਤ' ਕਰਨ ਵਾਲਾ ਗਰਦਾਨਿਆ ਗਿਆ, ਹਾਲਾਂਕਿ ਇਨ੍ਹਾਂ ਵਿਚੋਂ ਕੁਝ ਨਾਂ ਅਜਿਹੇ ਵੀ ਹਨ, ਜਿਨ੍ਹਾਂ ਨੂੰ ਬੇਹੱਦ ਸਤਿਕਾਰਿਆ ਵੀ ਗਿਆ ਤੇ ਸਲਾਹਿਆ ਵੀ ਗਿਆ। ਫਿਰ ਵੀ ਸਮੇਂ ਸਮੇਂ ਸਿਰ ਇਸਤਰੀ ਕਥਾਕਾਰਾਂ ਨੇ ਪੰਜਾਬੀ ਕਹਾਣੀ ਵਿੱਚ ਆਪਣੀ ਹਾਜ਼ਿਰੀ ਲਵਾਈ ਤੇ ਆਪਣੀਆਂ ਰਚਨਾਵਾਂ ਕਾਰਣ ਚਰਚਾ ਵੀ ਕਰਵਾਈ।

ਪਿਛਲੇ ਕੁਝ ਅਰਸੇ ਵਿਚ ਸੁਰਿੰਦਰ ਨੀਰ ਦੀਆਂ ਕਹਾਣੀਆਂ ਅਨੇਕ ਪੰਜਾਬੀ ਪੱਤਰ-ਪਤ੍ਰਿਕਾਵਾਂ ਵਿਚ ਪ੍ਰਕਾਸ਼ਿਤ ਹੋ, ਪਾਠਕਾਂ ਦਾ ਧਿਆਨ ਖਿੱਚਦੀਆਂ ਰਹੀਆਂ ਹਨ। ਉਸਦੀ ਕਹਾਣੀ 'ਸੂਬੇਦਾਰਨੀ' ਨੇ ਸਾਲਾਨਾ ਕਹਾਣੀ ਸਰਵੇਖਣਾਂ ਵਿੱਚ ਆਪਣੀ ਥਾਂ ਵੀ ਬਣਾਈ। ਕਹਾਣੀ ਵਿੱਚ ਅਜਿਹਾ ਬਹੁਤ ਕੁਝ ਸ਼ਾਮਿਲ ਹੈ, ਜਿਸ ਕਾਰਣ ਉਹ ਆਪਣਾ ਸਥਾਨ ਰਾਖਵਾਂ ਕਰ ਸਕੀ। ਇਕ ਇਸਤਰੀ ਦੀ ਸੰਘਰਸ਼ ਕਥਾ ਜੋ ਪਰਿਵਾਰ ਵਿੱਚ ਸ਼ੁਰੂ ਹੋ ਕੇ ਪਰਿਵਾਰ ਵਿਚ ਹੀ ਮੁੱਕ ਗਈ, ਪਰ ਉਸ ਦੇ ਨਾਲ ਉਹ ਇਸ ਗੱਲ ਦਾ ਅਹਿਸਾਸ ਕਰਵਾ ਗਈ ਕਿ ਇਸਤਰੀ ਨੂੰ 'ਅਬਲਾ' ਐਵੇਂ ਹੀ ਕਹਿ-ਕਹਿ ਕੇ ਪ੍ਰਚਾਰਿਤ ਕੀਤਾ ਜਾਂਦਾ ਰਿਹਾ ਹੈ, ਅਸਲ ਵਿਚ ਉਸ ਦੇ ਇਰਾਦੇ ਬੜੇ ਹੀ ਮਜ਼ਬੂਤ ਹੁੰਦੇ ਹਨ। ਕਹਾਣੀ ਵਿਚਲੀ ਪਾਤਰ ਆਪਣੇ ਦੇਵਰ ਦੀ ਮਾੜੀ ਨੀਯਤ ਨੂੰ ਭਾਂਪਦੇ ਹੋਏ ਕਦੇ ਵੀ ਆਪਣੀ ਨੇੜੇ ਨਹੀਂ ਲੱਗਣ ਦੇਂਦੀ। ਜਵਾਨੀ ਵਿੱਚ ਹੀ ਪਤੀ ਦੀ ਮੌਤ ਮਗਰੋਂ ਤੇ ਇਕੋ-ਇਕ ਪੁੱਤਰ ਦੇ 'ਸਿੱਧੜ ਨਿਕਲਣ ਵਜੋਂ ਉਹ ਸ਼ਰੀਕਾਂ ਤੇ ਦੇਵਰ ਦੀ ਬਦਨੀਅਤੀ ਨਾਲ ਲੋਹਾ ਲੈਂਦੀ ਤੇ ਆਪਣੇ ਪੁੱਤਰ ਦੀ ਪਾਲਣਾ ਕਰਦੀ ਹੀ ਜ਼ਿੰਦਗੀ ਗੁਜ਼ਾਰ ਦੇਂਦੀ ਹੈ। ਕਹਾਣੀ ਵਿਚ ਇਕ ਹੋਰ ਪੱਖ ਮਾਂ-ਪੁੱਤਰ ਦੇ ਰਿਸ਼ਤੇ ਦਾ ਹੈ, ਜਿਸ ਵਿੱਚ ਮਾਂ ਆਪਣੇ ਜਵਾਨ ਪੁੱਤਰ ਨੂੰ ਨੁਹਾਉਂਦੀ-ਖੁਵਾਂਦੀ, ਉਸ ਨਾਲ ਸੌਂਦੀ, ਉਠਦੀ ਬੈਠਦੀ ਹੈ। ਕਹਾਣੀ ਵਿਚ ਇਕ ਦੋ ਥਾਂ ਤੇ ਅਜਿਹੇ ਦ੍ਰਿਸ਼ ਚਿਤ੍ਰਣ ਕੀਤਾ ਗਿਆ ਹੈ ਕਿ ਮਾਂ ਬੇਹੱਦ ਦੁੱਖੀ ਹੋ ਕੇ ਆਪਣੇ ਪੁੱਤਰ ਨੂੰ ਉਸ ਦੇ ਸਿੱਧੇਪਨ ਲਈ ਬੜਾ ਕੁੱਟਦੀ ਹੈ ਤੇ ਜ਼ਾਰ-ਜ਼ਾਰ ਰੋਂਦੀ ਹੈ। ਇਹ ਰੋਣਾ ਉਸ ਦੀ ਕਿਸਮਤ ਲਈ ਹੈ, ਪੁੱਤਰ ਦੇ ਸਿਧੜਪਨ ਲਈ ਹੈ, ਸ਼ਰੀਕਾਂ ਲਈ ਹੈ। ਆਪਣੇ ਪੁੱਤਰ ਦੇ ਪਰਿਵਾਰ ਦੀ ਵੇਲ ਵਧਾਉਣ ਲਈ ਉਹ ਉਸ ਦਾ ਵਿਆਹ ਕਰ, ਜਦੋਂ ਆਪਣੇ ਪੋਤਰੇ ਨੂੰ ਗੋਦੀ ਵਿੱਚ ਚੁੱਕਦੀ ਹੈ ਤੇ ਇਕੋ ਹੀ ਵੇਲੇ ਉਹ ਬਹੁਤ ਖੁਸ਼ ਵੀ ਹੁੰਦੀ ਹੈ ਤੇ ਬੇਹੱਦ ਡਰੀ ਹੋਈ ਵੀ ਲੱਗਦੀ ਹੈ ਕਿ ਕਿੱਧਰੇ ਸ਼ਰੀਕ ਉਸ ਤੋਂ ਉਸ ਦੀ ਇਹ ਖੁਸ਼ੀ ਖੋਹ ਨਾ ਲੈਣ।

ਕਹਾਣੀ 'ਡਿਪਰੈਸ਼ਨ' ਵੀ ਭਾਵਨਾਵਾਂ ਨੂੰ ਉਦੇਲਿਤ ਕਰਨ ਵਾਲੀ ਹੈ। ਕਿਥੇ ਇਕ ਔਰਤ ਦੂਸਰੀ ਔਰਤ ਨੂੰ ਆਪਣੀ ਵੱਡੀ ਭੈਣ ਮੰਨਦੀ ਹੋਈ, ਉਸ ਲਈ ਇਸ ਲਈ ਤੜਫਦੀ ਹੈ ਕਿ ਉਸ ਦਾ ਪਤੀ ਅਯਾਸ਼ ਹੈ ਤੇ ਆਪਣੀ ਪਤਨੀ ਦੀ ਕਦਰ ਨਹੀਂ ਪਾਉਂਦੀ, ਸਗੋਂ ਪਤਨੀ ਦੀ ਹਾਜ਼ਰੀ ਜਾਂ ਗੈਰ-ਹਾਜ਼ਰੀ ਵਿੱਚ ਵੀ ਦੂਸਰੀਆਂ ਔਰਤਾਂ ਨੂੰ ਘਰ ਲਿਆ ਰੰਗਰਲੀਆਂ ਮਨਾਉਂਦਾ ਹੈ ਤੇ ਦੂਜੇ ਪਾਸੇ ਕੁਝ ਅਰਸੇ ਬਾਅਦ ਉਹੀ ਵੱਡੀ ਭੈਣ ਜਿਹੀ ਔਰਤ ਆਪਣਾ ਡਿਪਰੈਸ਼ਨ ਦੂਰ ਕਰਨ ਲਈ ਉਸ ਦੇ ਪਤੀ ਨਾਲ ਹੀ ਸੰਬੰਧ ਕਾਇਮ ਕਰ ਲੈਂਦੀ ਹੈ। ਭਾਵੇਂ ਇਸ ਵਿਚ ਕਾਫੀ ਵੱਡੀ ਭੂਮਿਕਾ ਉਸ ਦਾ ਆਪਣਾ ਪਤੀ ਹੀ

ਨਿਭਾਉਂਦਾ ਹੈ। ਹੁਣ ਜਿਹੜਾ ਡਿਪਰੈਸ਼ਨ ਦੂਜੀ ਇਸਤਰੀ ਨੂੰ ਸੀ, ਉਸ ਦਾ ਕੁਝ ਹਿੱਸਾ ਪਹਿਲੀ ਇਸਤਰੀ ਨੂੰ ਵੀ ਆ ਘੇਰਦਾ ਹੈ। ਤੇ ਉਹ ਆਪਣੀ ਛੋਟੀ ਬੱਚੀ ਨੂੰ ਨਾਲ ਲੈ ਕੇ ਘਰ ਛੱਡ ਪੇਕੇ ਚਲੀ ਜਾਂਦੀ ਹੈ।

ਲੇਖਿਕਾ ਜੰਮੂ-ਸ੍ਰੀਨਗਰ ਦੀ ਰਹਿਣ ਵਾਲੀ ਹੈ, ਇਸੇ ਲਈ ਉਸ ਦੀਆਂ ਜ਼ਿਆਦਾਤਰ ਕਹਾਣੀਆਂ ਵਿਚੋਂ ਉਥੋਂ ਦੇ ਮਾਹੌਲ ਆਲੇ-ਦੁਆਲੇ, ਖਾਣ-ਪੀਣ ਤੇ ਬੋਲੀ ਦਾ ਪ੍ਰਭਾਵ ਨਜ਼ਰ ਆਉਂਦਾ ਹੈ। ਵਿਸ਼ੇਸ਼ਕਰ ਖੁੱਲ੍ਹ ਜਾ ਸਿੰਮ ਸਿੰਮ, ਘੰਮ ਚਾਟੀ ਘੰਮ, ਜੋਰਾਵਰ ਲਾਲਾ, ਪਿਸ਼ੌਰਨ, ਲਵਾਸੇ, ਚੜ੍ਹੇ ਚੰਨ ਦੀ ਰਾਤੀਂ, ਲਾਚੀ ਆਦਿ ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਉਥੋਂ ਦਾ ਮਾਹੌਲ ਜੀਵੰਤ ਹੋ ਕੇ ਸਾਹਮਣੇ ਆਉਂਦਾ ਹੈ। 'ਜ਼ੋਰਾਵਰ ਲਾਲਾ' ਵਿੱਚ ਇਹ ਗੱਲ ਸਮਝ ਨਹੀਂ ਆਉਂਦੀ ਕਿ ਉਥੇ ਹਰ ਛੋਟੇ ਤੋਂ ਛੋਟਾ ਬੱਚਾ ਵੀ ਐਨੇ ਰੋਹਬ-ਦਾਬ ਵਾਲੇ, ਜਿਸ ਦੇ ਹੁਕਮ ਬਗੈਰ ਘਰ ਦਾ ਕੋਈ ਕੰਮ ਸਿਰੇ ਨਹੀਂ ਚੜ੍ਹਦਾ, ਜ਼ੋਰਾਵਰ ਲਾਲਾ ਨੂੰ ਉਸ ਦੇ ਨਾਂ ਨਾਲ ਕਿਉਂ ਤੇ ਕਿਵੇਂ ਪੁਕਾਰਦਾ ਹੈ? ਇੰਜ ਹੀ 'ਖੁੱਲ੍ਹ ਜਾ ਸਿੰਮ ਸਿੰਮ' ਵਿੱਚ ਜਿਹੜੀ ਕੰਤੋ ਆਪ ਅੱਧੀ ਅੱਧੀ ਰਾਤ ਤਕ 'ਕਰਨ' ਦੇ ਕਮਰੇ ਵਿੱਚ ਬੈਠੀ ਹੱਸਦੀ ਖਿੜਖਿੜਾਉਂਦੀ ਰਹਿੰਦੀ ਸੀ, ਉਹ 'ਕਰਨ' ਤੋਂ ਕਿਸ ਕਾਰਣ ਐਨੀ ਖਪਾ ਹੋ ਜਾਂਦੀ ਹੈ ਕਿ ਆਪਣੇ ਭਰਾ ਨੂੰ ਲੈ ਕੇ ਸ਼ਿਕਾਇਤ ਕਰਨ ਆ ਜਾਂਦੀ ਹੈ। 'ਕਰਨ' ਵਲੋਂ ਰਾਤ ਵੇਲੇ ਉਸ ਦੇ ਕਮਰੇ ਦਾ ਬੂਹਾ ਠਕੋਰਣਾ ਕੋਈ ਐਨਾ ਵੱਡਾ ਕਾਰਣ ਨਹੀਂ ਜਾਪਦਾ। ਕਹਾਣੀ ਚੰਗੀ ਹੈ, ਪਰ ਕਹਾਣੀ ਜਿਸ ਮੂਲ ਘਟਨਾ ਉਤੇ ਉਭਾਰੀ ਗਈ ਹੈ, ਉਹ ਕੋਈ ਬਹੁਤੀ ਠੋਸ ਨਹੀਂ ਜਾਪਦੀ।

'ਇਹ ਕੈਸਾ ਮੌਸਮ ਹੈ' ਕਹਾਣੀ ਗੱਡੀ ਵਾਲਿਆਂ ਦੇ ਬਿੰਬਾਂ ਰਾਹੀਂ ਆਪਣੇ ਕਥਾਨਕ ਨੂੰ ਚੰਗੀ ਤਰ੍ਹਾਂ ਪ੍ਰਗਟਾਉਂਦੀ ਹੈ। ਪਿਸ਼ੌਰਨ ਕਹਾਣੀ ਇਕ ਨਾਵਲਿਟ ਵਾਂਗ ਲੱਗਦੀ ਹੈ, ਜਿਸ ਵਿੱਚ ਰੋਮਾਂਸ, ਭਾਵਕਤਾ, ਕਥਾਰਸ ਸਭ ਸ਼ਾਮਿਲ ਹਨ, ਜਿਸ ਕਾਰਣ ਇਹ ਦਿਲਚਸਪ ਹੋ ਗਈ ਹੈ। 'ਲਵਾਸ' ਵਿੱਚ ਆਤੰਕਵਾਦ ਦੇ ਨਾਲ ਨਾਲ ਆਧੁਨਿਕ ਔਰਤ ਦਾ ਚਰਿੱਤਰ ਤੇ ਭਾਵਕ ਪੱਖ ਰਲ ਮਿਲ ਕੇ ਉਸ ਨੂੰ ਪੜ੍ਹਨਯੋਗ ਤੇ ਮਾਨਣਯੋਗ ਬਣਾਉਂਦੇ ਹਨ।

ਸੁਰਿੰਦਰ ਨੀਰ ਦੀਆਂ ਕਹਾਣੀਆਂ ਜੀਵਨ ਦੇ ਤੀਜੇ ਪੜਾਅ ਉਤੇ ਪਹੁੰਚੀਆਂ ਇਸਤਰੀਆਂ ਜੋ ਕਿ ਮਾਂ ਹਨ, ਦੇ ਕਿਰਦਾਰਾਂ ਨੂੰ ਵਧੇਰੇ ਕੇਂਦਰ ਵਿੱਚ ਲਿਆਉਂਦੀਆਂ ਹਨ ਭਾਵੇਂ ਉਹ 'ਘੰਮ ਚਾਟੀ ਘੰਮ' ਦੀ ਦਾਦੀ ਹੋਵੇ, 'ਜੋਰਾਵਰ ਲਾਲਾ' ਦੀ ਸੁੰਮੀ ਹੋਵੇ, 'ਇਹ ਕੈਸਾ ਮੌਸਮ ਹੈ' ਦੀ ਮਾਂ, ਚੜ੍ਹੇ ਚੰਨ ਦੀ ਰਾਤੀਂ' ਵਿਚਲੀ ਭਾਬੀ, 'ਲਾਚੀ' ਦੀ ਮਾਂ ਤੇ ਮਾਸੀ, 'ਡਿਪਰੈਸ਼ਨ' ਦੀ ਚੰਦਰਮੁਖੀ, 'ਲਵਾਸੇ ਦੀ ਆਧੁਨਿਕ ਮਾਂ, 'ਸੂਬੇਦਾਰਨੀ' ਵਿਚਲੀ ਅਮਰੋ, 'ਵਿਸਥਾਪਨ' ਦੀ ਅਭਿਨੇਤਰੀ ਮਾਂ, ਇਨ੍ਹਾਂ ਸਭ ਲਈ ਆਪਣੀ ਹੋਂਦ, ਆਪਣਾ ਸਵਾਰਥ ਆਪਣੇ ਜਾਇਜ਼-ਨਜ਼ਾਇਜ਼ ਸੰਬੰਧ ਮਾਅਨੇ ਰੱਖਦੇ ਹਨ। ਪਹਿਲਾਂ ਕਹਾਣੀਆਂ ਤੇ ਹੋਰ ਸਾਹਿਤਕ ਵੰਨਗੀਆਂ ਵਿੱਚ ਮਾਂ ਨੂੰ ਆਦਰਸ਼ਕ, ਤਿਆਗਮਈ ਤੇ ਦਾਇਆ ਦੀ ਮੂਰਤ ਦੇ ਰੂਪ ਵਿੱਚ ਹੀ ਉਘਾੜਿਆ ਜਾਂਦਾ ਸੀ ਪਰ ਅੱਜ ਉਸ ਨੂੰ ਮਾਂ ਦੀ ਥਾਂ ਇਕ ਔਰਤ ਇਕ ਇਨਸਾਨ ਵੱਖਰੀ ਹੋਂਦ ਦੇ ਤੌਰ ਤੇ ਪ੍ਰਗਟਾਇਆ ਜਾਂਦਾ ਹੈ, ਜੋ ਅੱਜ ਦੇ ਸਮੇਂ ਦੀ ਮੰਗ ਹੈ। ਇਹ ਔਰਤ ਹੁਣ ਆਪਣੇ ਬਾਰੇ ਸੋਚਣ ਲੱਗ ਪਈ ਹੈ। ਇਸੇ ਲਈ ਨਿੱਜੀ ਤੌਰ ਤੇ ਸਵਾਰਥ ਤੇ ਆਪਣੀਆਂ ਦਮਿਤ ਇੱਛਾਵਾਂ ਦੀ ਪੂਰਤੀ ਲਈ ਵੀ ਸੋਚ-ਵਿਚਾਰ ਜਾਗ੍ਰਤ ਹੋ ਗਈ ਹੈ। ਫਿਰ ਵੀ ਇਹ ਔਰਤਾਂ ਸਿਰਫ ਨਕਾਰਾਤਮਕ ਪੱਖ ਨੂੰ ਹੀ ਨਹੀਂ ਉਭਾਰਦੀਆਂ ਸਗੋਂ ਆਪਣੀ ਸਮੁੱਚਤਾ ਰਾਹੀਂ ਸਾਹਮਣੇ ਆਉਂਦੀਆਂ ਹਨ।

'ਕਸ਼ਕੌਲ' ਵੀ ਇਕ ਸੰਵੇਦਨਸ਼ੀਲ ਕਹਾਣੀ ਹੈ ਜੋ ਇਕ ਮਰਦ ਦੇ ਉਸ ਮੁਲੰਮੇ ਨੂੰ ਉਤਾਰਦੀ ਹੈ ਕਿ ਉਸ ਨੇ ਆਪਣੀ ਬਲਾਤਕਾਰੀ ਪੀੜਿਤ ਪ੍ਰੇਮਿਕਾ ਨਾਲ ਵਿਆਹ ਕਰਵਾ ਕੇ ਇਕ ਚੰਗੇ ਮਰਦ ਹੋਣ ਦਾ ਪ੍ਰਗਟਾਵਾ ਕੀਤਾ। ਜਦਕਿ ਉਸ ਨੇ ਉਸ ਕੰਢੇ ਦੀ ਚੋਭ ਨੂੰ ਜਿਥੇ ਹਰ ਵੇਲੇ ਆਪ ਮਹਿਸੂਸ ਕੀਤਾ, ਉਥੇ ਆਪਣੀ ਪਤਨੀ ਨੂੰ ਵੀ ਸਮੇਂ ਸਮੇਂ ਸਿਰ ਉਸ ਦਾ ਅਹਿਸਾਸ ਕਰਵਾਉਣ ਤੋਂ ਬਾਜ਼ ਨਾ ਆਇਆ।

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਸੁਰਿੰਦਰ ਨੀਰ ਦਾ ਨਵੀਨਤਮ ਕਹਾਣੀ ਸੰਗ੍ਰਹਿ ਆਪਣੀ ਇਲਾਕਾਈ ਬੋਲੀ ਨੂੰ ਆਚਾਰ-ਵਿਹਾਰ ਦੇ ਨਿਵੇਕਲੇਪਨ ਨਾਲ ਪੰਜਾਬੀ ਕਹਾਣੀ ਦੇ ਵਹਿਣ ਵਿੱਚ ਆਪਣੀ ਜਗ੍ਹਾ ਬਣਾਉਣ ਵਿੱਚ ਕਾਮਯਾਬ ਹੋਏਗਾ।





# ਜਨ ਬੋਧ

## ਮਿੱਥ ਦੀ ਸੱਤਾ/ ਤਸਕੀਨ

*ਐਤਕੀ 'ਜਨ ਬੋਧ' ਵਾਲੇ ਕਾਲਮ ਵਿਚ ਅਸੀਂ 'ਮਿੱਥ' ਤੇ ਕੇਂਦਰਤ ਸੰਵਾਦ ਪਾਠਕਾਂ ਨਾਲ ਰਚਾ ਰਹੇ ਹਾਂ। ਮਿੱਥ ਦੀ ਸੱਤਾ ਤੇ 'ਮਿੱਥ ਖਿਲਾਫ ਮਨੁੱਖ' ਕਿਸ ਤਰ੍ਹਾਂ ਹੈ ਇਨ੍ਹਾਂ ਕਾਰਨਾ ਨੂੰ ਇਨ੍ਹਾਂ ਲੇਖਾਂ ਰਾਹੀਂ ਸਮਝਿਆ ਜਾ ਸਕਦਾ ਹੈ। ਬੈਰੋਜ਼ ਡਨਹੈਮ ਜਿਸ ਦੀ ਪੁਸਤਕ 'ਮਿੱਥ ਖਿਲਾਫ ਮਨੁੱਖ' ਮਿੱਥ ਨੂੰ ਸਮਝਣ ਲਈ ਸੰਸਾਰ ਪੱਧਰ ਦੀ ਚਰਚਿਤ ਪੁਸਤਕ ਹੈ। ਉਸ ਵਿਚੋਂ ਕੁਝ ਅੰਸ਼ ਪ੍ਰਕਾਸ਼ਤ ਕਰ ਰਹੇ ਹਾਂ। ਨਾਲ ਹੀ ਉਨ੍ਹਾਂ ਦੇ ਪੋਤੇ ਰਾੱਬਰਟ ਬਰੈੱਟ ਡਨਹੈਮ ਦੇ ਮਿੱਥ ਬਾਰੇ ਵਿਚਾਰਾਂ ਨੂੰ ਅਸੀਂ ਪ੍ਰਕਾਸ਼ਤ ਕਰ ਰਹੇ ਹਾਂ। ਇਨ੍ਹਾਂ ਦੋਹਾਂ ਲਿਖਤਾਂ ਨੂੰ ਵਿਦਵਾਨ ਡਾ. ਗੁਰਚਰਨ ਸਿੰਘ ਅਰਸ਼ੀ ਨੇ ਅਨੁਵਾਦ ਕੀਤਾ ਹੈ। ਪੁਸਤਕ ਭਾਰਤ ਵਿਚ ਨੈਸ਼ਨਲ ਬੁਕ ਟਰੱਸਟ ਦਿੱਲੀ ਨੇ ਪ੍ਰਕਾਸ਼ਤ ਕੀਤੀ ਹੈ - ਸੰਪਾਦਕ*

ਮਿੱਥ ਕੀ ਹੈ? ਇਸ ਨੂੰ ਜਾਨਣਾ ਅਤੇ ਇਸ ਤਕ ਪਹੁੰਚਣਾ ਕਾਫ਼ੀ ਜੋਖਮ ਭਰਿਆ ਕਾਰਜ ਹੈ। ਮਿੱਥ ਸਿੱਧੇ ਰੂਪ ਵਿਚ ਤਾਂ ਸਮਾਜ ਦੇ ਸੱਭਿਆਚਾਰਕ ਕੋਡ ਹਨ ਪਰੰਤੂ ਅਸਿੱਧੇ ਰੂਪ ਵਿਚ ਇਹ ਕਾਫ਼ੀ ਗੁੰਝਲਦਾਰ ਵਿਵਸਥਾ ਹੈ, ਜੋ ਸੱਭਿਆਚਾਰ ਦੇ ਰਾਹੀਂ ਸਾਡੇ ਮਨ 'ਤੇ ਪੱਕਾ ਕਬਜ਼ਾ ਬਣਾਉਣ ਵਿਚ ਕਾਮਯਾਬ ਹੁੰਦੀ ਹੈ। ਮਿੱਥ ਸਾਡੇ ਮਨ ਦੁਆਲੇ ਇੰਝ ਮੰਡਰਾਉਂਦੀ ਹੈ, ਜਿਵੇਂ ਮਰੀਆਂ ਪੀੜ੍ਹੀਆਂ ਦੇ ਵਿਚਾਰ ਸਾਡੇ ਮਨ ਵਿਚ ਗੰਢਾਂ ਬੰਨ੍ਹੀ ਰੱਖਦੇ ਹਨ। ਅਸਲ 'ਚ ਇਹ ਵੀ ਮਰੀਆਂ ਪੀੜ੍ਹੀਆਂ ਦੇ ਵਿਚਾਰ ਹੀ ਹੁੰਦੇ ਹਨ ਜੋ ਪੀੜ੍ਹੀ-ਦਰ-ਪੀੜ੍ਹੀ ਸਾਡੇ ਤਕ ਪਹੁੰਚਦੇ ਅਤੇ ਉਸ ਤੋਂ ਅਗਾਂਹ ਜਾਣ ਲਈ ਕਾਹਲ਼ੇ ਹੁੰਦੇ ਹਨ। ਮਿੱਥ ਦਾ ਸਾਇਆ ਪ੍ਰੇਤ ਵਰਗਾ ਹੁੰਦਾ ਹੈ ਜੋ ਅਸਲ ਨਾਲੋਂ ਭਿਆਨਕ ਭਾਵ ਤਾਕਤੀ ਰੂਪ ਧਾਰ ਕੇ ਸਾਨੂੰ ਕਾਬੂ ਕਰਨ 'ਚ ਕਾਮਯਾਬ ਹੁੰਦਾ ਹੈ। ਮਿੱਥ ਵਿਚ ਵੀ ਇਤਿਹਾਸ ਹੁੰਦਾ ਹੈ ਪਰ ਇਹ ਲੁਪਤ ਰੂਪ ਵਿਚ ਬਿਰਾਜਮਾਨ ਹੁੰਦਾ ਹੈ। ਮਿੱਥ ਪੀੜ੍ਹੀਆਂ ਵਿਚ ਸਫਰ ਕਰਦੀ ਠੋਸ ਰੂਪ ਧਾਰਨ ਕਰ ਜਾਂਦੀ ਹੈ, ਜਦੋਂ ਗੋਬਲਜ਼ ਇਹ ਆਖਦਾ ਹੈ ਕਿ ਇੱਕ ਝੂਠ ਨੂੰ ਸੌ ਵਾਰ ਬੋਲਣ 'ਤੇ ਉਹ ਸੱਚ ਹੋ ਜਾਂਦਾ ਹੈ ਤਾਂ ਉਸ ਤੋਂ ਇਹੋ ਭਾਵ ਹੈ ਕਿ ਮਿੱਥ ਦੀ ਮੌਖਿਕ ਗਤੀ ਤਰਕ ਆਧਾਰਤ ਇਤਿਹਾਸ (ਤਰਕ ਭੌਤਿਕ ਰੂਪ ਤੇ ਯਕੀਨ ਰੱਖਦਾ ਹੈ ਕਿਉਂਕਿ ਉਹ ਹਮੇਸ਼ਾ ਸ਼ੱਕ 'ਤੇ ਆਧਾਰਤ ਹੁੰਦਾ ਹੈ) ਤੋਂ ਹਜ਼ਾਰਾਂ ਗੁਣਾ ਤਿੱਖੀ ਹੁੰਦੀ ਹੈ ਅਤੇ ਉਹ ਮਨ ਨੂੰ ਕੱਸ ਕੇ ਫੜਨ 'ਚ ਵੱਧ ਕਾਮਯਾਬ ਹੁੰਦੀ ਹੈ (ਵਿਧੀਵਤ ਇਤਿਹਾਸ ਦੀ ਉਮਰ ਬਹੁਤ ਛੋਟੀ ਹੈ ਅਤੇ ਇਸ ਨੇ ਭਾਰਤ ਵਰਗੇ ਪੂਰਵ ਪ੍ਰਬੋਧਨ ਸਮਾਜਾਂ ਵਿਚ ਆਪਣੀ ਯੋਗ ਜਗ੍ਹਾ ਅਜੇ ਤਕ ਨਹੀਂ ਬਣਾਈ)। ਤੱਥ ਆਧਾਰਤ ਗੱਲ ਪੱਛੜੇ ਸਮਾਜਾਂ ਵਿਚ ਹਮੇਸ਼ਾ ਅੜਚਣਾਂ ਅੰਦਰ ਘਿਰਦੀ ਹੈ ਕਿਉਂਕਿ ਮਿੱਥ ਦੀ ਠੋਸ ਤਾਕਤ ਸਮਾਜ ਅੰਦਰ ਮੁਕਾਬਲੇ ਲਈ ਜ਼ਿਆਦਾ ਤਾਕਤ ਬਟੋਰੀ ਰੱਖਦੀ ਹੈ। ਤੱਥ ਆਧਾਰਤ ਵਿਚਾਰ ਵਿਵੇਕ ਦੀ ਮੰਗ ਕਰਦੇ ਹਨ ਜੋ ਪੱਛੜੇ ਸਮਾਜਾਂ ਦੇ ਲੋਕਾਂ (Foke) ਨੂੰ ਪ੍ਰਾਪਤ ਨਹੀਂ ਹੋਇਆ ਹੁੰਦਾ (ਪੂਰਵ ਆਧੁਨਿਕ ਕਾਲ ਵਿਵੇਕਹੀਣ ਭਾਵੇਂ ਨਹੀਂ ਹੁੰਦਾ ਪਰ ਉਹ ਚਿਹਨਾਂ ਨੂੰ ਹੀ ਵਿਵੇਕ ਦੇ ਕੇਂਦਰ ਸਮਝਦਾ ਹੈ ਅਤੇ ਉਹਨਾਂ ਚਿਹਨਾਂ ਦੇ ਪ੍ਰਵਚਨਾਂ ਵਿਚਲੀ ਠੋਸ ਤਾਕਤ ਅਨੁਸਾਰ ਚਲਦਾ ਹੈ, ਜਿਸ ਨੂੰ ਮਿੱਥਾਂ ਸਿੰਜ ਰਹੀਆਂ ਹੁੰਦੀਆਂ ਹਨ ਅਤੇ ਉਹ ਚਿਹਨ ਰਾਜਨੀਤਕ ਸੱਤਾ ਹਿੱਤ ਭੁਗਤਦੇ ਹਨ)। ਚਿਹਨ ਆਪਣੇ ਅੰਦਰ ਤਾਕਤ ਬਟੋਰ ਕੇ ਜਦੋਂ ਸੱਭਿਆਚਾਰ ਅੰਦਰ ਲੁਪਤ (ਮਿੱਥ/ਚਿਹਨ) ਹੁੰਦਾ ਹੈ ਤਾਂ ਚਿਹਨ ਸੱਭਿਆਚਾਰਕ ਤਾਕਤ ਬਣ ਜਾਂਦਾ ਹੈ ਜੋ ਅੰਤਿਮ

ਰੂਪ ਵਿਚ ਸੱਭਿਆਚਾਰ ਦੀ ਸਰਦਾਰੀ ਕਰਦੀ ਸੱਤਾ ਹਿੱਤ ਭੁਗਤਣ ਲੱਗ ਜਾਂਦਾ ਹੈ ਭਾਵ ਅੰਤਿਮ ਰੂਪ ਵਿਚ ਮਿੱਥ ਸੱਤਾ ਹਿੱਤ ਭੁਗਤਦੀ ਹੈ, ਜਿਸਦੀ ਵਿਚਾਰਧਾਰਾ ਸੱਭਿਆਚਾਰ ਦੇ ਵਿਚਾਰ ਹੁੰਦੇ ਹਨ। ਇਸੇ ਕਾਰਨ ਮਿੱਥ ਦੇ ਮਰਨ ਲਈ ਬਦਲਦੇ ਸਮਾਂ ਅਤੇ ਸਥਿਤੀ ਯੋਗਦਾਨ ਪਾਉਂਦੇ ਹਨ।

ਮਿੱਥ ਰੂੜੀ ਦੇ ਰੂਪ ਵਿਚ ਕੋਡ ਬਣ ਕੇ ਸਥਿਤੀ ਤੋਂ ਮੁਕਤ ਹੁੰਦੀ ਹੈ ਅਤੇ ਸਮੇਂ ਅੰਦਰ ਪ੍ਰਵੇਸ਼ ਕਰ ਜਾਂਦੀ ਹੈ ਭਾਵ ਸੱਭਿਆਚਾਰ ਦੀ ਭਾਸ਼ਾ ਦੇ ਕੋਡ ਵਿਚ ਲੁਪਤ ਹੋ ਜਾਂਦੀ ਹੈ। ਕੋਡ ਦਾ ਚਿਹਨਤ ਰੂਪ ਚਿਹਨ ਅੰਦਰ ਸਮਾਇਆ ਹੁੰਦਾ ਹੈ। ਚਿਹਨ ਦੇ ਭਾਸ਼ਾ ਰਾਹੀਂ ਜ਼ਿਹਨ ਵਿਚ ਪ੍ਰਵੇਸ਼ ਕਰਨ 'ਤੇ ਅੰਦਰੋਂ ਚਿਹਨਤ ਖੁੱਲ੍ਹਦਾ ਹੈ ਜੋ ਸੱਭਿਆਚਾਰ ਰਾਹੀਂ ਬਚਪਨ ਤੋਂ ਗੰਢ (Code) ਬਣ ਕੇ ਜ਼ਿਹਨੀ ਪਰਤਾਂ ਵਿਚ ਸਮਾ ਚੁੱਕਿਆ ਹੁੰਦਾ ਹੈ। ਉਹ ਵਿਅਕਤੀ ਤੋਂ ਵਿਅਕਤੀ ਤਕ ਵਖਰੇਵਾਂ ਰੱਖਦਾ ਹੈ (ਇਹ ਸਮੂਹਿਕ ਵੀ ਹੋ ਸਕਦਾ) ਅਤੇ ਕਿਸੇ ਵਿਅਕਤੀ ਨੇ ਮਿੱਥ ਨੂੰ ਕਿਵੇਂ ਧਾਰਨ (Conceive) ਕੀਤਾ ਹੈ, ਇਹ ਉਸਦੇ ਧਾਰਨ ਕਰਨ ਉੱਪਰ ਨਿਰਭਰ ਕਰਦਾ ਹੈ। ਇਸਦਾ ਮੁੱਖ ਕਾਰਨ ਹੈ ਕਿ ਮਿੱਥ ਦੀ ਮਾਰ/ਪਕੜ ਸੱਭਿਆਚਾਰ ਆਧਾਰਤ ਹੁੰਦੀ ਹੈ ਅਤੇ ਸੱਭਿਆਚਾਰਕ ਕੋਡ/ਚਿਹਨ ਉਸ ਸੱਭਿਆਚਾਰ ਨਾਲ ਜੁੜੇ ਵਿਅਕਤੀ ਅੰਦਰ ਹੀ ਖੁੱਲ੍ਹਦਾ ਹੈ ਕਿਉਂਕਿ ਚਿਹਨ ਦਾ ਚਿਹਨਕ ਚਿਹਨਤ ਰਾਹੀਂ ਰਹੱਸ ਉਦਘਾਟਨ ਕਰਦਾ ਹੈ। ਇਸੇ ਕਾਰਨ ਸਥਾਨਕ, ਅਲਪ ਸਥਾਨਕ (Vernacular, Coloquial) ਭਾਸ਼ਾ ਸਥਾਨਕ ਚਿਹਨ/ਗੰਢਾਂ ਨੂੰ ਸਿਰਜਦੀ ਹੈ ਜੋ ਚਿਹਨ ਵਿਚ ਆਕਾਰ ਅਤੇ ਵਿਹਾਰ ਨੂੰ ਸਿਰਜਦੇ ਹਨ। ਜਿਵੇਂ ਚਰਖਾ ਸਾਡੇ ਕੱਤਣ ਦੇ ਮਸ਼ੀਨੀਕਰਣ ਹੋਣ ਤੋਂ ਪਹਿਲਾਂ ਦਾ ਚਿਹਨ ਹੈ। ਚਰਖੇ ਦਾ ਚਿਹਨ ਭਾਸ਼ਾ ਵਿਚ ਆਉਂਦਿਆਂ ਹੀ ਉਸਦਾ ਚਿਹਨਤ ਵੀ ਖੁੱਲ੍ਹਦਾ ਹੈ ਅਤੇ ਚਿਹਨਤ ਦੇ ਖੁੱਲ੍ਹਣ ਨਾਲ ਚਿਹਨ ਨਾਲ ਜੁੜੇ ਪੂਰੇ ਤੰਤਰ ਤੋਂ ਪਰਦਾ ਉੱਠਦਾ ਹੈ ਭਾਵ ਚਿਹਨਤ ਤੰਤਰ ਦੀ ਪੂਰੀ ਗੰਢ ਬਣਾ ਕੇ ਚਿਹਨ ਅੰਦਰ ਸਮੋਅ ਲੈਂਦਾ ਹੈ। ਜਦੋਂ ਕਿ ਅੱਜ ਦੀ ਪੀੜ੍ਹੀ ਦੇ ਸਾਹਮਣੇ ਉਹ ਚਿਹਨ ਚਿੱਤਰ ਦੇ ਰੂਪ ਵਿਚ ਚਿਹਨਤ ਹੁੰਦਾ ਹੈ ਤਾਂ ਉਹ ਚਰਖੇ ਦੇ ਤੰਤਰ ਨੂੰ ਚਿਹਨਤ ਨਹੀਂ ਕਰਦਾ। ਜਦ ਕੋਈ ਚਿਹਨ/ਗੰਢ ਮਿੱਥ ਦੇ ਚਿਹਨਤ ਨੂੰ ਪ੍ਰਤੀਬਿੰਬਤ ਨਹੀਂ ਕਰਦੀ ਤਾਂ ਉਹ ਮਰ ਚੁੱਕੀ/ਰਹੀ ਹੁੰਦੀ ਹੈ, ਜਿਸ ਲਈ ਚਿਹਨ ਦੇ ਚਿਹਨਤ ਤਕ ਪੁੱਜਣ ਲਈ ਇਤਿਹਾਸਕ ਰੂਪਾਕਾਰਾਂ/ਤੱਥਾਂ ਦੇ ਸਰੋਤਾਂ ਨੂੰ ਭਾਲਣ ਦੀ ਲੋੜ ਪੈਂਦੀ ਹੈ। ਇਹ ਤਾਂ ਇੱਕ ਪਦਾਰਥਕ ਰੂਪ ਹੈ ਜੋ ਸਾਮੰਤੀ ਪੁਨਰ ਉਤਪਾਦਨ ਦਾ ਸਾਧਨ ਹੈ। ਇਸ ਤੋਂ ਇਲਾਵਾ ਮਿੱਥ ਦੇ ਮੌਖਿਕ ਜਾਂ ਭਾਸ਼ਾਈ ਰੂਪ ਵੀ ਹਨ ਜਿਵੇਂ, ਹੂਰ, ਪਰੀ, ਮੇਨਕਾ ਆਦਿ ਅਜਿਹੀਆਂ ਗੰਢਾਂ/ਚਿਹਨ ਹਨ ਜੋ ਪੀੜ੍ਹੀ-ਦਰ-ਪੀੜ੍ਹੀ ਸਾਡੇ ਤਕ ਪਹੁੰਚਦੀਆਂ ਹਨ। ਇਹਨਾਂ ਚਿਹਨਾਂ ਦੇ ਭਾਸ਼ਾਈ (ਮੌਖਿਕ) ਰੂਪ ਜਦੋਂ ਜ਼ਿਹਨ ਦੇ ਦਰਵਾਜ਼ੇ 'ਤੇ ਦਸਤਕ ਦਿੰਦੇ ਹਨ ਤਾਂ ਚਿਹਨਤ ਤੋਂ ਪਰਦਾ ਉੱਠਦਾ ਹੈ। ਹੂਰ=ਜੰਨਤ+ਬਹਿਸ਼ਤ+ਕਾਫ਼ਰ+ਦੁੰਬੇ+ਗਾਜ਼ੀ ਆਦਿ। ਇਸ ਹੂਰ ਦੇ ਕੋਡ ਖੁੱਲ੍ਹਣ ਤੇ ਉਸ ਨਾਲ ਜੁੜੇ ਹੋਰ ਕੋਡ ਜ਼ਿਹਨ ਤੇ ਸਵਾਰ ਹੁੰਦੇ ਹਨ। ਇਸ ਤਰ੍ਹਾਂ ਕੋਡ/ਮਿੱਥ ਦਾ ਪੂਰਾ ਤੰਤਰ ਰੂਪਮਾਨ/ਚਿਹਨਤ ਹੁੰਦਾ ਹੈ ਅਤੇ ਇਹ ਸਿਰਫ਼ ਮਨਾਂ ਅੰਦਰਲੇ ਜਮਾਵੜੇ ਤੋਂ ਹੀ ਪਰਦਾ ਚੁੱਕਦਾ ਹੈ। ਅਸੀਂ ਚਿਹਨ/ਕੋਡ ਦੇ ਉਸ ਚਿਹਨਤ ਨੂੰ ਹੀ ਚਿਹਨਤ ਕਰ ਸਕਦੇ ਹਾਂ ਜੋ ਅਸੀਂ ਵਰਤਮਾਨ ਤੰਤਰ ਅੰਦਰ ਰਹਿ ਕੇ ਕਲਪਿਆ ਹੁੰਦਾ ਹੈ। ਜਿਵੇਂ-ਜਿਵੇਂ ਅਸੀਂ ਕੋਡਾਂ ਨੂੰ ਧਾਰਨ (Concieve) ਕੀਤਾ ਹੁੰਦਾ ਹੈ, ਚਿਹਨਤ ਉਸੇ ਕਲਪਿਤ/ਚਿੱਤਰ ਰੂਪ ਨੂੰ ਹੀ ਮਨ ਦੇ ਪਰਦੇ ਉੱਤੇ ਖੋਲ੍ਹਦਾ ਹੈ ਭਾਵ ਇਹ ਚਿਹਨਤ ਸਾਡੇ ਮਿੱਥ ਨੂੰ ਧਾਰਨ ਕਰਨ ਉੱਤੇ ਨਿਰਭਰ ਕਰਦਾ ਹੈ ਅਤੇ ਇਹੋ ਕਾਰਨ ਹੈ ਕਿ ਅਰਥ ਨਿਸ਼ਚਤ ਨਹੀਂ ਸਗੋਂ ਨਿਹਿਤ ਹੁੰਦੇ ਹਨ। ਧਿਆਨਯੋਗ ਗੱਲ ਹੈ ਕਿ ਇਹ ਉਸ ਤਰ੍ਹਾਂ ਹੀ ਜ਼ਿਹਨੀ ਚਿੱਤਰਪੱਟ ਤੇ ਆਕਾਰ ਗ੍ਰਹਿਣ ਕਰਦੇ ਹਨ ਜਿਵੇਂ ਇਹ ਪ੍ਰਵਚਨ ਪ੍ਰਾਪਤ ਕਰਨ ਵੇਲੇ ਸੁਪਨੇ ਦੇ ਪੱਧਰ ਤੇ ਸਾਡੇ ਦਿਮਾਗ਼ਾਂ 'ਚ ਡੀ. ਐੱਨ. ਏ. ਵਾਂਗ ਛਪ ਜਾਂਦੇ ਹਨ (ਮਿੱਥ ਨੂੰ ਧਾਰਨ ਕਰਨ ਦਾ ਕਲਪਨਾ ਸੰਸਾਰ ਹਰ ਇੱਕ ਦਾ ਆਪਣਾ ਹੈ ਪਰੰਤੂ ਇਸ ਨਾਲ ਮਿੱਥ ਦੇ ਵਿਚਾਰ ਰੂਪ ਨੂੰ ਕੋਈ ਫ਼ਰਕ ਨਹੀਂ ਪੈਂਦਾ)।

ਮਿੱਥ ਉਹਨਾਂ ਚਿਹਨਾਂ ਨੂੰ ਵੀ ਕੋਡ ਬਣਾ ਕੇ ਪੇਸ਼ ਕਰਦੀ ਹੈ ਜੋ ਸਾਡੇ ਸਮਾਜ/ਸੱਭਿਆਚਾਰ ਲਈ ਆਦਰਸ਼ ਬਣ ਕੇ ਪੇਸ਼ ਹੁੰਦੇ ਹਨ। "ਮਿੱਥ ਨਾਇਕਾਂ ਨੂੰ ਉਸਾਰਦੀ ਹੈ ਜਿਹੜੇ ਸਮਾਜ ਦੇ ਆਦਰਸ਼ ਵਜੋਂ



ਨੁਮਾਇੰਦਗੀ ਕਰਦੇ ਹਨ..... ਮਿੱਥ ਵੱਡੇ ਪੱਧਰ 'ਤੇ ਸੂਰਮੇਂ ਅਤੇ ਪਰਮ ਮਨੁੱਖ ਦੀ ਹੋਂਦ ਨੂੰ ਮਹੱਤਵਪੂਰਨ ਰੂਪ ਪ੍ਰਦਾਨ ਕਰਦੀ ਹੈ।" ਇਸ ਤਰ੍ਹਾਂ ਸੱਭਿਆਚਾਰ/ਸਮਾਜ ਵਿਚ ਨਾਇਕ/ਸੂਰਮੇਂ ਦੀ ਹੋਂਦ ਆਦਰਸ਼ ਮਨੁੱਖ/ਪਰਮ ਮਨੁੱਖ ਵਜੋਂ ਪੇਸ਼ ਹੁੰਦੀ ਹੈ। ਨਾਇਕ (Sign) ਨੇ ਮੌਤ, ਕਾਮ, ਝੂਠ, ਠੱਗੀ ਭਾਵ ਸਾਰੀਆਂ ਹੀ ਉਹ ਬੁਰਾਈਆਂ ਜੋ ਬੰਦੇ ਨੂੰ ਕਮਜ਼ੋਰ ਕਰਦੀਆਂ ਹਨ ਨੂੰ 'ਹਰਾ' ਕੇ ਸੂਰਮਾ ਜਾਂ ਪਰਮ ਮਨੁੱਖ ਹੋਣ ਦੀ ਪ੍ਰਾਪਤੀ ਕੀਤੀ ਹੁੰਦੀ ਹੈ।

ਇਸ ਤੋਂ ਅਰਥ ਇਹ ਨਹੀਂ ਕਿ ਉਸ ਵਿਚ 'ਬੁਰਾਈਆਂ' ਅਸਲੋਂ ਹੀ ਨਹੀਂ ਹੁੰਦੀਆਂ। ਕਿਸੇ ਸੱਭਿਆਚਾਰ ਦੇ ਲਈ ਕੋਈ ਵਿਅਕਤੀ ਉਸ ਸੱਭਿਆਚਾਰ ਦੇ ਕਿਸ ਗੌਰਵ ਹਿੱਤ ਬਲੀਦਾਨ ਦਿੰਦਾ ਹੈ ਅਤੇ ਸਮਾਜਿਕ ਲੋਕ ਕਿਸ ਚਾਹਤ ਨਾਲ ਉਸ ਨੂੰ ਆਦਰਸ਼ ਬਣਾਉਂਦੇ ਹਨ, ਇਹ ਉਸ ਉੱਪਰ ਨਿਰਭਰ ਕਰਦਾ ਹੈ। ਇਹ ਵਕਤੀ ਰੂਪ ਵਿਚ ਵਾਪਰਦਾ ਹੈ ਪਰੰਤੂ ਭਾਸ਼ਾ ਦੇ ਮੌਖਿਕ ਜਾਂ ਮਿੱਥ ਰੂਪ ਤੱਥ ਆਧਾਰਤ ਨਾ ਹੋਣ ਕਰਕੇ ਵਿਸਥਾਰਤ ਅਤੇ ਵਿਸ਼ਾਲ ਰੂਪ ਧਾਰਦੇ ਜਾਂਦੇ ਹਨ। ਇਸ ਤਰ੍ਹਾਂ ਸਮਾਜ ਵਿਚਲਾ ਹਰ ਵਿਅਕਤੀ ਆਪਣੇ ਆਦਰਸ਼ ਦੀ ਚਾਹਤ ਕਿਸ ਰੂਪ ਵਿਚ ਕਰਦਾ ਜਾਂ ਕਲਪਦਾ ਹੈ, ਨਾਇਕ/ਸੂਰਮੇਂ/ਪਰਮ ਮਨੁੱਖ ਦੀ ਮਿੱਥ ਉਸੇ ਤਰ੍ਹਾਂ ਤਰਾਸ਼ੀ ਜਾਂਦੀ ਹੈ ਅਤੇ ਪੀੜ੍ਹੀ-ਦਰ-ਪੀੜ੍ਹੀ ਇਹ ਆਦਰਸ਼ ਅੱਗੇ ਵੀ ਤੁਰਦੇ ਹਨ ਅਤੇ ਤਰਾਸ਼ੇ ਵੀ ਜਾਂਦੇ ਰਹਿੰਦੇ ਹਨ। ਸਮਾਜ ਆਪਣੀ ਪੀੜ੍ਹੀ ਨੂੰ ਸਹੀ ਦਿਸ਼ਾ (ਜੋ ਉਹ ਨਿਸ਼ਚਤ ਕਰਦੇ ਹਨ) ਵੱਲ ਲਿਜਾਣ ਲਈ ਨਾਇਕਾਂ ਜਾ ਪਰਮ ਮਨੁੱਖਾਂ ਦੀ ਸਿਰਜਣਾ ਕਰਨ ਲਈ ਆਪਣੇ ਤੋਂ ਹੋਏ ਪਹਿਲੇ ਉਹਨਾਂ ਨਾਇਕਾਂ/ਸੂਰਮਿਆਂ/ਪਰਮ ਮਨੁੱਖਾਂ ਨੂੰ ਆਦਰਸ਼ ਬਣਾ ਕੇ ਅਗਲੀ ਪੀੜ੍ਹੀ ਵਿਚ ਵਿਸਥਾਰਦੇ/ਪ੍ਰਸਤੁੱਤ ਕਰਦੇ ਹਨ ਤਾਂ ਕਿ ਵਿਸ਼ੇਸ਼ ਸੱਭਿਆਚਾਰ/ਸਮਾਜ ਦੀ ਹੋਂਦ (Survival) ਬਣੀ ਰਹੇ, ਕਿਉਂਕਿ ਹਰ ਸੱਭਿਆਚਾਰ ਦੀ ਮਿੱਥ ਵਿਚਲਾ ਸੂਰਮਾ ਆਪਣੇ ਸੱਭਿਆਚਾਰ/ਸਮਾਜ ਲਈ ਆਪਣੀ ਕੁਰਬਾਨੀ ਦੇ ਰਿਹਾ ਹੁੰਦਾ ਹੈ ਜਿਸ ਉੱਪਰ ਸੱਭਿਆਚਾਰ ਮਾਣ ਕਰਦਾ ਹੈ। ਮਿੱਥ ਹਮੇਸ਼ਾ ਉਹਨਾਂ ਬੰਦਿਆਂ ਦੀਆਂ ਜ਼ਰੂਰਤਾਂ ਨੂੰ ਪ੍ਰਗਟਾਉਂਦਾ ਹੈ ਜੋ ਆਪਣੀਆਂ ਜੜ੍ਹਾਂ ਪ੍ਰਤੀ ਜਾਗਰੂਕ ਹੋਣ। ਕਿਸੇ ਵੀ ਮਿਥਿਹਾਸ ਦਾ ਮਹੱਤਵਪੂਰਨ ਭਾਗ ਸੁਲਤਾਨ/ਰਾਜੇ ਅਤੇ ਸੂਰਮੇ ਹੁੰਦੇ ਹਨ ਜੋ ਦੈਵੀ ਸੱਤਾਵਾਂ (Gods) ਦੀ ਅੰਸ਼ ਹਨ।

ਮਿੱਥ ਦਾ ਮਹੱਤਵਪੂਰਨ ਪੱਖ ਹੈ ਕਿ ਇਹ ਕਲਾਤਮਿਕ ਸੁਹਜ ਨਾਲ ਭਰੀ ਹੁੰਦੀ ਹੈ ਭਾਵ ਇਹ ਗਾਥਾ/ਕਥਾ-ਰਸ ਨਾਲ ਭਰਪੂਰ ਹੁੰਦੀ ਹੈ, ਜੋ ਸਰੋਤੇ/ਦਰਸ਼ਕ ਨੂੰ ਬਿੰਬਾਂ ਦੀ ਮਹੱਤਤਾ ਨਾਲ ਕੀਲਦੀ ਹੈ। ਇਸ ਤਰ੍ਹਾਂ ਮਿਥਿਹਾਸ ਅਤੇ ਇਤਿਹਾਸ ਵਿਚਲਾ ਅੰਤਰ ਕੁਝ ਵਧੇਰੇ ਹੈ ਪਰ ਮਿਥਿਹਾਸ ਵਿਚ ਵੀ ਇਤਿਹਾਸ ਮੌਜੂਦ ਹੁੰਦਾ ਹੈ, ਲੋੜ ਕੁਠਾਲੀ ਦੀ ਪੈਂਦੀ ਹੈ, ਜਿਥੇ ਅਸੀਂ ਇਸ ਨੂੰ ਛਾਣ ਕੇ ਵੱਖ-ਵੱਖ ਕਰ ਸਕਦੇ ਹਾਂ। ਮਿੱਥ ਦੁਆਰਾ ਉਸਾਰਿਆ ਆਭਾਮੰਡਲ ਇੱਕ ਰਹੱਸ ਨੂੰ ਉਜਾਗਰ ਕਰਦਾ ਹੈ ਅਤੇ ਮਿੱਥ ਵਿਚਲੀ ਸਮੱਗਰੀ ਭੇਦਭਰੀ ਹੁੰਦੀ ਹੈ ਕਿਉਂਕਿ ਉਸਨੇ ਇੱਕ ਕਥਾ ਰਾਹੀਂ ਸੱਭਿਆਚਾਰਕ ਅਵਚੇਤਨ ਬਣ ਕੇ ਚਿਹਨ ਦਾ ਰੂਪ ਧਾਰ ਲਿਆ ਹੁੰਦਾ ਹੈ। ਇਸ ਸੱਭਿਆਚਾਰਕ ਕੋਡ ਨੂੰ ਖੋਲ੍ਹਣ ਦਾ ਕੰਮ ਸੰਰਚਨਾਵਾਦ ਨੇ ਕੀਤਾ ਅਤੇ ਇਸ ਨੂੰ ਮਿੱਥ ਵਿਗਿਆਨ ਦਾ ਦਰਜਾ ਦੇ ਦਿੱਤਾ। ਮਿਥਿਹਾਸ ਜਾਂ ਮਿੱਥ ਵਿਚਲੇ ਕੋਡਾਂ ਦੇ ਭੇਤਾਂ ਨੂੰ ਖੋਲ੍ਹ ਕੇ ਵਿਆਖਿਆ ਕਰਨਾ ਮਿੱਥ ਵਿਗਿਆਨ ਬਣ ਗਿਆ। ਸੱਭਿਆਚਾਰ ਮਿੱਥ ਰਾਹੀਂ ਨਾਇਕ/ਸੂਰਮੇ ਦੀ ਸਿਰਜਣਾ ਤਾਂ ਕਰਦਾ ਹੀ ਹੈ, ਉਸ ਨੂੰ ਸਮੇਂ-ਸਮੇਂ ਤਰਾਸ਼ਦਾ ਵੀ ਰਹਿੰਦਾ ਹੈ। ਇਸ ਵਿਚਲਾ ਕਥਾ-ਰਸ ਪੇਸ਼ਕਰਤਾਵਾਂ ਉੱਪਰ ਨਿਰਭਰ ਕਰਦਾ ਹੈ। ਮਿੱਥ ਦਾ ਸੱਭਿਆਚਾਰ ਦੇ ਪੱਧਰ 'ਤੇ ਵਾਰ-ਵਾਰ ਦੁਹਰਾਅ ਹੀ ਉਸ ਮਿੱਥ ਦੀ ਸੱਤਾ ਨੂੰ ਤਾਕਤੀ ਬਣਾਉਂਦਾ ਹੈ। ਮਿੱਥ ਦੀ ਤਾਕਤ ਜਾਂ ਪਵਿੱਤਰਤਾ ਭੇਤ 'ਤੇ ਖੜ੍ਹੀ ਹੁੰਦੀ ਹੈ ਅਭੇਤ ਹੋ ਜਾਣ ਤੇ ਉਹ ਮਰਦੀ/ਖੁਰਦੀ ਜਾਪਦੀ ਹੈ। ਇੱਕ ਮਿੱਥ ਦੀ ਤਾਕਤ ਵੱਖ-ਵੱਖ ਕਥਾਵਾਂ ਰਾਹੀਂ ਰੂੜੀ ਦਾ ਰੂਪ ਧਾਰਦੀ ਹੈ। ਇੱਕ ਸੂਰਮੇ ਜਾਂ ਪਰਮ ਗੁਣੀ ਨਾਇਕ ਦੇ ਅਸਲ ਤੋਂ ਵੱਖ ਉਸ ਨਾਲ ਜੁੜੀਆਂ ਹੋਰ ਮਿੱਥਾਂ/ਕਥਾਵਾਂ ਇੱਕ ਮਿੱਥ ਨੂੰ ਪੱਕਿਆਂ ਕਰਦੀਆਂ ਹਨ। ਰਾਜਾ ਅਤੇ ਸੂਰਮਾ ਸਮਾਜ ਦੇ ਪ੍ਰਤੀਨਿਧ ਹਨ ਅਤੇ ਇਸੇ ਕਰਕੇ ਸੱਭਿਆਚਾਰ ਉਸਦੇ ਗੁਣਾਂ ਵੱਲ ਧਿਆਨ ਦਿੰਦਾ ਹੈ। ਇਸ ਲਈ ਉਹਨਾਂ ਨਾਲ ਜੁੜੀਆਂ ਨਿੱਕੀਆਂ-ਨਿੱਕੀਆਂ ਗੱਲਾਂ (ਜੋ

ਬਹੁਤਿਆਂ ਦੇ ਜੀਵਨ 'ਚ ਵਾਪਰਦੀਆਂ ਹਨ) ਨੂੰ ਵਿਸਥਾਰ ਦੇ ਕੇ ਮਹੱਤਵਪੂਰਨ ਅਤੇ ਆਦਰਸ਼ਕ ਬਣਾਇਆ ਜਾਂਦਾ ਹੈ, ਜਿਸ ਨਾਲ ਮਿੱਥ ਤਾਕਤਵਰ ਰੂਪ ਧਾਰ ਜਾਂਦੀ ਹੈ। ਇੱਕ ਮਿੱਥ ਨਾਲ ਜੋੜ ਕੇ ਜਿੰਨੀਆਂ ਵੱਧ ਭੇਤਭਰੀਆਂ ਕਥਾਵਾਂ ਹੋਣਗੀਆਂ ਮਿੱਥ ਦਾ ਦਰਜਾ ਉਨਾ ਹੀ ਉੱਚਾ ਹੋਵੇਗਾ। ਮਿੱਥ ਇੱਕ ਸੱਭਿਆਚਾਰ ਤੋਂ ਦੂਸਰੇ, ਦੂਸਰੇ ਤੋਂ ਤੀਸਰੇ ਅਤੇ ਇਸ ਤਰ੍ਹਾਂ ਅੱਗੇ ਤੋਂ ਅੱਗੇ ਜਾਣ ਦੀ ਸਮਰੱਥਾ ਵੀ ਰੱਖਦੀ ਹੈ, ਬਸ਼ਰਤੇ ਕਿ ਉਸ ਵਿਚ ਸਮਰੱਥਾ ਹੋਵੇ। ਜਿਵੇਂ ਰਾਜਿਆਂ ਦਾ ਰਾਜਾ/ਸਵਾਮੀ ਮਹਾਰਾਜਾ ਬਣਦਾ ਹੈ, ਇਸੇ ਤਰ੍ਹਾਂ ਪਹਿਲੀ ਮਿੱਥ ਅੱਗੇ ਦੂਸਰੀ ਮਿੱਥ ਦਾ ਝੁਕਣਾ ਪਹਿਲੀ ਮਿੱਥ ਨੂੰ ਵਧੇਰੇ ਤਾਕਤ ਦਿੰਦਾ ਹੈ। ਇਸੇ ਕਰਕੇ ਇੱਕ ਮਿੱਥ ਵਿਚ ਜਿੰਨੀਆਂ ਵੱਧ ਮਿੱਥਾਂ ਸਮਾਉਂਦੀਆਂ ਜਾਂਦੀਆਂ ਹਨ, ਭੇਤ ਉਨਾ ਹੀ ਗਹਿਰਾ ਹੁੰਦਾ ਜਾਂਦਾ ਹੈ। ਜਿੰਨਾ ਭੇਤ ਗਹਿਰਾ ਹੁੰਦਾ ਜਾਂਦਾ ਹੈ, ਸੱਭਿਆਚਾਰ ਉਨਾ ਹੀ ਉਸ ਨੂੰ ਪਕਿਆਈ ਨਾਲ ਫੜਦਾ ਜਾਂਦਾ ਹੈ। ਸੱਭਿਆਚਾਰ ਜਿੰਨੀ ਪਕਿਆਈ ਨਾਲ ਫੜਦਾ ਹੈ ਪ੍ਰਵਚਨ ਵਿਚਲੀ ਤਾਕਤ ਉਨੀ ਹੀ ਮਜ਼ਬੂਤ ਹੁੰਦੀ ਜਾਂਦੀ ਹੈ। ਪ੍ਰਵਚਨ ਜਿੰਨਾ ਮਜ਼ਬੂਤ ਹੁੰਦਾ ਹੈ, ਉਨ੍ਹੇ ਹੀ ਵਿਰਾਟ ਰੂਪ 'ਚ ਬੰਦੇ ਦੇ ਮਨ 'ਤੇ ਸੱਤਾ ਬਣਾਉਂਦਾ ਜਾਂਦਾ ਹੈ। ਮਨਾਂ ਉੱਪਰ ਸੱਤਾ ਦਾ ਕਬਜ਼ਾ ਜਿੰਨਾ ਵਧੇਰੇ ਹੁੰਦਾ ਹੈ, ਮਿਥ ਉਨ੍ਹੇ ਹੀ ਤਿੱਖੇ ਰੌਂਅ 'ਚ ਪਦਾਰਥਕ ਰੂਪ ਧਾਰਦੀ ਜਾਂਦੀ ਹੈ। ਪੁਰਾਣ ਬ੍ਰਹਮ ਦੇ ਭੇਤ ਨੂੰ ਪੁਰਾਣ ਕਥਾਵਾਂ ਵਿਚਲੀਆਂ ਮਿੱਥਾਂ ਰਾਹੀਂ ਮਜ਼ਬੂਤ/ਪਦਾਰਥਕ ਸ਼ਕਲ ਦੇਣ ਦਾ ਸਫ਼ਲ ਯਤਨ ਕਰਦੇ ਹਨ। ਪੁਰਾਣਾਂ ਵਿਚਲੀਆਂ ਤਾਕਤਵਰ ਮਿੱਥਾਂ ਅੰਤਿਮ ਰੂਪ ਵਿਚ ਬ੍ਰਹਮ ਅੰਦਰ ਵਿਲੀਨ ਹੋ ਜਾਂਦੀਆਂ ਹਨ ਕਿਉਂਕਿ 'ਬ੍ਰਹਮ ਦੀ ਸੱਤਾ' ਦੀ ਪਕਿਆਈ ਰਾਜੇ ਅਤੇ ਰਾਜਿਆਂ ਦੇ ਰਾਜੇ ਭਾਵ ਸੱਭਿਆਚਾਰ ਅੰਦਰਲੇ ਪਤਵੰਤੇ ਚਿਹਨ ਜਿੰਨੀ ਵੱਧ ਗਿਣਤੀ ਵਿਚ ਇੱਕ ਸੱਤਾ ਅੱਗੇ ਝੁਕਦੇ ਹਨ 'ਬ੍ਰਹਮ ਦੀ ਸੱਤਾ' ਉਨੀ ਹੀ ਵਧੇਰੇ ਮਜ਼ਬੂਤ ਹੁੰਦੀ ਜਾਂਦੀ ਹੈ। ਭਾਰਤ/ਪੰਜਾਬੀ ਸੱਭਿਆਚਾਰ ਵਿਚ ਸੱਭਿਆਚਾਰਕ ਚਿਹਨ/ਸੰਤ/ਭਗਤ ਅਤੇ ਦਾਤਾ/ਸੂਰਮਾ ਸਭ ਬ੍ਰਹਮ ਦੀ ਸ਼ਰਣ ਵਿਚ ਹਨ ਅਤੇ ਸ਼ਰਣਾਗਤ ਚਿਹਨਾਂ ਦੀ ਲੜੀ ਕਾਰਨ 'ਬ੍ਰਹਮ ਦੀ ਸੱਤਾ' ਮਜ਼ਬੂਤ ਅਤੇ ਅਡੋਲ ਨਜ਼ਰ ਆਉਂਦੀ ਹੈ।

ਮਿੱਥ ਮੁੱਢ 'ਚ ਤਾਂ ਆਦਿ ਕਾਲ ਜਾਂ ਪੂਰਵ ਵਿਗਿਆਨਕ ਲੋਕਾਂ ਦੁਆਰਾ ਭੇਤ ਭਰੀ ਇਸ ਕੁਦਰਤ ਦੇ ਰਹੱਸ ਨੂੰ ਪ੍ਰਗਟ ਕਰਨ ਅਤੇ ਉਸਦੀ ਕਰੋਪੀ ਤੋਂ ਬਚਣ ਲਈ ਉਸ ਨੂੰ ਖੁਸ਼ ਕਰਨ ਦੀਆਂ ਕਲਪਨਾਵਾਂ ਭਰਪੂਰ ਕਥਾਵਾਂ ਹਨ। ਜਿਸ ਨੂੰ ਉਹ ਆਪਣੀ ਦੂਰਦਰਸ਼ਨੀ ਕਲਪਨਾ ਉਡਾਰੀ ਨਾਲ ਘੜਦੇ, ਤਰਾਸ਼ਦੇ ਇੱਕ ਕਲਾ, ਮਨ-ਪ੍ਰਚਾਵਾ, 'ਵਿਗਿਆਨ' ਅਤੇ ਸੱਭਿਆਚਾਰ ਬਣਾਉਂਦੇ ਹੋਏ ਜੀਵਨ ਬਸਰ ਕਰਦੇ ਜੋ ਉਹਨਾਂ ਦੀ ਵਿਰਾਸਤ ਬਣ ਕੇ ਪੀੜ੍ਹੀਆਂ ਵਿਚ ਚਲਨ ਬਣ ਜਾਂਦਾ। ਦੈਵੀ ਸ਼ਕਤੀ ਦੀ ਕਰੋਪੀ ਤੋਂ ਬਚਣ ਲਈ ਉਹਨਾਂ ਟੌਟਮ ਅਤੇ ਵਰਜਣਾਵਾਂ (Taboo) ਘੜੀਆਂ। ਉਹਨਾਂ ਦੀ ਵਿਗਿਆਨਕ ਸਮਝ (ਪ੍ਰਕਿਰਤੀ/ਗਿਆਨ ਆਧਾਰਤ) ਦੀਆਂ ਪਰਿਕਲਪਨਾਵਾਂ ਦਾ ਸਿੱਟਾ ਹੀ ਸੀ ਕਿ ਬੰਦਾ ਕੁਦਰਤ ਦੇ ਕਹਿਰ ਨਾਲ ਘੌਜਲਦਾ ਸਮਰੱਥ ਬੁੱਧੀਵਾਨ ਵੀ ਬਣਿਆ ਅਤੇ ਸਰਵਾਈਵ ਕਰਦਿਆਂ ਸੱਭਿਅਕ ਸਮਾਜ ਤਕ ਪਹੁੰਚਿਆ। ਜੇਮਜ ਵੀਘਲ ਇਸੇ ਨੂੰ ਸ਼ੁੱਧ ਮਿੱਥ ਆਖਦਾ ਹੈ, "ਸ਼ੁੱਧ ਮਿੱਥ ਆਦਿ ਕਾਲ ਵਿਗਿਆਨ ਆਦਿ ਕਾਲ ਧਰਮ ਦੋਵਾਂ ਨੂੰ ਪੇਸ਼ ਕਰਦੀ ਹੈ। ਇਹਨਾਂ ਨੇ ਕੁਦਰਤੀ ਵਰਤਾਰਿਆਂ ਬਾਰੇ ਕਹਾਣੀਆਂ ਬਣਾ-ਬਣਾ ਕੇ ਵਿਆਖਿਆ ਕੀਤੀ ਹੈ, ਜਿਵੇਂ ਸੂਰਜ, ਤਾਰੇ, ਫੁੱਲ, ਤੂਫ਼ਾਨ, ਜਵਾਲਾਮੁਖੀ ਪਹਾੜ ਆਦਿ ਬਾਰੇ ਅਨੇਕਾਂ ਕਿਸਮ ਦੀਆਂ ਗੱਲਾਂ ਜਾਂ ਉਹ ਕਹਾਣੀਆਂ ਜਿਹੜੀਆਂ ਇਹ ਦਿਖਾਉਂਦੀਆਂ ਹਨ ਕਿ ਇਹਨਾਂ ਆਦਮੀਆਂ ਦਾ ਦੈਵੀ ਤਾਕਤਾਂ (Gods) ਪ੍ਰਤੀ ਕੀ ਰਵੱਈਆ ਸੀ। ਇਹਨਾਂ ਤੱਥਾਂ ਵਿਚ ਦਰਜ ਹੈ ਕਿ ਸੰਸਾਰ ਕਿਵੇਂ ਹੋਂਦ ਵਿਚ ਆਇਆ, ਇਹਨਾਂ ਦੀਆਂ ਵੱਖ-ਵੱਖ ਦੈਵੀ ਤਾਕਤਾਂ ਹਨ ਅਤੇ ਮੁੱਖ ਤਾਕਤ ਇਹਨਾਂ ਨੂੰ ਕਿਵੇਂ ਨਿਯੰਤ੍ਰਤ ਕਰਦੀ ਹੈ ਅਤੇ ਕਿਵੇਂ ਇਹ ਦੈਵੀ ਤਾਕਤਾਂ ਸੰਸਾਰ ਅਤੇ ਬੰਦੇ ਨੂੰ ਪ੍ਰਭਾਵਤ ਕਰਦੀਆਂ ਹਨ ਅਤੇ ਕਿਹੜੇ ਸਾਧਨ ਹਨ ਜਿਹਨਾਂ ਰਾਹੀਂ ਬੰਦਾ ਉਹਨਾਂ ਦੀਆਂ ਨਾਰਾਜ਼ਗੀਆਂ /ਕਰੋਪੀਆਂ ਨੂੰ ਰੋਕ ਸਕਦਾ ਹੈ।"

ਫਰਾਇਡ ਮਨੋਵਿਗਿਆਨ ਦਾ ਸਿਧਾਂਤ ਇਸੇ ਜਨਜਾਤੀਆਂ/ਕਬੀਲਿਆਂ (Anthropological studies) ਦੀਆਂ ਖੋਜਾਂ 'ਚੋਂ ਉਸਾਰਦਾ ਹੈ ਅਤੇ ਮਨੋਵਿਗਿਆਨ ਉੱਪਰ ਸਮਾਜਿਕ ਗਲਬੇ ਨੂੰ ਸਮਝਣ



ਦਾ ਯਤਨ ਕਰਦਾ ਹੈ। ਸਮਾਜ ਵਿਚਲੇ ਮਨੁੱਖਾਂ ਦੇ ਬਹੁਤ ਮਨੋਰੋਗਾਂ ਦਾ ਕਾਰਨ ਵਾਰ-ਵਾਰ ਇਤਿਹਾਸ ਭਾਵ ਮਿੱਥਾਂ ਨੂੰ ਸਮਝਣ ਵਿਚੋਂ ਪ੍ਰਾਪਤ ਹੁੰਦਾ ਹੈ ਅਤੇ ਇਹੋ ਹੀ ਭਵਿੱਖ ਵੱਲ ਜਾਣ ਦਾ ਸਾਧਨ ਵੀ ਹੈ। ਯੂਰਪੀ ਪ੍ਰਬੋਧਨ (Enlightenment) ਤੋਂ ਬਾਅਦ ਦੇ ਗਿਆਨ ਸ਼ਾਸਤਰ ਦਾ ਮਹੱਤਵ ਹੀ ਇਸੇ ਕਰਕੇ ਹੈ ਕਿ ਉਹ ਮਨੁੱਖ ਅਤੇ ਉਸਦੇ ਸਮਾਜ ਦੇ ਸੰਕਟਾਂ 'ਚੋਂ ਮਨੁੱਖ ਦੀ ਮੁਕਤੀ ਲਈ ਵਾਰ-ਵਾਰ ਇਤਿਹਾਸ ਦੇ ਆਦਿ ਬਿੰਦੂ ਵੱਲ ਜਾਂਦੇ ਅਤੇ ਮਾਨਵ ਹੋਣ ਦੇ ਸਰੋਤ ਢੂੰਡ ਕੇ ਲਿਆਉਣ ਦੀ ਕੋਸ਼ਿਸ਼ ਕਰਦੇ। ਫਰਾਇਡ ਦੇ ਮਨੋਵਿਗਿਆਨ ਦਾ ਮੁੱਖ ਸਰੋਤ ਵੀ ਮਾਨਵ ਵਿਗਿਆਨ ਸਬੰਧੀ ਖੋਜਾਂ (Anthropological studies) ਹੀ ਹਨ, ਜਿਥੋਂ ਉਹ TOTEM ANO TABOO ਰਾਹੀਂ ਪੂਰਵ ਇਤਿਹਾਸ ਦੇ ਇਤਿਹਾਸਕ ਚਲਨ 'ਚੋਂ ਸਮਾਜਿਕ ਵਿਚਾਰਾਂ ਦੇ ਨਿਯੰਤ੍ਰਣ ਨੂੰ ਖੋਜ ਪਾਉਂਦਾ ਹੈ ਤੇ ਬੰਦੇ ਦੇ ਮਨ 'ਤੇ ਸਮਾਜਿਕ ਵਿਚਾਰਾਂ ਦੀ ਸਰਦਾਰੀ ਦੇ ਕਬਜ਼ੇ ਨੂੰ ਲੱਭਣ ਦੀ ਸਫਲ ਕੋਸ਼ਿਸ਼ ਕਰਦਾ ਹੈ। ਉਦਾਹਰਣ ਵਜੋਂ—

'ਮਨੋਵਿਗਿਆਨ ਕਿਸੇ ਭੈਅ ਜਾਂ ਭੂਤ ਨੂੰ ਸਭ ਤੋਂ ਪੁਰਾਤਨ ਅਤੇ ਆਰੰਭਕ ਬਿੰਦੂ ਨਹੀਂ ਸਮਝਦਾ ਕਿ ਉਸ ਤੋਂ ਪੂਰਬਵਰਤੀ ਹਾਲਾਤ ਦਾ ਪਤਾ ਨਾ ਲੱਗ ਸਕੇ। ਜੇ ਭੂਤ ਪ੍ਰੇਤ ਤੇ ਸ਼ੈਤਾਨ ਸੱਚਮੁੱਚ ਹੁੰਦੇ ਤਾਂ ਹੋਰ ਗੱਲ ਸੀ ਪਰ ਅਸੀਂ ਜਾਣਦੇ ਹਾਂ ਕਿ ਦੇਵਤਿਆਂ ਵਾਂਗ ਹੀ ਇਹ ਸਭ ਕੁਝ ਵੀ ਮਨੁੱਖੀ ਮਨ ਦੀ ਪੈਦਾਵਾਰ ਹਨ। ਇਨ੍ਹਾਂ ਨੂੰ ਕਿਸੇ ਚੀਜ਼ ਨੇ ਕਿਸੇ ਦੂਸਰੀ ਚੀਜ਼ ਤੋਂ ਘੜਿਆ ਹੈ।"

ਫਰਾਇਡ ਮਨ ਉੱਪਰ ਜੰਮੀਆਂ ਮਿਥਕ ਕਥਾਵਾਂ ਨੂੰ ਖਰੋਚ ਕੇ ਖੌਫ਼ ਦੀ ਚਾਦਰ ਲਾਹੁਣ ਹਿੱਤ ਕਾਰਜ ਕਰਦਾ ਹੈ, ਜੋ ਸਾਡੀਆਂ ਕੋਸ਼ਿਕਾਵਾਂ ਦੁਆਲੇ ਘੁੱਟ ਕੇ ਜੱਫ਼ੀ ਪਾ ਕੇ ਬੈਠੀਆਂ ਹੁੰਦੀਆਂ ਹਨ। ਇਹਨਾਂ ਨੂੰ ਉਤਾਰਨਾ ਆਸਾਨ ਨਹੀਂ ਹੈ, ਪਰ ਬੰਦੇ ਦੇ 'ਸਿਰ' ਦੀ ਮੁਕਤੀ ਇਹਨਾ ਮਿੱਥਕ ਸੱਤਾਵਾਂ ਨੂੰ ਖੁਰਚਣਾ ਹੈ। ਇਹ ਸਮਾਂ ਅਤੇ ਸਥਿਤੀ ਨਾਲ ਜੁੜਿਆ ਮਸਲਾ ਹੈ। ਕੁੰਠਾਵਾਂ ਘੁੰਡੀਆਂ ਬਣ ਕੇ ਮਾਸੂਰ/ਕੈਂਸਰ ਵਾਂਗ ਜੜ੍ਹਾਂ ਫੈਲਾਈ ਜਾਂਦੀਆਂ ਹਨ ਅਤੇ ਸੱਭਿਆਚਾਰਕ ਮਿੱਥਾਂ ਦੀ ਸੱਤਾ ਹਿੱਤ ਕਾਰਜ ਕਰਦੀ ਹੈ।

ਸੱਭਿਆਚਾਰ ਦੁਆਰਾ ਅਜਿਹੀਆਂ ਅਧਿਆਤਮਕ/ਧਾਰਮਿਕ ਮਿੱਥਾਂ ਵੀ ਸਿਰਜ ਦਿੱਤੀਆਂ ਗਈਆਂ ਹੁੰਦੀਆਂ ਹਨ, ਜਿਨ੍ਹਾਂ ਬਾਰੇ ਸ਼ੱਕ ਦੀ ਬਜਾਏ ਸ਼ਰਧਾ/ਵਿਸ਼ਵਾਸ ਹੀ ਇੱਕੋ ਇੱਕ ਸਮਾਜਿਕ/ਸੱਭਿਆਚਾਰਕ ਨੇਮ ਰਹਿ ਜਾਂਦਾ ਹੈ। ਅਜਿਹੀਆਂ ਮਿੱਥਾਂ ਦੇ ਸਰੋਤਾਂ ਤਕ ਪਹੁੰਚਣਾ ਨਾ-ਮੁਮਕਿਨ ਹੁੰਦਾ ਹੈ। ਇਹਨਾਂ ਮਿੱਥਾਂ ਦੀ ਸੱਤਾ ਦੇ ਸਰੋਤਾਂ ਤਕ ਤਾਂ ਹੀ ਪਹੁੰਚਿਆ ਜਾ ਸਕਦਾ ਹੈ ਜੇ ਹੈਜਮੌਨਿਕ ਧਿਰ ਪਹਿਲੀ ਹੈਜਮੌਨਿਕ ਧਿਰ ਦੀ ਰਹਿੰਦ ਖੂੰਹਦ ਮਿਟਾਉਣਾ ਚਾਹੁੰਦੀ ਹੋਵੇ ਅਤੇ ਉਹ ਚਿੰਤਕਾਂ ਨੂੰ ਉਤਸ਼ਾਹਤ ਕਰਦੀ ਹੋਈ ਸੱਭਿਆਚਾਰਕ ਰੂਪਾਂਤਰਣ ਨੂੰ ਤਰਜੀਹ ਦੇਵੇ (ਜਿਵੇਂ ਯੂਰਪੀ ਬੁਰਜੂਆਜੀ ਨੇ ਕੀਤਾ), ਵਰਨਾ ਇਹ ਵੀ ਚਿੰਤਨੀ ਪ੍ਰਤੀਰੋਧ ਮਾਤਰ ਰਹਿ ਜਾਂਦਾ ਹੈ।

ਫਰਾਇਡ ਦੀਆਂ ਉਪਰੋਕਤ ਗੱਲਾਂ ਹੀ ਨਹੀਂ ਯੂਰਪੀ ਸਮਾਜ ਦੇ ਬਹੁਤ ਸਾਰੇ ਪ੍ਰਬੋਧਨੀ ਚਿੰਤਕਾਂ ਨੇ ਬਹੁਤ ਪਹਿਲਾਂ ਹੀ ਰੱਬ ਦੀ ਹੋਂਦ ਤੋਂ ਇਨਕਾਰ ਕਰ ਦਿੱਤਾ ਸੀ। ਭਾਰਤੀ ਚਾਰਵਾਕ ਵੀ ਬ੍ਰਹਮ ਦੀ ਹੋਂਦ ਤੋਂ ਇਨਕਾਰੀ ਪ੍ਰਕਿਰਤੀ ਗਿਆਨ ਨਾਲ ਜੁੜੇ ਕਾਰਜ ਕਾਰਨ ਨੂੰ ਢੂੰਡ ਚੁੱਕੇ ਸਨ। ਭਾਰਤ ਵਿਚਲੀ ਹੈਜਮੌਨਿਕ ਜਮਾਤ ਨੇ ਚਾਰਵਾਕਾਂ ਨੂੰ ਉਹਨਾਂ ਦੇ ਗਿਆਨ ਸਮੇਤ ਸਪੁਰਦੇ ਆਤਿਸ਼ ਕਰ ਦਿੱਤਾ, ਕਿਉਂਕਿ ਉਹਨਾਂ ਦੁਆਰਾ ਪੇਸ਼ ਸੰਦੇਹ ਹੈਜਮੌਨਿਕ ਮਿੱਥਾਂ ਦਾ ਘਾਣ ਕਰਦਾ ਸੀ। ਯੂਰਪ ਨੇ ਤਾਂ ਆਧੁਨਿਕ ਯੁੱਗ ਵਿਚ ਮਹਾਨ ਚਿੰਤਕ ਪੈਦਾ ਕੀਤੇ ਜੋ 'ਰੱਬ ਦੀ ਸੱਤਾ' ਨਾਲ ਲੜ ਕੇ ਉਸਦੀ ਮਿੱਥ ਨੂੰ ਉਲਟਾਉਣ ਵਿਚ ਭੂਮਿਕਾ ਨਿਭਾਅ ਕੇ ਗਏ ਕਿ ਸਾਡੇ ਦੁੱਖਾਂ ਦਾ ਕਾਰਨ 'ਰੱਬ ਦੀਆਂ ਸੰਸਥਾਵਾਂ' ਦੁਆਰਾ ਉਸਾਰੀਆਂ ਮਿੱਥਾਂ ਹਨ। ਤੰਤਰ ਇਹਨਾਂ ਮਿੱਥਾਂ ਦੀ ਸੱਤਾ ਨੂੰ ਵਰਤ ਕੇ ਸਾਡੇ ਦਮਨ ਨੂੰ ਸਦੈਵ ਬਣਾਈ ਰੱਖਣਾ ਚਾਹੁੰਦਾ ਹੈ, ਉਸ ਤਰ੍ਹਾਂ ਸਾਨੂੰ ਰੱਬ ਨੇ ਨਹੀਂ ਸਗੋਂ ਬੰਦੇ ਨੇ ਰੱਬ ਨੂੰ ਪੈਦਾ ਕੀਤਾ ਹੈ। ਰੱਬ/ਬ੍ਰਹਮ ਇੱਕ ਅਜਿਹੀ ਮਿੱਥ ਹੈ, ਜਿਸ ਨੂੰ ਪੱਕਿਆਂ ਕਰਨ ਲਈ ਕੁੱਲ ਸੰਸਾਰ ਦੀਆਂ ਸੱਤਾਵਾਂ (ਧਰਮ ਆਧਾਰਤ ਸੰਸਥਾਵਾਂ ਵੀ) ਯਤਨਸ਼ੀਲ ਰਹਿੰਦੀਆਂ ਹਨ। ਪ੍ਰਬੋਧਨ ਤੋਂ ਵਾਂਝੇ ਰਹਿ ਗਏ ਅਤੇ

ਸਾਮਰਾਜਵਾਦ ਦੀ ਮਾਰ ਝੱਲਦੇ ਸੰਸਾਰ ਅੰਦਰ ਅਜਿਹੀਆਂ ਮਿੱਥਾਂ ਦੀਆਂ ਸੱਤਾਵਾਂ ਅੱਜ ਵੀ ਆਪਣੇ ਦੁਆਲੇ ਕਦੇ 'ਨਾ ਟੁੱਟਣ' ਵਾਲੇ ਜ਼ਰਾਬਖਤਰ ਲਪੇਟੀ ਬੈਠੀਆਂ ਹਨ। ਲੈਵੀ ਸਤਰਾਸ ਇਸੇ ਕਰਕੇ ਹੀ ਆਖਦਾ ਹੈ ਕਿ ਮਿੱਥ ਭਾਵੇਂ ਮਰ ਵੀ ਜਾਵੇ ਉਹ ਆਪਣੀ ਗੰਢ ਨੂੰ ਕੋਡ ਵਿਚ ਲਪੇਟ ਕੇ ਇਤਿਹਾਸ ਵਿਚ ਸੁੱਟ ਦਿੰਦੀ ਹੈ, ਇਹ ਆਪਣੇ ਆਪ ਨੂੰ ਤਬਦੀਲ ਵੀ ਕਰਦੀ ਹੈ ਅਤੇ ਅੱਗੇ ਤੋਂ ਅੱਗੇ ਵੱਖ-ਵੱਖ ਰੂਪਾਂ ਵਿਚ ਇੱਕ ਤੋਂ ਦੂਸਰੇ ਸਮਾਜਾਂ ਤਕ ਯਾਤਰਾ ਵੀ ਕਰਦੀ ਹੈ। ਇਸੇ ਲਈ ਮਿੱਥ ਦੀ ਮੌਤ ਦਾ ਸੰਬੰਧ ਸਥਾਨ ਨਾਲ ਤਾਂ ਹੈ ਪਰ ਸਮੇਂ ਨਾਲ ਨਹੀਂ।

ਮਾਨਵ ਵਿਗਿਆਨ ਸਬੰਧੀ ਖੋਜਾਂ ਤੋਂ ਇੱਕ ਗੱਲ ਸਪੱਸ਼ਟ ਹੁੰਦੀ ਹੈ ਕਿ ਜਨਜਾਤੀਆਂ। ਕਬੀਲਿਆਂ ਦਾ ਮਕਸਦ ਤਾਂ ਕਬੀਲੇ ਨੂੰ ਸਹੀ ਰੱਖਣ ਲਈ ਕੁਝ ਵਰਜਣਾਵਾਂ (TABOO) ਸਨ, ਜਿਸ ਨੇ ਬੰਦੇ ਦੇ ਮਨੋਵਿਗਿਆਨ ਵਿਚ ਹੁਕਮ ਲਈ ਅੰਸ਼ਕ ਗਲੀਆਂ ਕਰ ਦਿੱਤੀਆਂ ਅਤੇ ਜਿਸ ਨੂੰ ਸੱਭਿਅਤਾ (Civilization) ਨੇ ਸਮਾਜਿਕ ਆਦਰਸ਼ ਦੇ ਨਾਂਅ ਹੇਠ ਅਤੇ ਅਗਲੇ ਜਨਮ ਦੀ ਮੁਕਤੀ ਦੇ ਆਡੰਬਰ ਹੇਠ ਮਨਾਂ ਅੰਦਰ ਅੰਸ਼ਕ ਗਲੀਆਂ ਨੂੰ ਪੱਕਿਆਂ ਕਰਦਿਆਂ ਉਸ ਵਿਚ ਸੱਤਾ ਦਾ ਹੁਕਮ/ ਸੱਤਾ ਦਾ ਪ੍ਰਵਚਨ ਨੱਪ-ਨੱਪ ਕੇ ਭਰ ਦਿੱਤਾ ਅਤੇ ਇਹਨਾਂ ਨੂੰ ਭਰਨ ਦਾ ਕੰਮ ਮਿੱਥ ਕਰਦੀ ਹੈ। ਸੱਤਾ ਹੈਜਮੌਨਿਕ ਵਿਚਾਰਾਂ ਨੂੰ ਸੱਭਿਆਚਾਰ ਰਾਹੀਂ ਭਰਦੀ ਹੈ ਅਤੇ ਮਿੱਥਾਂ ਸੱਭਿਆਚਾਰ ਦਾ ਅਟੁੱਟ ਅੰਗ ਹੁੰਦੀਆਂ ਹਨ। **ਪਤਾ- ਪੰਜਾਬੀ ਬਾਗ਼ ਕਲੋਨੀ, ਮਨਸੂਰਵਾਲ ਦੋਨਾ, ਕਪੂਰਥਲਾ (ਮੁ. 98140-99426)**

## ਮਿਥਾਂ ਦੀ ਉਪਯੋਗਤਾ/ ਬੈਰੋਜ਼ ਡਨਹੈਮ

**ਅਨੁਵਾਦ: ਡਾ. ਗੁਰਚਰਨ ਸਿੰਘ ਅਰਸ਼ੀ**

ਬੈਰਨ ਦ ਹੋਲਬਾਚ ਨੇ ਲਿਖਿਆ ਸੀ, "ਮਨੁੱਖ ਦਾ ਦੁਖ ਪ੍ਰਕ੍ਰਿਤੀ ਤੋਂ ਉਸ ਦੀ ਅਗਿਆਨਤਾ ਕਾਰਨ ਪੈਦਾ ਹੁੰਦਾ ਹੈ। ਇਹ ਗੂੜ੍ਹ ਸੱਚ ਹੈ, ਅਤੇ ਮਨੁੱਖਤਾ ਦਾ ਭਵਿੱਖ ਬੇਸ਼ੱਕ ਇਸੇ ਉਪਰ ਨਿਰਭਰ ਕਰਦਾ ਹੈ। ਗਿਆਨ, ਨਿਸਚੇ ਹੀ, ਆਪਣੇ ਆਪ ਵਿਚ ਇਕ ਤਸੱਲੀ ਹੈ। ਅਸੀਂ ਮੁਮਕਿਨ ਤੌਰ 'ਤੇ ਇਹ ਮਹਿਸੂਸ ਕਰ ਸਕਦੇ ਹਾਂ ਕਿ ਭਾਵੇਂ ਅਸੀਂ ਹਾਲਾਤ ਦੇ ਥਪੇੜਿਆਂ ਤੋਂ ਨਹੀਂ ਬਚ ਸਕੇ, ਪਰ ਇਹ ਜਾਣਨ ਵਿਚ ਕੁਝ ਨਾ ਕੁਝ ਤਸੱਲੀ ਅਨੁਭਵ ਹੁੰਦੀ ਹੈ ਕਿ ਸਾਨੂੰ ਕਿਸ ਨੇ ਸੱਟ ਮਾਰੀ ਹੈ। ਤਦ ਵੀ, ਸਾਨੂੰ ਹੋਰ ਵੀ ਕਿੰਨਾ ਜ਼ਿਆਦਾ ਧਰਵਾਸ ਮਿਲਦਾ ਜੇ ਸਾਨੂੰ ਦਿਲਾਸੇ ਦੀ ਜ਼ਰੂਰਤ ਹੀ ਨਾ ਪੈਂਦੀ, ਜੇ ਸਾਡਾ ਗਿਆਨ ਸਾਹਮਣੇ ਆਉਣ ਵਾਲੇ ਹਾਲਾਤ ਬਾਰੇ ਹੋਰ ਜ਼ਿਆਦਾ ਜਾਣਕਾਰੀ ਨਾਲ ਇੰਨਾ ਬਦਲ ਜਾਂਦਾ ਕਿ ਅਸੀਂ ਹਾਲਾਤ ਉਤੇ ਕਾਬੂ ਪਾ ਸਕਦੇ ਹੁੰਦੇ।

ਭੌਤਿਕ ਬ੍ਰਹਿਮੰਡ ਵਿਚ ਜ਼ਿਆਦਾਤਰ ਇਵੇਂ ਹੀ ਵਾਪਰਦਾ ਹੈ ਅਤੇ ਇਸ ਦੀ ਸਿੱਧੀ ਪਿਛਲੇ ਤਿੰਨ ਸੌ ਸਾਲਾਂ ਦੀ ਮਹਾਨ ਪ੍ਰਾਪਤੀ ਹੈ। ਪ੍ਰਕ੍ਰਿਤੀ ਉਤੇ ਮਨੁੱਖ ਦੀ ਗ਼ੈਰਮਾਮੂਲੀ ਫ਼ੈਲਾਉ ਵਾਲੀ ਵਸੀਕਾਰਤਾ ਨੂੰ ਮੁੜ ਗਿਣਨ ਦੀ ਸਾਨੂੰ ਕੋਈ ਲੋੜ ਨਹੀਂ। ਇੰਨਾ ਕਹਿਣਾ ਹੀ ਕਾਫ਼ੀ ਹੈ ਕਿ ਇਹ ਵਸੀਕਾਰਤਾ ਇੰਨੀ ਮਹਾਨ ਹੈ ਕਿ ਧਰਤੀ ਦੀ ਕੁਲ ਜਨਸੰਖਿਆ ਆਪਣੀਆਂ ਲੋੜਾਂ ਦੀ ਜ਼ਰੂਰਤ ਮੁਤਾਬਿਕ ਪੂਰਤੀ ਕਰ ਸਕਦੀ ਹੈ। ਅਸੀਂ ਕਿਸੇ ਵੀ ਕੁਦਰਤੀ ਵਿਨਾਸ਼ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਾਂ ਜਿਸ ਦੀ ਜ਼ਰੂਰਤ ਮੁਤਾਬਿਕ ਪੂਰਤੀ ਕਰ ਸਕਦੀ ਹੈ। ਅਸੀਂ ਕਿਸੇ ਵੀ ਕੁਦਰਤੀ ਵਿਨਾਸ਼ ਤੋਂ ਆਪਣੇ ਆਪ ਨੂੰ ਬਚਾ ਸਕਦੇ ਹਾਂ ਜਿਸ ਦੀ ਵਾਜਿਬ ਤੌਰ 'ਤੇ ਆਸ ਕੀਤੀ ਜਾ ਸਕਦੀ ਹੈ ਅਤੇ ਅਸੀਂ ਉਸ ਭਰਪੂਰਤਾ ਦੀ ਕੋਈ ਸੀਮਾ ਨਹੀਂ ਮਿੱਥ ਸਕਦੇ ਜਿਹੜੀ ਸਾਡੀ ਤਕਨਾਲੋਜੀ ਨੇ ਮੁਮਕਿਨ ਬਣਾਈ ਹੈ। ਆਧੁਨਿਕ ਮਨੁੱਖਾਂ ਦੀ ਨਿਭਾਉ-ਯੋਗਤਾ ਨੇ ਬੇਸ਼ੱਕ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਗਿਆਨ ਹੈ ਨਾ ਕਿ ਵਿਸ਼ਵਾਸ, ਜਿਸ ਨਾਲ ਪਹਾੜ ਵੀ ਸੱਚਮੁਚ ਹਿਲਾਏ ਜਾ ਸਕਦੇ ਹਨ।

ਪਰ ਜਦੋਂ ਅਸੀਂ ਸਮਾਜ ਵਲ ਰੁਖ਼ ਕਰਦੇ ਹਾਂ, ਮਨੁੱਖ ਦੇ ਹੋਰਨਾਂ ਨਾਲ ਸੰਬੰਧਾਂ ਬਾਰੇ ਸੋਚਦੇ ਹਾਂ, ਤਾਂ ਸਾਨੂੰ ਕੋਈ ਅਜਿਹਾ ਫ਼ਾਇਦੇਮੰਦ ਜ਼ਾਬਤਾ ਨਹੀਂ ਮਿਲਦਾ। ਕੁਦਰਤ ਵਲੋਂ ਇੰਨੀ ਕਾਰਜ-ਕੁਸ਼ਲਤਾ ਨਾਲ



ਹਾਸਲ ਕੀਤੀਆਂ ਬਖ਼ਸ਼ਿਸ਼ਾਂ ਦੀ ਸਹੀ ਵੰਡ-ਵੰਡਾਈ ਨਹੀਂ ਹੋਈ ਅਤੇ ਇਸ ਵੰਡ-ਵੰਡਾਈ ਵਿਚ ਅਸਫਲ ਰਹੇ ਹੋਣ ਕਰ ਕੇ, ਇਸ ਦੀ ਘਾਤਕ ਪ੍ਰਕ੍ਰਿਆ ਵਜੋਂ, ਇਨ੍ਹਾਂ ਦੀ ਉਪਜ ਵਿਚ ਅੜਚਨ ਆਈ ਹੈ। ਜਦੋਂ ਨਿਰਾਸਤਾ ਪੈਦਾ ਹੁੰਦੀ ਹੈ, ਅਸੀਂ ਜ਼ਿਆਦਾ ਪੈਦਾਵਾਰ ਦੇ ਬਾਵਜੂਦ ਵੀ ਆਪਣੇ ਆਪ ਨੂੰ ਮੁਫਲਿਸ ਅਨੁਭਵ ਕਰਦੇ ਹਾਂ। ਸਾਡੀਆਂ ਮਸ਼ੀਨਾਂ ਸਾਰਿਆਂ ਦੀ ਮਿਹਨਤ ਬਚਾਉਣ ਦੀ ਬਜਾਇ ਕੁਝ ਲੋਕਾਂ ਨੂੰ ਰਈਸੀ ਦੇ ਸਹਿਤ ਵਿਹਲ ਨਾਲ ਵਰੋਸਾਉਂਦੀਆਂ ਹਨ ਅਤੇ ਕਈਆਂ ਲੋਕਾਂ ਨੂੰ ਵਿਹਲ ਸਹਿਤ ਗੁਰਬਤ ਪ੍ਰਦਾਨ ਕਰਦੀਆਂ ਹਨ।

ਜੰਗਾਂ ਸਾਨੂੰ ਹੜੱਪ ਕਰ ਜਾਂਦੀਆਂ ਅਤੇ ਬਰਬਾਦ ਕਰ ਦਿੰਦੀਆਂ ਹਨ। ਸਾਰੀਆਂ ਜਨਸੰਖਿਆਵਾਂ ਤਸੀਹੇ ਸਹਿੰਦੀਆਂ ਹਨ ਅਤੇ ਗੁਲਾਮੀ ਹੰਢਾਉਂਦੀਆਂ ਹਨ ਕਿਉਂਕਿ ਉਹ ਜਾਂ ਉਨ੍ਹਾਂ ਦੇ ਇਲਕਿਆਂ ਵਿਚ ਮਨਇੱਛਤ ਧਨ-ਦੌਲਤ ਹੁੰਦੀ ਹੈ। ਗਣਤੰਤਰੀ ਮੁਲਕ ਹੋਰਨਾਂ ਥਾਵਾਂ ਉਤੇ ਫ਼ਾਸ਼ੀਵਾਦ ਦੀ ਚੜ੍ਹਤ ਦੇਖਦੇ ਹਨ, ਤਾਂ ਉਨ੍ਹਾਂ ਨੂੰ ਆਪਣੇ ਮਾਨਯੋਗ ਨਾਗਰਿਕਾਂ ਵਿਚ ਉਨ੍ਹਾਂ ਹੀ ਵਹਿਸ਼ੀ ਤ੍ਰਿਪਤੀਆਂ ਲਈ ਖੁਰਕ ਹੁੰਦੀ ਜਾਪਦੀ ਹੈ। ਅੰਤ ਵਿਚ, ਵਿਗਿਆਨ ਆਪ ਵੀ ਅਤੇ ਨਿਰਪੱਖ ਅਧਿਐਨ ਦੀਆਂ ਸਾਰੀਆਂ ਤਕਨੀਕਾਂ ਫ਼ਾਸ਼ੀਵਾਦ ਵਿਚ ਇਕ ਬੇਰਹਿਮ ਦੁਸ਼ਮਣ ਨੂੰ ਦੇਖਦੀਆਂ ਹਨ, ਜਿਹੜਾ ਆਪਣੇ ਕੁਦਰਤੀ ਸਾਹ ਰਾਹੀਂ ਫਰੇਬ ਅਤੇ ਗ਼ਲਤ ਧਾਰਣਾ ਫ਼ੈਲਾਉਂਦਾ ਹੈ।

ਐਨ ਉਸੇ ਵੇਲੇ, ਨਿਸਚੇ ਹੀ ਇਹ ਵੀ ਸੱਚ ਹੈ ਕਿ ਸਾਡੇ ਕੋਲ ਮਨੁੱਖ ਦੀ ਪ੍ਰਕ੍ਰਿਤੀ ਬਾਰੇ ਅਤੇ ਸਮਾਜ ਬਾਰੇ ਕੁਝ ਗਿਆਨ ਹੈ। ਸਾਡੇ ਕੋਲ ਦਰਅਸਲ, ਇਹ ਬਹੁਤ ਸਾਰਾ ਹੈ, ਪਰ ਇਹ ਸੀਮਿਤ ਹੈ, ਰੋਕ ਪਾਉਣ ਵਾਲਾ ਹੈ ਅਤੇ ਯਕੀਨਨ ਉਨ੍ਹਾਂ ਛੋਟੇ ਅਤੇ ਉਚੇਚੇ ਹੱਕਾਂ ਵਾਲੇ ਜੁੱਟਾਂ ਦੀਆਂ ਆਪਣੀ ਸੱਤਾ ਕਾਇਮ ਰੱਖਣ ਦੀਆਂ ਕੋਸ਼ਿਸ਼ਾਂ ਦੁਆਰਾ ਵਿਗਾੜਿਆ ਹੋਇਆ ਹੈ। ਅਜਿਹੀ ਕੋਸ਼ਿਸ਼ ਮਨੁੱਖਾਂ ਦੇ ਵਡੇਰੇ ਸਮੂਹਾਂ ਨੂੰ ਗੁੰਮਰਾਹ ਕਰਨਾ ਲੋੜਦੀ ਹੈ। ਉਸੇ ਦੀ ਅਨੁਸਾਰਤਾ ਵਿਚ ਮਨੌਤਾਂ ਚੁਣੀਆਂ ਤੇ ਪ੍ਰਚਾਰੀਆਂ ਜਾਂਦੀਆਂ ਹਨ, ਵਿਗਿਆਨ ਨਾਲ ਉਨ੍ਹਾਂ ਦੀ ਸਮਰੂਪਤਾ ਕਰ ਕੇ ਨਹੀਂ, ਸਗੋਂ ਮਨੁੱਖੀ ਵਿਹਾਰ ਉਤੇ ਉਸ ਦਾ ਅਸਰ ਪਾਉਣ ਲਈ। ਆਮ ਗੱਲ ਕਰੀਏ, ਤਾਂ ਸਚਾਈ ਨੂੰ ਸੰਸਾਰ ਵਿਚ ਕਾਇਮ ਰੱਖਣ ਦੀ ਖੇਚਲ ਉਤਨੀ ਕੁ ਦਿੱਤੀ ਗਈ ਹੈ ਜਿਥੋਂ ਤਕ ਇਹ ਸਮਾਜ ਦੇ ਪ੍ਰਸ਼ਾਸਕਾਂ ਦੇ ਫ਼ਾਇਦੇ ਮੁਤਾਬਿਕ ਹੋਵੇ। ਕੋਈ ਸਮਾਂ ਹੁੰਦਾ ਸੀ-ਅਤੇ ਇਹ ਜ਼ਿਆਦਾ ਪਹਿਲਾਂ ਦਾ ਨਹੀਂ ਸੀ-ਜਦੋਂ ਇਹ ਹੁਕਮਰਾਨ ਇਹ ਵੀ ਨਹੀਂ ਜਾਣ ਸਕਦੇ ਸਨ ਕਿ ਜ਼ਮੀਨ ਗੋਲ ਹੈ।

ਪੜ੍ਹੇ-ਲਿਖੇ ਸੰਸਾਰ ਵਿਚ ਵਿਗਿਆਨਾਂ ਦੀ ਇਕ ਦਰਜੇਬੰਦੀ ਹੋਂਦਸ਼ੀਲ ਹੈ ਜਿਸ ਵਿਚ ਗਣਿਤ-ਵਿਗਿਆਨ ਅਤੇ ਭੌਤਿਕ-ਵਿਗਿਆਨ ਸਭ ਤੋਂ ਉਪਰ ਹਨ ਅਤੇ ਮਨੋਵਿਗਿਆਨ ਅਤੇ ਸਮਾਜ-ਵਿਗਿਆਨ ਸਭ ਤੋਂ ਹੇਠਾਂ ਹਨ। ਉਪਰਲੇ ਅਹੁਦਿਆਂ ਉਤੇ ਆਸੀਨ ਸਾਇੰਸਦਾਨ ਘਮੰਡੀ ਅਤੇ ਮਹਿਫ਼ੂਜ਼ ਹਨ ; ਜਿਹੜੇ ਹੇਠਲੇ ਰੁਤਬਿਆਂ ਉਤੇ ਹਨ, ਉਹ ਆਂਸ਼ਿਕ ਤੌਰ 'ਤੇ ਸਾਊ ਹਨ ਅਤੇ ਆਂਸ਼ਿਕ ਤੌਰ 'ਤੇ ਵਿਦਰੋਹੀ ਹਨ। ਉਹ ਇਮਤਿਹਾਨ ਜਿਹੜਾ ਇਨ੍ਹਾਂ ਦਰਜੇਬੰਦੀਆਂ ਦੀ ਤਸਦੀਕ ਕਰਦਾ ਹੈ ਉਹ ਸਹੀਪਨ ਦਾ ਇਮਤਿਹਾਨ ਹੈ। ਇਹ ਆਮ ਤੌਰ 'ਤੇ ਮੰਨਿਆ ਜਾਂਦਾ ਹੈ ਕਿ ਕੋਈ ਵੀ ਅਨੁਸ਼ਾਸਨ ਸਹੀਪਨ ਵਲ ਵਿਕਾਸ ਉਦੋਂ ਕਰਦਾ ਹੈ, ਜਿਉਂ-ਜਿਉਂ ਉਹ ਜ਼ਿਆਦਾ ਹਿਸਾਬੀ ਹੁੰਦਾ ਜਾਂਦਾ ਹੈ, ਇਹ ਵੀ ਮਨੌਤ ਹੈ ਕਿ ਸਹੀਪਨ ਅਤੇ ਸੱਚ ਵਿਚਾਲੇ ਇਕ ਸੁਨਿਸਚਿਤ ਸੰਪਰਕ ਰਹਿੰਦਾ ਹੈ। ਮੇਰਾ ਖ਼ਿਆਲ ਹੈ ਕਿ ਇਹ ਇਮਤਿਹਾਨ ਅਸਪੱਸ਼ਟਤਾ ਤੋਂ ਵਿਹੂਣਾ ਨਹੀਂ ਹੁੰਦਾ, ਪਰ ਕੁਝ ਵੀ ਹੋਵੇ, ਇਹ ਦਰਜੇਬੰਦੀ ਦਾ ਅਸਲ ਕਾਰਨ ਨਹੀਂ। ਅਸਲ ਕਾਰਨ ਇਹ ਹੈ ਕਿ ਭੌਤਿਕ-ਵਿਗਿਆਨ ਸਿਆਸੀ ਤੌਰ 'ਤੇ ਕਾਫ਼ੀ ਨਿਰਲੇਪ ਹਨ, ਜਦ ਕਿ ਸਾਮਾਜਿਕ-ਵਿਗਿਆਨ ਬਾਰੂਦ ਨਾਲ ਭਰੇ ਹੋਏ ਹਨ। ਇਸ ਲਈ ਇਹ ਉਚਿਤ ਹੈ ਕਿ ਦੂਜੇ ਨੂੰ ਗੌਰਵ ਹਾਸਲ ਕਰਨ ਤੋਂ ਰੋਕਿਆ ਜਾਵੇ ਅਤੇ ਇਹ ਦਾਅਵਾ ਵੀ ਕੀਤਾ ਜਾਵੇ ਕਿ ਸਾਮਾਜਿਕ ਵਿਗਿਆਨ ਨਾਂ ਦੀ ਕੋਈ ਚੀਜ਼ ਉੱਕਾ ਹੀ ਨਹੀਂ ਹੋ ਸਕਦੀ। ਸਹੀਪਨ ਦੇ ਇਸ ਪ੍ਰਤਿਮਾਨ ਤੋਂ ਭੁਲੇਖਾ ਖਾ ਕੇ, ਕਈ ਭੌਤਿਕ-ਵਿਗਿਆਨੀਆਂ ਨੇ ਇਹ ਰਾਇ ਦੇ ਪ੍ਰਸਾਰ ਵਿਚ ਮਦਦ ਕੀਤੀ।

ਤਾਂ ਵੀ, ਇਹ ਵੀ ਸੱਚ ਹੈ ਕਿ ਸਾਮਾਜਿਕ ਵਿਗਿਆਨਾਂ ਦੇ ਅੰਦਰਵਾਰ ਵੀ ਦੁਰਪ੍ਰਭਾਵ ਘਰ ਕਰ

ਗਿਆ। ਮੈਂ ਉਨ੍ਹਾਂ ਵਿਦਵਾਨਾਂ ਵਲ ਸੰਕੇਤ ਨਹੀਂ ਕਰ ਰਿਹਾ ਜਿਨ੍ਹਾਂ ਨੇ ਆਪਣੀਆਂ ਆਰਥਿਕ ਖ਼ਾਹਿਸ਼ਾਂ ਦੀ ਪੂਰਤੀ ਕਰਨ ਹਿਤ ਆਪਣੀਆਂ ਜ਼ਿੰਦਗੀਆਂ ਫ਼ਰਮਾਬਰਦਾਰੀ ਨਾਲ ਉਚੇਚੇ ਤੌਰ 'ਤੇ ਦਲੀਲਾਂ ਘੜਨ ਵਿਚ ਖਰਚ ਕਰ ਦਿੱਤੀਆਂ। ਮੈਂ ਇਸ ਤੱਥ ਵਲ ਇਸ਼ਾਰਾ ਕਰ ਰਿਹਾ ਹਾਂ ਕਿ ਵਿਦਵਾਨਾਂ ਉਤੇ ਵੀ ਦਬਾਉ ਪੈਂਦੇ ਹਨ, ਉਹ ਬਦਜ਼ੌਕ ਸਚਾਈਆਂ ਨੂੰ ਮਿੱਠੀਆਂ ਬਣਾ ਕੇ ਪੇਸ਼ ਕਰਨ ਵਲ ਰੁਚਿਤ ਹੁੰਦੇ ਹਨ ਅਤੇ ਉਹ ਸਮਾਜ ਦੇ ਅਧਿਐਨ ਵਿਚ ਉਹ ਦ੍ਰਿਸ਼ਟੀਕੋਣ ਲਿਆਉਂਦੇ ਹਨ ਜਿਸ ਨੂੰ ਪਹਿਲਾਂ ਹੀ ਸਮਾਜ ਨੇ ਅਧਿਐਨ ਵਾਸਤੇ ਨਿਰਧਾਰਿਤ ਕੀਤਾ ਹੋਇਆ ਹੈ। ਇਨ੍ਹਾਂ ਸਾਰੀਆਂ ਮੁਸ਼ਕਿਲਾਂ ਉਤੇ ਕਾਬੂ ਪਾਇਆ ਜਾ ਸਕਦਾ ਹੈ, ਜਾਂ ਕਿਸੇ ਵੀ ਕੀਮਤ ਉਤੇ ਘਟਾਇਆ ਜਾ ਸਕਦਾ ਹੈ, ਪਰ ਜਦ ਤਕ ਇਹ ਹੋਂਦਸ਼ੀਲ ਹਨ, ਤਾਂ ਇਹ ਵਿਗਿਆਨ ਨੂੰ ਪ੍ਰਭਾਵਿਤ ਕਰ ਕੇ ਉਹ ਵਿਗਿਆਨ ਨਹੀਂ ਰਹਿਣ ਦੇਣਗੀਆਂ ਜਿਹਾ ਕਿ ਅਸਲ ਵਿਚ ਇਸ ਨੂੰ ਹੋਣਾ ਚਾਹੀਦਾ ਸੀ। ਮਿਸਾਲ ਦੇ ਤੌਰ 'ਤੇ ਮਨੋਵਿਗਿਆਨ ਨੇ ਕਿਤੇ ਵੱਧ ਸਾਇੰਸ ਹੋਣਾ ਸੀ ਜੇ ਬਹੁਤ ਸਾਰੇ ਵਿਦਵਾਨ ਇਹ ਦਿਖਾਉਣ ਲਈ ਬੇਤਾਬ ਨਾ ਹੁੰਦੇ ਕਿ ਦਿਹਾੜੀਦਾਰਾਂ ਦਾ ਆਈ ਕਿਊ ਮੁਕਾਬਿਲਤਨ ਘੱਟ ਹੁੰਦਾ ਹੈ ਅਤੇ ਆਮ ਲੋਕ ਮਨੋਵਿਗਿਆਨਿਕ ਤੌਰ 'ਤੇ ਆਪਣੀ ਸਰਕਾਰ ਚਲਾਉਣ ਦੇ ਕਾਬਿਲ ਨਹੀਂ ਹੁੰਦੇ। ਸਮਾਜ-ਵਿਗਿਆਨ ਨੇ ਕਿਤੇ ਜ਼ਿਆਦਾ ਸਾਇੰਸ ਹੋਣਾ ਸੀ ਜੇ ਸਾਮਾਜਿਕ ਵਿਹਾਰ ਉਤੋਂ ਆਰਥਿਕਤਾ ਦੇ ਪ੍ਰਭਾਵ ਨੂੰ ਘੱਟ ਦਰਸਾਉਣ ਦੀ ਪਰੇਸ਼ਾਨ ਕਰਨ ਵਾਲੀ ਜ਼ਰੂਰਤ ਨਾ ਹੁੰਦੀ। ਜਦੋਂ ਜਾਣ ਬੁੱਝ ਕੇ ਘਚੋਲਾ ਪੈਦਾ ਕਰਨਾ ਹੈ, ਤਾਂ ਸਾਇੰਸ ਕੀ ਰਹਿ ਸਕਦੀ ਹੈ!

ਭੌਤਿਕ ਵਿਗਿਆਨ ਨੂੰ ਫ਼ਿਰ ਵੀ, ਕਿਸੇ ਦਬਦਬੇ ਅਤੇ ਸ਼ਰਧਾ-ਭਾਵ ਅਧੀਨ ਚਿਕਨੀਆਂ-ਚੋਪੜੀਆਂ ਤੇ ਬਹੁਤ ਖੁਸ਼ਾਮਦੀ ਤਦਬੀਰਾਂ ਘੜਨ ਦੀ ਜ਼ਰੂਰਤ ਨਹੀਂ ਪੈਂਦੀ। ਇਤਿਹਾਸ ਵਿਚ ਇਕ ਸਮਾਂ ਹੁੰਦਾ ਸੀ ਜਦੋਂ ਇਹ ਵੀ ਠੀਕ ਉਸੇ ਸਥਿਤੀ ਵਿਚ ਸਨ ਜਿਵੇਂ ਸਮਾਜ-ਵਿਗਿਆਨ ਦੀ ਅਜੋਕੀ ਸਥਿਤੀ ਹੈ। ਰਈਸਜ਼ਾਦਿਆਂ ਨੇ, ਜਿਹੜੇ ਸਾਮੰਤਵਾਦੀ ਸਮਾਜ ਉਤੇ (ਦੈਵੀ ਨਿਯੁਕਤੀ ਨਾਲ, ਜਿਵੇਂ ਕਿ ਉਦੋਂ ਵਿਸ਼ਵਾਸ ਕੀਤਾ ਜਾਂਦਾ ਸੀ) ਹੁਕਮਰਾਨੀ ਕਰਦੇ ਸਨ, ਭੌਤਿਕੀ ਬ੍ਰਹਿਮੰਡ ਦੀ ਪ੍ਰਕ੍ਰਿਤੀ ਬਾਰੇ ਮਿਥਾਂ ਦੇ ਇਕ ਮਿਹਨਤ ਨਾਲ ਤਿਆਰ ਕੀਤੇ ਢਾਂਚੇ ਦੀ ਮਦਦ ਨਾਲ ਆਪਣੀ ਮਾਲਕੀ ਦੀਆਂ ਤਾਰੀਫ਼ਾਂ ਦੇ ਪੁਲ ਬੰਨ੍ਹੇ। ਮੁੱਢਲੀਆਂ ਵਿਗਿਆਨਿਕ ਲੱਭਤਾਂ ਨੂੰ ਉਨ੍ਹਾਂ ਨੇ ਉਦਾਰ ਭਾਵਨਾ ਨਾਲ ਨਹੀਂ ਦੇਖਿਆ। ਬਰੂਨੋ ਨੂੰ ਸਾੜ ਦਿੱਤਾ ਗਿਆ ਅਤੇ ਗਲੀਲੀਓ ਨੂੰ ਧਮਕਾਇਆ ਗਿਆ, ਇਸ ਕਰ ਕੇ ਨਹੀਂ ਕਿ ਉਨ੍ਹਾਂ ਨੇ ਸੰਸਾਰ ਬਾਰੇ ਸੱਚੀਆਂ ਗੱਲਾਂ ਆਖੀਆਂ ਸਨ, ਸਗੋਂ ਇਸ ਕਰ ਕੇ ਕਿ ਸੰਸਾਰ ਬਾਰੇ ਸੱਚੀਆਂ ਗੱਲਾਂ ਆਖਣਾ ਰਈਸਜ਼ਾਦਿਆਂ ਦੀ ਹੈਂਕੜ ਨਾਲ ਮੇਲ ਨਹੀਂ ਖਾਂਦਾ ਸੀ। ਭੌਤਿਕ-ਵਿਗਿਆਨ ਇਕ ਅਜਿਹਾ ਹਥਿਆਰ ਸੀ ਜਿਹੜਾ ਮੱਧ ਵਰਗ ਨੇ ਸਾਮੰਤਵਾਦ ਦੇ ਖ਼ਿਲਾਫ਼ ਘੜਿਆ ਸੀ ; ਅਤੇ ਸਾਮੰਤਵਾਦ ਨੇ ਇਸ ਹਥਿਆਰ ਨੂੰ ਆਪਣੇ ਖ਼ਿਲਾਫ਼ ਨਾ ਵਰਤੇ ਜਾਣ ਲਈ ਉਹ ਸਭ ਕੁਝ ਕੀਤਾ, ਜੋ ਉਨ੍ਹਾਂ ਦੀ ਤਾਕਤ ਵਿਚ ਸੀ। ਗਲੀਲੀਓ ਦਾ ਇਹ ਦਾਅਵਾ ਕਿ ਧਰਤੀ ਇਕ ਵ੍ਰਿਤ ਹੈ, ਜੋ ਇਕ ਧੁਰੇ ਦੇ ਦੁਆਲੇ ਘੁੰਮਦਾ ਹੈ, ਜਦ ਕਿ ਸਾਮੰਤੀ ਮਿਥ ਇਹ ਦੱਸਦੀ ਸੀ ਕਿ ਧਰਤੀ ਅਹਿਲ ਅਤੇ ਚਪਟੀ ਹੈ, ਸਾਮੰਤਸ਼ਾਹੀ ਲਈ ਉਨ੍ਹਾਂ ਹੀ ਉਲਟ-ਪੁਲਟ ਕਰਨ ਵਾਲਾ ਸੀ, ਜਿਵੇਂ ਅੱਜ ਦੇ ਸਮਾਜ-ਸ਼ਾਸਤ੍ਰੀ ਲਈ ਇਹ ਦਾਅਵਾ ਕਰਨਾ ਕਿ ਜੰਗਾਂ ਸਰਮਾਏਦਾਰੀ ਦੀ ਪ੍ਰਕ੍ਰਿਤੀ ਵਿਚੋਂ ਪੈਦਾ ਹੁੰਦੀਆਂ ਹਨ। ਗਲੀਲੀਓ ਦੇ ਖ਼ਿਲਾਫ਼ ਜਾਂਚ-ਅਧਿਕਾਰੀ ਪੁਰਜ਼ੋਰ ਢੰਗ ਨਾਲ ਪਿਛੇ ਪੈ ਗਏ। ਇਸ ਵਿਵੇਕਹੀਨ ਸਮਝੇ ਗਏ ਸਮਾਜ-ਸ਼ਾਸਤ੍ਰੀ ਦੇ ਪਿਛੇ ਹੁਕਮਰਾਨਾਂ ਅਤੇ ਕਈ ਵੱਡੀਆਂ-ਛੋਟੀਆਂ ਕਮੇਟੀਆਂ ਦੇ ਮੈਂਬਰ ਹੱਥ ਧੋ ਕੇ ਪਿਛੇ ਪੈ ਗਏ।

ਇਸ ਸੋਚਣ ਵਾਲੇ ਸਬਕ ਦੇ ਨਾਲ ਕਿ "ਜੋ ਕੁਝ ਤੁਸੀਂ ਹੁਣ ਹੋ ਕਦੇ ਅਸੀਂ ਵੀ ਹੁੰਦੇ ਸਾਂ" ਭੌਤਿਕ ਵਿਗਿਆਨੀ ਵੀ ਮੁਮਕਿਨ ਹੈ ਕਿ ਜਾਗਰੂਕ ਹੋ ਗਏ ਹੋਣ ਕਿ ਉਨ੍ਹਾਂ ਦੀ ਆਪਣੀਆਂ ਮਿਹਨਤਾਂ ਸੂਖਮ ਤੌਰ 'ਤੇ ਆਰਥਿਕ ਹਿਤਾਂ ਦੁਆਰਾ ਸੀਮਿਤ ਹਨ। ਇਹ ਸੱਚ ਹੈ ਕਿ ਉਨ੍ਹਾਂ ਅਗੇ ਬਤੌਰ ਸਾਇੰਸਦਾਨਾਂ ਦੇ ਮਿਥਾਂ ਦੀ ਸਿਰਜਣਾ ਲਈ ਕੋਈ ਮੰਗਾਂ ਨਹੀਂ ; ਰੱਖੀਆਂ ਗਈਆਂ : ਮੈਂ ਉਨ੍ਹਾਂ ਵਿਚੋਂ ਕਿਸੇ ਨੂੰ ਵੀ ਦਲੀਲਬਾਜ਼ੀ ਕਰਦਿਆਂ ਨਹੀਂ ਸੁਣਿਆ ਕਿ ਐਟਮ ਦੀ ਪ੍ਰਕ੍ਰਿਤੀ ਅਜਿਹੀ ਹੈ ਕਿ ਜੋ ਇਸ ਨੂੰ ਮਾਨਵੀ ਰੂਪ ਵਿਚ ਵਿਵਸਥਿਤ ਕੀਤਾ ਜਾਵੇ, ਤਾਂ ਇਹ ਉਪਜਾਊ ਹੁੰਦੀ ਹੈ, ਅਤੇ ਫ਼ਾਇਦਾ ਚਾਹੁਣ ਵਾਲੇ ਪਸ਼ੂ ਵਰਗੀ ਹੈ।



ਤਾਂ ਵੀ, ਐਟਮੀ ਖੋਜ ਬਾਰੇ ਵਾਦ-ਵਿਵਾਦ ਦੌਰਾਨ, ਸਾਇੰਸਦਾਨਾਂ ਨੇ ਦੇਖਿਆ ਕਿ ਉਨ੍ਹਾਂ ਨੂੰ ਖੋਜ ਦੇ ਖੇਤਰ ਨੂੰ ਸੀਮਿਤ ਕਰਨ ਜਾਂ ਸਾਰੇ ਖੇਤਰ ਨੂੰ ਹੀ ਸੱਚਮੁਚ ਮਿਟਾ ਦੇਣ ਦੀਆਂ ਕਈ ਕੋਸ਼ਿਸ਼ਾਂ ਦਾ ਮਿਲ ਕੇ ਮੁਕਾਬਲਾ ਕਰਨਾ ਪਏਗਾ। ਕੋਈ ਲੱਭਤ ਅਤੇ ਖ਼ਾਸ ਤੌਰ 'ਤੇ ਸਚਾਈ ਦਾ ਛਪਣਾ ਹਮੇਸ਼ਾ ਹੀ ਖ਼ਤਰੇ ਦੀ ਘੰਟੀ ਵਜਾਉਂਦਾ ਹੈ। ਵਿਗਿਆਨਾਂ ਦੀ ਦਰਜੇਬੰਦੀ ਨੂੰ ਭਾਈਵਾਲੀ ਦੀ ਬਰਾਬਰ ਦੀ ਹਿੱਸੇਦਾਰੀ ਦੇ ਰੂਪ ਵਿਚ ਨਜਿੱਠਣਾ ਹੀ ਪਏਗਾ, ਜੇ ਸਾਇੰਸ ਨੇ ਸਮੁੱਚੇ ਤੌਰ ਤੇ ਅਗਾਂਹ ਵਧਣਾ ਹੈ।

ਬ੍ਰਹਿਮੰਡ ਦੀ ਪ੍ਰਕ੍ਰਿਤੀ ਬਾਰੇ ਅਜੇ ਵੀ ਕਈ ਮਿਥਾਂ ਜ਼ਿੰਦਾ ਹਨ। ਇਕ ਧਾਰਨਾ ਹੈ ਕਿ ਝੁਕੀ ਹੋਈ ਪੌੜੀ ਦੇ ਦੁਆਲੇ ਗੇੜਾ ਕੱਢ ਕੇ ਜਾਣਾ ਉਚਿਤ ਹੈ, ਕਿ ਸੂਰ ਦੇ ਤਲੇ ਹੋਏ ਮਾਸ ਦੀ ਇਕ ਕਾਤਰ ਚੰਨ ਚਾਨਣੀ ਰਾਤ ਵਿਚ ਮੱਸਿਆਂ ਦੇ ਉਤੇ ਬੰਨ੍ਹ ਦਿੱਤੀ ਜਾਵੇ, ਤਾਂ ਮੱਸੇ ਝੜ ਜਾਂਦੇ ਹਨ। ਵਸਤੂਪਰਕ ਸਚਾਈ ਨਿਰਪੱਖਤਾ ਸਹਿਤ ਫੈਲਾਉਣ ਵਾਲੇ ਰੋਜ਼ਾਨਾ ਅਖ਼ਬਾਰ ਅਜੇ ਵੀ ਆਪਣੇ ਪਾਠਕਾਂ ਦੀ ਅਭੁੱਲ ਜੋਤਿਸ਼ ਬਾਰੇ ਰਾਹਨੁਮਾਈ ਕਰਦੇ ਹਨ। ਤਾਂ ਵੀ, ਇਨ੍ਹਾਂ ਸਾਊ ਜਿਹੇ ਭਰਮਾਂ ਦੀ ਭੌਤਿਕ ਵਿਗਿਆਨ ਵਿਚ ਕੋਈ ਥਾਂ ਨਹੀਂ। ਸਾਮਾਜਿਕ ਅਧਿਐਨ ਵਿਚ ਗੱਲ ਵੱਖਰੀ ਹੈ। ਸਮਾਜ ਦੀ ਪ੍ਰਕ੍ਰਿਤੀ ਬਾਰੇ ਬੇਸ਼ੁਮਾਰ ਮਿਥਾਂ ਹਨ ; ਅਤੇ ਇਹ ਮਿਥਾਂ ਸਾਇੰਸ ਦੇ ਦਾਇਰੇ ਵਿਚ ਵੀ ਕਈ ਲੰਮੀਆਂ-ਲੰਮੀਆਂ ਜਿਲਦਾਂ ਵਿਚ ਫੈਲੀਆਂ ਹੋਈਆਂ ਮਿਲਦੀਆਂ ਹਨ। ਇਨ੍ਹਾਂ ਮਿਥਾਂ ਨੂੰ ਹਟਾਉਣ ਨਾਲੋਂ ਵੀ ਜ਼ਿਆਦਾ ਕੁਝ ਕੰਮ ਜ਼ਿਆਦਾ ਅਹਿਮ ਹੋ ਸਕਦੇ ਹਨ, ਅਤੇ ਇਉਂ ਮਨੁੱਖ ਦੇ ਆਪਣੇ ਸੁਭਾ ਅਤੇ ਹੋਣੀ ਬਾਰੇ ਅਤਿਅੰਤ ਮੁੱਲਵਾਨ ਅਧਿਐਨ ਵਿਚ ਜਾਨ ਅਤੇ ਸੱਤਿਆ ਫੂਕਣੀ ਜ਼ਰੂਰੀ ਹੈ।

ਹੁਣ ਮਿਥਾਂ ਸਮੁੱਚੇ ਤੌਰ ਤੇ ਮਨੁੱਖਤਾ ਲਈ ਫ਼ਾਇਦੇਮੰਦ ਨਹੀਂ ਹੁੰਦੀਆਂ ਅਤੇ ਜਿਸ ਗੱਲ ਦੀ ਲੋੜ ਹੈ ਉਹ ਗਿਆਨ ਹੈ ਜੋ ਸੰਤਾਪ ਦੇ ਕਾਰਨਾਂ ਨੂੰ ਦੂਰ ਕਰ ਦੇਵੇ। ਨਾ ਹੀ ਮਿਥਾਂ ਖ਼ਾਸ ਤੌਰ 'ਤੇ ਮਨੁੱਖਤਾ ਦੇ ਕਿਸੇ ਇਕ ਹਿੱਸੇ ਲਈ ਭਰੋਸਾ ਕਰਨ ਕਰ ਕੇ ਲਾਭਦਾਇਕ ਹੁੰਦੀਆਂ ਹਨ। ਪਰ ਇਹ ਮਿਥਾਂ ਇਸੇ ਇਕ ਸਮੂਹ ਲਈ ਬਹੁਤ ਜ਼ਿਆਦਾ ਫ਼ਾਇਦੇਮੰਦ ਹੋ ਵੀ ਸਕਦੀਆਂ ਹਨ ਜਦੋਂ ਉਨ੍ਹਾਂ ਵਿਚ ਵਿਸ਼ਵਾਸ ਪੂਰੇ ਭਾਈਚਾਰੇ ਵਿਚ ਕਾਇਮ ਹੋਵੇ। ਇਉਂ, ਭਾਵੇਂ ਕਿਸੇ ਸਾਮੰਤਵਾਦੀ ਨੂੰ ਕੋਈ ਫ਼ਰਕ ਨਾ ਪੈਂਦਾ ਹੋਵੇ ਕਿ ਧਰਤੀ ਚਪਟੀ ਹੈ ਜਾਂ ਨਹੀਂ, ਪਰ ਉਸ ਲਈ ਇਹ ਗੱਲ ਜ਼ਿਆਦਾ ਮਹੱਤਵਪੂਰਨ ਹੈ ਕਿ ਉਸ ਦੇ ਦੁਸ਼ਮਣ, ਸੌਦਾਗਰ ਨੂੰ ਇਹ ਪਤਾ ਨਹੀਂ ਹੋਣਾ ਚਾਹੀਦਾ ਕਿ ਇਹ ਗੋਲ ਹੈ ਤਾਂ ਕਿ ਉਹ ਵਿਸ਼ਵੀ ਵਪਾਰਕ ਫ਼ਾਇਦੇ ਉਠਾਉਣ ਦਾ ਇੱਛਕ ਨਾ ਹੋ ਜਾਵੇ। ਸਾਡੇ ਦਿਲਾਂ ਵਿਚ ਵੀ ਮਕਸਦ ਉਹੋ ਹੀ ਹੈ, ਭਾਵੇਂ ਸੰਦਰਭ ਯਕੀਨਨ ਵੱਖਰਾ ਹੈ।

ਆਧੁਨਿਕ ਸਮਾਜ ਦੇ ਤਿੰਨ ਮੁੱਖ ਲੱਛਣ ਹਨ ਜਿਨ੍ਹਾਂ ਨੂੰ ਇਨ੍ਹਾਂ ਮਿਥਾਂ ਦਾ ਪ੍ਰਯੋਜਨ ਲੁਕਾਉਣਾ ਜਾਂ ਉਨ੍ਹਾਂ ਬਾਰੇ ਸਫ਼ਾਈ ਦੇਣਾ ਹੁੰਦਾ ਹੈ।

ਪਹਿਲਾ, ਭਰਪੂਰਤਾ ਨੂੰ ਸੋਚ-ਵਿਚਾਰ ਕੇ ਨਕਾਰਿਆ ਜਾਂਦਾ ਹੈ। ਸਿਵਾਇ ਜੰਗ ਦੇ ਸਮਿਆਂ ਤੋਂ ਅਸੀਂ ਮਾਲ ਦੀ ਬਹੁਤ ਜ਼ਿਆਦਾ ਮਿਕਦਾਰ ਪੈਦਾ ਨਹੀਂ ਕਰਦੇ ਜੋ ਕਿ ਸਾਡੀ ਤਕਨਾਲੋਜੀ ਮੁਮਕਿਨ ਬਣਾਉਂਦੀ ਹੈ ਅਤੇ ਅਸੀਂ ਆਪਣੀ ਤਕਨਾਲੋਜੀ ਨੂੰ ਵੀ ਏਨੀ ਤੇਜ਼ੀ ਨਾਲ ਵਿਕਸਿਤ ਨਹੀਂ ਕਰਦੇ ਜਿੰਨੀ ਕਿ ਸਾਡੀ ਸਮਰੱਥਾ ਹੁੰਦੀ ਹੈ। ਦੂਜੇ ਲਫ਼ਜ਼ਾਂ ਵਿਚ, ਅਸੀਂ ਸਿਰਫ਼ ਉਦੋਂ ਹੀ ਵਧੇਰੇ ਮਿਕਦਾਰ ਵਿਚ ਉਪਜਾਉਂਦੇ ਹਾਂ, ਜਦੋਂ ਮਕਸਦ ਵਿਨਾਸ਼ਕਾਰੀ ਹੁੰਦਾ ਹੈ। ਜਦੋਂ ਮਕਸਦ ਉਸਾਰੂ ਹੋਵੇ, ਸਾਡੀ ਆਰਥਿਕਤਾ ਚਰਚਰਾਹਟ ਕਰਦੀ ਹੋਈ ਖੜ ਖੜ ਕਰਕੇ ਰੁਕ ਜਾਂਦੀ ਹੈ।

ਦੂਜਾ, ਅਸੀਂ ਜੋ ਮਾਲ ਉਪਜਾਉਂਦੇ ਹਾਂ, ਉਸ ਦੀ ਵੰਡ ਵਿਚ ਕਾਫ਼ੀ ਜ਼ਿਆਦਾ ਅਸਮਾਨਤਾ ਹੁੰਦੀ ਹੈ। ਸਾਮਾਜਿਕ ਤੱਕੜੀ ਦੇ ਇਕ ਬੰਨੇ ਦੌਲਤ ਦਾ ਬਹੁਤ ਜ਼ਿਆਦਾ ਕੇਂਦਰੀਕਰਣ ਅਤੇ ਦੂਜੇ ਬੰਨੇ ਗ਼ਰੀਬੀ ਦੇ ਕੇਂਦਰੀਕਰਣ ਨਾਲ ਸ਼ਾਇਦ ਲੋੜੋਂ ਵੱਧ ਅਸਾਵਾਂਪਨ ਹੈ। ਸ਼ਹਿਰੀ ਰਈਸਾਂ ਦੀ ਚੁੰਧਿਆ ਦੇਣ ਵਾਲੀ ਖ਼ੁਸ਼ਹਾਲੀ ਬਾਹਰਲੇ ਬਸਤੀਵਾਦੀ ਲੋਕ-ਸਮੂਹ ਉਤੇ ਅਤੇ ਘਰ ਦੇ ਅਮਰੀਕਨ ਹਬਸ਼ੀਆਂ ਉਤੇ ਆਰੋਪਿਤ ਕੀਤੀ ਨਮੋਸ਼ੀ ਵਾਲੀ ਅਤੇ ਅਨਾਦਰ ਭਰੀ ਦਲਿੱਦਰਤਾ ਨੂੰ ਕੱਜਣ ਤੋਂ ਅਸਮਰਥ ਹੈ। ਕੋਈ ਵੀ ਸ਼ਖ਼ਸ ਸਾਫ਼ ਅੱਖਾਂ ਨਾਲ ਇਹ ਵਿਸ਼ਾ ਨਹੀਂ ਦੇਖ ਸਕਦਾ ਅਤੇ ਦੇਖਣ ਮਗਰੋਂ ਇਹ ਨਹੀਂ ਮੰਨ ਸਕਦਾ ਕਿ ਇਨਸਾਫ਼ ਕੀਤਾ ਜਾ ਰਿਹਾ ਹੈ।

ਤੀਜਾ, ਇਹ ਸੱਚ ਹੈ ਕਿ, ਸਾਡੀਆਂ ਗਣਤੰਤਰੀ ਸਿਆਸੀ ਸੰਸਥਾਵਾਂ ਦੇ ਬਾਵਜੂਦ, ਅਸੀਂ ਸੰਯੁਕਤ ਰਾਸ਼ਟਰੀ ਅਮਰੀਕਾ ਦੇ ਨਾਗਰਿਕ ਰਾਸ਼ਟਰੀ ਆਰਥਿਕਤਾ ਨੂੰ ਕੰਟਰੋਲ ਨਹੀਂ ਕਰਦੇ। ਆਰਥਿਕਤਾ, ਸਗੋਂ ਮਨੁੱਖਾਂ ਦੇ ਇਕ ਛੋਟੇ ਜਿਹੇ ਜੁੱਟ ਦੇ ਅਧਿਕਾਰ-ਖੇਤਰ ਵਿਚ ਹੈ ਅਤੇ ਆਰਥਿਕਤਾ ਦੀ ਪ੍ਰਕ੍ਰਿਤੀ ਅਨੁਸਾਰ ਹੀ ਇਸ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਅਰਥਾਤ ਮਾਲ ਉਦੋਂ ਹੀ ਤਿਆਰ ਕੀਤਾ ਜਾਂਦਾ ਹੈ ਜਾਂ ਤਿਆਰ ਕੀਤਾ ਜਾ ਸਕਦਾ ਹੈ ਜੇ ਉਸ ਦੇ ਉਤਪਾਦਨ ਤੋਂ ਫ਼ਾਇਦਾ ਹੁੰਦਾ ਹੋਵੇ। ਜ਼ਿਆਦਾਤਰ ਸਾਡੀਆਂ ਸਿਆਸੀ ਸੰਸਥਾਵਾਂ ਨੂੰ ਆਰਥਿਕਤਾ ਦੇ ਹੁਕਮਾਂ ਤਹਿਤ ਚੱਲਣਾ ਪੈਂਦਾ ਹੈ ਨਾ ਕਿ ਆਰਥਿਕਤਾ ਸਾਡੀਆਂ ਸਿਆਸੀ ਸੰਸਥਾਵਾਂ ਦੇ ਹੁਕਮਾਂ ਅਨੁਸਾਰ ਚਲੇ।

ਜੇ ਤੁਸੀਂ ਇਨ੍ਹਾਂ ਤਿੰਨ ਸਥਿਤੀਆਂ ਦੀ ਗ਼ੌਰ ਨਾਲ ਪਰੀਖਿਆ ਕਰੋਗੇ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਅਜਿਹੀਆਂ ਹਨ ਕਿ ਇਹ ਮਿਥਾਂ ਦੀ ਹੋਂਦ ਨੂੰ ਜ਼ਰੂਰੀ ਬਣਾਉਂਦੀਆਂ ਹਨ। ਕੋਈ ਵੀ ਸਮਝਦਰ ਬੰਦਾ, ਮਿਸਾਲ ਲਈ, ਜਾਣ ਬੁੱਝ ਕੇ ਸਮ੍ਰਿਧ ਸਮਾਜ ਨੂੰ ਰੱਦ ਨਹੀਂ ਕਰੇਗਾ, ਕਿਉਂਕਿ ਇਸ ਦਾ ਮਤਲਬ ਚੰਗੇ ਘਰਾਂ ਤੇ ਅੰਨ ਤੇ ਕੱਪੜੇ ਲੱਤੇ ਤੇ ਡਾਕਟਰੀ ਇਲਾਜ ਤੇ ਵਿਦਿਅਕ ਸਹੂਲਤਾਂ ਨੂੰ ਰੱਦਣ ਦੇ ਸਮਾਨ ਹੋਵੇਗਾ ਅਤੇ ਇਨ੍ਹਾਂ ਨੂੰ ਆਪਣੇ ਅਤੇ ਆਪਣੇ ਟੱਬਰ ਵਾਸਤੇ ਹਾਸਲ ਕਰਨ ਲਈ ਉਹ ਸਾਰੀ ਜ਼ਿੰਦਗੀ ਖਰਚ ਕਰ ਦਿੰਦਾ ਹੈ। ਜੇ ਮਨੁੱਖਾਂ ਨੂੰ ਅਜਿਹੇ ਸਮ੍ਰਿਧੀ ਵਾਲੇ ਸਮਾਜ ਵਿਚ ਜਾਣ ਤੋਂ ਰੋਕਣਾ ਹੋਵੇਗਾ, ਤਾਂ ਉਨ੍ਹਾਂ ਨੂੰ ਕੁਝ ਕੁ ਮਨੌਤਾਂ ਦੇ ਆਧਾਰ ਉਤੇ ਮਨ੍ਹਾ ਕਰਨਾ ਚਾਹੀਦਾ ਹੈ ਜਿਹੜੀਆਂ ਇਹ ਦਰਸਾਉਣ ਦੇ ਸਮਰੱਥ ਹੋਣ ਕਿ ਜਾਂ ਤਾਂ (1) ਇਸ ਮੰਜ਼ਲ ਤੇ ਪਹੁੰਚਣਾ ਨਾਮੁਮਕਿਨ ਹੈ, ਜਾਂ (2) ਇਹ ਮੰਜ਼ਲ 'ਤੇ ਪੁੱਜਣਾ ਅਨੁਚਿਤ ਹੈ।

ਮੰਨ ਲਉ ਕਿ ਪਹਿਲਾ ਨੁਕਤਾ (1) ਲੈਂਦਿਆਂ ਹੋਇਆਂ ਤੁਸੀਂ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹੋ ਕਿ ਸਮ੍ਰਿਧੀ ਵਾਲਾ ਸਮਾਜ ਪਹੁੰਚ ਵਿਚ ਨਹੀਂ ਹੋ ਸਕਦਾ। ਤੁਸੀਂ ਦਲੀਲ ਨਹੀਂ ਦੇ ਸਕੋਗੇ ਕਿ ਸਮ੍ਰਿਧੀ ਤਕਨੀਕੀ ਤੌਰ ਤੇ ਮੁਮਕਿਨ ਨਹੀਂ। ਕਿਉਂਕਿ ਸਾਡੇ ਕੋਲ ਇਸ ਨੂੰ ਪੈਦਾ ਕਰਨ ਦੇ ਕਾਫ਼ੀ ਸਾਧਨ ਹਨ ਅਤੇ ਸਾਡੇ ਇਹ ਸਾਧਨ ਹੋਰ ਵੀ ਜ਼ਿਆਦਾ ਵਧਣਗੇ। ਕੋਈ ਮਾਲਸਥ ਹੁਣ ਕਿਸੇ ਨੂੰ ਵੀ ਇਹ ਨਹੀਂ ਮਨਾ ਸਕੇਗਾ ਕਿ ਜਨਸੰਖਿਆ ਲਾਜ਼ਮੀ ਤੌਰ 'ਤੇ ਅੰਨ ਦੇ ਵਿਤਰਣ ਨਾਲੋਂ ਵਧ ਕੇ ਰਹੇਗੀ। ਇਸ ਲਈ ਇਹ ਬਿਆਨ ਕਿ ਸਮ੍ਰਿਧੀ ਨਾਮੁਮਕਿਨ ਹੈ, ਇਸ ਨੂੰ ਕਿਸੇ ਹੋਰ ਆਧਾਰ-ਭੂਮੀ ਉਤੇ ਟਿਕਾਉਣਾ ਪਏਗਾ। ਮਿਸਾਲ ਦੇ ਤੌਰ 'ਤੇ, ਤੁਸੀਂ ਇਹ ਕਹਿ ਸਕਦੇ ਹੋ ਕਿ ਮਨੁੱਖੀ ਸੁਭਾ ਅਮਿਟ ਤੌਰ 'ਤੇ ਖ਼ੁਦਗਰਜ਼ ਅਤੇ ਖਾੜਕੂ ਹੈ, ਇਸ ਲਈ ਮਨੁੱਖਾਂ ਨੂੰ ਕਦੇ ਵੀ ਸਮ੍ਰਿਧੀ ਬਾਰੇ ਸੋਚਣ ਲਈ ਨਹੀਂ ਮਨਾਇਆ ਜਾ ਸਕਦਾ, ਇਸ ਦੇ ਲਈ ਜਤਨਸ਼ੀਲ ਹੋਣਾ ਤਾਂ ਇਕ ਪਾਸੇ ਰਿਹਾ ; ਪਰ ਇਹ ਗੱਲ ਕਿ ਮਨੁੱਖਾਂ ਨੂੰ ਜਾਂ ਮਨੁੱਖੀ ਨਸਲ ਨੂੰ ਭੁੱਖੇ ਮਰਨ, ਤਸੀਹੇ ਦੇਣ ਅਤੇ ਅੰਤ ਤਕ ਇਕ ਦੂਜੇ ਨੂੰ ਮਾਰਨ ਲਈ ਛੱਡ ਦਿੱਤਾ ਜਾਣਾ ਚਾਹੀਦਾ ਹੈ। ਜਾਂ ਤੁਸੀਂ ਇਹ ਕਹਿ ਸਕਦੇ ਹੋ ਕਿ ਮਨੁੱਖੀ ਸੁਭਾ ਇਸ ਯੋਗ ਨਹੀਂ ਕਿ ਉਹ ਸਮ੍ਰਿਧੀ ਵਾਲੇ ਸਮਾਜ ਦੀ ਵਿਉਂਤਬੰਦੀ ਕਰ ਸਕੇ : ਇਥੇ ਕਈ "ਘਟੀਆ" ਦਿਮਾਗ਼ ਵਾਲੇ ਵੀ ਹੁੰਦੇ ਹਨ, ਅਤੇ "ਵਧੀਆ" ਦਿਮਾਗ਼ ਵੀ ਇੰਨੀ ਵਿਸ਼ਾਲ ਸਮੱਸਿਆ ਨਾਲ ਸਹੀ ਢੰਗ ਨਾਲ ਨਹੀਂ ਨਜਿੱਠ ਸਕਦੇ। ਇਸ ਸਭ ਕਾਸੇ ਵਿਚ, ਤੁਸੀਂ ਇਹ ਆਖੋਗੇ ਕਿ ਭਾਵੇਂ ਸਮ੍ਰਿਧੀ ਤਕਨੀਕੀ ਤੌਰ 'ਤੇ ਹਾਸਲ ਕਰਨੀ ਮੁਮਕਿਨ ਹੈ, ਪਰ ਇਹ ਮਨੋਵਿਗਿਆਨਿਕ ਤੌਰ 'ਤੇ ਨਾਮੁਮਕਿਨ ਹੈ। ਕਿਵੇਂ ਵੀ ਹੋਵੇ, ਨਾਮੁਮਕਿਨ ਹੈ।

ਫਿਰ ਮੰਨ ਲਉ, ਦੂਜਾ ਨੁਕਤਾ (2) ਲੈਂਦਿਆਂ ਹੋਇਆਂ ਤੁਸੀਂ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹੋ ਕਿ ਸਮ੍ਰਿਧੀ ਵਾਲਾ ਸਮਾਜ ਅਨੁਚਿਤ ਹੈ। ਹੁਣ, ਸਮ੍ਰਿਧੀ ਦੀ ਮੰਜ਼ਲ, ਜਿਸ ਨਾਲ ਜ਼ਿੰਦਗੀ ਵਿਚ ਬੜੀ ਸੌਖ ਨਾਲ ਸੁਖ-ਸ਼ਾਂਤੀ ਆਏਗੀ, ਇਹ ਇੰਨੇ ਸਪੱਸ਼ਟ ਰੂਪ ਵਿਚ ਲੋੜੀਂਦੀ ਹੈ ਕਿ ਇਸ ਦੇ ਵਿਰੁੱਧ ਦਲੀਲਾਂ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਦੇ ਬਾਵਜੂਦ, ਇਹ ਕਈ ਹਨ। ਮਿਸਾਲ ਦੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ "ਆਜ਼ਾਦੀ " "ਸੁਰੱਖਿਆ" ਨਾਲੋਂ ਬਿਹਤਰ ਹੈ, ਕੁਝ ਸਖ਼ਤ ਜਾਂਬਾਜ਼ੀ ਵਾਲੇ ਸੂਰਮਿਆਂ ਦੀ ਤਿਆਰੀ ਬਹੁਤ ਸਾਰੇ ਭੂਹੇ ਚੜ੍ਹੇ ਮੁਜ਼ੀਆਂ ਨੂੰ ਤਿਆਰ ਕਰਨ ਨਾਲੋਂ ਚੰਗੀ ਹੈ। ਇਹ ਕਿਹਾ ਜਾ ਸਕਦਾ ਹੈ ਕਿ "ਘਟੀਆ" ਲੋਕ ਸਮ੍ਰਿਧੀ ਦੇ ਲਾਇਕ ਨਹੀਂ, ਕਿ ਉਹ ਉਸ ਦੀ ਕਦਰ ਨਹੀਂ ਕਰਨਗੇ ਅਤੇ ਇਹ ਕਿ ਉਨ੍ਹਾਂ ਨੂੰ ਉਸ ਦੀ ਲੋੜ ਨਹੀਂ। ਇਸ ਤੋਂ ਇਲਾਵਾ ਇਹ ਵੀ ਕਿਹਾ ਜਾ ਸਕਦਾ ਹੈ, ਕਿਉਂਕਿ



ਹਰ ਸਵਾਲ ਦੇ ਦੋ ਪਹਿਲੂ ਹੁੰਦੇ ਹਨ, ਇਸੇ ਤਰ੍ਹਾਂ ਸਮ੍ਰਿਧੀ ਦੇ ਸ਼ਾਇਦ ਕੁਝ ਨੁਕਸਾਨ ਵੀ ਹਨ, ਜਿਵੇਂ 'ਆਤਮਾ" ਏਂਦਰੀਯ ਆਨੰਦ ਦੇ ਇਸ਼ਨਾਨ ਵਿਚ ਡੁੱਬ ਸਕਦੀ ਹੈ, ਜੇ ਉਸ ਵਿਚ ਉਸ ਨੂੰ ਜਰਨ ਜਿੰਨੀ ਕਠੋਰਤਾ ਤੇ ਸਾਬਤ-ਕਦਮੀ ਨਾ ਹੋਵੇ। ਮੇਰਾ ਖ਼ਿਆਲ ਹੈ ਕਿ ਤੁਸੀਂ ਜਾਣ ਲਉਗੇ ਕਿ ਜਿਹੜੇ ਮਨੁੱਖ ਸ਼ਭਨਾਂ ਲਈ ਸਮ੍ਰਿਧੀ ਦੇ ਖ਼ਿਲਾਫ਼ ਹੁੰਦੇ ਹਨ, ਉਹ ਬੁੜ੍ਹੇ-ਟੁੱਟਿਆਂ ਦੀ ਅਧਿਆਤਮਕ ਭਲਾਈ ਲਈ ਉੱਘੜਵੇਂ ਰੂਪ ਵਿਚ ਦਿਲਚਸਪੀ ਲੈਂਦੇ ਹਨ।

ਆਧੁਨਿਕ ਸਮਾਜ ਦੇ ਹੋਰ ਦੋ ਲੱਛਣ-ਅਸਮਾਨਤਾ ਅਤੇ ਆਰਥਿਕ ਵਿਸ਼ੇਸ਼-ਅਧਿਕਾਰ-ਉਸੇ ਢੰਗ ਨਲ ਮਿਥਾਂ ਉਤਪੰਨ ਕਰਦੇ ਹਨ। ਘਟੀਆ ਨਸਲਾਂ ਬਾਰੇ ਮਿਥਾਂ ਅਤੇ ਜੀਵ-ਵਿਗਿਆਨਿਕ ਤੌਰ 'ਤੇ ਅਯੋਗਤਾ ਇਹ ਦਿਖਾਉਣ ਲਈ ਸਪੱਸ਼ਟ ਤੌਰ 'ਤੇ ਗਿਣੀ-ਮਿਥੀ ਜਾਂਦੀ ਹੈ। ਮਨੁੱਖਤਾ ਵਿਚ ਸਰਬ ਸਮਿਆਂ ਲਈ ਦੋਹਾਂ ਵਿਚ ਕੋਈ ਸਾਮਾਜਿਕ ਜਾਂ ਆਰਥਿਕ ਬਰਾਬਰੀ ਨਹੀਂ ਹੋ ਸਕਦੀ। "ਕਿ ਸੋਚ ਹੀ ਅਜਿਹਾ ਬਣਾਉਂਦੀ ਹੈ।" ਮਿਥ ਬਰਾਬਰੀ ਨੂੰ ਇਕ ਵਿਅਕਤੀਗਤ ਦਿਮਾਗ਼ ਦੇ ਨਿਜੀ ਤੇ ਖ਼ਬਤੀ ਸੰਕਲਪ ਤਕ ਘਟਾਉਂਦੀ ਹੈ ਅਤੇ "ਕਿ ਸਾਰੀਆਂ ਸਮੱਸਿਆਵਾਂ ਸਿਰਫ਼ ਲਫ਼ਜ਼ੀ ਹੁੰਦੀਆਂ ਹਨ" ਮਿਥ ਬਰਾਬਰੀ ਨੂੰ ਬਿਲਕੁਲ ਲਾਂਭੇ ਜਾ ਕੇ ਇਕ ਮੂਲੋਂ ਹੀ ਅਰਥਹੀਨ ਲਫ਼ਜ਼ ਦੇ ਰੂਪ ਵਿਚ ਪਰਿਭਾਸ਼ਿਤ ਕਰਦੀ ਹੈ। ਠੀਕ ਇਸੇ ਤਰ੍ਹਾਂ "ਕਿ ਤੁਸੀਂ ਮਨੁੱਖੀ ਫ਼ਿਤਰਤ ਨਹੀਂ ਬਦਲ ਸਕਦੇ" ਅਤੇ "ਕਿ ਅਮੀਰ ਸਮਰੱਥ ਹੁੰਦੇ ਹਨ ਅਤੇ ਗ਼ਰੀਬ ਅਸਮਰੱਥ, "ਕਿ ਤੁਹਾਨੂੰ ਆਪਣੇ ਆਪ ਲਈ ਬਾਹਰ ਝਾਕਣਾ ਪਏਗਾ" ਮਿਥਾਂ ਸਾਰੀਆਂ ਹੀ ਕੁਝ ਚੁਨੀਦਾ ਲੋਕਾਂ ਦੀ ਵਡੇਰੇ ਜਨਸਮੂਹ ਉਤੇ ਹੁਕਮਰਾਨੀ ਨੂੰ ਉਚਿਤ ਠਹਿਰਾਉਣ ਲਈ ਘੜੀਆਂ ਗਈਆਂ ਹਨ। ਕਈ ਸਾਮਾਜਿਕ ਮਿਥਾਂ ਗ਼ੈਰਗਣਤੰਤਰੀ ਹਨ ਜਿਹੜਾ ਕਿ ਇਕ ਹੋਰ ਤਰੀਕਾ ਹੈ ਇਹ ਆਖਣ ਦਾ ਕਿ ਸੱਚ ਗਣਤੰਤਰ ਦੇ ਹੱਕ ਵਿਚ ਹੈ। ਕਈ ਸਾਮਾਜਿਕ ਮਿਥਾਂ ਯਥਾ-ਸਥਿਤੀ ਨੂੰ ਕਾਇਮ ਰੱਖਣ ਲਈ ਘੜੀਆਂ ਹੁੰਦੀਆਂ ਹਨ ਜਿਹੜਾ ਇਹ ਕਹਿਣ ਦਾ ਇਕ ਹੋਰ ਢੰਗ ਹੈ ਕਿ ਭਵਿੱਖ ਮਨੁੱਖਤਾ ਦੇ ਲਈ ਹੈ।

ਉਹ ਕਿਹੜੇ ਜੁੱਟ ਹਨ ਜਿਨ੍ਹਾਂ ਨੂੰ ਸਾਮਾਜਿਕ ਮਿਥਾਂ ਤੋਂ ਫ਼ਾਇਦਾ ਹੁੰਦਾ ਹੈ? ਸਾਫ਼ ਤੌਰ 'ਤੇ ਇਹ ਉਹ ਲੋਕ ਹਨ ਜਿਹੜੇ ਸਮਾਜ ਦੇ ਮੌਜੂਦਾ ਢਾਂਚੇ ਤੋਂ ਲਾਭ ਉਠਾ ਰਹੇ ਹਨ। ਇਹ ਉਹ ਇਜਾਰੇਦਾਰ ਅਤੇ ਉਤਪਾਦਕ ਹਨ ਜਿਹੜੇ ਘਰੇਲੂ ਅਤੇ ਬਸਤੀਵਾਦੀ ਜਨਸੰਖਿਆ ਦੀ ਮਿਹਨਤ ਤੋਂ ਦੌਲਤ ਕਮਾਉਂਦੇ ਹਨ। ਮੈਂ ਕਦੇ-ਕਦੇ ਇਨ੍ਹਾਂ ਗਰੁੱਪਾਂ ਨੂੰ "ਪ੍ਰਤਿਕ੍ਰਿਆਵਾਦੀ" ਅਤੇ ਕਦੇ-ਕਦਾਈਂ "ਫ਼ਾਸ਼ੀਵਾਦ ਕਹਾਂਗਾ। ਇਹ ਨਿਖੇੜਾ ਸ਼ਾਇਦ ਸੂਖਮ ਹੈ ਪਰ ਇਹ ਨਿਸਚੇ ਹੀ ਅੰਤਿਮ ਹੈ। ਪ੍ਰਤਿਕ੍ਰਿਆਵਾਦੀ ਉਹ ਲੋਕ ਹਨ ਜਿਹੜੇ ਸਿਆਸੀ ਗਣਤੰਤਰ ਦੇ ਸੰਦਰਭ ਵਿਚ ਆਪਣੀ ਉਚੇਚੇ ਹੱਕਾਂ ਵਾਲੀ ਆਰਥਿਕ ਸਥਿਤੀ ਨੂੰ ਕਾਇਮ ਰੱਖਦੇ ਹਨ ; ਫ਼ਾਸ਼ੀਵਾਦੀ ਉਹ ਲੋਕ ਹਨ ਜਿਹੜੇ ਆਪਣੀ ਖ਼ਾਸ ਆਰਥਿਕ ਸਥਿਤੀ ਕਾਰਨ, ਸਿਆਸੀ ਗਣਤੰਤਰ ਦੇ ਜੂਲੇ ਨੂੰ ਗਲੋਂ ਲਾਹ ਸੁੱਟਣਾ ਲੋਚਦੇ ਹਨ। ਸਪੱਸ਼ਟ ਤੌਰ 'ਤੇ ਇਹ ਸਹਿਜੇ ਹੀ ਇਕ ਗਰੁੱਪ ਤੋਂ ਦੂਜੇ ਗਰੁੱਪ ਵਿਚ ਤਬਦੀਲ ਹੋ ਜਾਂਦੇ ਹਨ। ਪ੍ਰਤਿਕ੍ਰਿਆਵਾਦੀ ਗਰੁੱਪ ਨੂੰ ਫ਼ਾਸ਼ੀਵਾਦੀ ਗਰੁੱਪ ਬਣਨ ਵਿਚ ਕੋਈ ਤਕਲੀਫ਼ ਨਹੀਂ ਹੁੰਦੀ। ਜਦੋਂ ਗਣਤੰਤਰੀ ਸੰਸਥਾਵਾਂ ਪ੍ਰਤਿਕ੍ਰਿਆਵਾਦੀ ਤਾਕਤ ਨੂੰ ਸੀਮਿਤ ਕਰਨ ਲੱਗਦੀਆਂ ਹਨ, ਤਾਂ ਇਹ ਦਲ-ਬਦਲੀ ਜ਼ੋਰ ਫੜ ਜਾਂਦੀ ਹੈ। ਕਿਉਂਕਿ ਜਿਸ ਆਜ਼ਾਦੀ ਦੇ ਉਹ ਚਾਹਵਾਨ ਹਨ ਉਹ ਸਸਤੇ ਭਾਅ ਉਤੇ ਉਤਪਾਦਨ ਕਰਨ ਅਤੇ ਮਹਿੰਗੇ ਭਾਅ ਉਤੇ ਵੇਚਣ ਦੀ ਆਜ਼ਾਦੀ ਹੈ। ਅਤੇ ਭਾਈਚਾਰਾ ਉਨ੍ਹਾਂ ਨੂੰ ਉਹ ਚੰਗਾ ਲੱਗਦਾ ਹੈ ਜਿਸ ਵਿਚ ਲੱਖਾਂ ਹੀ ਫ਼ਰਮਾਬਰਦਾਰ ਕਾਮੇ ਹੋਣ ਜਿਹੜੇ ਸਵੇਰ ਤੋਂ ਰਾਤ ਤਕ ਉਨ੍ਹਾਂ ਮਸ਼ੀਨਾਂ ਉਤੇ ਖ਼ੂਨ ਪਸੀਨਾ ਇਕ ਕਰ ਦੇਣ ਜਿਹੜੀਆਂ ਉਨ੍ਹਾਂ ਦੀਆਂ ਆਪਣੀਆਂ ਨਹੀਂ, ਅਤੇ ਉਹ ਮਾਲ ਤਿਆਰ ਕਰਨ ਜਿਹੜਾ ਉਨ੍ਹਾਂ ਦਾ ਆਪਣਾ ਨਹੀਂ।

## ਮਿਥਾਂ ਦਾ ਵਿਸ਼ਲੇਸ਼ਣ

ਇਨ੍ਹਾਂ ਮਿਥਾਂ ਨੂੰ ਨਿਰੋਲ ਮਨਘੜਤ ਕਹਾਣੀਆਂ ਸਮਝਣਾ ਗ਼ਲਤੀ ਹੋਵੇਗੀ ਜਿਨ੍ਹਾਂ ਦਾ ਪ੍ਰਯੋਜਨ ਪਹਿਲਾਂ ਹੀ ਕਹਾਣੀਆਂ ਘੜਨ ਵਾਲੇ ਦੇ ਮਨ ਵਿਚ ਮੌਜੂਦ ਸੀ। ਸਗੋਂ, ਇਹ ਜ਼ਿਆਦਾ ਮੁਮਕਿਨ ਤੌਰ 'ਤੇ

ਉਹ ਸੰਕਲਪਨਾਵਾਂ ਸਨ ਜਿਹੜੀਆਂ ਵੱਖੋ ਵੱਖਰੀਆਂ ਕਿਰਤਾਂ ਵਿਚ ਅਤੇ ਕਈ ਕਿਸਮ ਦੇ ਦਿਮਾਗ਼ਾਂ ਵਿਚ ਮੌਜੂਦ ਸਨ ਜਦੋਂ ਅਚਾਨਕ ਇਨ੍ਹਾਂ ਦਾ ਪ੍ਰਚਾਰ-ਮੁੱਲ ਪਤਾ ਲੱਗਾ। ਮਿਸਾਲ ਦੇ ਤੌਰ ’ਤੇ, ਇਸ ਵਿਚਾਰ ਨੂੰ ਹੀ ਲੈ ਲਉ ਕਿ ਵਿਅਕਤੀਗਤ ਚੀਜ਼ਾਂ ਅਸਲੀ ਹੁੰਦੀਆਂ ਹਨ ਪਰ ਵਰਗ ਅਤੇ ਪ੍ਰਬੰਧ ਅਮੂਰਤ ਹੁੰਦੇ ਹਨ-ਇਹ ਇਕ ਅਜਿਹਾ ਵਿਚਾਰ ਸੀ ਜਿਸ ਨੂੰ ਮਿਸਟਰ ਸਟੂਅਰਟ ਚੇਜ਼ ਨੇ *ਦ ਟਿਰਿਨੀ ਆਫ਼ ਵਰਡਜ਼* ਵਿਚ ਪੇਸ਼ ਕੀਤਾ। ਇਹ ਸੰਕਲਪ ਬਹੁਤ ਪੁਰਾਣਾ ਹੈ। ਇਹ ਯੂਨਾਨੀ ਦਰਸ਼ਨ-ਸ਼ਾਸਤ੍ਰ ਵਿਚ ਵੀ ਮਿਲਦਾ ਹੈ ਪਰ ਖ਼ਾਸ ਤੌਰ ’ਤੇ ਇਹ ਮੱਧਕਾਲੀਨ ਸਿੱਧਾਂਤ ਹੈ, ਜਿਸ ਨੂੰ ਨਾਮਮਾਤਰਵਾਦ ਕਿਹਾ ਜਾਂਦਾ ਹੈ ਜਿਸ ਦਾ ਇਸ ਦੇ ਸਮੇਂ ਵਿਚ ਬੜਾ ਇਨਕਲਾਬੀ ਅਸਰ ਹੁੰਦਾ ਸੀ। ਇਹ ਸਿੱਧਾਂਤ ਕਦੇ ਵੀ, ਸੱਚਾ ਨਹੀਂ ਸੀ। ਚੌਧਵੀਂ ਸਦੀ ਵਿਚ ਕਾਫ਼ੀ ਇਨਕਲਾਬੀ ਸੀ, ਕਿਉਂਕਿ ਇਹ ਉਦੋਂ ਜਾਗੀਰਦਾਰੀ ਪ੍ਰਬੰਧ ਦੇ ਖ਼ਿਲਾਫ਼ ਮੁਖ਼ਾਤਿਬ ਸੀ। ਜਿਵੇਂ ਮਿਸਟਰ ਚੇਜ਼ ਨੇ ਇਸ ਨੂੰ ਵੀਹਵੀਂ ਸਦੀ ਵਿਚ ਵਰਤਿਆ, ਇਸ ਦਾ ਅਸਰ ਪ੍ਰਤਿਕ੍ਰਿਆਵਾਦੀ ਸੀ, ਕਿਉਂਕਿ ਇਸ ਨੂੰ ਫ਼ਾਸ਼ੀਵਾਦ ਦੇ ਖ਼ਿਲਾਫ ਜੱਦੋਜਹਿਦ ਨੂੰ ਨਕਾਰੀ ਕਰਨ ਲਈ ਵਰਤਿਆ ਗਿਆ ਸੀ।[2]

ਜਾਂ ਹਰਬਰਟ ਸਪੈਂਸਰ ਦੇ ਵਿਸ਼ਵਾਸ ਨੂੰ ਹੀ ਲੈ ਲਵੋ ਕਿ ਗ਼ਰੀਬੀ ਜੀਵ-ਵਿਗਿਆਨਿਕ ਨਿਕੰਮੇਪਨ ਦਾ ਚਿੰਨ੍ਹ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਸਪੈਸਰ ਨੇ ਇਹ ਸਿੱਧਾਂਤ ਆਰਥਿਕ ਮੁਕਾਬਲੇ ਨੂੰ ਜਾਇਜ਼ ਠਹਿਰਾਉਣ ਦੇ ਸਚੇਤ ਮਨੋਰਥ ਨਾਲ ਘੜਿਆ ਸੀ। ਉਹ ਤਾਂ ਸਿਰਫ਼ ਜਾਂਗਲੀ ਜੀਵਨ ਤੇ ਉਨੀਵੀਂ ਸਦੀ ਦੇ ਅੱਧ ਵਿਚ ਆਰਥਿਕ ਵਿਹਾਰ ਵਿਚਲੀ ਸਮਰੂਪਤਾ ਨਾਲ ਟੁੰਬਿਆ ਗਿਆ ਸੀ। ਉਸ ਨੂੰ ਪ੍ਰਤੀਤ ਹੋਇਆ ਕਿ ਪਹਿਲੇ ਦੇ ਕਾਨੂੰਨ ਕਿਤੇ ਨਾਜਾਇਜ਼ ਢੰਗ ਨਾਲ ਮਗਰਲੇ ਦੇ ਕਾਨੂੰਨਾਂ ਵਿਚ ਤਬਦੀਲ ਨਾ ਹੋ ਜਾਣ, ਅਤੇ ਇਸੇ ਮੁਤਾਬਿਕ ਉਸ ਨੇ ਆਪਣੇ ਵਿਚਾਰ ਨੂੰ ਢਾਲਿਆ। ਉਸ ਦੇ ਕੱਢੇ ਸਿੱਟਿਆਂ ਦੀ ਤਾਰੀਫ਼ ਵੀ ਹੋਈ, ਪਰ ਮੇਰਾ ਖ਼ਿਆਲ ਹੈ ਕਿ ਆਪਣੇ ਜੀਵਨ ਦੇ ਅੰਤ ਤੀਕ ਉਸ ਨੂੰ ਕਦੇ ਵੀ ਹਲਕਾ ਜਿਹਾ ਖ਼ਿਆਲ ਵੀ ਨਹੀਂ ਆਇਆ ਕਿ ਉਹ ਸਦਾ ਹੀ ਪ੍ਰਚਾਰਵਾਦੀ ਰਿਹਾ ਸੀ।

ਇਸ ਤੋਂ ਇਲਾਵਾ ਕੁਝ ਮਿਥਾਂ ਵਿਚ ਸੱਚ ਦੇ ਬੀਜ ਪਏ ਹੁੰਦੇ ਹਨ, ਪਰ ਉਨ੍ਹਾਂ ਉਤੇ ਇੰਨੀ ਜ਼ਿਆਦਾ ਅਸਪੱਸ਼ਟਤਾ ਅਤੇ ਕੁਵਰਤੋਂ ਦਾ ਇੰਨਾ ਵਾਧੂ ਬੋਝ ਪਿਆ ਹੁੰਦਾ ਹੈ ਕਿ ਉਹ ਸੱਚ ਦਾ ਬੀਜ ਮੂਲੋਂ ਹੀ ਗ਼ਾਇਬ ਹੋ ਜਾਂਦਾ ਹੈ। ਅਜਿਹੀ ਮਿਥ ਵਿਚ, ਤਾਂ ਵੀ, ਸੱਚੀ ਹੋਣ ਦਾ ਹਲਕਾ ਜਿਹਾ ਪਰਿਮੰਡਲ ਬਣਿਆ ਰਹਿੰਦਾ ਹੈ। ਅਜਿਹੀਆਂ ਮਿਥਾਂ ਹੋਰਨਾਂ ਦੇ ਮੁਕਾਬਲੇ ਕਾਫ਼ੀ ਫ਼ਾਇਦੇ ਵਿਚ ਰਹਿੰਦੀਆਂ ਹਨ ਜਿਨ੍ਹਾਂ ਨੂੰ ਪਹਿਲਾਂ ਕਾਫ਼ੀ ਮਘਾਉਣਾ ਪੈਂਦਾ ਹੈ ਪੇਸ਼ਤਰ ਇਸ ਦੇ ਕਿ ਉਹ ਪ੍ਰਤੱਖ ਰੂਪ ਵਿਚ ਭਾਬੜ ਦਾ ਰੂਪ ਅਖ਼ਤਿਆਰ ਕਰ ਲੈਣ। ਮਿਸਾਲ ਦੇ ਤੌਰ ’ਤੇ ਇਕ ਸੱਚੀ ਸਮਝ ਹੁੰਦੀ ਹੈ ਜਿਸ ਵਿਚ ਮਨੁੱਖੀ ਫ਼ਿਤਰਤ ਕਦੇ ਨਹੀਂ ਬਦਲਦੀ, ਅਤੇ ਇਕ ਉਹ ਵੀ ਸੱਚੀ ਸਮਝ ਹੁੰਦੀ ਹੈ ਜਿਸ ਅਨੁਸਾਰ ਹਰ ਸਵਾਲ ਦੇ ਦੋ ਪਹਿਲੂ ਹੁੰਦੇ ਹਨ। ਪਰ ਜਿਹੜੇ ਅਨੁਮਾਨ ਇਨ੍ਹਾਂ ਦੋਹਾਂ ਸੱਚੀਆਂ ਸਮਝਾਂ ਵਿਚੋਂ ਪ੍ਰਸਫੁਟਿਤ ਹੋਣਗੇ ਉਹ ਉਨ੍ਹਾਂ ਅਨੁਮਾਨਾਂ ਦੇ ਉਲਟ ਹੋਣਗੇ ਜਿਨ੍ਹਾਂ ਦੀ ਉਨ੍ਹਾਂ ਪਾਸੋਂ ਆਸ ਰੱਖੀ ਗਈ ਸੀ। ਮਿਥਾਂ ਬਣਾਉਣ ਵਾਲੇ ਜਿਹੜੇ ਇਨ੍ਹਾਂ ਨਿਯਮਾਂ ਨੂੰ ਨਿਯੰਤ੍ਰਿਤ ਕਰਦੇ ਹਨ, ਇਨ੍ਹਾਂ ਨੂੰ ਉਹ ਬਹੁਤ ਗ਼ੈਰਭਰੋਸੇ ਯੋਗ ਮੰਨਦੇ ਹਨ ਜਿਹੜੇ ਘੱਟੋ ਘੱਟ ਗ਼ਲਤੀ ਕਰਨ ਉਤੇ ਉਨ੍ਹਾਂ ਨੂੰ ਪਲਟੀ ਦੇ ਸਕਦੇ ਹਨ।

ਇਕ ਅਰਥ ਵਿਚ, ਸਾਰੀਆਂ ਮਿਥਾਂ ਬਾਰੇ ਇਹ ਗੱਲ ਦਰੁੱਸਤ ਹੈ, ਭਾਵੇਂ ਉਹ ਅਰਧ-ਸੱਚੀਆਂ ਹੋਣ ਜਾਂ ਅਸਲੋਂ ਝੂਠੀਆਂ ਹੋਣ। ਆਲੋਚਕ ਦਾ ਇਕ ਖ਼ੁਸ਼ਗਵਾਰ ਕੰਮ ਇਹ ਹੁੰਦਾ ਹੈ ਕਿ ਉਹ ਦਿਖਾਏ ਕਿ ਜੇ ਮਿਥ ਸੱਚੀ ਵੀ ਹੈ ਤਾਂ ਉਹ ਜਾਂ ਤਾਂ ਉਹ ਸਿੱਧ ਨਾ ਕਰੇ ਜੋ ਉਹ ਪ੍ਰਮਾਣਿਤ ਕਰਨਾ ਚਾਹੁੰਦੀ ਹੈ, ਜਾਂ ਉਹ ਉਸ ਦੇ ਬਿਲਕੁਲ ਉਲਟ ਸਿੱਧ ਕਰੇ। ਇਸ ਮਤ ਨੂੰ ਵਿਚਾਰੋ ਕਿ ਜ਼ਿੰਦਗੀ ਇਕ ਜੱਦੋਜਹਿਦ ਹੈ ਜਿਸ ਵਿਚ ਸਮਰੱਥ ਹੀ ਜੀਉਂਦਾ ਹੈ ਅਤੇ ਅਸਮਰੱਥ ਖ਼ਤਮ ਹੋ ਜਾਂਦਾ ਹੈ। ਮਨੌਤ ਅਨੁਸਾਰ ਇਹ ਮਤ ਇਹ ਦੱਸਣਾ ਚਾਹੁੰਦਾ ਹੈ ਕਿ ਸਾਨੂੰ ਆਮ ਤੌਰ ’ਤੇ ਨਿਰਬਾਹ-ਦਾਨ ਅਤੇ ਸਾਮਾਜਿਕ ਬੀਮਾ ਨਹੀਂ ਲੈਣਾ ਚਾਹੀਦਾ ਕਿਉਂਕਿ ਅਜਿਹੇ ਉਪਾ ਸਮਰੱਥ ਲੋਕਾਂ ਦੇ ਬਲਬੂਤੇ ਉਤੇ ਅਸਮਰੱਥ ਲੋਕਾਂ ਦੀ ਜੀਊਣ ਵਾਸਤੇ ਮਦਦ ਕਰਨ ਲਈ ਹੁੰਦੇ ਹਨ। ਸਪੈਂਸਰ ਨੇ ਆਪ ਵੀ ਇਨ੍ਹਾਂ ਧਰਾਤਲਾਂ ਉਤੇ ਲੋਕ ਸਿਖਿਆ ਦਾ ਵਿਰੋਧ ਕੀਤਾ ਸੀ। ਠੀਕ



ਐ, ਚਲੋ ਮੰਨ ਲਿਆ ਕਿ ਜ਼ਿੰਦਗੀ ਇਕ ਜੱਦੋਜਹਿਦ ਹੈ, ਅਤੇ ਇਹ ਵੀ ਮੰਨ ਲਉ ਕਿ ਮਨੁੱਖਤਾ ਦੇ ਕੰਗਾਲ ਨੇ ਉਨ੍ਹਾਂ ਤਾਕਤਾਂ ਨਾਲ ਮਿਲ ਜਾਣਗੇ ਅਤੇ ਅਮੀਰਾਂ ਦੀ ਤਾਕਤ ਉਲਟਾ ਦੇਣਗੇ। ਅਤੇ ਇਸ ਤੋਂ ਇਹ ਸਮਝਿਆ ਜਾਏਗਾ (ਕਿ ਨਹੀਂ ਸਮਝਿਆ ਜਾਏਗਾ) ਕਿ ਕੰਗਾਲਾਂ ਦੇ ਬਹੁਤ ਮੰਨਣਯੋਗ ਢੰਗ ਨਾਲ ਸਾਬਤ ਕਰ ਦਿੱਤਾ ਹੈ ਕਿ ਉਹ ਸਮਰੱਥ ਸਨ ਅਤੇ ਰਈਸ ਅਸਮਰੱਥ ਸਨ। ਦੂਜੇ ਲਫ਼ਜ਼ਾਂ ਵਿਚ, ਸਪੈਂਸਰ ਦਾ ਮਤ ਇਨਕਲਾਬ ਨੂੰ ਅਤੇ ਨਾਲ ਹੀ ਨਾਲ ਯਥਾ-ਸਥਿਤੀ ਨੂੰ ਜਾਇਜ਼ ਕਰਾਰ ਦੇਵੇਗਾ। ਜਦੋਂ ਤੁਸੀਂ ਹਿੰਸਾ ਨੂੰ ਆਮ ਹਾਲਾਤ ਦੱਸ ਕੇ ਜਾਇਜ਼ ਠਹਿਰਾਉਂਦੇ ਹੋ, ਤਾਂ ਤੁਸੀਂ ਜੇਤੂਆਂ ਨੂੰ ਪਹਿਲਾਂ ਤੋਂ ਹੀ ਚੁਣਨ ਦੇ ਹੱਕਦਾਰ ਨਹੀਂ ਰਹਿ ਜਾਂਦੇ। ਸਾਰੀਆਂ ਘਟਨਾਵਾਂ ਵਿਚ, ਇਕ ਸਿੱਧਾਂਤ ਜਿਹੜਾ ਪਰਸਪਰ ਵਿਰੋਧੀ ਕਾਰਜਾਂ ਨੂੰ ਬਰਾਬਰ ਦੇ ਨਿਆਂ-ਉਚਿਤ ਠਹਿਰਾਉਂਦਾ ਹੈ, ਉਹ ਆਪਣੇ ਸਾਰ-ਤੱਤ ਵਿਚ ਲਾਜ਼ਮੀ ਤੌਰ ’ਤੇ ਬੇਤੁਕਾ ਹੋਵੇਗਾ।

ਪਰ, ਭਾਵੇਂ ਮਿਥਾਂ ਦੇ ਸੋਮੇ ਭਿੰਨ-ਭਿੰਨ ਹੁੰਦੇ ਹਨ, ਪਰ ਉਨ੍ਹਾਂ ਦੇ ਫੈਲਾਉਣ ਦੇ ਢੰਗ ਆਮਿਆਨਾ ਹੁੰਦੇ ਹਨ। ਆਪਣੇ ਸਾਰੇ ਰੂਪਾਂ ਵਿਚ ਇਹ ਸੰਚਾਰ ਦੇ ਮਾਧਿਅਮਾਂ ਰਾਹੀਂ ਉੱਲਦੇ ਜਾਂਦੇ ਹਨ : ਪ੍ਰੈਸ, ਰੇਡੀਓ, ਲਾਇਬ੍ਰੇਰੀ, ਜਲਸਿਆਂ ਵਿਚ ਹੋਣ ਵਾਲੇ ਭਾਸ਼ਣਾਂ ਰਾਹੀਂ। ਇਹ ਦ੍ਰਿਸ਼ਟੀਕੋਣਾਂ ਦੇ ਰੂਪ ਵਿਚ ਹੁੰਦੀਆਂ ਹਨ ਜਿਨ੍ਹਾਂ ਤੋਂ ਖ਼ਬਰਾਂ ਬਣਾਉਣ ਸਮੇਂ ਇਨ੍ਹਾਂ ਦੀ ਨਿਰਪੱਖ ਤੌਰ ’ਤੇ ਵਿਆਖਿਆ ਕੀਤੀ ਜਾਂਦੀ ਹੈ। ਹਰ ਕੋਈ ਖ਼ਬਰਾਂ ਦੀ ਪਰੀਖਿਆ ਕਰਦਾ ਹੈ, ਪਰ ਕੋਈ ਵੀ ਰਾਵਾਂ ਦੀ ਪੁਣ-ਛਾਣ ਨਹੀਂ ਕਰਦਾ। ਇਹ ਵਿਚਾਰ, ਕਿ ਹਰ ਸਵਾਲ ਦੇ ਦੋ ਪਹਿਲੂ ਹੁੰਦੇ ਹਨ, ਨੂੰ ਮੰਨਣਯੋਗ ਸ੍ਵੀਕਾਰ ਕਰ ਲਿਆ ਜਾਵੇਗਾ, ਜੇ ਅਸਪੱਸ਼ਟ ਹੈ ਤਾਂ ਵੀ, ਅਤੇ ਇਸੇ ਦੇ ਆਧਾਰ ਉਤੇ ਸਾਡਾ ਵਿਆਖਿਆਕਾਰ ਪ੍ਰਤੀਕ੍ਰਿਆਵਾਦੀ ਪੱਖ ਤੋਂ ਬੁਰਾਈ ਵਿਚੋਂ ਵੀ ਚੰਗੀਆਂ ਗੱਲਾਂ ਕੱਢ ਕੇ ਦੱਸਣੀਆਂ ਸ਼ੁਰੂ ਕਰ ਦੇਵੇਗਾ ਅਤੇ ਗਣਤੰਤਰੀ ਪੱਖ ਤੋਂ ਚੰਗੀਆਂ ਗੱਲਾਂ ਵਿਚੋਂ ਵੀ ਭੈੜ ਕੱਢ ਕੇ ਪੇਸ਼ ਕਰੇਗਾ। ਇਸ ਵਿਚਾਰ, ਕਿ ਮਨੁੱਖੀ ਸੁਭਾ ਕਦੇ ਵੀ ਖ਼ੁਦਗਰਜ਼ੀ ਦਾ ਪਿੱਛਾ ਨਹੀਂ ਛੱਡਦਾ, ਨੂੰ ਵੀ ਮੰਨਣਯੋਗ ਸਮਝ ਕੇ ਸ੍ਵੀਕਾਰ ਕਰ ਲਿਆ ਜਾਵੇਗਾ ਅਤੇ ਇਸ ਦੇ ਆਧਾਰ ਉਤੇ ਸਾਡਾ ਵਿਆਖਿਆਕਾਰ ਉਸ ਖ਼ਬਰ ਵਿਚੋਂ ਸ਼ਰਾਫ਼ਤ ਸ੍ਵੈ-ਕੁਰਬਾਨੀ ਤੇ ਸਮਾਜ ਪ੍ਰਤਿ ਸੁਹਿਰਦਤਾ ਦੀ ਹਰ ਨਿਸ਼ਾਨੀ ਨੂੰ ਘੱਟੋ ਘੱਟ ਗਣਤੰਤਰੀਆਂ ਵਿਚੋਂ ਤਾਂ ਲਾਜ਼ਮੀ ਤੌਰ ਤੇ ਹਟਾ ਦੇਵੇਗਾ।

ਬੇਸ਼ੱਕ, ਖ਼ਬਰਾਂ ਦੀ ਵਿਆਖਿਆ ਕਰਨ ਵਾਲਿਆਂ ਦਾ ਸਮੁੱਚਾ ਪੇਸ਼ਾ ਹੀ ਇਸ ਮਨੌਤ ਉਤੇ ਟਿਕਿਆ ਹੋਇਆ ਹੈ ਲੋਕ ਜੋ ਕੁਝ ਆਖਦੇ ਹਨ, ਉਨ੍ਹਾਂ ਦਾ ਮਤਲਬ ਉਹ ਨਹੀਂ ਹੁੰਦਾ। ਜੇ ਲੋਕ-ਹਸਤੀਆਂ ਦੇ ਲਫ਼ਜ਼ਾਂ ਨੂੰ ਹਮੇਸ਼ਾ ਹੀ, ਜਾਂ ਅਕਸਰ, ਉਨ੍ਹਾਂ ਦੇ ਪ੍ਰਤੱਖ ਮੁੱਲ ਅਨੁਸਾਰ ਗ੍ਰਹਿਣ ਕੀਤਾ ਜਾਵੇ, ਤਾਂ ਵਿਆਖਿਆਕਾਰਾਂ ਕੋਲ ਵਿਆਖਿਆ ਕਰਨ ਲਈ ਸਿਵਾਇ ਇਤਿਹਾਸਿਕ ਘਟਨਾਵਾਂ ਦੀ ਕ੍ਰਮਵਾਰ ਪੇਸ਼ਕਾਰੀ ਦੇ ਹੋਰ ਕੁਝ ਵੀ ਬਾਕੀ ਨਹੀਂ ਬਚੇਗਾ। ਪਰ ਇਸ ਲਈ ਉਨ੍ਹਾਂ ਕੋਲ ਇਤਿਹਾਸ ਦਾ ਗਿਆਨ ਹੋਣਾ ਜ਼ਰੂਰੀ ਹੈ ਅਤੇ ਇਉਂ ਉਨ੍ਹਾਂ ਦੇ “ਅੰਦਰਲੇ ਖ਼ਬਰੀ” ਹੋਣ ਦੇ ਰੁਤਬੇ ਦਾ ਖ਼ਾਤਮਾ ਹੋ ਜਾਵੇਗਾ। ਹੁਣ ਕੋਈ ਅੰਦਰੂਨੀ ਪੱਖ ਹੋ ਨਹੀਂ ਸਕਦਾ ਜਦ ਤਕ ਕਿ ਕੋਈ ਬਾਹਰੀ ਪੱਖ ਨਹੀਂ ਅਤੇ ਕੋਈ ਛੁਪੇ ਹੋਏ ਸੱਚ ਹੋ ਹੀ ਨਹੀਂ ਸਕਦੇ ਜਦ ਤਕ ਕਿ ਕੋਈ ਉਹਲਾ ਨਾ ਹੋਵੇ ਜਿਹੜਾ ਉਨ੍ਹਾਂ ਨੂੰ ਛੁਪਾ ਸਕੇ। ਇਸ ਲਈ ਖ਼ਬਰਾਂ ਅਤੇ ਉਨ੍ਹਾਂ ਦੇ ਵਿਆਖਿਆਕਾਰਾਂ ਨੂੰ ਉਹਲੇ ਦੀ ਹੋਂਦ ਨੂੰ ਮੰਨਣਾ ਹੀ ਪਏਗਾ ਅਤੇ ਆਪਣੇ ਸਰੋਤਿਆਂ ਨੂੰ ਵੀ ਮਨਾਉਣਾ ਹੀ ਪਏਗਾ ਕਿ ਇਸ ਨੂੰ ਮਨੁੱਖ ਦੀ ਕੁਦਰਤੀ ਝੂਠ ਬੋਲਣ ਦੀ ਆਦਤ ਅਨੁਸਾਰ ਪੇਸ਼ ਕੀਤਾ ਗਿਆ ਹੈ।

ਨਤੀਜੇ ਟੁੰਬਣ ਵਾਲੇ ਹਨ। ਇਸ ਸਾਲ ਦੇ ਸਮੇਂ ਵਿਚ ਕਾਲਮ-ਨਵੀਸ ਸ਼ਾਇਦ 350 ਕਾਲਮ ਲਿਖੇਗਾ, ਤਨਖ਼ਾਹ ਸਹਿਤ ਛੁੱਟੀਆਂ ਦੀ ਗੁੰਜਾਇਸ਼ ਰੱਖ ਕੇ। ਦਸ ਸਾਲਾਂ ਵਿਚ ਉਹ 3500 ਕਾਲਮ ਲਿਖ ਲਵੇਗਾ ਅਤੇ 20 ਸਾਲਾਂ ਵਿਚ 7000 । 500 ਸ਼ਬਦ ਫ਼ੀ ਕਾਲਮ ਦੇ ਹਿਸਾਬ ਨਾਲ ਉਹ ਕੁਲ 3500 ਲਫ਼ਜ਼ ਲਿਖ ਚੁੱਕਾ ਹੋਵੇਗਾ, ਅਤੇ ਅਜੇ ਵੀ ਨਿਪੁੰਨਤਾ ਸਹਿਤ ਲਿਖ ਰਿਹਾ ਹੋਵੇਗਾ-ਜਾਂ, ਜੇ ਦ੍ਰਿੜ੍ਹਤਾ ਸਹਿਤ ਨਹੀਂ, ਤਾਂ ਘੱਟੋ ਘੱਟ ਲਿਖਦਾ ਜ਼ਰੂਰ ਹੋਵੇਗਾ। ਹੁਣ, ਇਹੋ ਜਿਹੇ ਕਾਲਮ ਨਵੀਸ ਵੀ ਹਨ ਜਿਹੜੇ ਏਨੀਆਂ ਉਚਾਈਆਂ ’ਤੇ ਪਹੁੰਚ ਕੇ, ਆਪਣੇ ਸਾਰੇ 7000 ਕਾਲਮਾਂ ਵਿਚ ਅਤੇ 3, 500, 000 ਲਫ਼ਜ਼ਾਂ

ਵਿਚ ਮਨੁੱਖੀ ਨਸਲ ਬਾਰੇ ਇਕ ਵੀ ਵਿਸ਼ੇਸ਼ਣੀ ਜਾਂ ਨਿੱਘੀ ਗੱਲ ਨਹੀਂ ਆਖਦੇ। ਲਫ਼ਜ਼ ਜਾਂ ਵਾਕ ਵਿਚ ਜਾਂ ਛਪੀ ਹੋਈ ਕਿਸੇ ਵੀ ਲਾਈਨ ਵਿਚ ਇਨ੍ਹਾਂ ਲੇਖਕਾਂ ਨੇ ਕਦੇ ਇਕ ਵਾਰ ਵੀ ਜ਼ੁਲਮ ਕਰ ਰਹੇ ਲੋਕਾਂ ਦੇ ਵਿਰੁੱਧ ਖੜ੍ਹੇ ਮਨੁੱਖਾਂ ਦੇ ਹੱਕ ਵਿਚ ਨਹੀਂ ਲਿਖਿਆ, ਇਕ ਵਾਰ ਵੀ ਨਿਤਾਣਿਆਂ ਅਤੇ ਦੈਂਤਾਕਾਰੀ ਬਦਸਲੂਕੀ ਦੇ ਸ਼ਿਕਾਰ ਲੋਕਾਂ ਲੀ ਹਮਦਰਦੀ ਦੀ ਇਕ ਹੂਕ ਵੀ ਨਹੀਂ ਨਿਕਲੀ। "ਕੀ ਅਸੀਂ, "ਉਹ ਆਖਣਗੇ, "ਓਸੇ ਹੱਥ ਨੂੰ ਹੀ ਵੱਢ ਲਈਏ ਜਿਹੜਾ ਸਾਨੂੰ ਖਾਣ ਨੂੰ ਦਿੰਦਾ ਹੈ?" ਜੇ ਉਹ ਅਜਿਹਾ ਕਰਨ ਜੋਗੇ ਹੁੰਦੇ, ਤਾਂ ਉਨ੍ਹਾਂ ਨੇ ਕਰਨਾ ਨਹੀਂ ਸੀ, ਅਤੇ ਜੇ ਉਹ ਕਰਨ ਜੋਗੇ ਹੀ ਨਹੀਂ ਸਨ, ਤਾਂ ਫਿਰ ਅਜਿਹਾ ਹੋਣਾ ਨਹੀਂ ਸੀ ਕਿਉਂਕਿ ਰੱਜ ਜਬ੍ਹਾੜਿਆਂ ਨੂੰ ਕਮਜ਼ੋਰ ਕਰਦਾ ਹੈ।

ਜਦ ਤੋਂ ਸਾਮਾਜਿਕ ਮਿਥਾਂ ਉਹ ਪਿਛੋਕੜ ਪ੍ਰਦਾਨ ਕਰਦੀਆਂ ਹਨ ਜਿਸ ਦੇ ਵਿਰੁੱਧ ਵਿਆਖਿਆਵਾਂ ਪੇਸ਼ ਕੀਤੀਆਂ ਜਾਂਦੀਆਂ ਹਨ ਅਤੇ ਨੀਤੀਆਂ ਉਲੀਕੀਆਂ ਜਾਂਦੀਆਂ ਹਨ, ਇਹ ਤਾਂ ਸਪੱਸ਼ਟ ਹੈ ਕਿ ਅਸੀਂ ਕਦੇ ਵੀ ਸਹੀ ਢੰਗ ਨਾਲ ਨਾ ਤਾਂ ਵਿਆਖਿਆਵਾਂ ਨੂੰ ਸਮਝ ਸਕਦੇ ਹਾਂ, ਨਾ ਹੀ ਨੀਤੀਆਂ ਨੂੰ, ਜਦ ਤਕ ਕਿ ਅਸੀਂ ਭਰਮ-ਉਤਪਾਦਕ ਪਿਛੋਕੜ ਨੂੰ ਮਿਟਾ ਨਹੀਂ ਦਿੰਦੇ ਅਤੇ ਉਸ ਦੀ ਥਾਂ ਸੱਚ ਨੂੰ ਨਹੀਂ ਦਿੰਦੇ। ਇਹ ਇਕ ਅਜਿਹਾ ਕੰਮ ਹੈ, ਜਿਸ ਨੂੰ ਦਾਰਸ਼ਨਿਕ ਖ਼ਾਸ ਤੌਰ 'ਤੇ ਕਰਨ ਦੀ ਯੋਗਤਾ ਰੱਖਦੇ ਹਨ ਅਤੇ ਇਹ ਉਹ ਕੰਮ ਹੈ ਜਿਸ ਨੂੰ ਇਹ ਹੁਣ ਤਕ ਕਰਨੋਂ ਜਾਣ ਬੁੱਝ ਕੇ ਕਤਰਾਉਂਦੇ ਰਹੇ ਹਨ। ਸਿੱਟੇ ਵਜੋਂ, ਉਨ੍ਹਾਂ ਦੀਆਂ ਕਿਤਾਬਾਂ ਵਧੇਰੇ ਕਰ ਕੇ ਅਨਪੜ੍ਹੀਆਂ ਹੀ ਰਹਿ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਜਮਾਤ-ਕਮਰੇ ਜਿੱਚ ਕਰਨ ਵਾਲੀ ਹੱਦ ਤਕ ਖ਼ਾਲੀ ਹੁੰਦੇ ਹਨ। ਕਿਉਂਕਿ ਕੌਣ ਹੈ ਜੋ ਇਸ ਸਵਾਲ ਵਿਚ ਵਿਚੋਲਗਿਰੀ ਕਰਨਾ ਚਾਹੁੰਦਾ ਹੈ ਕਿ ਕੀ ਮੁੱਲ "ਬ੍ਰਹਿਮੰਡ ਦੇ ਢਾਂਚੇ ਵਿਚ ਸਹਿਜ-ਸੁਭਾਵੀ ਰੂਪ ਵਿਚ ਰਚੇ ਹੋਏ ਹਨ, "ਜਦ ਕਿ ਸੰਪਾਦਕ ਅਤੇ ਵਿਆਖਿਆਕਾਰ ਅਤੇ ਸਿਆਸਤਦਾਨ ਸ਼ੱਕ ਪ੍ਰਗਟਾਉਂਦੇ ਹਨ ਕਿ ਕੀ ਆਮ ਆਦਮੀ ਨੂੰ ਪਾਈਆ ਦੁੱਧ ਹਰ ਰੋਜ਼ ਪੀਣ ਦਾ ਹੱਕ ਵੀ ਹੈ? ਅਤੇ ਕੌਣ ਇਸ ਸਵਾਲ ਬਾਰੇ ਬਹਿਸ ਕਰਨ ਨੂੰ ਤਿਆਰ ਹੈ ਕਿ ਕੀ ਬ੍ਰਹਿਮੰਡ ਮਨੁੱਖ ਦਾ ਦੋਸਤ ਹੈ, ਜਦ ਕਿ ਨੀਤੀਵਾਨ ਐਟਮ ਬੰਬ ਨਾਲ ਛੇੜ-ਛਾੜ ਕਰ ਰਹੇ ਹਨ?

ਇਉਂ ਆਪਣੀ ਤਾਕਤ ਫ਼ਾਲਤੂ ਮੁੱਦਿਆਂ ਉਤੇ ਖ਼ਰਚ ਕਰ ਕੇ, ਦਾਰਸ਼ਨਿਕ ਉਨ੍ਹਾਂ ਦੀ ਆਪਣੀ ਪਰੰਪਰਾ ਭੁੱਲ ਗਏ ਹਨ ਖ਼ਾਸ ਤੌਰ 'ਤੇ ਇਸ ਦਾ ਉਹ ਹਿੱਸਾ ਜਿਹੜਾ ਸਤਾਰ੍ਹਵੀਂ ਤੇ ਅਠਾਰ੍ਹਵੀਂ ਸਦੀਆਂ ਵਿਚ ਵਧਿਆ-ਫੁੱਲਿਆ ਸੀ। ਕਿਉਂਕਿ ਇਹ ਉਹ ਸਮਾਂ ਸੀ ਜਦੋਂ ਵੱਡੇ ਅਤੇ ਛੋਟੇ ਦਾਰਸ਼ਨਿਕ ਇਨ੍ਹਾਂ ਸਾਰੀਆਂ ਮਿਥਾਂ ਨੂੰ ਪੁਰਜ਼ਾ-ਪੁਰਜ਼ਾ ਕਰਨ ਵਿਚ ਮਸਰੂਫ਼ ਸਨ ਜਿਹੜੀਆਂ ਜਾਗੀਰਦਾਰੀ ਸਮਾਜ ਦਾ ਸਮਰਥਨ ਕਰਦੀਆਂ ਸਨ। ਉਸ ਪੁਰਾਨਿਕ ਢਾਂਚੇ ਨੂੰ ਜਿਸ ਦਾ ਆਧਾਰ ਧਰਤੀ ਵਿਚੋਂ ਪੈਦਾ ਹੋਇਆ ਅਤੇ ਇਸ ਦੇ ਉਪਰਲੇ ਸਿਰੇ ਨੇ ਆਸਮਾਨ ਜਾ ਛੋਹਿਆ, ਉਨ੍ਹਾਂ ਨੇ ਇਕ ਪੱਥਰ ਉਪਰ ਇਕ ਹੋਰ ਪੱਥਰ ਨਹੀਂ ਸੀ ਰੱਖਿਆ। ਜਿਸ ਸਮੇਂ ਜਦੋਂ ਡਿਕਾਰਟੇ ਨੇ ਸਮੇਂ ਦੇ ਮੁੱਖ ਦਰਵਾਜ਼ੇ ਨੂੰ ਖੋਲ੍ਹਿਆ, ਜਦੋਂ ਕਾਂਟ ਨੇ ਪਾਊਡਰ ਮੈਗਜ਼ੀਨ ਦਾ ਧਮਾਕਾ ਕੀਤਾ, ਤਾਂ ਉਦੋਂ ਕੰਮ ਅਗਾਂਹ ਨੂੰ ਫ਼ਿਕਰਮੰਦੀ ਨਾਲ, ਚਾਅ ਨਾਲ ਅਤੇ ਗਰਮਜੋਸ਼ੀ ਨਾਲ ਵਧਿਆ। ਗੜ੍ਹੀ ਦੇ ਸੁਰੱਖਿਅਕ ਜੋਸ਼ ਵਿਚ ਸਨ, ਪਰ ਤਾਕਤ ਤੋਂ ਵਿਹੂਣੇ ਸਨ, ਉਨ੍ਹਾਂ ਨੂੰ ਵਾਲਟੇਅਰ ਤੇ ਵਿਸ਼ਵ-ਕੋਸ਼ਕਾਰਾਂ ਦੇ ਖ਼ਤਰਨਾਕ ਛੋਟੇ-ਛੋਟੇ ਹਥਿਆਰਾਂ ਵਿਚੋਂ ਨਿਕਲਦੀ ਅੱਗ ਨੇ ਹਰੇਕ ਨੂੰ ਉਸ ਦੀ ਪਨਾਹਗਾਹ ਵਿਚ ਕੀਲਿਆ ਹੋਇਆ ਸੀ।

ਇਹ ਤਬਾਹੀ ਕਿਵੇਂ ਮੁਕੰਮਲ ਹੋਈ? ਮਿਥਾਂ ਦੀ ਅੰਦਰੂਨੀ ਊਲਜਲੂਲਤਾ ਨੂੰ ਅਤੇ ਸੱਚ ਨਾਲ ਇਨ੍ਹਾਂ ਦੀ ਬੇਮੇਲ ਸਮਾਨਤਾ ਨੂੰ ਦਿਖਾ ਕੇ ਕਰਾਮਾਤੀ ਘਟਨਾਵਾਂ ਦੀਆਂ ਧਾਰਨਾਵਾਂ ਦਾ ਭੌਤਿਕ ਬ੍ਰਹਿਮੰਡ ਅਤੇ ਮਾਨਵੀ ਇਤਿਹਾਸ ਨਾਲੋਂ ਨਾਤਾ ਤੋੜ ਕੇ। ਕਿਉਂ ਕਿ, ਸਾਫ਼ ਤੌਰ 'ਤੇ, ਕਰਾਮਾਤਾਂ ਦੀ ਅਸਲ ਹੋਂਦ ਜਿਹੜੀ ਵਸਤਾਂ ਦੇ ਸੁਭਾਵਿਕ ਰੁਖ਼ ਦੇ ਉਲਟ ਸੀ, ਜਿਹੜੀ ਸੰਸਾਰ ਨੂੰ ਇਕ ਪ੍ਰਬੰਧ ਦੇ ਤੌਰ 'ਤੇ ਖ਼ਤਮ ਕਰ ਕੇ ਬੇਕਾਇਦਗੀ ਵਿਚ ਤਬਦੀਲ ਕਰ ਦੇਵੇਗੀ ਅਤੇ ਇਸ ਨੂੰ ਮਾਨਵੀ ਨਿਯੰਤਰਣ ਤੋਂ ਖੋਹ ਕੇ ਇਸ ਨੂੰ ਕਿਸੇ ਪਰਾ-ਭੌਤਿਕ ਹੋਂਦ ਦੇ ਹਵਾਲੇ ਕਰ ਦੇਵੇਗੀ ਭਾਵੇਂ ਉਹ ਦੇਵੀ ਹੋਵੇ ਜਾਂ ਸ਼ੈਤਾਨ। ਅਜਿਹਾ ਸੰਸਾਰ ਜਾਦੂਗਰੀ ਨੂੰ ਹੁੰਗਾਰਾ ਭਰੇਗਾ, ਸਾਇੰਸ ਨੂੰ ਨਹੀਂ। ਜਾਦੂਗਰ ਸਾਇੰਸਦਾਨ ਉਤੇ ਫ਼ਤਹ ਹਾਸਲ ਕਰੇਗਾ।

ਵੀਹਵੀਂ ਸਦੀ ਦੀਆਂ ਸਾਮਾਜਿਕ ਮਿਥਾਂ ਵੀ ਤੁਲਨਾਤਮਕ ਪੱਖ ਤੋਂ ਕਰਾਮਾਤੀ ਹਨ। ਮਿਸਾਲ ਦੇ



ਤੌਰ ਤੇ, ਜੇ ਇਕ ਮਨੁੱਖ ਸਿਰਫ਼ ਆਪਣੀ ਚਮੜੀ ਦੇ 'ਚਿੱਟੇ" ਹੋਣ ਕਰ ਕੇ ਹੀ ਦਰਅਸਲ "ਕਾਲੀ ਚਮੜੀ" ਵਾਲੇ ਇਨਸਾਨ ਨਾਲੋਂ ਜ਼ਿਆਦਾ ਸਦਗੁਣੀ ਅਤੇ ਜ਼ਿਆਦਾ ਮੁੱਲਵਾਨ ਹੁੰਦਾ, ਤਾਂ ਇਹ ਅਦਭੁੱਤ ਮਨੁੱਖ ਜੋਨਾਹ ਦੇ ਵੇਲ੍ਹ ਮੱਛੀ ਦੇ ਅੰਦਰ ਕਿਆਮ ਸਮੇਂ ਉਸ ਤੋਂ ਵੀ ਅਗਾਂਹ ਲੰਘ ਜਾਂਦਾ। ਜੇ ਇਹ ਗੱਲ ਦਰਅਸਲ ਸੱਚੀ ਹੁੰਦੀ, ਤਾਂ ਜੀਵ-ਵਿਗਿਆਨਿਕ ਵਿਕਾਸ ਪ੍ਰਾਚੀਨ ਰੀਂਗਣ ਵਾਲੇ ਜੀਵਾਂ ਤੋਂ ਸ਼ੁਰੂ ਹੋ ਕੇ, ਅਣਗਿਣਤ ਵਿਚ-ਵਿਚਾਲੇ ਦੇ ਜ਼ਿੰਦਗੀ ਦੇ ਰੂਪਾਂ ਥਾਣੀਂ ਹੁੰਦਿਆਂ ਹੋਇਆਂ ਸੱਨਅਤੀ ਧਨਾਢ ਦੀ ਸਿਰੇ ਦੀ ਸਿਰਜਣਾ ਤਕ ਪੁੱਜਣਾ ਆਪਣੇ ਆਪ ਵਿਚ. ਜੋ ਜੋਸ਼ੂਆ ਨੇ ਫ਼ਰਮਾਬਰਦਾਰ ਸੂਰਜ ਨਾਲ ਹਾਸਲ ਕੀਤਾ, ਉਸ ਤੋਂ ਕਿਤੇ ਜ਼ਿਆਦਾ ਵਡੇਰੀ ਅਚੰਭੇ ਵਿਚ ਪਾਉਣ ਵਾਲੀ ਕਰਾਮਾਤ ਹੋਵੇਗੀ। ਜੇ ਇਹ ਦਰਹਕੀਕਤ ਸੱਚ ਹੁੰਦਾ ਕਿ ਜੋ ਵੀ ਕੋਈ ਮਨੁੱਖ ਸੋਚਦਾ ਹੈ, ਉਹ ਕਿਸੇ ਮਖ਼ਸੂਸ ਵਕਤ 'ਤੇ ਸਹੀ ਹੋਵੇਗਾ ਜਾਂ ਸਮੱਸਿਆਵਾਂ ਦਾ ਹੱਲ ਸ਼ਬਦ-ਕੋਸ਼ਾਂ ਦੀ ਮਦਦ ਨਾਲ ਹੱਲ ਹੋ ਜਾਵੇਗਾ, ਤਾਂ ਇਹ ਸਾਰਾ ਸੰਸਾਰ ਏਨੇ ਮੁਕੰਮਲ ਤੌਰ ਉਤੇ ਕਰਾਮਾਤੀ ਹੋ ਜਾਂਦਾ ਕਿ ਕਰਾਮਾਤਾਂ ਸਹਿਤ ਕਿਸੇ ਵੀ ਚੀਜ਼ ਨੂੰ ਪਛਾਣਨ ਦੇ ਸਾਰੇ ਸਾਧਨਾਂ ਦਾ ਸਫ਼ਾਇਆ ਕਰ ਦਿੰਦਾ।

ਸਾਮਾਜਿਕ ਮਿਥਾਂ ਦਾ ਦਾਰਸ਼ਨਿਕ ਵਿਸ਼ਲੇਸ਼ਣ ਉਸੇ ਢੰਗ ਨਾਲ ਅਗਾਂਹ ਵਧਣਾ ਸੀ ਜਿਵੇਂ ਕਿ ਮੈਂ ਇਸ ਅਧਿਆਇ ਦੇ ਮੁੱਢ ਵਿਚ ਸੁਝਾਉ ਦਿੱਤਾ ਸੀ। ਇਹ ਮਿਥ ਦਾ ਅਸਲ ਅਰਥ ਸਥਾਪਿਤ ਕਰਨ ਦੀ ਜ਼ਿੰਮੇਵਾਰੀ ਲਏਗਾ ਜੇ ਸੱਚਮੁਚ ਮਿਥ ਦਾ ਕੋਈ ਅਰਥ ਹੈ ਤਾਂ। ਇਹ ਇਸ ਅਰਥ ਨੂੰ ਸਾਰੇ ਪ੍ਰਾਸੰਗਿਕ ਵਿਗਿਆਨਾਂ ਪਾਸੋਂ ਸੁਪ੍ਰਾਪਤ ਵਸਤੂਪਰਕ ਵੇਰਵਿਆਂ ਨਾਲ ਮਿਲਾਏਗਾ। ਇਹ ਬੇਨਕਾਬ ਕਰੇਗਾ ਕਿ ਮਿਥ ਵਿਚ ਕਿਹੜੇ ਬਿਆਨ ਪੂਰਵ-ਮਨੌਤਾਂ ਅਨੁਸਾਰ ਹਨ ਅਤੇ ਕਿਹੜੇ ਬਿਆਨ ਮਿਥ ਵਿਚ ਭਵਿੱਖਮੁਖੀ ਸੰਕੇਤਾਂ ਨਾਲ ਨਿਹਿਤ ਹਨ। ਅਤੇ, ਅੰਤ ਵਿਚ, ਇਹ ਧਿਆਨ-ਪੂਰਵਕ ਦਰਸਾਏਗਾ ਕਿ ਮਿਥ ਦਾ ਮਨੁੱਖੀ ਵਿਹਾਰ ਉਤੇ ਕੀ ਅਸਰ ਹੈ, ਇਹ ਪੁੱਛਦਿਆਂ ਹੋਇਆਂ ਕਿ ਜਿਹੜਾ ਇਹ ਸਮਝਦਾ ਹੈ ਕਿ ਮਿਥ ਸੱਚੀ ਹੈ, ਉਹ ਕੀ ਕਰੇਗਾ। ਆਮ ਸਿੱਟੇ ਵਜੋਂ ਇਹ ਗੱਲ ਸਾਫ਼ ਕਰਨੀ ਹੈ ਕਿ ਇਹ ਮਿਥ ਸਚਾਈ ਨਾਲ ਸਮਝੌਤੇ ਵਿਚੋਂ ਜਨਮੀ ਹੈ, ਕਿ ਇਹ ਊਲਜਲੂਲਤਾਵਾਂ ਨੂੰ ਗ੍ਰਹਿਣ ਕਰ ਲੈਂਦੀ ਹੈ ਜਾਂ ਉਹ ਇਸ ਵਿਚ ਨਿਹਿਤ ਹਨ, ਅਤੇ ਉਹ ਚੰਗੇਰੀ ਦੁਨੀਆਂ ਦੇ ਵਲ ਹੋਣ ਵਾਲੇ ਕਾਰਜ ਨੂੰ ਨਕਾਰਾ ਬਣਾਉਣ ਲਈ ਹਨ ਜਾਂ ਬਦਤਰ ਸੰਸਾਰ ਵਲ ਵਧਣ ਵਾਲੇ ਕਾਰਜ ਨੂੰ ਮਜ਼ਬੂਤ ਕਰਨ ਲਈ ਹਨ। ਦੂਜੇ ਲਫ਼ਜ਼ਾਂ ਵਿਚ. ਮਿਥਾਂ ਵਿਸ਼ਵਾਸ ਕਰਨ ਵਾਲੇ ਮਨੁੱਖ ਨੂੰ ਭਾਂਜਵਾਦੀ ਬਣਾਉਂਦੀਆਂ ਹਨ ਜਾਂ ਧਾਵਾਕਾਰੀ ਸੈਨਾ ਦਾ ਸਿਪਾਹੀ ਬਣਾਉਂਦੀਆਂ ਹਨ।

ਜੋ ਮਿਥਾਂ ਮੈਂ ਇਸ ਜਿਲਦ ਵਿਚ ਇਕੱਠੀਆਂ ਕੀਤੀਆਂ ਹਨ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਹੈ, ਉਹ ਮੁਮਕਿਨ ਚੋਣਾਂ ਨੂੰ ਮੁਕਾ ਦੇਣ ਦੇ ਮਰਹਲੇ ਤੋਂ ਬਹੁਤ ਦੂਰ ਹਨ। ਤਾਂ ਵੀ, ਮੈਂ ਸੋਚਦਾ ਹਾਂ ਕਿ ਇਨ੍ਹਾਂ ਦੇ ਦੂਰ ਦਰਾਜ਼ ਤਕ ਫੈਲਣ ਅਤੇ ਬੁਨਿਆਦੀ ਹੋਣ ਦਾ ਦੋਹਾਂ ਤਰ੍ਹਾਂ ਦਾ ਦਾਅਵਾ ਕੀਤਾ ਜਾ ਸਕਦਾ ਹੈ। ਇਹ ਅਸਲੀ ਤੌਰ 'ਤੇ ਦਾਰਸ਼ਨਿਕ ਹਨ ਅਤੇ ਇਨ੍ਹਾਂ ਵਿਚ ਕਾਫ਼ੀ ਵਡੇਰੀਆਂ ਸਾਮਾਨਯਤਾਵਾਂ ਹਨ, ਅਤੇ ਇਨ੍ਹਾਂ ਵਿਚੋਂ ਮਖ਼ਸੂਸ ਵਿਹਾਰਿਕ ਅਮਲਾਂ ਦਾ ਬਹੁਪੱਖੀ ਵਹਿਣ ਪ੍ਰਸਫੁਟਿਤ ਹੁੰਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਦੇ ਬਹੁਤ ਸਾਰੀਆਂ ਕਲਾਸਕੀ ਦਾਰਸ਼ਨਿਕ ਸਮੱਸਿਆਵਾਂ ਨੂੰ ਆਪਣੀ ਲਪੇਟ ਵਿਚ ਲਿਆ ਹੋਇਆ ਹੈ, ਤਾਂ ਕਿ ਜਿਹੜਾ ਵੀ ਕੋਈ ਵਿਚਾਰਧਾਰਾ ਦੇ ਇਤਿਹਾਸ ਤੋਂ ਜਾਣੂ ਹੋਵੇਗਾ, ਉਹ ਛੇਤੀ ਹੀ ਉਸ ਮਸ਼ੀਨਰੀ ਦੇ ਦੀਦਾਰ ਕਰ ਲਵੇਗਾ ਜਿਸ ਦੀ ਵਰਤੋਂ ਇਨ੍ਹਾਂ ਨੂੰ ਘੜਨ ਵਾਸਤੇ ਕੀਤੀ ਗਈ ਸੀ।

ਇਨ੍ਹਾਂ ਵਿਚੋਂ ਦੋ ਮਿਥਾਂ "ਕਿ ਤੁਸੀਂ ਕਲਾ ਤੇ ਸਿਆਸਤ ਨੂੰ ਰਲਾ ਨਹੀਂ ਸਕਦੇ" ਅਤੇ "ਕਿ ਤੁਹਾਨੂੰ ਆਪਣੇ ਆਪ ਲਈ ਬਾਹਰ ਝਾਕਣਾ ਪਏਗਾ" ਦਾ ਸਰੋਕਾਰ ਮੁੱਲ ਦੇ ਸਿੱਧਾਂਤ ਨਾਲ ਹੈ, ਪਹਿਲੀ ਵਿਚ ਸੁਹਜਮਈ ਸਮੱਸਿਆ ਹੈ ਅਤੇ ਦੂਜੀ ਵਿਚ ਨੀਤੀ-ਸ਼ਾਸਤ੍ਰੀ। ਚਾਰ ਹੋਰ ਮਿਥਾਂ "ਕਿ ਹਰ ਸਵਾਲ ਦੇ ਦੋ ਪਹਿਲੂ ਹੁੰਦੇ ਹਨ," "ਕਿ ਸੋਚ ਹੀ ਅਜਿਹਾ ਬਣਾਉਂਦੀ ਹੈ," "ਕਿ ਸਾਰੀਆਂ ਸਮੱਸਿਆਵਾਂ ਸਿਰਫ਼ ਲਫ਼ਜ਼ੀ ਹੁੰਦੀਆਂ ਹਨ, " ਅਤੇ "ਕਿ ਸ਼ਬਦ ਮੈਨੂੰ ਕਦੇ ਵੀ ਜ਼ਖ਼ਮ ਨਹੀਂ ਦੇਣਗੇ "ਗਿਆਨ ਦੇ ਸਿੱਧਾਂਤ ਨਾਲ ਬਾਵਸਤਾ ਹਨ ਅਤੇ ਇਹ ਆਪਸ ਵਿਚ ਮਿਲ ਕੇ ਇਸ ਵਿਸ਼ੇ ਨੂੰ ਲਗਭਗ ਨਬੇੜ ਦਿੰਦੀਆਂ ਹਨ। ਬਾਕੀ ਚਾਰ ਸਪੱਸ਼ਟ ਤੌਰ 'ਤੇ ਮਨੁੱਖ ਤੇ ਸਮਾਜ ਦੀ ਪ੍ਰਕ੍ਰਿਤੀ ਨਾਲ ਸੰਬੰਧਿਤ ਹਨ। ਇਹ ਬਾਕੀਆਂ ਦੇ ਮੁਕਾਬਲੇ

ਵਿਚ ਮਨੁੱਖੀ ਗਿਆਨ ਦੇ ਕੁਲ ਦਾਇਰੇ ਦੇ ਸਿਲਸਿਲੇ ਵਿਚ ਰਤਾ ਕੁ ਛੋਟੀਆਂ ਸਾਮਾਨਯਤਾਵਾਂ ਹਨ, ਪਰ ਆਪਣੇ ਖੇਤਰ ਵਿਚ ਉਹ ਬੁਨਿਆਦੀ ਹਨ। ਅਰਥਾਤ, ਜੇ ਉਹ ਮਿਥਾਂ ਦੀ ਬਜਾਇ ਸਚਾਈਆਂ ਹਨ, ਤਾਂ ਉਸ ਖੇਤਰ ਵਿਚ ਜਿਸ ਨੂੰ ਹੁਣ ਗਿਆਨ ਸਮਝਿਆ ਜਾਂਦਾ ਹੈ, ਉਸ ਤੋਂ ਅਗਾਂਹ ਲੰਘਣ ਲਈ ਉਹ ਕਾਫ਼ੀ ਹਨ।

ਅਤੇ ਹੁਣ, ਮੈਂ ਸੋਚਦਾ ਹਾਂ, ਪਾਠਕ ਨੂੰ ਅੰਤਰੀਵੀ ਜਗਤ ਵਿਚ ਬੁਲਾ ਲੈਣਾ ਚਾਹੀਦਾ ਹੈ ਭਾਵੇਂ ਉਹ ਮਨਇੱਛਤ, ਇਤਫ਼ਾਕੀਆ, ਜਾਂ ਅੰਤਰ-ਪ੍ਰੇਰਣਾ ਸਦਕਾ ਦਾਰਸ਼ਨਿਕ ਹੋਵੇ। ਮੈਂ ਸ਼ਾਇਦ ਇੰਨੇ ਜ਼ਿਆਦਾ ਅਜ਼ਦਹਾ ਨਹੀਂ ਵੱਢੇ ਹੋਣੇ। ਜੇ ਉਨ੍ਹਾਂ ਵਿਚੋਂ ਕੋਈ ਅਜੇ ਵੀ ਜ਼ਖ਼ਮੀ ਹਾਲਤ ਵਿਚ ਹਿੱਲ ਰਿਹਾ ਹੈ, ਤਾਂ ਉਸ ਨੂੰ ਖ਼ਤਮ ਕਰ ਕੇ ਤੁਸੀਂ ਦਇਆ-ਵਾਨਤਾ ਦਾ ਕੰਮ ਕਰੋਗੇ।

## ਮਿਥ ਖ਼ਿਲਾਫ਼ ਮਨੁੱਖ / ਰਾੱਬਰਟ ਬਰੈੱਟ ਡਨਹੈਮ

ਡਿਕਟੇਟਰ ਅਤੇ ਪ੍ਰਤਿਗਾਮੀ ਤਾਂ ਚਿਰਕਾਲ ਤੋਂ ਸੱਚ ਨੂੰ ਦਬਾਉਣ ਵਿਚ ਸਫਲ ਹੁੰਦੇ ਰਹੇ ਹਨ। ਹਿਟਲਰ ਤੇ ਸਟਾਲਿਨ ਨੇ ਆਪਣੇ ਵਿਰੋਧੀਆਂ ਨੂੰ ਕਤਲ ਕਰਵਾ ਦਿੱਤਾ ਸੀ ; ਧਾਰਮਿਕ ਅਦਾਲਤਾਂ ਨੇ "ਕਾਫ਼ਿਰਾਂ" ਨੂੰ ਅਗਨੀ-ਦੰਡ ਦੇ ਖੰਭੇ ਨਾਲ ਬੰਨ੍ਹ ਕੇ ਸਾੜਿਆ ਸੀ। ਪ੍ਰਤਿਗਾਮੀ, ਜਿਹੜੇ ਗਣਤੰਤਰੀ ਪ੍ਰਬੰਧ ਦੇ ਜ਼ਾਬਤੇ ਵਿਚ ਰਹਿਣ ਦਾ ਦਿਖਾਵਾ ਕਰਦੇ ਹਨ, ਉਨ੍ਹਾਂ ਦੇ ਨਾਮ ਕਾਲੀ ਫਹਿਰਿਸਤ ਵਿਚ ਦਰਜ ਕਰ ਦਿੰਦੇ ਹਨ। ਪਰ ਇੰਨਾ ਹੀ ਕਾਫ਼ੀ ਨਹੀਂ। ਜਿਥੇ ਸੱਤਾ ਨੂੰ ਧਮਕਾਉਣ ਵਾਲੇ ਵਿਚਾਰ ਮਹਿਜ਼ ਖੋਖਲੇ ਹੋਣ, ਉਹ ਆਪਣੇ ਆਪ ਹੀ ਦਮ ਤੋੜ ਦਿੰਦੇ ਹਨ। ਪਰ ਜਦੋਂ ਵਿਚਾਰਾਂ ਵਿਚ ਯੋਗਤਾ ਹੋਵੇ-ਜਾਂ ਕਿਸੇ ਵੀ ਸੂਰਤ ਵਿਚ. ਦੇਖਣ ਵਿਚ ਅਸਲ ਖ਼ਤਰਾ ਨਜ਼ਰ ਆਉਂਦੇ ਹੋਣ-ਤਾਂ ਉਨ੍ਹਾਂ ਦੇ ਪ੍ਰਗਟਾਵੇ ਲਈ ਜੁਰਮਾਨਾ ਵੀ ਅਜਿਹਾ ਹੋਣਾ ਚਾਹੀਦਾ ਹੈ ਜਿਸ ਨਾਲ ਹੋਰ ਅਜਿਹਾ ਕਰਨ ਦੀ ਹਿੰਮਤ ਨਾ ਕਰ ਸਕਣ। ਇਹੋ ਹੀ ਡਰ ਦੀ ਸਿਆਸਤ ਹੈ।

ਇਸ ਕਿਸਮ ਦੇ ਦਮਨ ਨੂੰ ਵਕਤ ਲੱਗਦਾ ਹੈ ਅਤੇ ਤਾਕਤ ਖਰਚ ਹੁੰਦੀ ਹੈ ਅਤੇ ਜਦੋਂ ਕਤਲ-ਇ-ਆਮ ਦਾ ਕੋਈ ਵਿਕਲਪ ਨਾ ਰਹੇ, ਤਾਂ ਜੰਗ ਅਕਸਰ ਪੀੜ੍ਹੀ-ਦਰ-ਪੀੜ੍ਹੀ ਚਲਦੀ ਹੈ। ਪ੍ਰਤਿਕ੍ਰਿਆ ਦੀ ਸਿਆਸਤ ਉਦੋਂ ਕਿਤੇ ਜ਼ਿਆਦਾ ਪੁਰਅਸਰ ਹੁੰਦੀ ਹੈ, ਜਦੋਂ ਇਹ ਆਪਣੇ ਵਿਰੋਧੀਆਂ ਨੂੰ ਦੈਂਤ ਰੂਪ ਵਿਚ ਪੇਸ਼ ਕਰ ਸਕੇ ਅਤੇ ਇਨ੍ਹਾਂ ਨੂੰ ਭਟਕੇ ਹੋਏ ਦਿਖਾ ਸਕੇ। ਇਸ ਨੂੰ ਸਿਰੇ ਚਾੜ੍ਹਨ ਦਾ ਇਕ ਤਰੀਕਾ ਅਪਜਸ ਵਧਾਉਣ ਵਾਲੀਆਂ ਰਸਮਾਂ ਰਾਹੀਂ ਹੈ ਅਤੇ ਉੱਨੀ ਸੌ ਪੰਜਾਹਵਿਆਂ ਵਿਚ ਇਕ ਅਜਿਹੀ ਹੀ ਸੰਸਥਾ ਸਦਨ ਦੀ ਅਮਰੀਕਾ-ਵਿਰੋਧੀ ਗਤੀਵਿਧੀਆਂ ਲਈ ਗਠਿਤ ਕਮੇਟੀ ਦੀਆਂ ਕਾਂਗਰਸੀ ਸੁਣਵਾਈਆਂ ਸਨ। (ਜੇ *ਮਿਥ ਖ਼ਿਲਾਫ਼ ਮਨੁੱਖ* "ਇਕ ਦਾਰਸ਼ਨਿਕ ਦਾ ਝੂਠਿਆਂ ਨੂੰ ਮਾਰਿਆ ਇਕ ਪੱਥਰ ਸੀ" ਤਾਂ ਇਹ ਕਮੇਟੀ (ਐਚ ਯੂ ਏ ਸੀ) ਝੂਠਿਆਂ ਵਲੋਂ ਜਵਾਬ ਵਜੋਂ ਰੋੜ੍ਹੀ ਗਈ ਇਕ ਚੱਟਾਨ ਸੀ)। ਦੂਜਾ ਹਥਿਆਰ ਸ਼ਖ਼ਸੀ ਬਰਬਾਦੀ ਦੀ ਸਿਆਸਤ ਸੀ ਜਿਸ ਵਿਚ ਪ੍ਰਤਿਗਾਮੀ ਆਪਣੇ ਸਿਆਸੀ ਵਿਰੋਧੀਆਂ ਦੇ ਖ਼ਿਲਾਫ਼ "ਘਟੀਆ ਚਲਾਕੀਆਂ" ਦੀ ਖੇਡ ਖੇਡਦੇ ਸਨ ਜਾਂ ਉਨ੍ਹਾਂ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਜੋ ਉਨ੍ਹਾਂ ਲਈ ਹਾਰ ਜਾਂ ਨਮੋਸ਼ੀ ਦਾ ਬਾਇਸ ਬਣ ਸਕਦੇ ਸਨ, ਤੁਹਮਤਬਾਜ਼ੀ ਤੇ ਉਤਰ ਆਉਂਦੇ ਸਨ। ਇਕ ਹੋਰ ਪੈਂਤੜਾ ਸੌਖ ਨਾਲ ਭਾਸ਼ਾ ਉਤੇ ਹਮਲਾ ਸੀ।

ਉੱਨੀ ਸੌ ਪੰਜਾਹਵਿਆਂ ਦੀ ਕਾਲੀ ਫਹਿਰਿਸਤ ਆਜ਼ਾਦਪ੍ਰਸਤਾਂ ਵਿਚ ਅਤੇ ਖੱਬੇਪੱਖੀਆਂ ਵਿਚਕਾਰ ਪਾੜ ਪਾਉਣ ਦੇ ਮਕਸਦ ਨਾਲ ਤਿਆਰ ਕੀਤੀ ਗਈ ਸੀ ਅਤੇ ਉਦੋਂ ਖੱਬੇਪੱਖੀ ਝੁਕਾ ਰੱਖਣ ਵਾਲੇ ਆਜ਼ਾਦ-ਪ੍ਰਸਤਾਂ ਉਤੇ ਹਮਲਾ ਕੀਤਾ ਗਿਆ ਸੀ ਜਿਨ੍ਹਾਂ ਨੂੰ ਉਹ ਕਮਿਊਨਿਸਟ ਗਰਦਾਨਦੇ ਸਨ। ਇਸ ਵਿਚ ਪ੍ਰਤਿਗਾਮੀ ਕਾਮਯਾਬ ਹੋ ਗਏ। ਉੱਨੀ ਸੌ ਅੱਸੀਵਿਆਂ ਵਿਚ ਜਦੋਂ ਕੋਈ ਵੀ "ਖੱਬੇਪੱਖੀ" ਝੁਕਾ ਵਾਲਾ ਊਂਜ ਲਾਉਣ ਨੂੰ ਨਾ ਰਿਹਾ, ਤਾਂ ਉਨ੍ਹਾਂ ਨੇ "ਆਜ਼ਾਦਪ੍ਰਸਤ" ਲਫ਼ਜ਼ ਨੂੰ ਪੁਨਰ-ਪਰਿਭਾਸ਼ਿਤ ਕੀਤਾ



ਅਤੇ ਅਮਰੀਕਾ ਹੋਰ ਜ਼ਿਆਦਾ ਸੱਜੇਪੱਖੀ ਹੋ ਗਿਆ। ਹੁਣ ਦਰਮਿਆਨੇ ਦਰਜੇ ਦੇ ਨਰਮਪੰਥੀਆਂ ਨੂੰ ਅਤੇ ਉੱਨੀ ਸੌ ਸੱਠਵਿਆਂ ਦੇ ਸੰਕੀਰਣਵਾਦੀਆਂ ਨੂੰ ਵੀ "ਆਜ਼ਾਦਪ੍ਰਸਤ" ਆਖਿਆ ਗਿਆ। ਭਾਸ਼ਾ ਉਤੇ ਪ੍ਰਤਿਗਾਮੀ ਹਮਲੇ ਦੀ ਤਕਰੀਬਨ ਪੂਰੀ ਸਫ਼ਲਤਾ ਦੀ ਸ਼ਾਇਦ ਸਭ ਤੋਂ ਵਧੀਆ ਉਦਾਹਰਣ ਇਹ ਹੈ ਕਿ ਅਜੋਕੇ ਸਿਆਸੀ ਪ੍ਰਵਚਨ ਵਿਚੋਂ "ਪ੍ਰਤਿਗਾਮੀ" ਲਫ਼ਜ਼ ਗ਼ਾਇਬ ਹੀ ਹੋ ਗਿਆ ਹੈ। 1947 ਵਿਚ ਜਿਨ੍ਹਾਂ ਲੋਕਾਂ ਲਈ ਇਸ ਤਕਨੀਕੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਸੀ, ਉਹ ਹੁਣ ਆਪਣੇ ਆਪ ਨੂੰ "ਸੰਕੀਰਣਤਾਵਾਦੀ" ਆਖਦੇ ਹਨ।

ਸੱਠ ਸਾਲਾਂ ਵਿਚ ਸੰਸਾਰ ਨਾਟਕੀ ਅੰਦਾਜ਼ ਵਿਚ ਬਦਲ ਗਿਆ ਹੈ, ਪਰ ਉਹ ਸਾਧਨ ਜਿਨ੍ਹਾਂ ਦੁਆਰਾ ਅਯੋਗ ਤਾਕਤ ਸੰਭਾਲ ਕੇ ਰੱਖੀ ਜਾਂਦੀ ਹੈ ਅਤੇ ਦੁਨੀਆਂ ਦੇ ਦੁਸਾਰ-ਪਾਰ ਲੋਕ ਜਿਵੇਂ ਸਤਾਏ ਜਾਂਦੇ ਹਨ, ਉਹ ਢੰਗ ਨਹੀਂ ਬਦਲੇ। ਜਿਹੜੀਆਂ ਮਿਥਾਂ ਮੇਰੇ ਦਾਦੇ ਨੇ 1947 ਵਿਚ ਬੇਨਕਾਬ ਕੀਤੀਆਂ ਸਨ, ਉਹ ਅੱਜ ਵੀ ਉਤਨੀਆਂ ਹੀ ਪ੍ਰਾਸੰਗਿਕ ਹਨ।

ਜ਼ਰਾ ਉਨ੍ਹਾਂ ਤਿੰਨ ਮਿਥਾਂ ਬਾਰੇ ਵਿਚਾਰ ਕਰੋ ਜਿਨ੍ਹਾਂ ਤੋਂ ਐਫ਼ ਬੀ ਆਈ ਇਸ ਕਦਰ ਡਰ ਗਿਆ ਸੀ ਕਿ ਉਨ੍ਹਾਂ ਨੂੰ ਮੇਰੇ ਦਾਦੇ ਦੀ ਫ਼ਾਈਲ ਵਿਚ ਵੱਖੋ ਵੱਖਰੀਆਂ ਅੰਕਿਤ ਕੀਤਾ ਸੀ। ਨਵੀਆਂ ਸਾਇੰਸੀ ਲੱਭਤਾਂ ਅਤੇ ਆਧੁਨਿਕ ਮਨੁੱਖੀ ਅਨੁਭਵ ਨੇ ਸਿੱਧ ਕਰ ਦਿੱਤਾ ਕਿ ਮੇਰਾ ਦਾਦਾ ਸਹੀ ਸੀ ਅਤੇ ਮਿਥਾਂ ਝੂਠੀਆਂ ਸਨ। ਪਰ ਰਤਾ ਗ਼ੌਰ ਨਾਲ ਸੁਣੋ, ਅਤੇ ਤੁਸੀਂ ਦੇਖੋਗੇ ਕਿ ਪ੍ਰਤਿਗਾਮੀ ਅਤੇ ਕੱਟੜਪੰਥੀ ਦਮਨਕਾਰ ਉਨ੍ਹਾਂ ਨੂੰ ਇੱਕੀਵੀਂ ਸਦੀ ਦੇ ਰੂਪ ਵਿਚ ਤੋਤੇ ਵਾਂਗ ਦੁਹਰਾ ਰਹੇ ਹਨ।

ਅਸਲ ਵਿਚ ਹਰ ਭੌਤਿਕ ਤੇ ਸਮਾਜ ਵਿਗਿਆਨ ਨੇ ਇਸ ਮਿਥ ਦੇ ਅੰਦਰ ਨਿਹਿਤ ਇਸ ਧਾਰਨਾ ਨੂੰ ਰੱਦ ਕੀਤਾ ਹੈ ਕਿ "ਤੁਸੀਂ ਮਨੁੱਖੀ ਫ਼ਿਤਰਤ ਨਹੀਂ ਬਦਲ ਸਕਦੇ।" ਤੁਸੀਂ ਮਨੁੱਖੀ ਪ੍ਰਕ੍ਰਿਤੀ ਨੂੰ ਜਿਵੇਂ ਮਰਜ਼ੀ ਪਰਿਭਾਸ਼ਿਤ ਕਰ ਲਉ, ਇਹ ਅਚਲ ਹੈ। ਇਹ ਸੱਚ ਕਿ ਸਾਨੂੰ ਜਿਸ ਸਾਮਾਜਿਕ ਵਿਕਾਸ ਦੇ ਸੰਕਲਪ ਦੀ ਲੋੜ ਹੈ, ਉਹ ਵੀ ਇਸ ਮਨੌਤ ਨੂੰ ਰੱਦ ਕਰਦਾ ਹੈ। ਮਨੁੱਖੀ ਜੀਵ-ਵਿਗਿਆਨ ਭਾਵੇਂ ਇਕ ਹਜ਼ਾਰ ਸਾਲਾਂ ਵਿਚ ਥੋੜ੍ਹਾ ਕੁ ਬਦਲ ਜਾਵੇ, ਪਰ ਮਨੁੱਖੀ ਸਮਾਜ ਦੀ ਫਿਤਰਤ ਇਕ ਪੀੜ੍ਹੀ ਦੌਰਾਨ ਬਦਲ ਸਕਦੀ ਹੈ।

ਰੂੜ੍ਹੀਵਾਦੀ ਭਾਵੇਂ ਇਸ ਤਬਦੀਲੀ ਨੂੰ ਭਰਮਮੂਲਕ ਆਖੇ : ਬਾਹਰੀ ਦਿੱਖ ਤੋਂ ਭਾਵੇਂ ਸਮਾਜ ਨਵੀਆਂ ਤਕਨਾਲੋਜੀਆਂ ਦੀ ਝਲਕ ਦੇਵੇ, ਪਰ ਤਾਂ ਵੀ ਮਾਨਵੀ ਪ੍ਰੇਰਕ ਅਤੇ ਵਿਅਕਤੀਗਤ ਫ਼ੈਸਲਿਆਂ ਦਾ ਅੰਦਾਜ਼ ਉਹੋ ਹੀ ਰਹਿੰਦਾ ਹੈ। ਇਸ ਸਭ ਕਾਸੇ ਦੇ ਹੇਠਾਂ ਮਨੁੱਖੀ ਫ਼ਿਤਰਤ ਦੀ ਪ੍ਰਕ੍ਰਿਤੀ ਨਹੀਂ ਬਦਲਦੀ। ਪਰ ਜਿਵੇਂ 1947 ਵਿਚ ਸੀ, ਇਹ ਸੇਧਵਿਹੀਨਤਾ ਦੀ ਦਿਸ਼ਾ ਵਿਚ ਅਭਿਆਸ ਹੀ ਹੋਵੇਗਾ ਕਿ ਬੇਪਰਦ ਅਸਲੀਅਤ ਜਾਂ ਤਾਂ ਕੁਝ ਵੀ ਸਿੱਧ ਨਹੀਂ ਕਰਦੀ ਜਾਂ ਨਾ ਤਿੰਨ 'ਚ ਨਾ ਤੇਰਾਂ ਵਿਚ।

ਅੱਜ ਅਸੀਂ ਸਾਫ਼ ਤੌਰ ਤੇ ਜਾਣਦੇ ਹਾਂ ਕਿ ਮਨੁੱਖੀ ਫ਼ਿਤਰਤ ਦੇ ਜਣਨਿਕ ਤੇ ਸਾਮਾਜਿਕ ਦੋਵੇਂ ਜੁਜ਼ ਹੁੰਦੇ ਹਨ। ਜਣਨਿਕ ਪ੍ਰਕ੍ਰਿਤੀ ਵਿਚ ਹਾਵੀ ਅਤੇ ਪਿੱਛਲ-ਪ੍ਰਭਾਵੀ ਖ਼ਾਸੀਅਤਾਂ ਹੁੰਦੀਆਂ ਹਨ। ਇਨ੍ਹਾਂ ਖ਼ਾਸੀਅਤਾਂ ਵਿਚ ਵਿਹਾਰਮੂਲਕ ਪੂਰਵ-ਝੁਕਾਉ ਹੁੰਦੇ ਹਨ, ਪਰ ਸਾਡੇ ਅਸਲ ਵਿਹਾਰ ਇੰਨੇ ਕਸਵੇਂ ਨਹੀਂ ਹੁੰਦੇ। ਪ੍ਰਕ੍ਰਿਤੀ ਕਾਰਜ ਦੀ ਆਜ਼ਾਦੀ ਲਈ ਗੁੰਜਾਇਸ਼ ਜ਼ਰੂਰ ਛੱਡਦੀ ਹੈ ਅਤੇ ਹਰ ਸ਼ਖ਼ਸ ਦੇ ਵਿਹਾਰਿਕ ਹੁੰਗਾਰੇ ਕਾਫ਼ੀ ਜ਼ਿਆਦਾ ਵੰਨਸੁਵੰਨੇ ਹੁੰਦੇ ਹਨ। ਅਸੀਂ ਅਜਿਹੇ ਜਾਨਵਰ ਹਾਂ ਜਿਸ ਦੇ ਵਿਕਾਸਮੁਖੀ ਵਿਸ਼ੇਸ਼ ਲੱਛਣ ਲਚਕੀਲੇ ਅਤੇ ਢਲਣਯੋਗ ਹਨ। ਹੋਂਦ ਦੀ ਪ੍ਰਕ੍ਰਿਤੀ ਹੀ ਤਬਦੀਲੀ ਹੈ।

ਫਿਰ ਤਾਂ ਜੀਵ-ਵਿਗਿਆਨਿਕ ਤੌਰ ਤੇ ਇਹ ਮਿਥ ਕਿ ਤੁਸੀਂ ਮਨੁੱਖੀ ਫ਼ਿਤਰਤ ਨਹੀਂ ਬਦਲ ਸਕਦੇ ਆਤਮ-ਵਿਰੋਧੀ, ਅਪ੍ਰਾਸੰਗਿਕ, ਜਾਂ ਝੂਠੀ ਹੈ। ਅਤੇ ਤੱਰਕਸ਼ੀਲਤਾ ਦੇ ਪੱਖ ਤੋਂ ਵੀ ਇਸ ਦਾ ਕੀ ਮਤਲਬ ਹੋਇਆ ਕਿ ਜੋ ਸਦਾ ਬਦਲਣਹਾਰ ਹੈ ਉਹ ਬਦਲ ਨਹੀਂ ਸਕਦੀ? ਬੇਸ਼ੱਕ, ਅਸੀਂ ਇਸ ਬਾਰੇ ਚਿੰਤਾ ਵੀ ਕਿਉਂ ਕਰੀਏ?

ਇਸ ਤੋਂ ਇਲਾਵਾ, ਮਿਥ ਝੂਠੀ ਹੀ ਰਹਿੰਦੀ ਹੈ ਜੇ ਬੰਦਾ ਵਿਹਾਰਿਕ ਪੂਰਵ-ਝੁਕਾਵਾਂ ਨੂੰ ਅਪਰਿਵਰਤਨਸ਼ੀਲ ਮੰਨ ਬੈਠੇ। ਜਿਵੇਂ ਅਰਸਤੂ ਨੇ ਐਲਾਨ ਕੀਤਾ ਸੀ ਅਤੇ ਇਤਿਹਾਸ ਇਸ ਦੀ ਪੁਸ਼ਟੀ ਕਰਦਾ ਹੈ , ਕਿ ਮਨੁੱਖ ਇਕ ਸਾਮਾਜਿਕ ਜਾਨਵਰ ਹੈ। ਜਿਵੇਂ ਜਟਿਲ ਸਮਾਜਾਂ ਵਿਚਲੇ ਸਭਨਾਂ ਜਾਨਵਰਾਂ

ਵਿਚ ਪਰਸਪਰ-ਵਿਰੋਧੀ ਖ਼ਾਸੀਅਤਾਂ ਦਿਸਦੀਆਂ ਹਨ ਉਹ ਦੋਵੇਂ ਹੀ ਜੀਵ-ਵਿਗਿਆਨਿਕ ਤੌਰ 'ਤੇ ਢਲਣਹਾਰ ਹੋਣ। ਉਹ ਵਿਸ਼ੇਸ਼ ਲੱਛਣ ਜਿਹੜੇ ਕਿਸੇ ਵਿਅਕਤੀ ਦੀ ਨਿਜੀ ਦਿਲਚਸਪੀ ਵਿਚ ਵਾਧਾ ਕਰਦੇ ਹੋਣ ਬਿਨਾਂ ਹੋਰਨਾਂ ਨੂੰ ਨੁਕਸਾਨ ਪਹੁੰਚਾਉਣ ਦੇ, ਉਹੋ ਹੀ ਚੁਣੇ ਜਾਣਗੇ। ਦੂਜੇ ਪਾਸੇ, ਖ਼ੁਦਗਰਜ਼ ਆਤਮ-ਕੇਂਦਰਿਤ ਵਿਹਾਰ ਘੱਟ ਬਰਦਾਸ਼ਤ ਕੀਤਾ ਜਾਂਦਾ ਹੈ। ਜਦੋਂ ਗ਼ੈਰ-ਸਾਮਾਜਿਕ ਖ਼ੁਦਗਰਜ਼ੀ ਖ਼ਾਸ ਤੌਰ ਤੇ ਹਿੰਸਕ ਹੋਵੇ, ਤਾਂ ਸਾਮਾਜਿਕ ਜੁਟਬੰਦੀਆਂ ਉਨ੍ਹਾਂ ਨੂੰ ਇਸ ਤੋਂ ਮਹਿਫ਼ੂਜ਼ ਰੱਖਣਗੀਆਂ। ਵਕਤ ਦੇ ਗੁਜ਼ਰਨ ਨਾਲ, ਸਿੱਟੇ ਵਜੋਂ ਲੱਗਣ ਵਾਲੇ ਬੰਧੇਜ ਪ੍ਰਜਨਕ ਮੌਕਿਆਂ ਨੂੰ ਸੀਮਿਤ ਕਰ ਦੇਣਗੇ ਅਤੇ ਚੋਣ ਅਜਿਹੇ ਲੱਛਣਾਂ ਦੇ ਹੱਕ ਵਿਚ ਨਹੀਂ ਹੋਵੇਗੀ। ਪਰਉਪਕਾਰਵਾਦ ਜਾਂ ਰਹਿਮਦਿਲੀ ਅਤੇ ਸਾਮਾਜਿਕ ਚੇਤਨਾ ਵਰਗੇ ਗੁਣਾਂ ਸਹਿਤ ਕਦੇ-ਕਦੇ ਜ਼ਿੰਦਗੀ ਖ਼ਤਮ ਹੋ ਜਾਂਦੀ ਹੈ ਜਾਂ ਸ੍ਵੈ-ਸੀਮਾ ਮੁਕੱਰਰ ਕਰਨ ਦੇ ਮੌਕੇ ਨਹੀਂ ਰਹਿੰਦੇ, ਪਰ ਸ੍ਵੈ-ਮਰਯਾਦਿਤ ਖ਼ੁਦਗਰਜ਼ੀ ਦੇ ਵੀ ਢਲਣਹਾਰ ਫ਼ਾਇਦੇ ਹੁੰਦੇ ਹਨ ਅਤੇ ਇਸ ਲਈ ਇਹ ਚੁਣੀ ਜਾਏਗੀ। ਅਤੇ ਪਰਉਪਕਾਰਵਾਦ ਅਤੇ ਖ਼ੁਦਗਰਜ਼ੀ ਵਲ ਝੁਕਾਅ ਪਰਸਪਰ ਨਿਵੇਕਲੇ ਨਹੀਂ ਹੁੰਦੇ। ਉਹ ਇਕ ਨਾਯਾਬ ਸ਼ਖ਼ਸ ਹੈ-ਇਕ ਸਮਾਜਸੇਵੀ ਜਾਂ ਸ਼ਹੀਦ ਹੈ-ਜਿਸ ਵਿਚ ਸਿਰਫ਼ ਇਕੋ ਝੁਕਾ ਹੁੰਦਾ ਹੈ ਅਤੇ ਦੂਜਾ ਨਹੀਂ ਹੁੰਦਾ।

*ਮਿਥ ਖ਼ਿਲਾਫ਼ ਮਨੁੱਖ* ਨੇ ਇਹ ਸਮਝਿਆ ਕਿ ਤੁਸੀਂ...... ਮਨੁੱਖੀ ਸੁਭਾ ਤੋਂ ਇਹ ਸਿੱਟਾ ਕੱਢ ਸਕਦੇ ਹੋ ਕਿ ਸਮਾਜ ਵਿਚ ਤਬਦੀਲੀ ਆਏਗੀ।" ਅੱਜ, ਇਹ ਮਨੁੱਖੀ ਸੁਭਾ ਦਾ ਇਕੋ ਇਕ ਸਾਮਾਜਿਕ ਸੱਚ ਰਹਿ ਗਿਆ ਹੈ। ਅੱਜ ਇਹ ਮਿਥ ਹੋਰਨਾਂ ਨੂੰ ਮਨਾਉਣ ਦਾ ਇਕ ਪਿਛਾਂਹ ਖਿੱਚੂ ਜ਼ਰੀਆ ਬਣ ਕੇ ਰਹਿ ਗਈ ਹੈ ਕਿ ਬਦਲਨ ਦੀ ਕੋਸ਼ਿਸ਼ ਕਰਨੀ ਵਿਅਰਥ ਹੈ ; ਕਿ ਖ਼ੁਦਗਰਜ਼ੀ ਦੇ ਹਿੰਸਕ ਝੁਕਾਵਾਂ ਨੂੰ ਨਿਯੰਤਰਣ ਵਿਚ ਲਿਆਉਣਾ ਜਾਂ ਸਾਮਾਜਿਕ ਤੌਰ ਤੇ ਤਬਦੀਲੀ ਲਿਆਉਣ ਦਾ ਨਿਰਦੇਸ਼ ਦੇਣਾ ਫ਼ਜ਼ੂਲ ਹੈ ਇਸ ਲਈ ਕੋਸ਼ਿਸ਼ ਕਰਨ ਦੀ ਲੋੜ ਨਹੀਂ।

"ਅਮੀਰ ਸਮਰੱਥ ਹੁੰਦੇ ਹਨ ਅਤੇ ਗ਼ਰੀਬ ਅਸਮਰੱਥ" ਦੇ ਰੂਪ-ਭੇਦ ਅਜੇ ਵੀ ਪੂਰਬਲੇ ਆਰਥਿਕ ਵਿਹਾਰਾਂ ਅਤੇ ਸੱਨਅਤੀ ਬੇਕਾਇਦਗੀ ਦੇ ਸਮੱਰਥਕਾਂ ਵਿਚ ਅਤੇ ਸਾਮਾਜਿਕ ਭਲਾਈ ਦੇ ਪ੍ਰੋਗਰਾਮਾਂ ਦੇ ਵਿਰੋਧੀਆਂ ਵਿਚ ਅਜੇ ਵੀ ਉਭਰਦੇ ਹਨ। ਖ਼ੁਦਗਰਜ਼ੀ ਦੇ ਜਿਸ ਨਮੂਨੇ ਉਤੇ ਇਹ ਆਧਾਰਿਤ ਹਨ ਉਹ, ਅੱਜ ਜ਼ਿਆਦਾ ਪ੍ਰਾਸੰਗਿਕ ਵਡੇਰੇ ਮੁੱਦਿਆਂ ਨੂੰ ਢਕਣ ਦੀ ਕੋਸ਼ਿਸ਼ ਵਿਚ ਹੈ ਜਿਨ੍ਹਾਂ ਉਤੇ ਸਾਡੀ ਮਾਨਵ-ਜਾਤੀ ਦੀ ਬੁਨਿਆਦੀ ਤੌਰ 'ਤੇ ਉੱਤਰ ਜੀਵਤਾ ਆਸ਼ਰਿਤ ਹੈ-ਅਤੇ ਉਹ ਹਨ ਸਾਮਾਜਿਕ ਤੇ ਪ੍ਰਕ੍ਰਿਤਿਕ ਵਾਯੂਮੰਡਲ ਦੀ ਤੰਦਰੁਸਤੀ।

ਉੱਨੀਵੀਂ ਤੇ ਵੀਹਵੀਂ ਸਦੀ ਦਾ ਸਾਮਾਜਿਕ ਡਾਰਵਿਨਵਾਦ ਇਕ ਝੂਠੀ ਦੁਵੰਡ (ਇਕ ਹੋਰ ਮਿਥ ਦੀ ਉਪਜ" ਹਰ ਕਹਾਣੀ ਦੇ ਦੋ ਪਹਿਲੂ ਹੁੰਦੇ ਹਨ") ਉਤੇ ਆਧਾਰਿਤ ਹੈ। ਇਹ ਦੋਵੇਂ ਮੁਖ਼ਾਲਿਫ਼ ਝੂਠੀਆਂ ਚੋਣਾਂ ਉਸ ਟੇਢੇ ਲੈਨੱਜ਼ ਵਰਗੀਆਂ ਹਨ ਜਿਸ ਥਾਣੀਂ ਅਸੀਂ ਲੰਮ-ਦਰਸ਼ੀ ਆਰਥਿਕ (ਪੂਰਤੀ/ ਮੰਗ ; ਸਰਮਾਇਆ/ ਮਜ਼ਦੂਰੀ) ਅਤੇ ਸਾਮਾਜਿਕ ਸੰਬੰਧਾਂ (ਗਣਤੰਤਰ/ ਸਾਮਵਾਦ) ਨੂੰ ਦੇਖ ਸਕਦੇ ਹਾਂ। ਸਾਮਾਜਿਕ ਡਾਰਵਿਨਵਾਦ ਸਮੇਂ ਵਿਚ ਬਿਨਾਂ ਸ਼ਿਸ਼ਤ ਬੰਨ੍ਹੇ ਫ਼ਾਇਰ ਕਰਨ ਵਾਲੇ ਅੰਦਾਜ਼ ਵਿਚ ਨਿਵਾਜੀ (ਜਾਂ ਨਿਵਾਜਿਸ਼ ਤੋਂ ਮਹਿਰੂਮ) ਥਾਂ ਜੋ ਵੀ ਵਿਅਕਤੀ-ਵਿਸ਼ੇਸ਼ ਦੀ ਓਸ ਪਲ ਵਿਚ ਹੋਵੇ, ਉਸ ਦਾ ਇਕ ਸਾਮਾਜਿਕ ਮੁੱਲ ਮੁਕੱਰਰ ਕਰ ਦਿੰਦਾ ਹੈ। ਇਹ ਡਾਰਵਿਨਵਾਦ ਕਤੱਈ ਨਹੀਂ ਕਿਉਂਕਿ ਸਾਇੰਸ ਦੱਸਦੀ ਹੈ ਕਿ ਵਾਯੂਮੰਡਲ ਦੀ ਤੰਦਰੁਸਤੀ ਵਿਕਾਸਮੁਖੀ ਤਬਦੀਲੀ ਦਾ ਵੱਡਾ ਸੋਮਾ ਹੈ, ਅਤੇ ਸਾਮਾਜਿਕ ਡਾਰਵਿਨਵਾਦ ਆਰਥਿਕ ਅਤੇ ਸਾਮਾਜਿਕ ਵਾਤਾਵਰਣ ਨੂੰ ਨਜ਼ਰਅੰਦਾਜ਼ ਕਰਦਾ ਹੈ ਜਿਸ ਵਿਚ ਸ੍ਵੈ-ਵਰਣਿਤ "ਸਮਰੱਥ" ਅਮੀਰ ਹੋ ਨਿੱਬੜਦਾ ਹੈ ਅਤੇ "ਅਸਮਰੱਥ" ਗ਼ਰੀਬ ਬਣ ਜਾਂਦਾ ਹੈ।

ਜਦੋਂ ਕੁਝ ਕੁ ਬੰਦਿਆਂ ਦੁਆਰਾ ਜ਼ਖੀਰਾਖੇਜ਼ ਕੀਤੀ ਹੋਈ ਪੂੰਜੀ ਕਈਆਂ ਲਈ ਮੁਸ਼ਕਿਲਾਂ ਪੈਦਾ ਕਰ ਦਿੰਦੀ ਹੈ, ਤਾਂ ਪ੍ਰਤਿਗਾਮੀ ਦਾ ਆਰਥਿਕ ਨਿਸ਼ਾਨਾ ਕੁਝ ਕੁ ਚੁਨੀਦਾ ਲੋਕਾਂ ਨੂੰ "ਸਮਰੱਥ" ਕਰਾਰ ਦਿੰਦਾ ਹੈ ਅਤੇ ਹੋਰਨਾਂ ਸਭਨਾਂ ਨੂੰ ਆਰਥਿਕ ਪ੍ਰਕ੍ਰਿਤੀ ਬਦਲਣ ਦੀ ਉਡੀਕ ਵਿਚ ਨਜ਼ਰਅੰਦਾਜ਼ ਕਰ ਦਿੰਦਾ ਹੈ। ਇਕ ਵਿਸ਼ਾਲ ਤਸਵੀਰ ਇਸ ਦੇ ਬਦਲੇ ਉਸੇ ਸਾਮਾਜਿਕ ਢਾਂਚੇ ਵਿਚ ਟੁੱਕੜਬੋਚਾਂ ਦੀ ਨਿਸ਼ਾਨਦੇਹੀ ਵੀ



ਕਰਦੀ ਹੈ ਨਾਲ ਹੀ ਉਸ ਦੇ ਵਿਚੋਂ ਰਿਸ ਰਹੇ ਰੋਸ ਦੀ ਮੁਆਦ ਉਤੇ ਵੀ ਝਾਤ ਪੁਆਉਂਦੀ ਹੈ। ਜੇ ਸਮਾਜ ਤੰਦਰੁਸਤ ਹੋਵੇਗਾ, ਤਾਂ ਸਾਮਾਜਿਕ ਤੇ ਆਰਥਿਕ ਸੁਧਾਰ ਵੀ ਹੋਣਗੇ; ਸ਼ਾਇਦ ਅਜਿਹੀ ਸਥਿਤੀ ਵਿਚ ਪਰਜੀਵੀ ਨਾਸ਼ਕ ਤੱਤਾਂ ਦੀ ਸਾਰ ਵੀ ਲਈ ਜਾ ਸਕਦੀ ਹੈ। ਪਰ ਜੇ ਬੀਮਾਰ ਸਮਾਜ ਨੂੰ ਅਮਰਯਾਦਿਤ ਹੀ ਰਹਿਣ ਦਿੱਤਾ ਗਿਆ ਅਤੇ ਸਾਮਾਜਿਕ ਬੀਮਾਰੀਆਂ ਨੂੰ ਅਣਗੌਲਿਆ ਹੀ ਛੱਡ ਦਿੱਤਾ ਗਿਆ, ਤਾਂ ਨਿਵਾਜੇ ਹੋਏ ਮਖ਼ਸੂਸ ਲੋਕਾਂ ਦੀ ਸਮੱਰਥਤਾ ਵੀ ਸਮਾਜ ਢਹਿਢੇਰੀ ਹੋਣ ਤੋਂ ਰੋਕ ਨਹੀਂ ਸਕੇਗੀ। ਵਿਸ਼ਵ ਭਰ ਦੀ ਸੰਕਟਗ੍ਰਸਟ ਸਥਿਤੀ ਦੇ ਸੰਦਰਭ ਵਿਚ ਇਹ ਗਰਬ-ਗੁਮਾਨੀ ਤਬਾਹੀ ਲਿਆ ਸਕਦੀ ਹੈ।

ਆਖ਼ਰੀ ਮਿਥ ਜਿਸ ਦੀ ਐਫ਼ ਬੀ ਆਈ ਨੇ ਮੇਰੇ ਦਾਦੇ ਦੀ ਫ਼ਾਈਲ ਵਿਚ ਨਿਸ਼ਾਨਦੇਹੀ ਕੀਤੀ ਸੀ, ਉਹ ਸੀ ਕਿ "ਨਸਲਾਂ ਵਧੀਆ ਤੇ ਘਟੀਆ ਹੁੰਦੀਆਂ ਹਨ।" ਇਸ ਮਿਥ ਉਤੇ ਹਮਲਾ ਕਰਨਾ ਨਾਬਰਾਬਰੀ ਅਤੇ ਦਮਨ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਲਈ ਹੀ ਵਿਨਾਸ਼ਕਾਰੀ ਹੋ ਸਕਦਾ ਹੈ-ਜਿਹੜੇ ਯਕੀਨਨ ਬਸਤੀਵਾਦੀ ਤਾਕਤਾਂ ਦੇ ਪ੍ਰਤੀਕ ਅਤੇ ਨਸਲਵਾਦ ਦੀਆਂ ਕਈ ਸਕੀਮਾਂ ਦੇ ਹਮਾਇਤੀ ਹਨ। ਬਸਤੀਵਾਦ ਦੇ ਖ਼ਾਤਮੇ ਅਤੇ ਕਠੋਰ ਸੈਂਸਰ ਦੇ ਹਟਣ, ਅਮਰੀਕਨ ਨਾਗਰਿਕਾਂ ਹੱਕਾਂ ਦੀ ਲਹਿਰ ਸ਼ੁਰੂ ਹੋਣ ਮਗਰੋਂ ਅਤੇ ਦੱਖਣੀ ਅਫ਼ਰੀਕਾ ਦੀ ਆਜ਼ਾਦੀ ਤੋਂ ਉਪਰੰਤ ਇਹ ਪ੍ਰਤੀਤ ਹੋਣ ਲੱਗ ਪਿਆ ਕਿ ਇਸ ਮਿਥ ਦੇ ਪ੍ਰਸਤਾਵਕਾਂ ਨੂੰ ਮੂੰਹ ਲੁਕਾਉਣ ਨੂੰ ਥਾਂ ਨਹੀਂ ਲੱਭੀ ਹੋਣੀ।

ਜੇ ਉਹ ਅਜਿਹਾ ਨਾ ਕਰਦੇ, ਤਾਂ ਇਹ ਮੇਰੇ ਦਾਦੇ ਦੀ ਬਹੁਤ ਵੱਡੀ ਨਿਰਾਸਤਾ ਹੋਣੀ ਸੀ। ਉਸ ਦਾ ਆਸਵੰਦ ਤੌਰ ਤੇ ਭਰੋਸਾ ਸੀ ਕਿ ਇਕ ਵਾਰ ਜੇ "ਘਟੀਆ" ਨਸਲਾਂ ਦੇ ਹੱਥ ਸੱਤਾ ਆ ਗਈ ਤਾਂ ਇਹ ਕਦੇ ਵੀ ਮਨੁੱਖਤਾ ਉਤੇ "ਉਹ ਅੱਤਿਆਚਾਰ ਨਹੀਂ ਕਰਨਗੀਆਂ, ਜਿਨ੍ਹਾਂ ਦੀ ਆਂਸ਼ਿਕ ਰੂਪ ਵਿਚ ਵੀ ਸ੍ਵੈ-ਵਰਣਿਤ ਵਧੀਆ" ਨਸਲਾਂ ਦੁਆਰਾ ਕੀਤੇ ਜ਼ੁਲਮਾਂ ਨਾਲ ਤੁਲਨਾ ਕੀਤੀ ਜਾ ਸਕੇ।" ਇਹ ਵੀ ਉਸੇ ਸੰਕਲਪ ਵਾਂਗ ਇਕ ਰੋਮਾਂਟਿਕ ਖ਼ਾਹਿਸ਼ ਸੀ ਕਿ ਨਿਰਾ ਚਾਹੁਣ ਨਾਲ ਖ਼ਾਹਿਸ਼ ਦੀ ਪੂਰਤੀ ਨਹੀਂ ਹੁੰਦੀ। ਤਾਜ਼ਾਤਰੀਨ ਇਤਿਹਾਸ ਦਿਖਾਉਂਦਾ ਹੈ ਕਿ ਇਤਿਹਾਸਿਕ ਤੌਰ ਤੇ ਪੀੜਿਤ ਲੋਕ ਵੀ ਉਨ੍ਹਾਂ ਉਤੇ ਇਤਿਹਾਸਿਕ ਜ਼ੁਲਮ ਢਾਹੁਣ ਵਾਲਿਆਂ ਨਾਲੋਂ ਜ਼ਿਆਦਾ ਕੋਮਲਭਾਵੀ ਨਹੀਂ।

ਅੱਜ ਦੀਆਂ "ਮਾਨਵ-ਜਾਤੀਗਤ ਆਧਾਰ ਉਤੇ ਫੇਰੇ ਗਏ ਹੂੰਝੇ, "ਨਸਲਕੁਸ਼ੀਆਂ ਅਤੇ ਖ਼ਾਨਾ-ਜੰਗੀਆਂ ਸਰਕਾਰੀ ਕੱਟੜਤਾ ਦੀ ਥਿਰਤਾ ਅਤੇ ਨਹਿਸ਼ ਭਰੋਸੇ ਵਾਲੇ ਸਿਸਟਮ ਨੂੰ ਹੀ ਬੇਨਕਾਬ ਕਰਦੀਆਂ ਹਨ ਜਿਸ ਦੀ ਪ੍ਰਤਿਗਾਮੀ ਸੋਚ ਵਾਲੇ ਲੋਕ ਕੱਟੜਪੰਥੀਆਂ ਨਾਲ ਸਾਂਝ ਰੱਖਦੇ ਹਨ। ਇਥੇ ਹਰ ਕਿਸਮ ਦੇ ਅਤੇ ਜਾਤਾਂ ਦੇ ਕੱਟੜਪੰਥੀ ਪ੍ਰਤਿਗਾਮੀ ਹਨ। ਬੋਧੀ, ਈਸਾਈ, ਮੁਸਲਮਾਨ, ਹਿੰਦੂ, ਯਹੂਦੀ ਲੋਕਾਂ ਦੀ ਤੰਗਦਿਲੀ ਵੀ ਉਹੋ ਜਿਹੀ ਦਿਸਦੀ ਹੈ। ਉਹ ਵੀ ਬਰਾਬਰ ਦੀ ਉੱਚਤਾ ਤੇ ਸ਼ੁੱਧਤਾ ਦਾ ਦਾਅਵਾ ਕਰਦੇ ਹਨ; ਉਹ ਇਕੋ ਜਿਹੇ ਅੱਤਿਆਚਾਰ ਕਰਦੇ ਸਨ। ਇਹ ਇਕ ਵਿਰੋਧਾਭਾਸ ਹੈ, ਪਰ ਇਨ੍ਹਾਂ "ਵਧੀਆ" ਸਮਝਣ ਵਾਲੇ ਲੋਕਾਂ ਦੀ ਸਮਾਨਤਾ ਇਸ ਮਿਥ ਨੂੰ ਢਾਹ ਲਾਉਂਦੀ ਹੈ ਕਿਉਂਕਿ ਇਹ ਮਨੁੱਖਤਾ ਦੀ ਏਕਤਾ ਦਾ ਸਬੂਤ ਦਿੰਦੀ ਹੈ। ਅਸੀਂ ਭਾਵੇਂ ਕਾਲੇ ਹਾਂ ਜਾਂ ਚਿੱਟੇ ਜਾਂ ਅੱਧ-ਵਿਚਾਲੇ ਹਾਂ, ਸਾਡੇ ਰੱਬ ਜਾਂ ਦੇਵਤੇ ਕੋਈ ਵੀ ਹੋਣ, ਅਸੀਂ ਆਪਣੇ ਹੀ ਭਰਾਵਾਂ ਨਾਲ ਇਕੋ ਤਰ੍ਹਾਂ ਦੀ ਬੇਰਹਿਮੀ ਦੀ ਸਾਂਝ ਰੱਖਦੇ ਹਾਂ ਅਤੇ ਉਤਨੀ ਹੀ ਜ਼ਿਆਦਾ ਰਹਿਮਦਿਲੀ। ਅਸੀਂ ਇਹੋ ਕੁਝ ਉਸ ਦੁਵੱਲੀ ਸਮਰੱਥਾ ਨਾਲ ਕਰਦੇ ਹਾਂ ਜੋ ਗੰਭੀਰ ਚਿੰਤਾ ਦਾ ਕਾਰਨ ਵੀ ਹੈ। ਅਤੇ ਆਸ ਦੀ ਉਤਪਤੀ ਦਾ ਸੋਮਾ ਵੀ ਹੈ।

ਸਮੁੱਚੀ ਮਨੁੱਖਤਾ ਨੂੰ ਬਰਾਬਰ ਸਮਝਦਿਆਂ ਹੋਇਆਂ ਮੇਰੇ ਦਾਦੇ ਨੇ ਆਸ ਦਾ ਪੱਲਾ ਫੜਿਆ।

## ਕਹਾਣੀ ਧਾਰਾ ਦਾ 'ਬੇਬੇ ਵਿਸ਼ੇਸ਼ ਅੰਕ'

*'ਕਹਾਣੀ ਧਾਰਾ' ਦੇ 'ਬਾਪੂ ਵਿਸ਼ੇਸ਼ ਅੰਕ' ਨੂੰ ਪਾਠਕਾਂ ਵਲੋਂ ਆਸ ਨਾਲੋਂ ਕਿਤੇ ਵੱਧ ਹੁੰਗਾਰਾ ਮਿਲਿਆ। ਪਾਠਕਾਂ ਨੇ ਇਹ ਵੀ ਰਾਇ ਦਿੱਤੀ ਕਿ ਹੁਣ ਕਹਾਣੀ ਧਾਰਾ ਦਾ ਮਾਂ ਵਿਸ਼ੇਸ਼ ਅੰਕ ਵੀ ਪ੍ਰਕਾਸ਼ਤ ਕਰੋ। ਸੋ ਅਸੀਂ ਪਾਠਕਾਂ ਦੀ ਕਦਰ ਕਰਦਿਆਂ 'ਬੇਬੇ ਵਿਸ਼ੇਸ਼ ਅੰਕ' ਕਹਾਣੀ ਧਾਰਾ ਦਾ ਅੰਕ-18 (ਜੁਲਾਈ-ਸਤੰਬਰ, 2010) ਪ੍ਰਕਾਸਤ ਕਰਨ ਦਾ ਫੈਸਲਾ ਕੀਤਾ ਹੈ। ਲੇਖਕ ਆਪਣੀ ਰਚਨਾਵਾ ਜੂਨ,10 ਤੱਕ ਭੇਜਣ ਦੀ ਖੇਚਲ ਕਰਨ। -ਸੰਪਾਦਕ*

## ਹੁੰਗਾਰਾ

ਆਪ ਜੀ ਇਸ ਗੱਲ ਨੂੰ ਸਵਿਕਾਰ ਕਰੋ ਜਾਂ ਨਾ, ਪਰ ਆਪ ਦਾ ਪਰਚਾ ਇਸ ਕਦਰ ਮਿਆਰੀ ਹੈ ਕਿ ਆਪ ਨੂੰ ਕੋਈ ਵੀ ਲਿਖ਼ਤ ਭੇਜਣ ਲੱਗੇ ਮਨ ਵਿਚ ਤੌਖਲਾ ਰਹਿੰਦਾ ਹੈ-ਖ਼ਰੀ ਉਤਰੇਗੀ ਕਿ ਨਹੀਂ? ਪਰ ਤੁਸੀਂ ਮੇਰੇ ਜਹੇ ਮਾਮੂਲੀ ਵਿਅਕਤੀ ਨੂੰ 'ਕਹਾਣੀ ਧਾਰਾ' ਦੇ ਕੀਮਤੀ ਪੰਨਿਆਂ ਵਿਚ ਨਿਵਾਜਿਆ, ਇਸ ਲਈ ਤਹਿ ਦਿਲੋਂ ਰਿਣੀ ਹਾਂ। ਮੈਂ ਲੰਮਾਂ ਸਮਾਂ ਬਹੁਤਾ ਕੁਝ ਲਿਖ ਨਹੀਂ ਸੱਕਿਆ, ਹੁਣ ਜਦੋਂ ਵੀ ਕੋਈ ਚੀਜ਼ ਛਪਦੀ ਹੈ ਤਾਂ ਬੇਹਦ ਖੁਸ਼ੀ ਹੁੰਦੀ ਹੈ। ਫਿਰ ਕਿਸੇ ਸਾਹਿਤਕਾਰ ਸੰਪਾਦਕ ਦੀ ਅੱਖ ਵਿਚ ਪ੍ਰਵਾਨ ਹੋਣ ਦਾ ਆਪਣਾ ਹੀ ਚਾਅ ਅਤੇ ਗੌਰਵ ਹੁੰਦਾ ਹੈ। ਸੋ ਬੇਹਦ ਖੁਸ਼ੀ ਹੋਈ। ਆਪ ਦੇ ਪਰਚੇ ਵਿਚ 'ਜਨ-ਬੋਧ' ਵਾਲਾ ਹਿੱਸਾ ਬਹੁਤ ਸੰਜੀਦਾ ਹੈ। ਮੈਂ ਇਸ ਕਾਲਮ ਅਧੀਨ ਹਮੇਸ਼ਾ ਬੜੇ ਗੰਭੀਰ ਮਸਲਿਆਂ ਨਾਲ ਸੰਬੰਧਿਤ ਲਿਖਤਾਂ ਪੜ੍ਹੀਆਂ ਹਨ। ਆਪ ਨੇ ਮੈਨੂੰ ਵੀ ਉਸ ਲੜੀ ਦੇ ਕਾਬਲ ਸਮਝਿਆ, ਇਸ ਲਈ ਮੈਂ ਹੋਰ ਵੀ ਦੇਣਦਾਰ ਹਾਂ। ਇਹ ਲਿਖਤ ਇਕ ਸਾਲ ਪਹਿਲਾਂ ਮੈਂ, ਦਲਿਤ ਚਿੰਤਨ ਨਾਲ ਸੰਬੰਧਿਤ ਇਕ ਹੋਰ ਪਰਚੇ ਨੂੰ ਵੀ ਭੇਜੀ ਸੀ, ਪਰ ਉਹਨਾਂ ਨੂੰ ਇਸ ਵਿਚੋਂ ਇਕ ਅੱਧਾ ਪੈਰ੍ਹਾ ਹੀ ਪਸੰਦ ਆਇਆ, ਇਸ 'ਤੇ ਮੈਂ ਇਸਨੂੰ ਦੁਬਾਰਾ ਸੋਧ ਕੇ ਲਿਖਿਆ ਅਤੇ ਆਪ ਜੀ ਦੀ ਨਜ਼ਰ ਕਰਨ ਦੀ ਖੁਸ਼ੀ ਹਾਸਲ ਕੀਤੀ। ਆਪ ਜੀ ਨੇ ਮੈਨੂੰ ਹਮੇਸ਼ਾ ਨਿਵਾਜਿਆ ਹੈ। ਇਹ ਆਪ ਦੀ ਵਡੱਿਤਣ ਅਤੇ ਫਿਰਾਖਦਿਲੀ ਹੀ ਹੈ।

– ਕਿਰਪਾਲ ਕਜ਼ਾਕ, 26 87, ਫੇਜ਼-2, ਅਰਬਨ ਇਸਟੇਟ, ਪਟਿਆਲਾ-147002

'ਬਾਪੂ ਵਿਸ਼ੇਸ਼ ਅੰਕ' ਪੜ੍ਹ ਲਿਆ ਹੈ। ਪਿਛਲੇ ਸਾਰੇ 'ਕਹਾਣੀ ਧਾਰਾ' ਦੀਆਂ ਕਹਾਣੀਆਂ ਨਾਲੋਂ ਚੰਗਾ ਲੱਗਾ ਹੈ। ਜਿਵੇਂ ਹਰ ਇਕ ਨੂੰ ਆਪਣਾ ਆਪਣਾ ਬਾਪੂ ਚੰਗਾ / ਮਾੜਾ ਜੋ ਵੀ ਹੈ / ਸੀ ਨਹੀਂ ਭੁੱਲਦਾ, ਇਸੇ ਤਰ੍ਹਾਂ ਇਹ ਬਾਪੂ ਅੰਕ ਨਹੀਂ ਭੁੱਲ ਸਕਦਾ। ਲੇਖਕਾਂ ਦੀ ਅਲੱਗ ਸੋਚਣੀ ਅਤੇ ਅਲੱਗ ਰਸਤਾ ਹੁੰਦਾ ਹੈ। ਏਸੇ ਲਈ ਉਹਨਾਂ ਦੇ ਬਾਪ ਅਜੇਹੇ ਚੋਖਟੇ ਵਿਚ ਫਿਟ ਨਹੀਂ ਹੁੰਦੇ। ਇਹ ਅੰਕ ਪੜ੍ਹ ਕੇ ਇਕ ਸਾਂਝੀ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਰਿਆਂ ਦੇ ਬਾਪ ਦਾਰੂ ਪੀ ਕੇ ਖਰੂਦ ਪਾਉਣ ਵਾਲੇ ਹਨ। ਦਾਰੂ ਪੀਣ ਨਾਲ ਸਮਾਂ ਤੇ ਪੈਸਾ ਤਾਂ ਨਸ਼ਟ ਹੁੰਦਾ ਹੀ ਹੈ ਰਿਸ਼ਤੇ ਵੀ ਟੁੱਟਦੇ ਹਨ। ਸਾਰਾ ਟੱਬਰ ਹੀ ਆਵਾਜਾਰ ਹੋ ਜਾਂਦਾ ਹੈ। ਇਹਨਾਂ ਸਾਰਿਆਂ ਦੇ ਬਾਪਾਂ ਵਿਚੋਂ ਅਵਤਾਰ ਬਿਲਿੰਗ ਦਾ ਨਾਵਲ 'ਨਰੰਜਣ ਮਸਾਲਚੀ' ਝਲਕਦਾ ਹੈ। ਉਸ ਨੇ ਸਿਧਾ ਤਾਂ ਬਾਪ ਬਾਰੇ ਨਹੀਂ ਲਿਖਿਆ ਪਰ ਉਸ ਬਾਰੇ ਪੂਰਾ ਨਾਵਲ ਹੀ ਲਿਖ ਮਾਰਿਆ। ਹੋਰ ਵੀ ਲਿਖਤਾਂ ਵਿਚੋਂ ਲੇਖਕਾਂ ਦੇ ਬਾਪ ਏਸੇ ਤਰ੍ਹਾਂ ਲਿਸ਼ਕਾਂ ਮਾਰਦੇ ਨੇ।

ਵੈਸੇ ਤਾਂ ਸਾਰਾ ਅੰਕ ਹੀ ਸਾਂਭਣ ਯੋਗ ਹੈ ਪਰ ਫਿਰ ਵੀ ਬਲਦੇਵ ਧਾਲੀਵਾਲ, ਤਲਵਿੰਦਰ, ਗੁਰਮੀਤ ਕੜਿਆਲਵੀ, ਤਸਕੀਨ, ਗੁਰਮੀਤ ਸਿੰਘ ਸਿੰਗਲ, ਦੇ ਬਾਪਾਂ ਦਾ ਸ਼ਬਦ ਚਿੱਤਰ ਚੰਗਾ ਲੱਗਾ ਹੈ। ਸਭ ਤੋਂ ਵੱਧ ਹਮਦਰਦੀ ਦੇ ਪਾਤਰ ਰਾਧਾ ਪਵਨ ਕੰਡਾ, ਕਿਰਪਾਲ ਕਜ਼ਾਕ, ਬਿੰਦਰ ਭੂਮਸੀ ਅਤੇ ਕੁਲਬੀਰ ਬਡੇਸਰੋਂ ਹਨ।

ਪ੍ਰੀਤਮ ਨੇ ਮਾਅਰਕੇ ਦੀਆਂ ਕਹਾਣੀਆਂ ਲਿਖੀਆਂ ਹਨ। ਇਸ ਨਾਲ ਕਿਆ ਤਰਾਸਦੀ ਹੈ ਕਿ ਸਭ ਨਾਲੋਂ ਇਕੱਲਾ 'ਬਿਰਧ ਘਰ' ਬੈਠਾ ਹੈ। ਉਸ ਬਾਰੇ ਪ੍ਰੇਮ ਪ੍ਰਕਾਸ਼ ਨੇ ਸਮੇਤ ਕਈਆਂ ਨੇ ਲਿਖਿਆ ਪਰ ਰਾਧਾ ਨੇ ਬਹੁਤ ਹੀ ਭਾਵਕ ਹੋ ਕੇ ਲਿਖਿਆ ਹੈ ਜੋ ਅਸਲੀਅਤ ਦੇ ਨੇੜੇ ਹੈ। ਕਿਰਪਾਲ ਕਜ਼ਾਕ ਤਾਂ ਹੈ ਹੀ ਸ਼ਬਦਾਂ ਦਾ ਧਨੀ। ਪਰ ਉਸ ਦੀਆਂ ਕਹਾਣੀਆਂ ਨਾਲੋਂ ਵੀ ਚੰਗਾ ਲੱਗਾ ਉਸ ਦਾ ਅਦਰਸ਼ਵਾਦ ਅਤੇ ਲੱਗੇ ਰਹੋ, ਜਿਤ ਹੋਵੇਗੀ। ਏਸੇ ਤਰ੍ਹਾਂ ਮੈਂ ਵੀ ਕਈ ਸਾਲ ਤੋਂ ਆਪਣੇ ਆਲੇ ਦੁਆਲੇ ਦੇ ਪਲਾਟਾਂ ਵਿਚੋਂ ਲਫਾਫੇ ਤੇ ਕਾਗਜ਼ ਕੂੜਾ ਇਕੱਠਾ ਕਰਕੇ ਫੂਕਦਾ ਰਹਿੰਦਾ ਹਾਂ ਅਤੇ ਗਲੀ ਵਾਲਿਆਂ ਨੂੰ ਕਹਿੰਦਾ ਰਹਿੰਦਾ ਹਾਂ ਕਿ ਇਕ ਥਾਂ ਸੁਟੋ, ਫੂਕਣੇ ਸੌਖੇ ਨੇ ਪਰ ਕੌਣ ਸੁਣਦੈ? ਆਪਣੇ ਅਗੇ ਤੋਂ ਨਾਲੀ ਵੀ ਸਾਫ਼ ਕਰੀਦੀ ਹੈ। ਲਫ਼ਾਫੇ ਕੱਢ



ਦਈਦੇ ਨੇ ਪਰ ਸੁਟਣ ਵਾਲੇ ਕੰਨਾਂ 'ਚ ਤੇਲ ਪਾ ਲੈਂਦੇ ਨੇ। ਕਜ਼ਾਕ ਦੀ ਕਹੀ ਹੋਈ ਗੱਲ ਜਿਤ ਹੋਵੇਗੀ ਜ਼ਰੂਰ? ਆਦਰਸ਼ਵਾਦੀ ਬਣੇ ਰਹੋ। ਵਾਹ ਵਾਹ ਭਾਈ ਕਜ਼ਾਕ, ਇਹੋ ਜਿਹੀਆਂ ਲਿਖਤਾਂ ਨਾਲ ਚੇਤੰਨ ਕਰਦਾ ਰਿਹਾ ਕਰੀਂ? ਹੁਣ ਚੁੱਪ ਨਾ ਬੈਠੀਂ।

ਮੈਨੂੰ ਆਸ ਹੈ ਇਸ ਮਾਹਰਕੇ ਤੋਂ ਬਾਅਦ 'ਮਾਂ ਅੰਕ' ਵੀ ਕੱਢੋਗੇ। ਇਸ ਤੋਂ ਵੀ ਵਧੀਆ ਹੋਵੇਗਾ। ਇਸ ਸ਼ਲਾਘਾ ਯੋਗ ਅੰਕ ਲਈ ਬਹੁਤ ਬਹੁਤ ਮੁਬਾਰਕ।

– **ਮੁਖਤਿਆਰ ਸਿੰਘ**, ਸੁਨੇਤ ਨਗਰ, ਅਮਲੋਹ ਰੋਡ, ਖੰਨਾ-141401

ਮੈਂ 'ਕਹਾਣੀ ਧਾਰਾ' ਕਾਫੀ ਚਿਰ ਤੋਂ ਪੜ੍ਹ ਰਿਹਾ ਹਾਂ ਪਰ ਇਸ ਸਬੰਧੀ ਲਿਖਣ ਲਈ ਅੰਕ 15 ( ਅਕਤੂਬਰ-ਦਸੰਬਰ, 2009) ਪੜ੍ਹਨ ਤੋਂ ਬਾਅਦ ਮਜ਼ਬੂਰ ਹੀ ਨਹੀਂ ਪ੍ਰਸੰਨ ਚਿਤ ਹੋ ਕੇ ਲਿਖਣ ਲੱਗਿਆ ਹਾਂ। ਬੇਸ਼ਕ ਮੈਂ ਇਕ ਵਿਅੰਗਕਾਰ (ਕਹਾਣੀ ਲੇਖਕ ਹਾਂ ਪਰ ਜਦੋਂ ਉਪ੍ਰੋਕਤ ਅੰਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਤੋਂ ਖਰੀਦਿਆਂ ਤੇ ਪੜ੍ਹਿਆ ਤਾਂ ਮੈਂ ਹੈਰਾਨ ਰਹਿ ਗਿਆ ਕਿ ਉਹ ਬਾਪੂ ਵਿਸ਼ੇਸ਼ ਅੰਕ ਸ਼ਾਇਦ ਦੁਨੀਆਂ ਦੇ ਲੱਖਾਂ ਮਾਸਿਕ ਤ੍ਰੈ-ਮਾਸਿਕ ਅੰਕਾਂ ਚੋਂ ਇਕ ਅਣਕਿਆਸਿਆ ਵਿਸ਼ਾ ਲੈ ਕੇ ਦਲਿਤ ਵਰਗ ਹੀ ਨਹੀਂ ਸਗੋਂ ਦਲਿਤਾਂ ਨਾਲ ਵਾਹ ਪੈਂਦੇ ਹਰ ਸ਼ਕਸ਼ ਲਈ ਲੂੰ ਕੰਡੇ ਖੜੇ ਕਰਕੇ ਕੁਝ ਸੋਚਣ ਲਈ ਮਜ਼ਬੂਰ ਕਰ ਗਿਆ। ਪ੍ਰੇਮ ਪ੍ਰਕਾਸ਼ ਤੋਂ ਲੈ ਕੇ ਕਿਰਪਾਲ ਕਜ਼ਾਕ ਤੱਕ ਦੇ (ਬਾਪੂ ਵਿਸ਼ੇ ਤੇ ਲਿਖੇ ਹੱਡ ਬੀਤੇ ਰਿਸ਼ਤੇ ਸਿਰਫ ਬਾਪੂ ਨਾਲ) ਸਾਰੇ ਜ਼ਿੰਦਗੀ ਦੇ ਅੱਲੇ ਜ਼ਖ਼ਮ ਸਿਰਫ ਲੇਖਕਾਂ ਨਾਲ ਹੀ ਨਹੀਂ, ਹਰ ਪੇਂਡੂ ਸ਼ਹਿਰੀ ਲੋਕਾਂ ਨਾਲ ਵਾਪਰਦੇ ਹਨ। ਇਹ ਤਾਂ ਇਕ ਆਟੇ ਵਿੱਚ ਲੂਣ ਬਰਾਬਰ ਹੈ ਕਿ ਕੁਝ ਕੁ ਸਹਿਰਦ ਲੇਖਕਾਂ, ਜਿਨ੍ਹਾਂ ਵਿਚ ਮੇਰਾ ਦੋਸਤ ਗੁਰਮੀਤ ਕੜਿਆਲਵੀ ਸ਼ਾਮਲ ਹੈ ਦੇ ਆਪਣੇ ਜੀਵਨ ਦੇ ਆਪਣੇ ਬਾਪੂ ਨਾਲ ਬੀਤੇ ਕੌੜੇ ਕੁਸੈਲੇ ਤੇ ਕਿਤੇ ਕਿਤੇ ਮਾਖਿਉਂ ਮਿਠੇ ਪਲ ਵਿਖਾਏ ਗਏ ਹਨ। ਨਹੀਂ ਤਾਂ ਇਹ ਹਰ ਬੰਦੇ ਦੀ ਆਪੋ ਆਪਣੀ ਜ਼ਿੰਦਗੀ ਦੇ ਬਾਪੂ ਨਾਲ ਬੀਤੇ ਪਲ ਹਨ ਜੋ ਕਿ ਉਹ ਲਿਖ ਨਹੀਂ ਸਕਦੇ।

ਉਪ੍ਰੋਕਤ ਲੇਖਕਾਂ ਨੇ ਜੋ ਆਪਣੇ ਬਾਪੂ ਦਾ ਕਿਰਦਾਰ, ਆਦਤ / ਵਰਤਾਅ ਵਰਣਨ ਕੀਤਾ ਹੈ ਖਾਸ ਕਰਕੇ ਕੁਲਬੀਰ ਬਡੇਸਰੋਂ, ਗੁਰਮੀਤ ਸਿੰਗਲ, ਬਿੰਦਰ ਭੂਮਸੀ, ਕਜਾਕ, ਤਸਕੀਨ ਤੇ ਕੜਿਆਲਵੀ ਪਾਠਕ ਨੂੰ ਰੋਣ ਲਈ ਮਜਬੂਰ ਕਰਦੇ ਹਨ। ਮੈਨੂੰ ਇਉ ਲਗਿਆ ਜਿਵੇਂ ਉਪ੍ਰੋਕਤ ਲੇਖਕਾਂ ਨੇ ਮੇਰੇ ਪ੍ਰੀਵਾਰ (ਮੇਰਾ) ਵਰਨਣ ਕੀਤਾ ਹੋਵੇ। ਮੇਰੀ ਧੀ ਜਸਵਿੰਦਰ ਐਮ. ਏ. , ਐਮ. ਐੱਡ. ਨੇ ਮੈਨੂੰ ਰਾਤ ਨੂੰ ਦੋ ਵਜੇ ਕਹਾਣੀ ਧਾਰਾ 'ਬਾਪੂ ਅੰਕ' ਪੜ੍ਹਦੇ ਤੇ ਰੋਂਦੇ ਵੇਖਿਆ ਤਾਂ ਉਹ ਹੈਰਾਨ ਰਹਿ ਗਈ ਕਿ ਡੈਡੀ ਜੀ ਜੇ ਮੈਨੂੰ ਪਤਾ ਹੁੰਦਾ ਕਿ ਬਾਪੂ ਅੰਕ ਛਪ ਰਿਹਾ ਹੈ ਤਾਂ ਮੈਂ ਤੁਹਾਡੇ ਬਾਰੇ ਜ਼ਰੂਰ ਲਿਖਦੀ। ਉਸਨੇ ਵਿਅੰਗ ਕਸਿਆ। ਤੁਸੀਂ ਸ਼ਰਾਬ ਦੀ ਅੱਧੀ ਬੋਤਲ ਪੀ ਕੇ ਲਿਖਦੇ ਹੋ ਜਦ ਨੀਂਦ ਨਹੀਂ ਔਂਦੀ ਤਾਂ ਰਿਸਾਲੇ ਪੜ੍ਹਦੇ ਹੋ। ਪਰ ਮੈਂ ਕਿਹਾ ਨਹੀਂ ਬੇਟੇ ਉਹ ਅੰਕ ਤਾਂ ਕੁਛ ਖਾਸ ਹੈ (ਨੋਟ- ਮੇਰੀ ਪਿਆਰੀ ਧੀ ਜਸਵਿੰਦਰ ਪਹਿਲੇ ਜਣੇਪੇ ਵੇਲੇ ਲੜਕਾ ਪੈਦਾ ਹੋਣ ਤੇ ਪੇਕੇ ਆਈ ਹੈ ਤੇ ਮੇਰਾ ਬੈਡ ਉਸਦੇ ਨਾਲ ਹੈ। ਬੇਸ਼ੱਕ ਮੇਰੀ ਬਾਈ ਪਾਸ ਸਰਜਰੀ ਹੋਈ ਹੈ ਪਰ ਮੈਂ ਲਿਖਣ ਮੌਕੇ ਸ਼ਰਾਬ ਤੋਂ ਵੱਖ ਨਹੀਂ ਹੋ ਸਕਿਆ। ਜਾਂ ਕਹੋ ਬੋਨਸ ਵਿਚ ਮਿਲੇ ਜ਼ਿੰਦਗੀ ਦੇ ਪਲ ਸ਼ਰਾਬ ਨਾਲ ਜੀਣਾ ਚਾਹੁੰਦਾ ਹਾਂ)

ਉਸ ਵਕਤ ਮੈਂ ਚੁਪ ਰਿਹਾ। ਪਰ ਸਵੇਰ ਹੁੰਦੇ ਹੀ ਮੈਂ ਆਪਣੀ ਨਿਆਣੀ ਧੀ ਨੂੰ ਕਿਹਾ ਬੇਟੇ ਤੂੰ ਸਿਰਫ ਇਸ ਅੰਕ 'ਚੋਂ ਕੁਲਬੀਰ ਬਡੇਸਰੋਂ ਦਾ 'ਮੇਰਾ ਪਾਪਾ' ਪੜ੍ਹਕੇ ਦੱਸ। ਉਸ ਨੇ ਮੇਰੀ ਬੇਨਤੀ ਮੰਨੀ ਤੇ 'ਮੇਰੇ ਪਾਪਾ' ਪੜ੍ਹਿਆ। ਪੜ੍ਹਕੇ ਉਸਨੇ ਮੈਨੂੰ ਆਣ ਜੱਫੀ ਪਾਈ ਤੇ ਕਹਿੰਦੀ ਡੈਡੀ ਜੀ ਤੁਸੀਂ ਉਹ ਪਾਪਾ ਨਹੀਂ ਤੁਸੀਂ ਤਾਂ ਕੁਛ ਹੋਰ ਹੋ। ਪਰ ਜੇ ਕੁਲਬੀਰ ਭੈਣ ਮੈਨੂੰ ਮਿਲ ਜਾਵੇ ਤਾਂ ਮੈਂ ਉਸ ਦਾ ਦਰਦ ਵੰਡਾ ਸਕਦੀ ਹਾਂ। ਉਸਤੋਂ ਬਾਅਦ ਉਸਨੇ ਸਾਰਾ ਅੰਕ ਪੜ੍ਹਿਆ। ਇਕ ਵਾਰ ਨਹੀਂ ਦੋ ਵਾਰ।

ਉਂਜ ਮੈਂ ਇੱਕ ਜੱਟ ਪਰਿਵਾਰ ਨਾਲ ਸੰਬੰਧਤ ਹਾਂ। ਜੱਟ ਮੱਲ੍ਹੀ। ਪਰ ਮੇਰਾ ਘਰ ਬਿਲਕੁਲ ਐਨ ਮਜ਼ਬੀ ਸਿੱਖਾਂ ਦੇ ਵਿਹੜੇ (ਵਿਹੜੇ ਫੂਲੇਵਾਲਾ) ਵਿਚਕਾਰ ਹੈ। ਸਾਡੇ ਤਿੰ ਨ ਘਰ ਜੱਟਾਂ ਦੇ ਮਜ਼ਬੀ ਸਿੱਖਾਂ ਦੇ ਵਿਹੜੇ

ਵਿਚ ਹਨ। ਪਹਿਲਾਂ ਅਸੀਂ ਜਿਹੜੀ ਪੱਤੀ ਵਿਚ ਰਹਿੰਦੇ ਸੀ ਉਥੇ ਕਬੀਰ ਪੰਥੀ ਚਮਿਆਰਾਂ (ਜੁਲਾਹੇ) ਦੇ ਘਰ ਸਨ। ਮੈਂ ਉਦੋਂ ਪਜਵੀਂ ਵਿਚ ਪੜ੍ਹਦਾ ਸੀ ਤੇ ਮੇਰਾ ਹਮਜਮਾਤੀ ਸਾਧੂ ਸਿੰਘ (ਅਜ ਕਲ ਪ੍ਰਿੰਸੀਪਲ ਫਰੀਦ ਕੋਟ ਤੇ ਜਿਸ ਨੂੰ ਪ੍ਰਕਾਸ਼ ਸਿੰਘ ਬਾਦਲ, ਆਦਰਸ਼ ਇਨਸਾਨ ਦੇ ਤੌਰ ਤੇ 2009 ਵਿਚ ਬਾਬਾ ਫਰੀਦ ਦੇ ਮੇਲੇ ਤੇ ਸਨਮਾਨਤ ਕਰ ਚੁੱਕੇ ਹਨ) ਇਕ ਦਿਨ ਪੈਦਲ ਹੀ 10 ਮੀਲ ਦਾ ਸਫ਼ਰ ਕਰਕੇ ਤਪਦੀ ਧੁੱਪ ਵਿਚ ਪੈਰਾਂ ਨਾਲ ਬੋਹੜ ਦੇ ਪੱਤੇ ਬੰਨਕੇ ਬਾਘਾ ਪੁਰਾਣੇ ਕਿਤਾਬਾਂ ਕਾਪੀਆਂ ਲੈਣ ਗਏ। ਉਥੇ ਸਾਧੂ ਸਿੰਘ ਦੀ ਭੂਆ ਸੀ ਬਾਘੇ ਪੁਰਾਣੇ। ਕਿਤਾਬਾਂ ਲੈ ਕੇ ਜਦ ਭੂਆ ਘਰ ਗਏ ਤਾਂ ਗਰਮੀ ਨਾਲ ਜਾਨ ਨਿਕਲ ਰਹੀ ਸੀ। ਅਸੀਂ ਪਾਣੀ ਲਈ ਤਰਸ ਗਏ। ਭੂਆ ਨੇ ਸਾਧੂ ਨੂੰ ਪਾਣੀ ਦਾ ਗਿਲਾਸ ਦਿੱਤਾ ਤੇ ਮੈਨੂੰ ਕਹਿੰਦੀ ਪੁੱਤ ਮੈਂ ਤੇਰੇ ਵਾਸਤੇ ਬਰਾੜਾਂ ਦਿਉਂ ਪਾਣੀ ਲੈ ਕੇ ਔਂਦੀ ਹਾਂ। ਉਸਨੂੰ ਪਤਾ ਸੀ ਕਿ ਮੈਂ ਜੱਟਾਂ ਦਾ ਮੁੰਡਾ ਹਾਂ। ਜਦ ਉਹ ਬਰਾੜਾਂ ਦੇ ਪਾਣੀ ਲੈਣ ਗਈ ਮੈਂ ਸਾਧੂ ਤੋਂ ਉਸਦਾ ਗਲਾਸ ਖੋਹ ਕੇ ਅੱਧਾ ਪਾਣੀ ਪੀ ਚੁੱਕਾ ਸੀ। ਬੜੀ ਦੇਰ ਬਾਅਦ ਭੂਆ ਆਈ ਪਾਣੀ ਲੈ ਕੇ।

ਉਸਤੋਂ ਬਾਅਦ ਭੂਆ ਮੈਨੂੰ ਬਰਾੜਾਂ ਦੇ ਘਰ ਲੈ ਗਈ। ਉਥੇ ਉਨ੍ਹਾਂ ਨੇ ਮੇਰੇ ਲਈ ਸੇਵੀਆਂ ਬਣਾ ਲੀਆਂ। ਮੈਂ ਹੈਰਾਨ ਪ੍ਰੇਸ਼ਾਨ। ਮੇਰੇ ਇਕੱਲੇ ਦੇ ਕਿਥੇ ਲੰਘਣ ਸੇਵੀਆਂ। ਮੈਂ ਕਿਹਾ, ਸਾਧੂ ਨੂੰ ਬੁਲਾਓ, ਮੈਂ ਤਾਂ... ਖਾਵਾਂਗਾ। ਉਹ ਕਹਿੰਦੇ ਉਹ ਚਮਿਆਰ ਹੈ ਤੇ ਤੂੰ ਜੱਟ ਹੈ ਤੂੰ ਭਿਟ ਜਾਵੇਂਗਾ। ਮੈਂ ਕਿਹਾ ਮੈਨੂੰ ਭਿੱਟਣਾ ਮਨਜ਼ੂਰ ਹੈ ਪਰ ਖਾਵਾਂਗਾ ਸਾਧੂ ਦੇ ਨਾਲ ਹੀ।

ਤੇ ਹੁਣ ਅਸੀਂ ਮਜ਼ਬੀ ਸਿਖਾਂ ਦੇ ਵਿਹੜੇ ਵਿਚ ਹਾਂ। ਆਟਾ ਦਾਲ ਸਾਰਾ ਪਿੰਡ ਹੀ ਮਜ਼ਬੀ-ਚਮਿਆਰਾਂ ਨਾਲ ਬਹਿਕੇ ਖਾਂਦਾਂ ਹਾਂ। ਖਾਦਾ ਹੀ ਨਹੀਂ ਚਮਿਆਰਾਂ ਮਜ਼ਬੀਆਂ ਦੇ ਮੁੰਡੇ ਗੁਰਦੁਆਰੇ ਪਾਠ ਕਰਦੇ ਹਨ। ਦੇਗ ਵੰਡਦੇ ਹਨ। ਸਭ ਖਾਂਦੇ ਹਨ। ਕਿਥੇ ਹੈ ਹੁਣ ਭਿੱਟ ?? !!

ਦਲਿਤਾਂ ਸਬੰਧੀ ਮੇਰੇ ਵਿਚਾਰ- ਦਲਿਤਾਂ ਜਾਂ ਕਹਿ ਲਵੋ ਮਜ਼ਬੀ ਸਿੱਖਾਂ ਜਿਨ੍ਹਾਂ ਨੂੰ ਅਨਪੜ੍ਹ ਤੇ ਉਜੱਡ ਭਾਸ਼ਾ ਵਿੱਚ ਅਭਿਮਾਨੀ ਲੋਕ ਚੂਹੜੇ ਵੀ ਆਖ ਦਿੰਦੇ ਹਨ। ਤੇ ਚਮਿਆਰਾਂ ਨੂੰ ਮੁੱਢ ਕਦੀਮ ਤੋਂ ਉੱਚ ਵਰਗ ਨੇ ਖੂੰਜੇ ਲਾ ਕੇ ਹੀ ਨਹੀਂ ਰਖਿਆ ਸਗੋਂ ਉਨ੍ਹਾਂ ਨਾਲ ਨਫ਼ਰਤ ਦੇ ਬੀਜ ਬੀਜਦੇ ਰਹੇ। ਜਿਸ ਦੀ ਉਦਾਹਰਨ ਪਿੰਡਾਂ ਵਿੱਚ ਏਨਾਂ ਦੀਆਂ ਬਸਤੀਆਂ (ਵਿਹੜੇ) ਪਿੰਡ ਦੇ ਪੱਛਮ ਵਾਲੇ ਪਾਸੇ ਬਣੀਆਂ ਹੁੰਦੀਆਂ ਹਨ। ਤਾਂ ਕਿ ਏਨਾਂ ਅਛੂਤਾਂ ਦੀ ਹਵਾ ਪਿੰਡ ਵਿੱਚ ਉਚ ਵਰਗ ਵੱਲ ਨਾ ਆ ਸਕੇ।

ਦਲਿਤਾਂ ਦਾ ਕੋਈ ਮੁੰਡਾ ਕੁੜੀ ਆਪਣੇ ਸਿਆਣੇ ਬਾਪ ਨਾਲ ਸੀਰੀ ਰਲਕੇ ਕੀਤੀ ਕਮਾਈ ਨਾਲ ਪੜ੍ਹ ਲਿਖਕੇ ਜੇ ਚੰਗੀ ਨੌਕਰੀ ਜਾਂ ਚੰਗੇ ਅਹੁਦੇ ਤੇ ਲੱਗ ਵੀ ਜਾਂਦਾ ਹੈ ਤਾਂ ਉਚ ਵਰਗ ਨੂੰ ਜਲਣ ਹੋ ਜਾਂਦੀ ਹੈ ਤੇ ਉਨਾਂ ਦਾ ਨੌਕਰੀ ਕਰਨਾਂ ਦੁੱਭਰ ਹੋ ਜਾਂਦਾ ਹੈ। ਏਥੋਂ ਤੱਕ ਕਿ ਘਟੀਆਂ ਸ਼ਬਦ 'ਝੜੱਮ' ਆਖਣ ਤੱਕ ਬੋਲ ਜਾਂਦੇ ਹਨ। ਏਨਾਂ ਦਲਿਤਾਂ ਦੇ ਘਰ ਮੁੱਢ ਤੋਂ ਕੱਚੇ, ਟੁੱਟੇ ਫਟੇ ਖੰਡਰ, ਤੇ ਏਨਾਂ ਦੇ ਖੁੱਤੀ ਜਿਡੇ ਵਿਹੜੇ ਵਿੱਚ ਵਿਲਕਦੇ ਨੰਗ ਧੜੰਗੇ ਬੱਚੇ ਕਲਮ-ਕੱਲੇ ਜੋ ਕਿ ਮਾਵਾਂ ਭੈਣਾ ਦੇ ਖੇਤਾਂ ਵਿਚ ਸਿਲਾ ਚੁੱਗਣ, ਬਾਲਣ ਸਰਕੰਡਾ ਅੱਕ ਪਲਾਹ ਲੈਣ ਜਾਂ ਦਿਹਾੜੀ ਕਰਨ ਹਾੜੀ ਵੱਢਣ ਜਾਣ ਤੇ ਪਿਆਰ ਵਿਹੂੰਣੇ ਮਿੱਟੀ ਨਾਲ ਖੇਡ ਦੇ ਫਿਰਦੇ ਵੇਖੇ ਜਾਂਦੇ ਹਨ। ਇਕ ਵੇਰ ਸਾਡੇ ਘਰ ਦੇ ਐਨ ਸਾਹਮਣੇ ਤੇਜਾ ਸਿੰਘ ਦੇ ਪੋਤੇ ਪੋਤੀਆਂ ਸਿਖਰ ਦੁਪਹਿਰ ਨੂੰ ਗੰਦੇ ਪਾਣੀ ਦੀ ਨਾਲੀ 'ਚੋਂ ਕੌਲੀਆਂ ਭਰ ਭਰ ਪੀ ਰਹੇ ਸਨ। ਮਾਵਾਂ ਖੇਤਾਂ ਵਿੱਚ। ਮੈਂ ਤੇਜਾ ਸਿੰਘ ਨੂੰ ਕਿਹਾ, 'ਬਾਈ ਜੇ ਤੁਸੀਂ ਸਾਰੇ ਟੱਬਰ ਨੇ ਬਾਹਰ ਜਾਣਾ ਹੁੰਦਾ ਹੈ ਤਾਂ ਏਨਾਂ ਬਚਿਆ ਨੂੰ ਕੋਈ ਪਾਣੀ ਦਾ ਕੁੱਜਾ ਭਰਕੇ ਰੱਖ ਜਾਇਆ ਕਰੋ ਵਿਚਾਰੇ ਨਾਲੀ ਚੋਂ ਗੰਦਾ ਪਾਣੀ ਪੀਂਦੇ ਹਨ। ਉਹ ਕਹਿਣ ਲੱਗਾ, ਸਰਦਾਰਾ ਸਾਡੇ ਜੁਆਕ ਤਾਂ ਏਸੇ ਤਰ੍ਹਾਂ ਪਲਦੇ ਹਨ ਵੱਡੇ ਹੁੰਦੇ ਹਨ, ਬੰਦੇ ਬਣਦੇ ਹਨ, ਵਿਆਹੇ ਜਾਂਦੇ ਹਨ ਤੇ ਬੱਚੇ ਜਣਦੇ ਹਨ। ਇਹ ਤਾਂ ਭਰਾਵਾ ਸਾਡੀ ਚੂੜਿਆ ਦੀ ਰੀਤ ਬਣੀ ਆਈ ਐ। ਮੈਂ ਕਿਹਾ ਬਾਈ। ਇਹ ਸ਼ਬਦ ਚੂਹੜਾ ਕਹਿਣ ਤੇ ਤਾਂ ਜਾਤੀ ਸੂਚਕ ਸ਼ਬਦ ਮੁਤਾਬਕ ਕੇਸ ਹੋ ਸਕਦਾ ਹੈ ਤੇ ਕੈਦ ਹੋ ਸਕਦੀ ਹੈ। ਤੁਸੀਂ ਆਪਣੇ ਆਪ ਨੂੰ ਕਿਉਂ ਐਨਾਂ ਨਿਘਰਿਆ ਸਮਝਦੇ ਹੋ। ਕੀ ਤੁਹਾਡੇ ਹੱਥ ਪੈਰ ਛੋਟੇ ਹਨ,



ਕੀ ਤੁਸੀਂ ਮਿਹਨਤ ਮੁਸੱਕਤ ਨਹੀਂ ਕਰਦੇ, ਕੀ ਤੁਸੀਂ ਭੀਖ ਮੰਗਕੇ ਖਾਂਦੇ ਹੋ। ਨਹੀਂ। ਤੁਸੀਂ ਆਪਣੀ ਵੱਖਰੀ ਪਹਿਚਾਣ ਨੂੰ ਪਹਿਚਾਣੋ।

ਦਲਿਤ ਲੋਕਾਂ ਦੀ ਜਿਆਦਾ ਤਰ ਜ਼ਿੰਦਗੀ ਜੱਟਾਂ ਨਾਲ ਸੀਰੀ ਰਲਕੇ ਬੀਤਦੀ ਹੈ। ਉਨ੍ਹਾਂ ਦੀਆਂ ਪਤਨੀਆਂ ਨੌਜਵਾਨ ਧੀਆਂ ਜੱਟਾਂ ਦੇ ਕਰਮੋ ਰਹਿਮ ਤੇ ਪਲਦੀਆਂ, ਖੇਤਾਂ 'ਚੋਂ ਪੱਤੇ, ਬਾਲਣ, ਸਾਗ, ਸਬਜੀਆਂ ਖਾਤਰ ਆਪਣੀ ਇਜਤ ਤੱਕ ਨਲਾਮ ਕਰ ਜਾਂਦੀਆਂ ਹਨ। ਜੱਟਾਂ ਦੇ ਮੁੰਡੇ ਦਲਿਤ ਕੁੜੀਆਂ ਨੂੰ ਨਿਡੱਰ ਹੋ ਕੇ ਅਵਾਜ਼ਾਂ ਕਸਦੇ, ਆਸ਼ਕੀ ਕਰਦੇ ਇਕ ਬੇਜ਼ੁਬਾਨ ਗਾਲੀ ਸਮਝਕੇ ਉਨ੍ਹਾਂ ਦੀ ਇਜ਼ਤ ਨਾਲ ਖਲਿਵਾੜ ਕਰਦੇ ਵੇਖੇ ਜਾਂਦੇ ਹਨ। ਤੇ ਲੜਕੀਆਂ ਵੀ ਆਪਣੇ ਆਪ ਨੂੰ ਘਟੀਆ ਸਮਝ ਕੇ ਅਨਜਾਣ ਇਸ਼ਕ ਦੀ ਮਾਰ ਹੇਠ ਆ ਜਾਂਦੀਆਂ ਹਨ। ਮੈਂ ਉਦੋਂ ਦਸਵੀਂ ਵਿਚ ਪੜ੍ਹਦਾ ਸੀ। ਸਕੂਲ ਪਿੰਡੋਂ ਦੋ ਮੀਲ ਦੂਰ ਸੀ। ਰਾਹ ਵਿਚ ਪੜ੍ਹਨੇ ਆਉਂਦਿਆਂ ਨੂੰ ਦਲਿਤ ਕੁੜੀਆਂ ਪੱਠੇ ਖੋਤਦੀਆਂ ਸਾਨੂੰ ਮਜ਼ਾਕ ਕਰਦੀਆਂ ਟਿੱਚਰਾਂ ਕਰਦੀਆਂ ਤੇ ਸਾਨੂੰ ਪਿਆਰ ਕਰਨ ਦੀ ਭੁੱਲ ਕਰਦੀਆਂ। ਮੈਨੂੰ ਵੀ ਇਕ ਦੋ ਲੜਕੀਆਂ ਨੇ ਪਿਆਰ ਕੀਤਾ ਪਰ ਮੈਂ ਉਨ੍ਹਾਂ ਨੂੰ ਸਮਝਾਇਆ ਕਿ ਅਸੀਂ ਵੀ ਤੁਹਾਡੇ ਪਿੰਡ ਦੇ ਮੁੰਡੇ ਹਾਂ ਤੇ ਤੁਸੀਂ ਸਾਡੇ ਪਿੰਡ ਦੀਆਂ ਕੁੜੀਆਂ ਸੋ ਤੁਸੀਂ ਸਾਨੂੰ ਵੀਰ ਜੀ ਭਰਾ ਜੀ ਕਿਹਾ ਕਰੋ। ਤੁਸੀਂ ਪਿੰਡ ਦੀ ਸ਼ਾਨ ਹੋ। ਜੱਟਾਂ ਦੀਆਂ ਕੁੜੀਆਂ ਤੋਂ ਵੱਖਰੀਆਂ ਬੇਸ਼ੱਕ ਹੋ ਪਰ ਹੋ ਭੋਲੀਆਂ ਤੇ ਅਨਜਾਣ। ਮੇਰੇ ਕਹਿਣ ਦਾ ਐਨਾਂ ਅਸਰ ਹੋਇਆ ਕਿ ਉਹ ਕੁੜੀਆਂ ਹੁਣ ਪੋਤਿਆਂ ਦੋਹਤਿਆਂ ਵਾਲੀਆਂ ਹੋ ਗਈਆਂ ਹਨ ਤੇ ਪਿੰਡ ਆਉਣ ਤੇ ਮੈਨੂੰ ਵੀਰ ਕਹਿ ਕੇ ਪੈਰੀਂ ਹੱਥ ਲੌਂਦੀਆਂ ਹਨ।

ਤੁਸੀਂ ਕਹਾਣੀ ਧਾਰਾ ਦੇ ਅੰਕ-15 ਵਿਚ ਸੰਪਾਦਕੀ ਵਿੱਚ ਬੜੀ ਹੀ ਰੌਚਿਕ ਤੇ ਵਾਕਫੀ ਭਰਪੂਰ ਜਾਣਕਾਰੀ ਦਲਿਤਾਂ ਦੇ ਸੰਘਰਸ਼, ਵਖਰੀ ਪਹਿਚਾਣ ਸਬੰਧੀ ਲਿਖਿਆ ਹੈ। ਕਾਬਲੇ ਤਰੀਫ ਹੈ। ਪਰ ਮੌਜੂਦਾ ਸਰਕਾਰਾਂ ਸਿਰਫ ਵੋਟ ਖਾਤਰ ਦਲਿਤਾਂ ਨੂੰ ਕਾਗਜ਼ੀ ਸਹੂਲਤਾਂ ਦੇਣ ਦੀਆਂ ਗੱਲਾਂ ਕਰਦੀਆਂ ਹਨ। ਪਰ ਕੀ ਕੋਈ ਦਲਿਤ ਬਿਨਾਂ ਇੱਕ ਅੱਧ ਸ਼ਿਫਾਰਸ਼ੀ ਦੇ ਕੋਈ ਆਪਣਾ ਪੱਕਾ ਮਕਾਨ ਬਣਾ ਸਕਿਆ ਹੈ। ਕੋਈ ਮੁੰਡਾ ਨੌਕਰੀ ਤੇ ਲੱਗਿਆ ਹੈ। ਕੁਛ ਨਹੀਂ ਬਦਲਿਆ। ਸਿਰਫ ਕੁਝ ਕੁ ਫ਼ੌਜ ਵਿਚ ਨੌਕਰੀ ਕਰਦੇ ਮੁੰਡੇ, ਸੀਰ ਛੱਡਕੇ ਮਿਸਤਰੀਪੁਣੇ ਦਾ ਕੰਮ ਕਰਦੇ ਲੋਕਾਂ ਦੇ ਪੱਕੇ ਘਰ ਹਨ। ਇਹ ਫ਼ਖਰ ਵਾਲੀ ਗੱਲ ਹੈ ਕਿ ਹੁਣ ਹਰ ਦਲਿਤ ਆਪਣੇ ਬੱਚਿਆਂ ਨੂੰ ਸਕੂਲ ਵਿਚ ਪੜ੍ਹਨ ਘੱਲ ਰਿਹਾ ਹੈ। ਜੱਟਾਂ ਦੇ ਡੰਗਰ ਵੱਛੇ ਚਾਰਨ ਦਾ ਕੰਮ ਲਗਭਗ ਖਤਮ ਹੋ ਚੁੱਕਾ ਹੈ। ਨੰਗ ਧੜੰਗੇ ਬੱਚਿਆਂ ਵਿਚ ਨਿਖਾਰ ਆਇਆ ਹੈ। ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਫੜਦਾ ਹੈ ਜਿਸ ਕਰਕੇ ਵਿਹੜਿਆਂ ਦੇ ਜਿਆਦਾ ਬੱਚੇ ਸਕੂਲ ਜਾਣ ਲੱਗੇ ਹਨ।

ਇਕ ਬਿਮਾਰੀ ਵਿਹੜਿਆਂ ਦੀ ਕੁਝ ਕੁ ਬਦਚਲਣ ਔਰਤਾਂ ਦਾ ਆਪਣੀ ਰੋਜੀ ਰੋਟੀ ਦੀ ਆੜ ਵਿਚ ਸ਼ਹਿਰਾਂ ਵੱਲ ਨੂੰ ਵਹਾ, ਸ਼ਹਿਰਾਂ ਦੇ ਹੋਟਲਾਂ ਵਿਚ ਜਿਸਮ ਫਿਰੋਸ਼ੀ ਕਰਕੇ ਸ਼ਾਮ ਨੂੰ ਸਬਜੀ ਫਰੂਟ ਦੇ ਝੋਲੇ ਭਰਕੇ ਮੁੜਨਾ ਚਿੰਤਾ ਦਾ ਵਿਸ਼ਾ ਹੈ। ਕਿਉਂਕਿ ਦਲਿਤ ਨੌਜਵਾਨ ਲੜਕੀਆਂ ਜੋ ਪੜ੍ਹ ਰਹੀਆਂ ਹਨ ਉਨ੍ਹਾਂ ਤੇ ਬੜਾ ਭੈੜਾ ਅਸਰ ਪੈਂਦਾ ਹੈ। ਇਸ ਸਬੰਧੀ ਪ੍ਰਸਾਸ਼ਨ, ਪੰਚਾਇਤਾਂ, ਪੁਲਿਸ ਤੇ ਬੁੱਧੀਜੀਵੀਆਂ ਨੂੰ ਸੋਚਣਾ ਚਾਹੀਦਾ ਹੈ। ਤੇ ਇਹ ਰਿਵਾਜ ਜੋ ਵਧ ਰਿਹਾ ਹੈ ਬੰਦ ਹੋਣਾ ਚਾਹੀਦਾ ਹੈ। ਲਿਖਣ ਲਈ ਦਲਿਤਾਂ ਸਬੰਧੀ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਏਨਾਂ ਦੀ ਉਂਗਲ ਫੜਕੇ ਉਚ ਵਰਗ ਤੋਂ ਅੱਗੇ ਲਿਜਾਇਆ ਜਾ ਸਕਦਾ ਹੈ ਪਰ ਅੱਜ ਦੇ ਲੀਡਰ ਸਿੱਖ ਖਾਸ ਕਰਕੇ ਉਚ ਵਰਗ, ਦਲਿਤਾਂ ਨੂੰ ਦਬਿਆ ਕੁਚਲਿਆ ਰਖਣ ਲਈ ਪੱਬਾ ਭਾਰ ਹੈ।

- **ਸਰਵਨ ਸਿੰਘ ਪਤੰਗ**, ਪਿੰਡ. ਮਾਣੂਕੇ, ਤਹਿਸੀਲ-ਨਿਹਾਲ ਸਿੰਘ ਵਾਲਾ, ਜਿਲਾ ਮੋਗਾ-142045, ਮੁਬਾਇਲ 90237-66027

ਕਹਾਣੀ ਧਾਰਾ-15 'ਬਾਪੂ ਵਿਸ਼ੇਸ਼ ਅੰਕ ਰਸਾਲੇ ਕੁਝ ਜਿਆਦਾ 'ਕੱਠੇ ਹੋ ਜਾਣ ਕਰਕੇ ਇਸ ਅੰਕ ਨੂੰ ਪੜ੍ਹਨ 'ਚ ਕੁਝ ਦੇਰੀ ਹੋ ਗਈ। ਵਿਸ਼ਾ ਇੱਕ ਹੀ ਸੀ। ਪਰ ਸਾਰੇ ਲਿਖਾਰੀਆਂ ਨੇ ਆਪੋ-ਆਪਣੀ ਸੈਲੀ 'ਚ ਆਪੋ-ਆਪਣੇ ਬਾਪੂਆਂ ਬਾਰੇ ਇੰਜ ਤਹਿਆਂ ਫਰੋਲੀਆਂ ਕਿ ਬਾਪੂ ਦਾ ਕਿਰਦਾਰ ਉੱਘੜ ਕੇ ਸਾਹਮਣੇ ਆ ਗਿਆ।

ਪ੍ਰੇਮ ਪ੍ਰਕਾਸ਼ ਦੀ ਆਪਣੇ ਪਿਤਾ ਬਾਰੇ ਰਚਨਾ 'ਮੇਰੇ ਬਾਈ ਜੀ' ਚੰਗੀ ਲੱਗੀ। ਬੰਦਾ ਕਈ ਵਾਰੀ ਬੜਾ ਕੁਝ ਕਰਨਾ ਚਾਹੁੰਦਾ ਹੁੰਦੈ। ਮਾਤਾ ਪਿਤਾ ਦੀ ਰੱਜਕੇ ਸੇਵਾ ਤੇ ਹੋਰ ਵੀ ਉਹਨਾਂ ਦੇ ਲੋੜੀਦੇ ਕਾਰ ਵਿਹਾਰ। ਪਰ ਹਾਲਾਤ ਕਈ ਵਾਰ ਕੁਝ ਵੀ ਨਹੀਂ ਕਰਨ ਦੇਂਦੇ। ਬੰਦਾ ਬੇਵਸ ਜਿਹਾ ਹੋ ਜਾਂਦੈ। ਨਾ ਚਹੁੰਦਿਆਂ ਹੋਇਆ ਵੀ ਘਰਬਾਰ ਛੱਡਕੇ ਕਿਤੇ ਦੂਰ ਹੋਰ ਪਾਸੇ ਸਿੰਜਣ ਜਾ ਸਜਾਉਣ ਤੁਰ ਪੈਂਦੈ। ਜਿਸ ਕਰਕੇ ਮਾਂ ਬਾਪ ਦੁਖੀ ਹੁੰਦੇ ਨੇ। ਖੌਰੇ ਇਹ ਕੁਦਰਤ ਦਾ ਨਿਯਮ ਏ। ਇਸ ਲਿਖਤ 'ਚੋਂ ਤਾਂ ਕੁਝ ਏਵੇਂ ਹੀ ਲੱਗਦੈ। ਡਾ. ਬਲਦੇਵ ਸਿੰਘ ਧਾਲੀਵਾਲ ਵੱਲੋਂ ਆਪਣੇ ਬਾਪ ਬਾਰੇ 'ਇੱਕ ਹੋਰ ਯੋਧੇ ਦਾ ਚਲਾਣਾ' ਲਿਖਕੇ ਤਾਂ ਕਮਾਲ ਹੀ ਕਰਤਾ। ਕਮਾਲ ਦਾ ਕਰੈਕਟਰ ਹੈ। ਕਿਸੇ ਵੱਡੇ ਤੋਂ ਵੱਡੇ ਖੱਬੀ ਖਾਨ ਦੀ ਪਰਵਾਹ ਨਾ ਕਰਨ ਵਾਲਾ ਅਨਪੜ੍ਹ ਹੁੰਦੇ ਹੋਏ ਵੀ ਤਰਕਸ਼ੀਲ। ਪੜ੍ਹਿਆਂ ਲਿਖਿਆ ਨੂੰ ਵੀ ਸੱਚ ਬੋਲਣ ਤੇ ਲਿਖਣ ਲਈ ਚਿਤਾਵਨੀ ਦੇਣ ਦੀ ਜੁਰਤ ਰੱਖਣ ਵਾਲਾ, ਸੱਚਾ ਸੁੱਚਾ ਤੇ ਤਿੱਖਾ ਕਿਰਦਾਰ। ਇਹੋ ਜਿਹੇ ਪਿਤਾ 'ਤੇ ਮਾਣ ਕੀਤਾ ਜਾ ਸਕਦੈ। ਤਲਵਿੰਦਰ ਸਿੰਘ ਹੁਰਾਂ ਵੱਲੋਂ ਆਪਣੇ ਸੰਘਰਸ਼ਸੀਲ ਪਿਤਾ ਤੇ ਉਹਨਾਂ ਦੇ ਸੰਘਰਸ਼ ਰੂਪੀ ਜੀਵਨ 'ਤੇ ਲਿਖਿਆ ਜਿੰਦਗੀਨਾਮਾਂ ਵੀ ਬਹੁਤ ਹੀ ਸ਼ਾਨਦਾਰ ਸੀ। ਕਹਾਣੀਕਾਰਾਂ ਕੁਲਬੀਰ ਬਡੇਸਰੋਂ ਨੇ ਵੀ ਆਪਣੇ ਪਿਤਾ ਤਹਿਸੀਲਦਾਰ ਪਾਪਾ ਬਾਰੇ ਬੜੇ ਸੋਹਣੇ ਸ਼ਬਦਾਂ 'ਚ ਸ਼ਾਨਦਾਰ ਚਿਤਰਣ ਚਿਤਰਿਆ ਹੈ। ਜਿੱਥੇ ਉਹਨਾਂ ਦੀ ਅਮੀਰੀ ਤੇ ਉੱਚ ਪ੍ਰਾਪਤੀਆਂ ਬਾਰੇ ਦੱਸਿਆ। ਉੱਥੇ ਉਹਨਾਂ ਵੱਲੋਂ ਕਈ ਗੱਲਾਂ 'ਚ ਢਿੱਲੇ ਰਹਿ ਜਾਣ ਲਈ ਗੁੱਸਾ ਕਰਦੀ ਹੈ ਤੇ ਉਹ ਆਪਣੇ ਤਿੱਖੇ ਤੇਵਰ ਵਾਲੇ ਦਾਦੇ ਨੂੰ ਯਾਦ ਕਰਦੀ ਹੈ। ਨਾਲੋ-ਨਾਲ ਉਹ ਆਪਣੀਆਂ ਤੰਗੀਆਂ ਤੇ ਦੁਸ਼ਵਾਰੀਆਂ ਨੂੰ ਵੀ ਅੱਖੋਂ ਉਹਲੇ ਨਹੀਂ ਕਰਦੀ। ਬੜੀ ਬੇਬਾਕੀ ਨਾਲ ਲਿਖਿਐ। 'ਤੇਸੇ ਵਾਲਾ ਫ਼ਕੀਰ' ਤਸਕੀਨ ਨੇ ਆਪਣੇ ਬਾਪ ਤੇ ਪ੍ਰੀਵਾਰ ਬਾਰੇ ਲੰਬਾ ਖੁਲਾਸਾ ਕਰਕੇ ਤਾਂ ਹੈਰਾਨ ਕਰਕੇ ਰੱਖ ਦਿੱਤਾ। ਜੇ ਮੈਂ ਇਹ ਕਹਾਂ ਕਿ ਤਸਕੀਨ ਨੇ ਵੱਟ-ਕੱਢ ਕੇ ਰੱਖ ਦਿੱਤੇ ਤਾਂ ਇਹ ਅੱਤਕਥਨੀ ਨਹੀਂ ਹੋਵੇਗਾ। ਬਈ ਵਾਹ! 'ਛਾਂ ਵਿਹੁਣਾਂ ਬੋਹੜ' ਗੁਰਮੀਤ ਸਿੰਘ ਸਿੰਗਲ ਦਾ ਆਪਣੇ ਪਾਤਰ ਪਿਤਾ ਦਾ ਚਿਤਰਣ ਵੀ ਬਹੁਤ ਸੁੰਦਰ ਸੀ। ਪਰ ਵਜੀਰ ਸਿੰਘ ਬਾਅਦ 'ਚ ਤਾਂ ਕਮਾਲ ਦਾ ਬੰਦਾ ਸਾਬਤ ਹੋਇਆ। ਬਿੰਦਰ ਸਿੰਘ ਭੂਮਸੀ ਦਾ 'ਉਹ ਨੇੜੇ ਦਾ ਕੁਝ ਹੋਰ ਹੈ' 'ਚ ਅੜੀਅਲ ਬਾਪ ਦਾ ਚਿਤਰਣ ਖਿੱਚਕੇ ਕਮਾਲ ਕਰ 'ਤਾ। ਏਨਾ ਅੜੀਅਲ ਮਨੁੱਖ ਜਿਹੜਾ ਪੁੱਤ ਨੂੰ ਮਾਰਨ ਕੁੱਟਣ ਤੱਕ ਜਾਂਦੇ। ਉਹਦੇ ਬੀ. ਐੱਡ ਕਰਨ ਜਾਣ 'ਤੇ ਬਾਅਦ 'ਚ ਯਾਦ ਕਰ-ਕਰ ਰੋਂਦੈ। ਮਨੁੱਖ ਨੂੰ ਜਾਨਣਾ ਪਹਿਚਾਨਣਾ ਕਿੰਨਾ ਮੁਸ਼ਕਲ ਕੰਮ ਐ। 'ਮੋਹ ਦੀਆਂ ਤੰਦਾਂ' ਵਾਲੀ ਰਾਧਾ ਪਵਨ ਕੰਡਾ ਦੀ ਲਿਖਤ ਤੋਂ ਪਤਾ ਲੱਗਾ ਕਹਾਣੀਕਾਰ ਪ੍ਰੀਤਮ ਜੀ ਉਹਨਾਂ ਦੇ ਪਿਤਾ ਹਨ। ਬਾਪ ਜਿਵੇਂ ਦਾ ਮਰਜੀ ਹੋਵੇ ਪਰ ਰਾਧਾ ਪਵਨ ਲਈ ਤਾਂ ਉਹਨੇ ਮਾਂ ਵਾਲਾ ਵੀ ਰੋਲ ਨਿਭਾਇਐ। ਲੋਕ ਭਾਵੇਂ ਪ੍ਰੀਤਮ ਨੂੰ ਲੁੱਚਾ-ਲਫੰਗਾ ਕਹਿੰਦੇ ਫਿਰਨ। ਪਰ ਧੀ ਲਈ ਉਹ ਇੱਕ ਚੰਗਾ ਬਾਪ ਹੈ। ਉਸਦਾ ਪੇਕਾ ਉਸਦੀ ਤਾਕਤ। ਰਚਨਾ 'ਚ ਪਹਿਲੇ ਤਿੰਨ ਪਹਿਰੇ ਫ਼ਾਲਤੂ ਹਨ। ਰੜਕਦੇ ਹਨ। ਇਹ ਰਚਨਾ 'ਜਨਮ ਤੇ ਠੋਕਰਾ' ਮਈ 1937 ਨੂੰ ਜਨਮੇਂ ...' ਤੋਂ ਹੀ ਸ਼ੁਰੂ ਹੁੰਦੀ ਹੈ। ਤਿੱਖੀ ਧਾਰ ਬਣਦੀ ਹੈ। ਪਹਿਲੇ ਪਹਿਰਿਆਂ ਦੀਆਂ ਗੱਲਾਂ ਆਪਣੇ ਆਪ ਹੀ ਅੱਗੇ ਵਿਚ-ਵਿਚ ਆ ਜਾਂਦੀਆਂ ਹਨ।

'ਜਨ ਬੋਧ' 'ਚ ਤਾਂ ਕਿਰਪਾਲ ਕਜ਼ਾਕ ਹੁਰਾਂ ਨੇ ਸਿਰੇ ਹੀ ਲਾ 'ਤੀ, 'ਕੀ ਗੱਲ ਭਾਈ ਹੁਣ ਤੁਸੀਂ ਕੂੜਾ ਚੁੱਕਣ ਨਹੀਂ ਆਉਂਦੇ, ਅਸੀਂ ਤਾਂ ਕਈ ਦਿਨਾਂ ਤੋਂ ਡੀਕੀ ਜਾਨੇਂ ਆ ਥੋਨੂੰ...।" ਕਰ ਲਓ ਸੁਧਾਰ। ਗੰਦ ਪਾਉਣ ਵਾਲੇ ਲੋਕ ਆਪ ਤਾਂ ਕੁਝ ਕਰਨ ਜੋਗੇ ਨਹੀਂ ਹੁੰਦੇ ਪਰ ਅਦਰਸ਼ਵਾਦੀ ਲੋਕਾਂ ਨੂੰ ਜ਼ਰੂਰ ਮੂਰਖ ਨਾਥ



ਕਹਿੰਦੇ ਹਨ। ਫੇਰ ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਗੱਲ ਤੇ ਹਾਸਾ ਵੀ ਆਉਂਦੈ ਤੇ ਹੈਰਾਨੀ ਵੀ, 'ਜੰਗ ਜਾਰੀ ਰੱਖੋ, ਜਿੱਤ ਜ਼ਰੂਰ ਹੋਵੇਗੀ।"

ਸਮੁੱਚੇ ਤੌਰ ਤੇ ਦੇਖਿਆ ਜਾਵੇ ਤਾਂ 'ਬਾਪੂ ਵਿਸ਼ੇਸ਼ ਅੰਕ' ਮਾਅਰਕੇ ਦਾ ਅੰਕ ਹੋ ਨਿਬੜਿਆ ਹੈ। ਸਾਰੇ ਹੀ ਲੇਖਕ ਵਧਾਈ ਦੇ ਹੱਕਦਾਰ ਨੇ। ਇਸ ਅੰਕ ਨੇ ਬਹੁਤ ਕੁਝ ਸਿੱਖਣ ਤੇ ਸੋਚਣ ਲਈ ਮਜ਼ਬੂਰ ਕੀਤਾ। ਇਹੋ ਜਿਹੀਆਂ ਹੋਰ ਵੀ ਕਹਾਣੀਆਂ ਸਾਡੇ ਹੋਰ ਲੇਖਕ ਵੀ ਲਿਖ ਸਕਦੇ ਹਨ ਲਿਖਵਾਓ ਤੇ ਕਦੇ ਹੋਰ ਅੰਕ ਕੱਢੋ। ਬਾਪੂਆਂ ਉੱਤੇ ਇਹ ਇੱਕ ਸ਼ਾਨਦਾਰ ਪੁਸਤਕ ਬਣ ਸਕਦੀ ਐ। ਇਹ ਰਚਨਾਵਾਂ ਨਾਵਲ ਵਰਗਾ ਸੁਆਦ ਦਿੰਦੀ ਐ। ਅੰਤ 'ਚ ਇੱਕ ਗੱਲ ਹੋਰ ਹਰਪ੍ਰੀਤ ਕੌਰ ਹੈਪੀ ਨੇ ਮੇਰੀ ਕਹਾਣੀਆਂ ਦੀ ਪੁਸਤਕ 'ਨਿੱਕੇ ਵੱਡੇ ਹਿਟਲਰ 'ਤੇ ਚੰਗਾ ਰੀਵਿਊ ਕੀਤਾ। ਕਿਤਾਬ ਨੂੰ ਵਧੀਆ ਕਿਹੈ। ਧੰਨਵਾਦ।

– **ਡਾ. ਕਰਮਜੀਤ ਸਿੰਘ ਨਡਾਲਾ**, ਵਾਲੀਆ ਹਸਪਤਾਲ, ਨਡਾਲਾ (ਕਪੂਰਥਲਾ)

'ਕਹਾਣੀ ਧਾਰਾ' ਦਾ ਅੰਕ-15 'ਬਾਪੂ ਵਿਸ਼ੇਸ਼ ਅੰਕ' ਮਿਲ ਗਿਆ ਹੈ। ਮਾਂ ਬਾਪ ਦੇ ਰਿਸ਼ਤਿਆਂ ਨਾਲ ਸੰਬੰਧਤ ਇਸ ਅੰਕ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਅਨੰਦ ਲੈ ਰਿਹਾ ਹਾਂ। ਪ੍ਰੇਮ ਪ੍ਰਕਾਸ਼ ਤੇ ਬਲਦੇਵ ਸਿੰਘ ਧਾਲੀਵਾਲ ਨੂੰ ਪੜ੍ਹਿਆ ਹੈ। ਦੋਨੋਂ ਲੇਖਕਾਂ ਦਾ ਆਪਣੇ ਬਾਪ ਨਾਲ ਵੱਖੋ ਵੱਖਰਾ ਨਜ਼ਰੀਆਂ ਰਿਹਾ। ਦੋਨਾਂ ਦੇ ਬਾਪ ਦੁਨੀਆਂ ਤੋਂ ਜਾ ਚੁੱਕੇ ਹਨ। ਪਰ ਦੋਨੋਂ ਲੇਖਕਾਂ ਦੇ ਦਿਲ ਵਿਚ ਉਹ ਜਾ ਕੇ ਵੀ ਵਸਦੇ ਹਨ। ਕੁਲਬੀਰ ਬਡੇਸਰੋਂ ਦੀ ਲਿਖਤ ਮੇਰੇ ਪਾਪਾ ਪੜ੍ਹੀ। ਦਿਲ ਜਜ਼ਬਾਤੀ ਹੋ ਗਿਆ। ਕੁਲਬੀਰ ਬਡੇਸਰੋਂ ਨੇ ਆਪਣੇ ਪਾਪਾ ਬਾਰੇ ਬੜਾ ਸਾਫ਼ ਸੁਥਰਾ ਤੇ ਸੱਚਾ ਲਿਖਿਆ ਹੈ। ਆਪਣੇ ਪਾਪਾ ਦੀ ਸ਼ਖਸੀਅਤ ਬਾਰੇ ਬੇਟੀ ਕੁਲਬੀਰ ਬਡੇਸਰੋਂ ਨੇ ਜੋ ਵੀ ਲਿਖਿਆ ਹੈ। ਐਨੇ ਵਧੀਆ ਸ਼ਬਦ ਵਰਤੇ ਹਨ ਕਿ ਜੀ ਕਰਦਾ ਏ ਕਿ ਮੈਂ ਇਹ ਲਿਖਤ ਸਾਰੀ ਦੁਨੀਆਂ ਨੂੰ ਪੜ੍ਹ ਕੇ ਸੁਣਾਵਾਂ ਤੇ ਦਸਾਂ ਕਿ ਵੇਖੋ ਲੋਕੋ। ਦੁਨੀਆਂ ਵਾਲਿਓ ਕੁਲਬੀਰ ਬਡੇਸਰੋਂ ਦੇ ਪਾਪਾ ਕਿੰਨੇ ਸਾਫ਼ ਦਿਲ ਵਾਲੇ ਭੋਲੇ ਭਾਲੇ ਇਨਸਾਨ ਸੀ। ਅਜਿਹੇ ਸਾਫ ਗੋ ਇਨਸਾਨ ਦੀ ਬੇਟੀ ਨੇ ਪਾਪਾ ਬਾਰੇ ਆਪਣੀ ਲਿਖਤ ਵਿਚ ਪਿਤਾ ਧੀ ਦੇ ਮੋਹ ਪਿਆਰ ਦੇ ਛੋਟੇ ਛੋਟੇ ਪਲ ਬਹੁਤ ਹੀ ਖੂਬਸੂਰਤ ਵਾਕਾਂ ਵਿਚ ਲਿਖੇ ਹਨ। ਜਿਵੇਂ ਸਾਰੀ ਰਾਤ ਪਾਪਾ ਮੈਨੂੰ ਮੋਢੇ ਤੇ ਲਾ ਕੇ ਵਿਹੜੇ 'ਚ ਘੁੰਮਦੇ ਰਹੇ... ਪਾਪਾ ਦੇ ਚਾਰ ਵਿਆਹਾਂ ਦਾ ਜ਼ਿਕਰ ਸੁਹਿਰਦਾ ਧੀ ਨੇ ਜਿਸ ਕਦਰ ਕੀਤਾ ਹੈ, ਭਾਰਤ ਦੀ ਕੋਈ ਵੀ ਧੀ ਇਸ ਤਰ੍ਹਾਂ ਨਹੀਂ ਲਿਖ ਸਕਦੀ। ਖੁਦਾ ਉਨ੍ਹਾਂ ਦੇ ਪਾਪਾ ਨੂੰ ਜੰਨਤ ਬਖਸ਼ੇ! ਇਸ ਵਾਰ ਦੇ ਅੰਕ ਵਿਚ ਮੇਰੀ ਕਿਤਾਬ 'ਟਾਂਗੇ ਵਾਲਾ ਖ਼ੈਰ ਮੰਗਦਾ' ਦਾ ਰਿਵੀਊ ਪ੍ਰਕਾਸ਼ਿਤ ਕਰਨ ਲਈ ਧੰਨਵਾਦ। ਰਿਵੀਊ ਪ੍ਰਕਾਸ਼ਿਤ ਕਰਨ ਲਈ ਧੰਨਵਾਦ। ਰਿਵੀਊਕਾਰ ਦਾ ਵੀ ਮੇਰੇ ਵੱਲੋਂ ਸ਼ੁਕਰੀਆਂ। ਜਿਨਾਂ ਨੇ ਨੀਝ ਨਾਲ ਕਿਤਾਬ ਪੜ੍ਹ ਕੇ ਰਿਵੀਊ ਲਿਖਿਆ ਤੇ ਮੇਰੀ ਕਲਮ ਨੂੰ ਉਤਸ਼ਾਹਤ ਕੀਤਾ। ਮੈਂ 'ਕਹਾਣੀ ਧਾਰਾ' ਦਾ ਬੇਹੱਦ ਧੰਨਵਾਦੀ ਹਾਂ।

- **ਪ੍ਰਿੰ. ਗੁਰਮੀਤ ਸਿੰਘ ਫਾਜਿਲਕਾ**,

3-1751 ਕੈਲਾਸ ਨਗਰ, ਫਾਜਿਲਕਾ-152123, ਮੋਬਾ. 98148-56160

'ਕਹਾਣੀ ਧਾਰਾ' ਦਾ 15 ਵਾਂ ਅੰਕ ਮਿਲਿਆ। ਅੱਖਰ-ਅੱਖਰ ਪੜ੍ਹਿਆ। ਸੰਪਾਦਕੀ 'ਮਸਲਾ ਦਲਿਤਾਂ ਦੀ ਵੱਖਰੀ ਪਛਾਣ ਦਾ' ਤੁਹਾਡੇ ਸੁਹਿਰਦ ਸਾਰਥਿਕ ਪਹੁੰਚ ਦੀ ਤੇ ਦਲਿਤ ਕੌਮ ਪ੍ਰਤੀ ਦਰਦ ਦਾ ਅਹਿਸਾਸ ਪ੍ਰਗਟ ਕਰਦੀ ਹੈ। ਕਿਸੇ ਕੌਮ ਦਾ ਇਸ ਤੋਂ ਵੱਡਾ ਹੋਰ ਕੀ ਦੁਖਾਂਤ ਹੋ ਸਕਦੈ। ਜਿਹੜੀ ਸਦੀਆਂ ਤੋਂ ਆਪਣੀ ਵੱਖਰੀ ਪਹਿਚਾਣ ਲਈ ਲੜ ਰਹੀ ਹੋਵੇ। ਸਾਡੇ ਸਮਾਜਿਕ ਪ੍ਰਬੰਧ ਅਤੇ ਉੱਚ ਜਾਤੀ ਲੋਕਾਂ ਦੀ ਸੌੜੀ ਮਾਨਸਿਕਤਾ ਕਰਕੇ ਹੀ ਅੱਜ ਦਲਿਤ ਭਾਈਚਾਰਾ / ਕੌਮ ਪ੍ਰੱਤਖ ਰੂਪ 'ਚ ਆਪਣੀ ਵੱਖਰੀ ਹੋਂਦ-ਪਹਿਚਾਣ ਦਾ ਅਹਿਸਾਸ ਕਰਵਾਉਣ ਲਈ 'ਲਕੀਰ' ਖਿੱਚੀ ਖੜਾ ਹੈ। 'ਲਕੀਰ' ਖਿੱਚਣਾ ਜੁਰੱਅਤ ਤੇ ਜੇਰੇ ਵਾਲਾ ਕੰਮ ਹੁੰਦੈ। ਨੌਂਜਵਾਨ ਪੀੜ੍ਹੀ ਇਸ ਲਈ ਮੋਹਰੀ ਰੋਲ ਅਦਾ ਕਰ ਰਹੀ ਹੈ। ਪਰ ਜੁਰੱਅਤ / ਜੋਸ਼ ਦੇ ਨਾਲ-ਨਾਲ ਹੋਸ਼-ਬੁੱਧੀ ਤੋਂ ਕੰਮ ਲੈਣ ਦੀ ਵੀ ਅਵੱਸ਼ਕਤਾ ਹੈ। ਇਹ ਠੀਕ ਹੈ ਕਿ ਗੁਲਾਮਾ ਵਰਗੀ ਜ਼ਹਾਲਤ ਭਰੀ ਜ਼ਿੰਦਗੀ ਜਿਉ ਰਿਹਾ ਮਨੁੱਖ ਜਦੋਂ ਭੜਕਦਾ ਹੈ। ਅਰਥਾਤ ਗੁੱਸੇ ਵਿਚ ਆਉਂਦਾ ਹੈ। ਤਾਂ ਉਹ ਚੰਗੇ-ਮਾੜੇ

ਸਿੱਟਿਆਂ ਦੀ ਪ੍ਰਵਾਹ ਨਾ ਕਰਦਾ ਹੋਇਆ ਸਭ ਕੁੱਝ ਤਹਿਸ਼-ਨਹਿਸ਼ ਕਰ ਦਿੰਦਾ ਹੈ। ਇਸ ਦੇ ਬਾਵਜੂਦ, ਪ੍ਰਸਥਿਤੀਆਂ ਭਾਵੇਂ ਕੁੱਝ ਵੀ ਰਹੀਆਂ ਹੋਣ ਹਿੰਸਾ ਦੀ ਪਰਿਭਾਸ਼ਾ ਨੂੰ ਬਦਲਿਆ ਨਹੀਂ ਜਾ ਸਕਦਾ। ਬੇਸ਼ੱਕ, ਦਲਿਤਾਂ ਦੀ ਵੱਖਰੀ ਪਹਿਚਾਣ ਦਾ ਮਸਲਾ ਅੱਜ ਸਮੇਂ ਦੀ ਮੰਗ ਹੈ। ਪਰ ਇਹ 'ਮੰਗ' ਨੇੜ ਭਵਿੱਖ ਕੋਲ ਅਜਿਹਾ ਕੋਈ ਸਿਆਸੀ ਆਗੂ, ਧਾਰਮਿਕ ਗੁਰੂ ਜਾਂ ਬੁੱਧੀਜੀਵੀ ਨਹੀਂ ਹੈ। ਜੋ ਉਨ੍ਹਾਂ (ਦਲਿਤਾਂ) ਦੀ ਸੁਚੱਜੀ ਅਗਵਾਹੀ ਕਰ ਸਕੇ। ਨਿਰੀ 'ਡੇਰਿਆਂ' 'ਤੇ ਆਸਥਾ ਨਹੀਂ ਰੱਖੀ ਜਾ ਸਕਦੀ।

ਇਕ ਗੱਲ ਹੋਰ, ਮਜ਼ਬੂਰ ਭਾਈਚਾਰਾ ਹੀ ਅਜ਼ਾਦੀ ਤੇ ਬਰਾਬਰੀ ਦਾ ਨਿਰਮਾਣ ਕਰਦਾ ਹੈ, ਮਜ਼ਬੂਤ ਭਾਈਚਾਰੇ ਦੀ ਸਿਰਜਣਾ ਲਈ 'ਏਕਤਾ' ਜ਼ਰੂਰੀ ਹੈ। ਦਲਿਤਾਂ ਨੂੰ ਇਕ ਝੰਡੇ ਹੇਠ ਇਕੱਤਰ ਹੋਣ ਦੀ ਲੋੜ ਹੈ। ਪਰ ਇੱਥੇ ਤਾਂ ਹਰ ਕੋਈ ਆਪੋ-ਆਪਣਾ ਝੰਡਾ ਚੁੱਕੀ ਫਿਰਦੈ। ਇਕ ਝੰਡੇ ਵਾਲਾ, ਦੂਜੇ ਝੰਡੇ ਵਾਲੇ ਨੂੰ ਭੂਤਰੀ ਢਾਂਡੀ ਵਾਂਗੂੰ ਵੇਖਦੈ। ਫਿਰ ਵੱਖਰੀ 'ਪਛਾਣ' ਦਾ ਮਸਲਾ ਕਿਵੇਂ ਹੱਲ ਹਊ...??

ਬਾਪੂ ਵਿਸ਼ੇਸ਼ ਅੰਕ ਦੇ ਰੇਖਾ ਚਿੱਤਰ ਪੜ੍ਹਕੇ ਮੈਂ ਹੱਸਿਆ, ਰੋਇਆ ਤੇ ਬੇਹੱਦ ਜਜ਼ਬਾਤੀ ਹੋਇਆ ਹਾਂ। ਸਮੁੱਚਾ ਮੈਟਰ ਧੁਰ-ਅੰਦਰ ਤੱਕ ਝੰਜੋੜਨ ਵਾਲਾ ਸੀ। ਤੇ ਸਾਹਿਤਕ ਤ੍ਰਿਪਤੀ ਕਰਨ ਵਾਲਾ ਸੀ। ਪਰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। 'ਮੋਹ ਦੀਆਂ ਤੰਦਾਂ'-ਰਾਧਾ ਪਵਨ ਕੰਡਾ। 'ਮੇਰਾ ਪਾਪਾ'-ਕੁਲਬੀਰ ਬਡੇਸਰੋਂ। 'ਪਾਰੇ ਵਰਗਾ ਆਦਮੀ'-ਗੁਰਮੀਤ ਕੜਿਆਲਵੀ, 'ਤੇਸੇ ਵਾਲਾ ਫ਼ਕੀਰ' ਤਸਕੀਨ। ਉਹ ਨੇੜੇ ਦਾ ਕੁੱਝ ਹੋਰ ਹੈ ਬਿੰਦਰ ਸਿੰਘ ਭੁਮਸੀ....।

ਜੇ ਮੈਨੂੰ ਪਹਿਲਾਂ ਪਤਾ ਹੁੰਦਾ ਕਿ ਤੁਸੀਂ 'ਬਾਪੂ ਵਿਸ਼ੇਸ਼ ਅੰਕ' ਕੱਢ ਰਹੇ ਹੋ। ਤਾਂ ਮੈਂ ਵੀ ਆਪਣੇ ਬਾਪੂ ਬਾਰੇ ਜ਼ਰੂਰ ਲਿਖਦਾ। ਖ਼ੈਰ ਫਿਰ ਸਹੀ ਕਦੇ...।

-**ਪ੍ਰੀਤ ਨੀਤਪੁਰ**, ਡਾਕ. ਬਾੜੀਆਂ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਮੋਬਾਇਲ-98728-05238)

ਬਾਪੂ ਜਾ ਬਾਰੇ ਕੁਲਬੀਰ ਬਡੇਸਰੋਂ ਨੇ ਬਹੁਤ ਸੁਹਣਾ ਲਿਖਿਆ ਹੈ, ਮੁਬਾਰਕਾਂ!

-**ਜਤਿੰਦਰ ਹਾਂਸ** (94633-52107)

ਕੁਲਬੀਰ ਬਡੇਸਰੋਂ ਦੁਆਰਾ ਲਿਖਿਆ ਆਰਟੀਕਲ 'ਮੇਰਾ ਪਾਪਾ' 'ਕਹਾਣੀ ਧਾਰਾ' ਅਕਤੂਬਰ-ਦਸੰਬਰ,2009 'ਚ ਪੜ੍ਹਿਆ ਮੈਂ ਇਸ ਅਰਟੀਕਲ ਨੂੰ ਬਹੁਤ ਪਸੰਦ ਕੀਤਾ ਕਿਉਂਕਿ ਇੰਜ ਲੱਗਦਾ ਹੈ ਇਹ ਮੇਰੀ ਹੀ ਕਹਾਣੀ ਹੋਵੇ, ਮੈਂ ਇਸ ਅਰਟੀਕਲ ਨੂੰ ਆਪਣੇ ਦਿਲ ਦੇ ਬਹੁਤ ਕਰੀਬ ਮਹਿਸੂਸ ਕੀਤਾ ਹੈ। ਮੈਂ ਕੁਲਬੀਰ ਦੀਦੀ ਨੂੰ ਉਨ੍ਹਾਂ ਦੀ ਅਗਲੀ ਲਿਖਤ ਲਈ ਸ਼ੁੱਭ ਇਸ਼ਾਵਾਂ ਦਿੰਦੀ ਹਾਂ।

**- ਸਰੋਜ**

'ਕਹਾਣੀ ਧਾਰਾ' ਅਕਤੂਬਰ-ਦਸੰਬਰ 'ਚ ਕੁਲਬੀਰ ਬਡੇਸਰੋਂ ਦੁਆਲਾ ਲਿਖਿਆ 'ਮੇਰਾ ਪਾਪਾ' ਅੱਛਾ ਲੱਗਿਆ। -**ਸਿਮਰਨ ਧਾਲੀਵਾਲ** (94632-15168)

ਕੁਲਬੀਰ ਬਡੇਸਰੋਂ ਦਾ ਆਰਟੀਕਲ 'ਮੇਰਾ ਪਾਪਾ' ਬਹੁਤ ਅੱਛਾ ਲੱਗਿਆ।

-**ਨਿਰਭੈ ਧਾਲੀਵਾਲ, 98155-34474)**

'ਮੇਰਾ ਪਾਪਾ' ਕੁਲਬੀਰ ਬਡੇਸਰੋਂ ਦੁਆਰਾ ਲਿਖਿਆ 'ਕਹਾਣੀ ਧਾਰਾ' 'ਚ ਦਿਲ ਨੂੰ ਬਹੁਤ ਟੁੰਬਿਆ। ਕਮਾਲ ਦੀ ਸ਼ੈਲੀ ਹੈ। -**ਮੋਹਨ ਭੰਡਾਰੀ** (97797-93208)

'ਮੇਰਾ ਪਾਪਾ' ਪੜ੍ਹਿਆ, ਕੁਲਬੀਰ ਨੇ ਆਪਣੇ ਮਨ ਦੀਆਂ ਗੰਢਾਂ ਬਹੁਤ ਸੁਹਣੀਆਂ ਖੋਲੀਆਂ। ਅੱਛਾ ਲੱਗਾ। **- ਦੀਪ ਦੇਵਿੰਦਰ ਸਿੰਘ**, (98721-65707)

ਕੁਲਬੀਰ ਬਡੇਸਰੋਂ ਦਾ ਆਰਟੀਕਲ 'ਮੇਰਾ ਪਾਪਾ' ਦਿਲ ਨੂੰ ਟੁੰਬਿਆਂ, ਬਿਆਨ ਕਰਨ ਦਾ ਢੰਗ ਲਾਜਵਾਬ ਲੱਗਾ। -**ਡਾ. ਨਿਰਪਿੰਦਰ ਸਿੰਘ** , ਪਟਿਆਲਾ, (98149-02040)

ਕੁਲਬੀਰ ਬਡੇਸਰੋਂ ਦਾ 'ਮੇਰਾ ਪਾਪਾ' ਪੜ੍ਹਿਆ, ਅਸਲ 'ਚ ਕੁਲਬੀਰ ਨੂੰ ਆਪਣੀ ਗੱਲ ਕਹਿਣੀ ਆਉਂਦੀ ਹੈ, ਇਹੀ ਉਸਦੀ ਵਡਿਆਈ ਹੈ। ਪਰ ਜੇ ਇਹ ਲੇਖ ਨਾ ਛਪਦਾ ਤਾਂ ਠੀਕ ਸੀ। ਕਿਉਂਕਿ



ਕੁਲਬੀਰ ਦੇ ਪਾਪਾ ਦੀ ਆਤਮਾ ਨੂੰ ਦੁੱਖ ਹੋਇਆ ਹੋਵੇਗਾ।

-**ਡਾ. ਚਰਨ ਸਿੰਘ**, ਦਿੱਲੀ, 9811116003)

'ਕਹਾਣੀ ਧਾਰਾ' 'ਚ ਕੁਲਬੀਰ ਬਡੇਸਰੋਂ ਦੁਆਰਾ ਲਿਖਿਆ ਆਪਣੇ ਪਾਪਾ ਬਾਰੇ ਲੇਖ ਬੜਾ ਪ੍ਰਭਾਵਸ਼ਾਲੀ ਹੈ। ਖਾਸ ਤੌਰ ਤੇ ਕੁਲਬੀਰ ਦੇ ਪਾਪਾ ਦੀ ਨਿਮਰਤਾ! -**ਕੁਲਦੀਪ ਸਿੰਘ ਬੇਦੀ** (98760-95392

ਕੁਲਬੀਰ ਬਡੇਸਰੋਂ ਦੁਆਰਾ ਆਪਣੇ ਪਾਪਾ ਬਾਰੇ ਲਿਖਿਆ 'ਰੇਖਾ ਚਿੱਤਰ ਪੜ੍ਹਿਆ, ਕਮਾਲ ਦਾ ਲਿਖਿਆ ਹੈ, ਲਫ਼ਜ਼ਾਂ ਰਾਹੀਂ ਸਾਰਾ ਕੁੱਝ ਅੱਖਾਂ ਅੱਗੇ ਧੜਕਣ ਲਾ ਦਿੱਤਾ, ਮੈਂ ਵਧਾਈ ਭੇਜਦਾ ਹਾਂ, ਕੁਲਬੀਰ ਬਡੇਸਰੋਂ ਨੂੰ... **- ਜਸਵੀਰ ਰਾਣਾ** (98156-59220)

ਕੁਲਬੀਰ ਬਡੇਸਰੋਂ ਦੁਆਰਾ ਲਿਖਿਆ ਆਪਣੇ ਪਿਤਾ ਬਾਰੇ ਰੇਖਾ ਚਿੱਤਰ ਬਹੁਤ ਚੰਗਾ ਲੱਗਿਆ। ਜਿੰਨ੍ਹਾਂ ਪਿੰਡਾ ਦਾ ਕੁਲਬੀਰ ਨੇ ਜ਼ਿਕਰ ਕੀਤਾ ਹੈ, ਮੇਰੇ ਜਾਣੇ-ਪਛਾਣੇ ਹਨ। ਉਨ੍ਹਾਂ ਦੇ ਪਿਤਾ ਜੀ ਏਨੇ ਚੰਗੇ ਸਨ, ਉਨ੍ਹਾਂ ਦੀ ਪੁੱਤਰੀ ਹੋਣਾ ਕਿਸਮਤ ਵਾਲੀ ਗੱਲ ਹੈ। ਜ਼ਿੰਦਗੀ 'ਚ ਕਦੀ ਮੌਕਾ ਮਿਲਿਆ ਤਾਂ ਮੈਂ ਕੁਲਬੀਰ ਬਡੇਸਰੋਂ ਨੂੰ ਮਿਲਣਾ ਚਾਹਾਂਗੀ। **- ਤ੍ਰਿਪਤਾ ਕੇ. ਸਿੰਘ** , ਹੁਸ਼ਿਆਰਪੁਰ

'ਕਹਾਣੀ ਧਾਰਾ' ਪਟਿਆਲਾ ਬੱਸ ਸਟੈਂਡ ਤੋਂ ਲੈ ਕੇ ਪੜ੍ਹਿਆ। ਬਾਪੂ ਵਿਸ਼ੇਸ਼ ਅੰਕ' ਕਾਬਿਲੇ ਤਰੀਫ਼ ਤੇ ਕਾਬਿਲੇ ਗੌਰ ਹੋ ਨਿਬੜਿਆਂ। ਵੱਖ ਵੱਖ ਲੇਖਕਾਂ ਨੇ ਆਪੋ ਆਪਣੇ ਪਿਤਾ ਜੀ ਦੇ ਵੱਖੋ ਵੱਖਰੇ ਰੰਗਾਂ ਨੂੰ ਪੇਸ਼ ਕੀਤਾ। ਕੁਲਬੀਰ ਬਡੇਸਰੋਂ ਦਾ 'ਮੇਰਾ ਪਾਪਾ' ਪੜ੍ਹਿਆ ਬਹੁਤ ਚੰਗਾ ਲੱਗਾ, ਮੈਂ ਕੁਲਬੀਰ ਨੂੰ ਮੁਬਾਰਕ ਭੇਜਦਾ ਹਾਂ। ਜਿਥੇ ਵਿਸ਼ੇਸ਼ ਅੰਕ ਵਿੱਚ ਲੇਖਕ ਆਪਣੀਆਂ ਲਿਖਤਾਂ ਦੁਆਰਾ ਵਧੀਆਂ ਅਨੁਭਵ ਸਿਰਜ ਕੇ ਯੋਗਦਾਨ ਪਾਉਂਦੇ ਹਨ। ਉਥੇ ਹੀ ਪਾਠਕ ਵਰਗ ਲਈ ਵੀ ਵਿਸ਼ੇਸ਼ ਅੰਕ ਕਿਸੇ ਤੋਹਫੇ ਤੇ ਯੋਗ ਸਮੱਗਰੀ ਤੋਂ ਘੱਟ ਨਹੀਂ ਹੁੰਦੈ। ਨਵੀਂ ਵੰਨਗੀ ਹਰ ਇੱਕ ਲਈ ਦਿਲਚਸਪ ਹੁੰਦੀ ਹੈ। ਤੁਹਾਡਾ ਇਹ ਕਦਮ ਸਲਾਘਾਯੋਗ ਹੈ। ਮੇਰਾ ਇੱਕ ਸੁਝਾਅ ਹੈ ਕਿ ਨਿਕਟ ਭਵਿੱਖ 'ਚ 'ਮਾਂ (ਬੇਬੇ) ਵਿਸ਼ੇਸ਼ ਅੰਕ' ਵੀ ਕੱਢਿਆ ਜਾਵੇ, ਤਾਂ ਹੋਰ ਵੀ ਵਧੀਆਂ ਗੱਲ ਹੋਵੇਗੀ। ਕਿਉਂਕਿ ਸਾਡੇ ਜੀਵਨ ਵਿਚ ਮਾਂ ਦਾ ਰੋਲ ਪਿਓ ਨਾਲੋਂ ਜ਼ਿਆਦਾ ਹੁੰਦਾ ਹੈ। ਇਸ ਲਈ ਇਹ ਅੰਕ ਵੀ 'ਕਹਾਣੀ ਧਾਰਾ' ਦੀ ਸਰਾਹੁਣਯੋਗ ਉੱਨਤੀ ਲਈ ਮੁਬਾਰਕਵਾਦ। ਆਪ ਸਭ ਨੂੰ ਨਵੇਂ ਵਰ੍ਹੇ ਦੀਆਂ ਵੀ ਬਹੁਤ ਬਹੁਤ ਮੁਬਾਰਕਾਂ ਕਬੂਲ ਹੋਣ। ਪੱਤ੍ਰਿਕਾ ਦਿਨ ਦੁਣੀ ਰਾਤ ਚੌਗਣੀ ਤਰੱਕੀ ਕਰੇ। ਸਦਾ ਦੁਆਂ ਫਕੀਰਾਂ ਦੀ। ਧੰਨਵਾਦ ਜੀ। ਫੇਰ ਕਦੇ। -**ਸਨੇਹਇੰਦਰ ਮੀਲੂ ਫਰੌਰ,**

932-21, ਐਮ. ਕੇ. ਰੋਡ ਖੰਨਾ-141401, ਮੁਬਾ. 93163-17356

## 'ਕਹਾਣੀ ਧਾਰਾ' ਬਾਰੇ ਜਾਣਕਾਰੀ


| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਖਵਿੰਦਰ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਸੁਖਵਿੰਦਰ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 25 ਫਰਵਰੀ, 2010 ਦਸਤਖਤ

*ਸੁਖਵਿੰਦਰ, ਪ੍ਰਕਾਸ਼ਕ*

## Journal of Literature & Aesthetics

(An International Journal Devoted to critical and creative writing in english)


**Special Number on Indian Dalit Literature.** Vol.1, Vol. 2

Single Copy:150.00, Page:Vol 1:350, Vol.2:350

Chief Editor: Dr. S. Sreenivasan,

"Reshmi" Pattathanam, KOLLAM, KERALA, India-691021,

Phone;0474-2747030, e-mail:<jlaindia@gmail.com>





ਭਾਰਤੀ ਦਲਿਤ ਸਾਹਿਤ 'ਤੇ ਕੇਂਦਰਿਤ ਕੇਰਲਾ ਤੋਂ ਅੰਗਰੇਜ਼ੀ ਜ਼ੁਬਾਨ ਵਿਚ ਛਪਣ ਵਾਲਾ ਪ੍ਰਸਿੱਧ ਮੈਗਜ਼ੀਨ 'ਜਨਰਲ ਆਫ ਲਿਟਰੇਚਰ ਐਂਡ ਅਸਥੈਟਿਕ' ਨੇ ਸਾਲ 2008 ਤੇ ਸਾਲ 2009 ਵਿਚ ਆਪਣੇ ਦੋ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ ਹਨ। ਹਰ ਅੰਕ 350 ਪੰਨਿਆ ਦਾ ਹੈ। ਇਸ ਮੈਗਜ਼ੀਨ ਦੇ ਸੰਪਾਦਕ ਡਾ. ਐਸ. ਸਰੀਨਿਵਾਸਨ ਹਨ ਜਿਨ੍ਹਾਂ ਨੇ ਬੜੀ ਮਿਹਨਤ ਨਾਲ ਭਾਰਤ ਦੀਆਂ 10 ਭਾਸ਼ਾਵਾ ਦਾ ਚੋਣਵਾਂ ਤੇ ਉਤਮ ਦਰਜੇ ਦਾ ਦਲਿਤ ਸਾਹਿਤ ਅਨੁਵਾਦ ਕਰਵਾ ਕੇ ਇਨ੍ਹਾਂ ਦੋ ਭਾਗਾਂ ਵਿਚ ਪ੍ਰਕਾਸ਼ਤ ਕਰ ਕੇ ਨਿੱਗਰ ਕਾਰਜ ਕੀਤਾ ਹੈ। ਹਰ ਅੰਕ ਦੀ ਦਿੱਖ ਕਾਫੀ ਸੁੰਦਰ ਹੈ ਤੇ ਲੇ ਆਊਟ ਮਿਆਰੀ ਅੰਤਰਰਾਸ਼ਟਰੀ ਪੱਧਰ ਤੇ ਮੈਗਜ਼ੀਨਾਂ ਵਾਲੀ ਹੈ। ਹਰ ਭਾਸ਼ਾ ਦਾ ਦਲਿਤ ਸਾਹਿਤ ਤੇ ਅਰੰਭ ਵਿਚ ਉਸ ਜ਼ੁਬਾਨ ਦੇ ਦਲਿਤ ਸਾਹਿਤ ਬਾਰੇ ਇਕ ਲੇਖ ਹੈ ਜਿਸ ਵਿਚ ਉਸ ਜ਼ੁਬਾਨ ਵਿਚ ਲਿਖੇ ਦਲਿਤ ਸਾਹਿਤ ਦੀ ਪਰਖ ਕੀਤੀ ਗਈ ਹੈ ਜਿਸ ਵਿਚ ਇਸ ਗੱਲ ਨੂੰ ਉਭਾਰਿਆ ਗਿਆ ਹੈ ਕਿ ਵੱਖ-ਵੱਖ ਜ਼ੁਬਾਨਾਂ ਵਿਚ ਲਿਖਿਆ ਦਲਿਤ ਸਾਹਿਤ ਉੱਤੇ ਕਿਸ ਵਿਚਾਰਧਾਰਾ ਦਾ ਪ੍ਰਭਾਵ ਰਿਹਾ। ਉਪਰੰਤ ਉਸ ਜ਼ੁਬਾਨ ਦੀ ਪ੍ਰਤੀਨਿਧ ਕਹਾਣੀਆਂ ਤੇ ਕਵਿਤਾਵਾਂ ਨੂੰ ਪ੍ਰਕਾਸ਼ਤ ਕੀਤਾ ਗਿਆ। ਕੁਝ ਕੁ ਚੋਣਵੇਂ ਲੇਖਕਾਂ ਦੀਆਂ ਮੁਲਾਕਾਤਾਂ ਨੂੰ ਵੀ ਪ੍ਰਕਾਸ਼ਤ ਕੀਤਾ ਗਿਆ ਹੈ। ਸਾਰੀਆਂ ਜ਼ੁਬਾਨਾਂ ਦੇ ਦਲਿਤ ਸਾਹਿਤ ਵਿਚੋਂ ਇਕ ਸਾਂਝੀ ਗੱਲ ਇਹ ਉਭਰਦੀ ਹੈ ਕਿ ਦਲਿਤ ਸਾਹਿਤ ਉੱਤੇ ਅੰਬੇਡਕਰ ਤੋਂ ਬਾਅਦ ਫੂਲੇ, ਪੇਰੀਅਰ ਤੇ ਸੰਤਾਂ ਦਾ ਕਾਫੀ ਪ੍ਰਭਾਵ ਹੈ। ਆਪਣੀ ਸੰਪਾਦਕੀ ਵਿਚ ਸਰੀਨਿਵਾਸਨ ਨੇ ਭਾਰਤੀ ਦਲਿਤ ਸਾਹਿਤ ਦੇ ਪ੍ਰਮੁੱਖ ਰੁਝਾਨ ਤੇ ਪ੍ਰਭਾਵ ਬਾਰੇ ਚਰਚਾ ਕੀਤੀ ਹੈ। ਪਹਿਲੇ ਭਾਗ ਵਿਚ ਬਾਬੂ ਰਾਓ ਬਾਗਲੇ, ਸਰੀਆ ਨਰਾਇਣ ਰਣਸ਼ੁੰਭੇ, ਡਾ. ਨਿਵਾਸਨ, ਪ੍ਰਵੀਨ ਸ਼ਾਰਦਾ, ਡਾ. ਸੀ. ਐਲ. ਐਲ. ਜਾਇਪ੍ਰਧਾ, ਬਜਰੰਗ ਬਿਹਾਰੀ ਤਿਵਾਰੀ, ਅਜੈ ਕੁਮਾਰ ਆਦਿ ਦੇ ਦਲਿਤ ਮੁੱਦਿਆ ਤੇ ਵਿਚਾਰ ਉਤੇਜਿਤ ਲੇਖ ਹਨ। ਇਸ ਤੋਂ ਬਾਅਦ ਬੰਗਲਾ, ਗੁਜਰਾਤੀ, ਹਿੰਦੀ, ਕੰਨੜ, ਮਲੇਆਲਅਮ ਭਾਸ਼ਾਵਾਂ ਦਾ ਪ੍ਰਤੀਨਿੱਧ ਦਲਿਤ ਸਾਹਿਤ ਪ੍ਰਕਾਸ਼ਤ ਕੀਤਾ ਗਿਆ ਹੈ। ਹਿੰਦੀ ਭਾਗ ਵਿਚ ਓਮ ਪ੍ਰਕਾਸ਼ ਵਾਲਮੀਕੀ, ਜੈ ਪ੍ਰਕਾਸ਼ ਕਰਦਮ, ਐਸ. ਆਰ. ਹਰਨੋਟ, ਸੂਰਜ ਪਾਲ ਚੌਹਾਨ, ਸ਼ੁਸ਼ੀਲ ਟਕਭੌਰਾ, ਸੂਰਜ ਬੜਤੀਆ ਆਦਿ ਦੀਆਂ ਰਚਨਾਵਾਂ ਹਨ। ਦੂਜਾ ਭਾਗ ਵੀ 350 ਪੰਨਿਆ ਵਿਚ ਫੈਲਿਆ ਹੋਇਆ ਹੈ। ਜਿਸ ਵਿਚ ਮਰਾਠੀ, ਉੜੀਆ, ਪੰਜਾਬੀ, ਤਮਿਲ ਤੇ ਤੇਲਗੂ ਭਾਸ਼ਾਵਾਂ ਦਾ ਦਲਿਤ ਸਾਹਿਤ ਪ੍ਰਕਾਸ਼ਤ ਕੀਤਾ ਗਿਆ ਹੈ। ਮਰਾਠੀ ਵਿਚ ਬਾਬੂ ਰਾਓ ਬਾਗਲੇ, ਸ਼ਰਣ ਕੁਮਾਰ ਲਿੰਬਾਲੇ, ਅਰਜਨ ਡਾਗਲੇ, ਪ੍ਰਕਾਸ਼ ਕਾਰਤ ਦੀਆਂ ਆਪਣੇ ਸਮੇਂ ਚਰਚਿਤ ਰਹੀਆਂ ਕਹਾਣੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਲਿੰਬਾਲੇ ਦੀ ਕਹਾਣੀ 'ਦ ਸਲੇਵ' ਪਰੇਸ਼ਾਨ ਕਰਨ ਵਾਲੀ ਕਹਾਣੀ ਹੈ।

ਪੰਜਾਬੀ ਭਾਗ ਵਿਚ ਪੰਜਾਬੀ ਦਲਿਤ ਸਾਹਿਤ' ਤੇ ਕੇਂਦਰਿਤ ਭਗਵੰਤ ਰਸੂਲਪੁਰੀ ਦਾ ਲੇਖ ਹੈ। ਜਿਸ ਵਿਚ ਉਸ ਨੇ ਨਾਨਕ ਸਿੰਘ ਤੋਂ ਲੈ ਕੇ ਹੁਣ ਤਕ ਨਾਵਲ, ਕਹਾਣੀ, ਕਵਿਤਾ, ਨਾਟਕ, ਸਵੈ ਜੀਵਨੀ ਨੂੰ ਅਧਾਰ ਬਣਾਇਆ ਹੈ। ਇਸ ਗੱਲ ਨੂੰ ਉਭਾਰਿਆ ਹੈ ਕਿ ਪੰਜਾਬੀ ਦਲਿਤ ਸਾਹਿਤ ਤੇ ਅੰਬੇਡਕਰ ਤੇ ਰਵਿਦਾਸ ਦੇ ਚਿੰਤਨ ਦਾ ਗੂੜਾ ਪ੍ਰਭਾਵ ਹੈ। ਪੰਜਾਬੀ ਭਾਗ ਵਿਚ ਚਾਰ ਕਹਾਣੀਆਂ ਰਹਿਮਤ ਮਸੀਹ ਮੱਟੂ ਦੀ ਜੀਵਨੀ (ਭਗਵੰਤ ਰਸੂਲਪੁਰੀ), ਨੇਰ੍ਹੇ ਦੇ ਵਾਸੀ (ਸਰੂਪ ਸਿਆਲਵੀ), ਬੱਠਲੂ ਚਮਿਆਰ (ਅਤਰਜੀਤ), ਸਾਇਕੈਟਰਿਕ ਵਾਰਡ (ਮੋਹਨ ਲਾਲ ਫਿਲੌਰੀਆ) ਨੂੰ ਪ੍ਰਕਾਸ਼ਤ ਕੀਤਾ ਗਿਆ ਹੈ। ਕਵਿਤਾ ਭਾਗ ਵਿਚ ਬਲਬੀਰ ਮਾਧੋਪੁਰੀ, ਮਦਨ ਵੀਰਾ, ਲਾਲ ਸਿੰਘ ਦਿਲ, ਗੁਰਮੀਤ ਕੱਲਰਮਾਜਰੀ, ਭਾਰਤੀ ਤੇ ਨਰਿੰਦਰ ਭੰਗੂ ਦੀਆਂ ਤਿੰਨ ਤਿੰਨ ਕਵਿਤਾਵਾਂ ਨੂੰ ਪ੍ਰਕਾਸਤ ਕੀਤਾ ਗਿਆ ਹੈ। ਕਹਾਣੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਡਾ. ਰਾਜਿੰਦਰ ਸਿੰਘ ਨੇ ਕੀਤਾ ਹੈ। ਭਾਰਤੀ ਦਲਿਤ ਸਾਹਿਤ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਨ ਦਾ ਬੜਾ ਸਲਾਘਾਯੋਗ ਉਪਰਾਲਾ ਹੈ।

**- ਭਗਵੰਤ ਰਸੂਲਪੁਰੀ**

## Mapping Dalit **By: Dr. Paramjit Singh Judge,Gurpreet Bal**

Rawat Publication, New Delhi. Page:234,Rs.575/-




ਅੰਮ੍ਰਿਤਸਰ ਤੇ ਜਲੰਧਰ ਦੇ ਸ਼ਹਿਰਾਂ ਤੇ ਪਿੰਡਾਂ ਵਿਚ ਰਹਿ ਰਹੇ 1600 ਦਲਿਤ ਲੋਕ ਉੱਤੇ ਕੀਤੇ ਸਰਵੇ ਦੇ ਅਧਾਰ ਤੇ ਡਾ. ਪਰਮਜੀਤ ਜੱਜ ਤੇ ਗੁਰਪ੍ਰੀਤ ਬੱਲ ਨੇ ਕੁੱਝ ਸਿੱਟੇ ਕੱਢੇ ਹਨ ਕਿ ਇਨ੍ਹਾਂ ਦਲਿਤਾਂ ਵਿਚ ਸਿੱਖਿਆ, ਕਿੱਤੇ ਤੇ ਧਰਮ ਦੀ ਪੱਧਰ ਤੇ ਕਿਹੜੀਆਂ ਕਿਹੜੀਆਂ ਤਬਦੀਲੀਆਂ ਆਈਆਂ ਹਨ। ਪੁਸਤਕ ਇਹ ਗੱਲ ਵੀ ਤੱਥਾਂ ਨਾਲ ਲੈ ਕੇ ਆਉਂਦੀ ਹੈ ਕਿ ਇਥੋਂ ਦੇ ਦਲਿਤ ਮੁਸਲਿਮ ਤੇ ਇਸਾਈ ਧਰਮ ਵੱਲ ਕਿਹੜੇ ਕਾਰਨਾ ਕਰਕੇ ਪ੍ਰੇਰਤ ਹੋਏ। ਸਮਾਜ ਸ਼ਾਸਤਰੀ ਐਂਗਲ ਤੋਂ ਬੜੀ ਪ੍ਰਮਾਣਿਕ ਸਟੱਡੀ ਪੁਸਤਕ ਵਿਚੋਂ ਪ੍ਰਾਪਤ ਹੁੰਦੀ ਹੈ। - **ਭ. ਰਸੂਲਪੁਰੀ**


## Caste-class Struggle-1

(Dalit Grooming for Peoples Movement)

**By: Sukhdev Singh Janagal**

Hashis Publications, Bhadson Road,646/2,

Ranjit Nagar, Patiala-147004,Page:223, Rs. 200/-




ਭਾਰਤੀ ਸਮਾਜਿਕ ਸਿਸਟਮ ਵਿਚ ਕਾਸਟ ਦਾ ਕੀ ਰੋਲ ਹੈ ਇਸ ਨੂੰ ਲੇਖਕ ਨੇ ਮਾਰਕਸੀ ਤੇ ਅੰਬੇਡਕਰੀ ਦ੍ਰਿਸ਼ਟੀ ਤੋਂ ਸਮਝਿਆ ਹੈ। ਲੇਖਕ ਨੇ ਕਾਸਟ-ਕਲਾਸ ਸੰਘਰਸ਼ ਦਾ ਵਿਸ਼ਲੇਸ਼ਣ ਕੀਤਾ ਹੈ। ਭਾਰਤੀ ਸਮਾਜਿਕ ਬਣਤਰ ਨੂੰ ਸੁਖਦੇਵ ਨੇ ਤੱਥਾਂ ਨਾਲ ਸਮਝਾਉਣ ਦਾ ਯਤਨ ਕੀਤਾ ਹੈ। ਕਾਸਟ ਤੇ ਵਰਗ ਨੂੰ ਇਸ ਪੁਸਤਕ ਰਾਹੀਂ ਚੰਗੇ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ। **-ਭ. ਰਸੂਲਪੁਰੀ**